
Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com

Twenty-Fifth Year of Publication · ਨਿਊਯਾਰਕ ਐਡੀਸ਼ਨ · Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 22; June 1, 2024 · 20451 N. Plum Grove Rd., Palatine, IL 60074 · Ph:847-359-0746, Fax:847-705-9388

# ਨਤੀਜਿਆਂ ਤੋਂ ਪਹਿਲਾਂ ਹੀ 'ਤੱਕੜੀ' ਡੋਲੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਆਪਣੇ ਜੀਜੇ ਅਤੇ ਸੀਨੀਅਰ ਆਗੂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਪਾਰਟੀ ਵਿਚੋਂ ਕੱਢਣ ਪਿੱਛੋਂ ਜਿਥੇ ਬਾਦਲ ਪਰਿਵਾਰ ਦਾ ਆਪਸੀ ਕਲੇਸ਼ ਖੁੱਲ੍ਹ ਕੇ ਸਾਹਮਣੇ ਆਇਆ ਹੈ, ਉਥੇ ਲੋਕ ਸਭਾ ਚੋਣਾਂ ਵਿਚਾਲੇ ਇਸ ਫੈਸਲੇ ਨੂੰ ਪੰਥਕ ਅਖਵਾਉਣ ਵਾਲੀ ਇਸ ਧਿਰ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਪਾਰਟੀ ਦੇ ਵੱਡੀ ਗਿਣਤੀ ਟਕਸਾਲੀ ਆਗੂ ਇਸ ਫੈਸਲੇ ਦੇ ਖ਼ਿਲਾਫ਼ ਆਣ ਖੜ੍ਹੇ ਹੋਏ ਹਨ।

ਪਾਰਟੀ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਅਤੇ ਸੀਨੀਅਰ ਆਗੂ ਬੀਬੀ ਜਗੀਰ ਕੌਰ ਨੇ ਤਾਂ ਇਸ ਫੈਸਲੇ ਦੀ ਖੁੱਲ੍ਹ ਕੇ ਅਲੋਚਨਾ ਕੀਤੀ ਹੈ ਅਤੇ ਪਾਰਟੀ ਪ੍ਰਧਾਨ ਨੂੰ ਤਿੱਖੇ ਸਵਾਲ ਕੀਤੇ ਹਨ। ਦਾਅਵਾ ਕੀਤਾ ਜਾ ਰਿਹਾ ਹੈ ਕਿ ਆਦੇਸ਼ ਪ੍ਰਤਾਪ ਕੈਰੋਂ ਦੇ ਖਡੂਰ ਸਾਹਿਬ ਤੋਂ ਪਾਰਟੀ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਨਾਲ ਮਤਭੇਦ ਤੇ ਉਨ੍ਹਾਂ ਵੱਲੋਂ ਕੀਤੀ ਸ਼ਿਕਾਇਤ ਪਿੱਛੋਂ ਇਹ ਫੈਸਲਾ ਕੀਤਾ ਗਿਆ ਹੈ; ਹਾਲਾਂਕਿ ਸੂਤਰਾਂ ਮੁਤਾਬਕ, ਖਬਰਾਂ ਇਹ ਵੀ ਆ ਰਹੀਆਂ ਹਨ ਕਿ ਸੁਖਬੀਰ ਬਾਦਲ ਵੱਲੋਂ ਇਹ ਫੈਸਲਾ ਕਰਨ ਪਿੱਛੇ ਉਨ੍ਹਾਂ ਦੇ ਸਾਲਾ ਬਿਕਰਮ ਸਿੰਘ ਮਜੀਠੀਆ ਅਤੇ ਪਤਨੀ ਹਰਸਿਮਰਤ ਕੌਰ ਬਾਦਲ ਵੱਲੋਂ ਪਾਇਆ ਜਾ ਰਿਹਾ ਕਥਿਤ ਦਬਾਅ ਸੀ। ਦਾਅਵਾ ਕੀਤਾ ਜਾ ਰਿਹਾ ਹੈ ਕਿ ਪਿਛਲੇ ਕੁਝ ਸਮੇਂ ਤੋਂ ਇਨ੍ਹਾਂ ਦੋਵਾਂ ਆਗੂਆਂ (ਮਜੀਠੀਆ-ਹਰਸਿਮਰਤ) ਦਾ ਦਬਦਬਾ ਵਧਿਆ ਹੈ। ਮਜੀਠੀਆ ਪਰਿਵਾਰ ਖਾਸ ਕਰ ਕੇ ਮਾਝੇ ਵਿਚ ਆਪਣੇ ਕਿਸੇ ਹਾਣ ਦੇ ਆਗੂ ਦੇ ਪੈਰ ਲੱਗਣ ਦੇਣ ਦੇ ਹੱਕ ਵਿਚ ਨਹੀਂ ਹੈ ਹਾਲਾਂਕਿ ਜਦੋਂ ਬਿਕਰਮ ਮਜੀਠੀਆ ਨੂੰ ਸੁਖਬੀਰ ਵੱਲੋਂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਅਕਾਲੀ ਦਲ ਵਿਚੋਂ ਕੱਢਣ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ, "ਇਹ ਸਾਡੇ ਪਰਿਵਾਰ ਦਾ ਅੰਦਰੂਨੀ ਮਸਲਾ ਹੈ, ਤੁਸੀਂ ਇਸ ਵਿਚ ਨਾ ਪਵੋ। ਕੈਰੋਂ ਮੇਰੇ ਭਾਈਏ ਦਾ ਭਾਈਆ ਹੈ। ਮੈਂ ਤਾਂ ਆਪਣੇ ਭਾਈਏ ਬਾਰੇ ਕੁਝ ਨਹੀਂ ਕਹਿਣਾ, ਉਸ ਦੇ ਭਾਈਏ ਬਾਰੇ ਕਿਵੇਂ ਕੁਝ ਕਹਾਂਗਾ? ਇਹ ਪਰਿਵਾਰਕ ਮਾਮਲਾ ਹੈ, ਇਸ ਨੂੰ ਪਰਿਵਾਰਕ ਹੀ ਰਹਿਣ ਦਿਓ।"

ਉਧਰ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੇ ਜੀਜੇ ਨੂੰ ਪਾਰਟੀ ਵਿਚੋਂ ਕੱਢਣ ਤੋਂ ਬਾਅਦ ਅਗਲੀ ਵਾਰੀ ਮਜੀਠੀਆ ਵੱਲੋਂ ਆਪਣੇ ਜੀਜੇ (ਸੁਖਬੀਰ) ਨੂੰ ਪਾਰਟੀ 'ਚੋਂ ਕੱਢਣ ਦੀ ਹੈ। ਧਾਲੀਵਾਲ ਨੇ ਕਿਹਾ ਕਿ ਅਕਾਲੀ ਦਲ ਵਿਚ ਜੀਜਾ ਸਾਲਿਆਂ ਦੀ ਖੇਡ ਚੱਲ ਰਹੀ ਹੈ ਅਤੇ ਇਹ ਸਭ ਕੁਰਸੀ ਦੇ ਮੋਹ ਕਰ ਕੇ ਹੈ। ਹੁਣ ਅਗਲਾ ਨੰਬਰ ਮਜੀਠੀਆ ਵੱਲੋਂ ਸੁਖਬੀਰ ਬਾਦਲ ਦਾ ਲਗਾਇਆ ਜਾਵੇਗਾ।

ਸਵਾਲ ਇਹ ਵੀ ਕੀਤੇ ਜਾ ਰਹੇ ਹਨ ਕਿ ਹੁਣ ਤੱਕ ਕਿਸੇ ਵੀ ਵਿਵਾਦ ਤੋਂ ਦੂਰ ਰਹੇ ਆਦੇਸ਼ ਪ੍ਰਤਾਪ ਕੈਰੋਂ ਉਤੇ ਅਨੁਸ਼ਾਸਨੀ ਕਾਰਵਾਈ ਹੋ ਸਕਦੀ ਹੈ ਤਾਂ ਸਿਕੰਦਰ ਸਿੰਘ ਮਲੂਕਾ ਬਾਰੇ ਚੁੱਪ ਕਿਉਂ ਧਾਰੀ ਹੋਈ ਹੈ ਜਿਨ੍ਹਾਂ ਦਾ ਸਾਰਾ ਪਰਿਵਾਰ (ਨੂੰਹ-ਪੁੱਤ) ਭਾਜਪਾ ਵਿਚ ਸ਼ਾਮਲ ਹੋ ਗਿਆ ਹੈ। ਮਲੂਕਾ ਇਨ੍ਹੀਂ ਦਿਨੀਂ ਖੁੱਲ੍ਹ ਕੇ ਭਾਜਪਾ, ਖਾਸ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਤਰੀਫਾਂ ਦੇ ਪੁਲ ਬੰਨ੍ਹ ਰਹੇ ਹਨ, ਦੂਜੇ ਬੰਨ੍ਹੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਜਪਾ ਨੂੰ ਰਗੜੇ ਲਗਾ ਰਹੇ ਹਨ। ਇਹ ਵੀ ਗੱਲ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿ ਪੂਰੇ ਅਕਾਲੀ ਦਲ ਵਿਚੋਂ ਸਿਰਫ ਸੁਖਬੀਰ ਬਾਦਲ ਹੀ ਖੁੱਲ੍ਹ ਕੇ ਭਾਜਪਾ ਅਤੇ ਪ੍ਰਧਾਨ ਮੰਤਰੀ ਨੂੰ ਵੰਗਾਰ ਰਹੇ ਹਨ ਅਤੇ ਸਿੱਖ ਸੰਸਥਾਵਾਂ ਉਤੇ ਕਬਜ਼ੇ ਦੇ ਮੁੱਦੇ ਨੂੰ ਉਭਾਰ ਰਹੇ ਹਨ ਜਦ ਕਿ ਉਨ੍ਹਾਂ ਦੀ ਪਤਨੀ ਅਤੇ ਬਠਿੰਡਾ ਨੂੰ ਲੋਕ ਸਭਾ ਚੋਣਾਂ ਲਈ ਉਮੀਦਵਾਰ ਹਰਸਿਮਰਤ ਕੌਰ ਬਾਦਲ ਵੱਲੋਂ ਕੇਂਦਰ ਸਰਕਾਰ ਪ੍ਰਤੀ ਨਰਮੀ ਵਾਲੀ ਰਵੱਈਆ ਅਪਣਾਇਆ ਹੋਇਆ ਹੈ।

ਸਿਆਸੀ ਹਲਕੇ ਆਖਦੇ ਹਨ ਕਿ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਜਨਤਕ ਤੌਰ 'ਤੇ ਤਾਂ ਪਾਰਟੀ ਵਿਰੁੱਧ ਕੋਈ ਬਿਆਨ ਜਾਰੀ ਨਹੀਂ ਕੀਤਾ ਸੀ ਜਦੋਂ ਕਿ ਮਲੂਕਾ ਤਾਂ ਭਾਜਪਾ ਦੀ ਹਮਾਇਤ ਵਿਚ ਬੋਲ ਰਹੇ ਹਨ। ਸਿਆਸੀ ਹਲਕੇ ਆਖਦੇ ਹਨ ਕਿ ਸਾਬਕਾ ਮੰਤਰੀ ਮਲੂਕਾ ਨੇ ਤਾਂ ਫ਼ਰੀਦਕੋਟ ਹਲਕੇ ਤੋਂ ਪਾਰਟੀ ਉਮੀਦਵਾਰ ਰਾਜਵਿੰਦਰ ਸਿੰਘ ਲਈ ਵੀ ਕੋਈ ਚੋਣ ਜਲਸਾ ਨਹੀਂ ਕੀਤਾ ਹੈ। ਇਥੋਂ ਤੱਕ ਕਿ ਪਾਰਟੀ ਉਮੀਦਵਾਰ ਨੇ ਪਿੰਡ ਮਲੂਕਾ ਵਿਚ ਹੋਏ ਚੋਣ ਪ੍ਰੋਗਰਾਮ 'ਚੋਂ ਵੀ ਮਲੂਕਾ ਗ਼ੈਰ-ਹਾਜ਼ਰ ਰਹੇ ਹਨ।

ਦੱਸ ਦਈਏ ਕਿ ਸੀਨੀਅਰਤਾ ਦੇ ਲਿਹਾਜ਼ ਨਾਲ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦਾ ਕੱਦ ਕਾਫੀ ਉਚਾ ਹੈ। ਆਦੇਸ਼ ਪ੍ਰਤਾਪ ਦੇ ਦਾਦਾ ਪ੍ਰਤਾਪ ਸਿੰਘ ਕੈਰੋਂ ਨੂੰ ਪੰਜਾਬ ਸੂਬੇ ਦਾ ਤੀਜਾ ਮੁੱਖ ਮੰਤਰੀ ਬਣਨ ਦਾ ਮੌਕਾ ਮਿਲਿਆ। ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਬੇਟੀ ਪ੍ਰਨੀਤ ਕੌਰ ਦਾ ਵਿਆਹ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨਾਲ ਕੀਤਾ ਸੀ। ਕੈਰੋਂ ਨੇ 1997 ਤੋਂ 2017 ਤੱਕ 20 ਸਾਲ ਪੰਜਾਬ ਵਿਧਾਨ


(ਬਾਕੀ ਸਫਾ 6 'ਤੇ)



## ਅਕਾਲੀ ਦਲ ਨੂੰ ਝਟਕੇ 'ਤੇ ਝਟਕਾ!

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਅਕਾਲੀ ਆਗੂ ਭਾਈ ਮਨਜੀਤ ਸਿੰਘ ਨੇ ਅਕਾਲੀ ਦਲ ਦਾ ਸਾਥ ਛੱਡ ਦਿੱਤਾ ਹੈ। ਉਹ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਸੀਨੀਅਰ ਆਗੂ ਵੀ ਰਹੇ ਹਨ। ਉਹ ਜੂਨ 1984 ਸਮੇਂ ਦਰਬਾਰ ਸਾਹਿਬ ਤੇ ਹੋਏ ਫ਼ੌਜੀ ਹਮਲੇ 'ਚ ਮਾਰੇ ਜਾਣ ਵਾਲੇ ਭਾਈ ਅਮਰੀਕ ਸਿੰਘ ਦੇ ਭਰਾ ਹਨ। ਮਨਜੀਤ ਸਿੰਘ ਨੇ ਅਕਾਲੀ ਦਲ ਤੋ ਅਸਤੀਫਾ ਦਿੰਦਿਆਂ ਭਾਈ ਅੰਮ੍ਰਿਤਪਾਲ ਸਿੰਘ ਦਾ ਸਾਥ ਦੇਣ ਦਾ ਐਲਾਨ ਕਰ ਦਿੱਤਾ ਹੈ। ਖਡੂਰ ਸਾਹਿਬ ਤੋਂ ਅਕਾਲੀ ਦਲ ਬਾਦਲ ਦੇ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਦਾ ਸਮਰਥਨ ਕਰਨ ਦੀ ਬਜਾਇ ਮਨਜੀਤ ਸਿੰਘ ਨੇ ਆਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਦਾ ਸਮਰਥਨ ਕੀਤਾ ਹੈ।

# ਰਣਜੀਤ ਕਤਲ ਕੇਸ 'ਚ ਡੇਰਾ ਮੁਖੀ ਬਰੀ



**ਚੰਡੀਗੜ੍ਹ:** ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਹਾਈ ਕੋਰਟ ਵੱਲੋਂ ਵੱਡੀ ਰਾਹਤ ਮਿਲੀ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਰਣਜੀਤ ਸਿੰਘ ਕਤਲ ਕੇਸ ਵਿਚ ਬਰੀ ਕਰ ਦਿੱਤਾ ਹੈ। ਪੰਚਕੂਲਾ ਦੀ ਇਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਅਕਤੂਬਰ 2021 ਵਿਚ ਰਾਮ ਰਹੀਮ ਅਤੇ ਚਾਰ ਹੋਰਾਂ ਨੂੰ ਡੇਰਾ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਦੇ ਕਤਲ ਲਈ ਦੋਸ਼ੀ ਠਹਿਰਾਉਣ ਤੋਂ ਬਾਅਦ ਰਾਮ ਰਹੀਮ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਜਿਸ ਤੋਂ ਬਾਅਦ ਡੇਰਾ ਮੁਖੀ ਨੇ ਕੇਂਦਰੀ ਜਾਂਚ ਬਿਊਰੋ ਅਤੇ ਹੋਰ ਪ੍ਰਤੀਵਾਦੀਆਂ ਵਿਰੁੱਧ ਹਾਈ ਕੋਰਟ ਦਾ ਰੁਖ ਕੀਤਾ ਸੀ। ਰਣਜੀਤ ਸਿੰਘ ਨੂੰ 10 ਜੁਲਾਈ 2002 ਨੂੰ ਕੁਰੂਕਸ਼ੇਤਰ ਦੇ ਪਿੰਡ ਖਾਨਪੁਰ ਕੋਲੀਆਂ ਵਿਖੇ ਚਾਰ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ। ਉਧਰ, ਹਾਈ ਕੋਰਟ ਵੱਲੋਂ ਰਣਜੀਤ ਕਤਲ ਮਾਮਲੇ 'ਚ ਸਿਰਸਾ ਡੇਰਾ ਮੁਖੀ ਨੂੰ ਰਾਹਤ ਦਿੱਤੇ ਜਾਣ 'ਤੇ ਪ੍ਰਤੀਕ੍ਰਿਆ ਦਿੰਦਿਆਂ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਪੁੱਤਰ ਅੰਸ਼ੂਲ ਛਤਰਪਤੀ ਨੇ ਕਿਹਾ ਕਿ ਹਾਈ ਕੋਰਟ ਦਾ ਫੈਸਲਾ ਸਾਡੇ ਲਈ ਦੁਖਦਾਈ ਹੈ। ਪੀੜਤ ਪਰਿਵਾਰ ਨੂੰ ਸੁਪਰੀਮ ਕੋਰਟ ਜਾਣਾ ਚਾਹੀਦਾ ਹੈ।

(ਬਾਕੀ ਸਫਾ 6 'ਤੇ)

## ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ




Call us at:
+18442272162

Address: 2605 US-130 Cinnaminson, NJ 08077

* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ
* ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ

Corporate NMLS# 68434
AZ License# BK-0945946


Balbir (Bill) Grewal
MORTGAGE LOAN OFFICER
NMLS# 353442

## Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਛੇਤੀ ਹੀ ਡਿੱਗ ਜਾਵੇਗੀ ਪੰਜਾਬ ’ਚ ਆਪ ਸਰਕਾਰ: ਸ਼ਾਹ



**ਲੁਧਿਆਣਾ:** ਲੋਕ ਸਭਾ ਹਲਕਾ ਲੁਧਿਆਣਾ ਤੋਂ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਇੱਥੇ ਪਹੁੰਚੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਪੰਜਾਬ ਵਿਚ ‘ਆਪ’ ਸਰਕਾਰ ਲੰਮੀ ਚੱਲਣ ਵਾਲੀ ਨਹੀਂ। ਉਨ੍ਹਾਂ ਕਿਹਾ ਕਿ ਪਹਿਲੀ ਜੂਨ ਨੂੰ ਵੋਟਾਂ ਤੋਂ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜੇਲ੍ਹ ਜਦਕਿ 6 ਜੂਨ ਨੂੰ ਕਾਂਗਰਸੀ ਆਗੂ ਬੈਂਕਾਕ ਛੁੱਟੀਆਂ ਮਨਾਉਣ ਚਲੇ ਜਾਣਗੇ।

ਉਨ੍ਹਾਂ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੂੰ ਮੰਤਰੀ ਬਣਾਉਣ ਦਾ ਵੀ ਸੰਕੇਤ ਦਿੱਤਾ। ਸ਼ਾਹ ਨੇ ਕਿਹਾ ਕਿ 2014 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ‘ਇਕ ਪੈਨਸ਼ਨ ਇਕ ਰੈਂਕ’ ਦਿਵਾਇਆ। ਇਸ ਤੋਂ ਇਲਾਵਾ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਵੀ ਦਿਵਾਈ। ਸ਼ਾਹ ਨੇ ਕਿਹਾ ਕਿ ਮੋਦੀ ਸਰਕਾਰ ਹਿੰਦੂ-ਸਿੱਖ ਭਾਈਚਾਰੇ ਦੀ ਪ੍ਰਤੀਕ ਹੈ। ਮੋਦੀ ਸਰਕਾਰ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹ ਕੇ ਸਿੱਖ ਭਾਈਚਾਰੇ ਨੂੰ ਤੋਹਫ਼ਾ ਦਿੱਤਾ। ਉਨ੍ਹਾਂ ਕਿਹਾ ਕਿ ਜੇ ਆਜ਼ਾਦੀ ਵੇਲੇ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਹੁੰਦੇ ਤਾਂ ਅੱਜ ਕਰਤਾਰਪੁਰ ਸਾਹਿਬ ਦਾ ਗੁਰਦੁਆਰਾ ਭਾਰਤ ਵਿਚ ਹੁੰਦਾ। ਉਨ੍ਹਾਂ ਸਿੱਖ ਭਾਈਚਾਰੇ ਨੂੰ ਦੇਸ਼ ਦੀ ਕਮਾਨ ਮੁੜ ਮੋਦੀ ਦੇ ਹੱਥ ਵਿੱਚ ਦੇਣ ਦੀ ਅਪੀਲ ਕੀਤੀ।

ਸ਼ਾਹ ਨੇ ਕਿਹਾ, ‘‘ਪੰਜਾਬ ਗੁਰੂਆਂ-ਪੀਰਾਂ ਦੀ ਧਰਤੀ ਹੈ। ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਸਦਕਾ ਸਾਡੀ ਹੋਂਦ ਹੈ।’’ ਉਨ੍ਹਾਂ ਨੇ ਪੰਜਾਬ ਵਿਚ ਵੱਧ ਰਹੇ ਨਸ਼ੇ ਦੇ ਮੁੱਦੇ ’ਤੇ ਪੰਜਾਬ ਸਰਕਾਰ ਨੂੰ ਘੇਰਿਆ ਅਤੇ ਕਿਹਾ ਕਿ ‘ਆਪ’ ਸਰਕਾਰ ਨੇ ਪੰਜਾਬ ਵਿਚ ਸੱਤਾ ਹਾਸਲ ਕਰਨ ਤੋਂ ਬਾਅਦ ਇਕ ਮਹੀਨੇ ’ਚ ਨਸ਼ਾ ਖਤਮ ਕਰਨ ਦੀ ਗੱਲ ਕਹੀ ਸੀ ਪਰ ਪੰਜਾਬ ਵਿੱਚ ਨਸ਼ਾ ਅੱਜ ਵੀ ਉਸੇ ਤਰ੍ਹਾਂ ਜਾਰੀ ਹੈ। ਦੁਬਾਰਾ ਮੋਦੀ ਸਰਕਾਰ ਆਉਂਦੇ ਹੀ ਪੰਜਾਬ ਵਿਚ ਨਸ਼ਾ ਹਰ ਹਾਲਤ ਵਿਚ ਖਤਮ ਕਰ ਦਿੱਤਾ ਜਾਵੇਗਾ। ਸੂਬੇ ਵਿਚ ਨਾਰਕੋਟਿਕਸ ਕੰਟੋਰਲ ਬਿਊਰੋ (ਐਨ.ਸੀ.ਬੀ.) ਦੇ 17 ਦਫ਼ਤਰ ਖੋਲ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਔਰਤਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ ਜੋ ਅੱਜ ਤੱਕ ਪੂਰਾ ਨਹੀਂ ਹੋਇਆ। ਇਸੇ ਤਰ੍ਹਾਂ ਮੈਡੀਕਲ ਕਾਲਜ ਵੀ ਨਹੀਂ ਖੋਲ੍ਹਿਆ ਗਿਆ। ਸ਼ਾਹ ਨੇ ਦਾਅਵਾ ਕੀਤਾ ਕਿ ਦੇਸ਼ ਵਿਚ ਹੋਈਆਂ ਛੇ ਗੇੜ ਦੀਆਂ ਚੋਣਾਂ ਵਿਚ 5 ਗੇੜਾਂ ਦੇ ਲਾਏ ਗਏ ਅਨੁਮਾਨ ਮੁਤਾਬਕ ਭਾਜਪਾ ਨੂੰ 310 ਸੀਟਾਂ ’ਤੇ ਜਿੱਤ ਹਾਸਲ ਹੋ ਰਹੀ ਹੈ। ਉਨ੍ਹਾਂ ਕਿਹਾ ਕਿ 6ਵੇਂ ਤੇ 7ਵੇਂ ਗੇੜ ਦੀਆਂ ਚੋਣਾਂ ਵਿੱਚ ਭਾਜਪਾ ਨੂੰ 400 ਤੋਂ ਪਾਰ ਸੀਟਾਂ ਦਾ ਅਨੁਮਾਨ ਹੈ। ਮੋਦੀ ਸਰਕਾਰ ਦੀ ਹੈਟ੍ਰਿਕ ਹੋਣਾ ਤੈਅ ਹੈ।

## ਸ਼ਾਹ ਨੇ ਪੰਜਾਬ ਸਰਕਾਰ ਡੇਗਣ ਦੀ ਧਮਕੀ ਦਿੱਤੀ: ਕੇਜਰੀਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਉਤੇ ਲੋਕ ਸਭਾ ਚੋਣਾਂ ਤੋਂ ਬਾਅਦ ਪੰਜਾਬ ‘ਚ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੂੰ ਡੇਗਣ ਦੀ ਧਮਕੀ ਦੇਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਹ ‘ਤਾਨਾਸ਼ਾਹੀ‘ ਹੈ। ਅੰਮ੍ਰਿਤਸਰ ‘ਚ ਕਾਰੋਬਾਰੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਕਿਹਾ, ‘ਕੀ ਤੁਸੀਂ ਅਮਿਤ ਸ਼ਾਹ ਦਾ ਬਿਆਨ ਸੁਣਿਆ ਹੈ? ਉਨ੍ਹਾਂ ਧਮਕੀ ਦਿੱਤੀ ਹੈ। ਸ਼ੁਰੂ ਵਿਚ ਉਨ੍ਹਾਂ ਪੰਜਾਬੀਆਂ ਨੂੰ ਬਹੁਤ ਗਾਲ੍ਹਾਂ ਕੱਢੀਆਂ। ਸ਼ਾਹ ਨੇ ਧਮਕੀ ਦਿੱਤੀ ਹੈ ਕਿ 4 ਜੂਨ ਤੋਂ ਬਾਅਦ ਪੰਜਾਬ ਸਰਕਾਰ ਡਿੱਗ ਜਾਵੇਗੀ ਅਤੇ ਭਗਵੰਤ ਮਾਨ ਮੁੱਖ ਮੰਤਰੀ ਨਹੀਂ ਰਹਿਣਗੇ।‘‘

## ਸੱਤਾ ਲਈ ਕੁਝ ਵੀ ਕਰ ਸਕਦੇ ਨੇ ਮੋਦੀ: ਪ੍ਰਿਯੰਕਾ

**ਫਤਹਿਗੜ੍ਹ ਸਾਹਿਬ:** ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਨੇ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਨੂੰ ਨਿਸ਼ਾਨੇ ‘ਤੇ ਲੈਂਦਿਆਂ ਸਵਾਲ ਕੀਤਾ ਕਿ ਜੇਕਰ ਦੇਸ਼ ਦਾ ਅਰਥਚਾਰਾ ਤੇਜ਼ੀ ਨਾਲ ਵੱਧ ਰਿਹਾ ਹੈ ਤਾਂ ਲੋਕਾਂ ਦੀ ਜ਼ਿੰਦਗੀ ‘ਚ ਪ੍ਰਗਤੀ ਕਿਉਂ ਨਹੀਂ ਹੋ ਰਹੀ। ਫਤਹਿਗੜ੍ਹ ਸਾਹਿਬ ਸੀਟ ਤੋਂ ਕਾਂਗਰਸ ਉਮੀਦਵਾਰ ਅਮਰ ਸਿੰਘ ਦੀ ਹਮਾਇਤ ਵਿੱਚ ਪੰਜਾਬ ‘ਚ ਆਪਣੀ ਪਹਿਲੀ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਿਯੰਕਾ ਗਾਂਧੀ ਨੇ ਪ੍ਰਧਾਨ ਮੰਤਰੀ ‘ਤੇ ਸਿਰਫ਼ ਸੱਤਾ ਹਾਸਲ ਕਰਨ ਲਈ ਝੂਠ ਬੋਲਣ ਤੇ ਜਨਤਾ ਨਾਲ ਝੂਠੇ ਵਾਅਦੇ ਕਰਨ ਦਾ ਦੋਸ਼ ਲਾਇਆ ਤੇ ਕਿਹਾ ਕਿ ਉਹ ਸੱਤਾ ਲਈ ਕੁਝ ਵੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਮੋਦੀ ਜੀ ਸੱਤਾ ਲਈ ਕੁਝ ਵੀ ਕਰ ਸਕਦੇ ਹਨ।

## ਕਾਂਗਰਸ ਸਰਕਾਰ ਬਣਨ ‘ਤੇ 23 ਫਸਲਾਂ ‘ਤੇ ਦੇਵਾਂਗੇ ਐਮ.ਐਸ.ਪੀ: ਬਾਜਵਾ



**ਭਗਤਾ ਭਾਈ:** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜੇ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਬਣੀ ਤਾਂ ਕਿਸਾਨਾਂ ਦੀਆਂ 23 ਫ਼ਸਲਾਂ ‘ਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦਿੱਤਾ ਜਾਵੇਗਾ। ਉਨ੍ਹਾਂ ਕੇਂਦਰ ਤੇ ਸੂਬਾ ਸਰਕਾਰ ਦੀ ਕਾਰਗੁਜ਼ਾਰੀ ‘ਤੇ ਨਿਸ਼ਾਨਾ ਸੇਧਦਿਆਂ ਦੋਸ਼ ਲਾਇਆ ਕਿ ਇਹ ਦੋਵੇਂ ਸਰਕਾਰਾਂ ਪੰਜਾਬ ਤੇ ਲੋਕ ਵਿਰੋਧੀ ਹਨ। ਸ੍ਰੀ ਬਾਜਵਾ ਹਲਕਾ ਫ਼ਰੀਦਕੋਟ ਤੋਂ ਕਾਂਗਰਸੀ ਉਮੀਦਵਾਰ ਅਮਰਜੀਤ ਕੌਰ ਸਾਹੋਕੇ ਦੇ ਹੱਕ ਵਿਚ ਪਿੰਡ ਕੋਠਾ ਗੁਰੂ ਵਿਚ ਸਾਬਕਾ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦੀ ਅਗਵਾਈ ਹੇਠ ਕਰਵਾਈ ਗਈ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਕਾਂਗਰਸੀ ਆਗੂ ਨੇ ਕਿਹਾ ਕਿ ਇਸ ਸਮੇਂ ਕਾਂਗਰਸ ਪੰਜਾਬ ਦੀ ਇਕਲੌਤੀ ਅਜਿਹੀ ਪਾਰਟੀ ਹੈ ਜਿਸ ਕੋਲ ਸੂਬੇ ਦੀਆਂ ਸਾਰੀਆਂ 13 ਸੀਟਾਂ ਜਿੱਤਣ ਦੀ ਸਮਰੱਥਾ ਹੈ।

ਉਨ੍ਹਾਂ ਕਿਹਾ ਕਿ ਫ਼ਸਲਾਂ ‘ਤੇ ਐਮ.ਐਸ.ਪੀ. ਨੂੰ ਲੈ ਕੇ ਲਗਾਤਾਰ ਸੰਘਰਸ਼ ਕਰ ਰਹੇ ਕਿਸਾਨਾਂ ‘ਤੇ ਕੇਂਦਰ ਸਰਕਾਰ ਵੱਲੋਂ ਅੱਤਿਆਚਾਰ ਕੀਤਾ ਜਾ ਰਿਹਾ ਹੈ ਅਤੇ ਅਜਿਹੀਆਂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਸੰਵਿਧਾਨ ਬਦਲਿਆ ਜਾ ਸਕੇ।

# ਸਿਆਸੀ ਧਿਰਾਂ ਨੂੰ ਡੇਰਿਆਂ ਤੋਂ ‘ਅਸ਼ੀਰਵਾਦ’ ਮਿਲਣ ਦੀ ਆਸ

**ਚੰਡੀਗੜ੍ਹ:** ਪਿਛਲੇ ਕਰੀਬ ਦੋ ਦਹਾਕਿਆਂ ਤੋਂ ਪੰਜਾਬ ਅਤੇ ਹਰਿਆਣਾ ਵਿਚ ਕਈ ਧਾਰਮਿਕ ਸੰਪਰਦਾਵਾਂ ਅਤੇ ਡੇਰੇ ਵੋਟ ਬੈਂਕ ਦਾ ਰੂਪ ਧਾਰ ਚੁੱਕੇ ਹਨ। ਵੱਖੋ-ਵੱਖਰੀਆਂ ਪਾਰਟੀਆਂ ਦੇ ਉਮੀਦਵਾਰ ਅਤੇ ਸਿਆਸਤਦਾਨ ਡੇਰਿਆਂ ਦੇ ਗੇੜੇ ਲਾ ਰਹੇ ਹਨ ਤਾਂ ਕਿ ਆਪੋ-ਆਪਣੇ ਚੁਣਾਵੀ ਗਣਿਤ ਨੂੰ ਬਿਹਤਰ ਕਰ ਕੇ ਇੱਛਤ ਨਤੀਜੇ ਹਾਸਲ ਕੀਤੇ ਜਾ ਸਕਣ।

ਸਿਆਸਤਦਾਨਾਂ ਨੂੰ ਚੋਣਾਂ ਦਾ ਐਲਾਨ ਹੁੰਦਿਆਂ ਹੀ ਡੇਰੇ ਚੇਤੇ ਆਉਣ ਲੱਗਦੇ ਹਨ। ਵੋਟਾਂ ਲੈਣ ਲਈ ਸਿਆਸਤਦਾਨਾਂ ਦੀ ਇਨ੍ਹਾਂ ਡੇਰਿਆਂ ‘ਤੇ ਨਿਰਭਰਤਾ ਵਧ ਗਈ ਹੈ। ਲੋਕ ਸਭਾ ਹਲਕਾ ਜਲੰਧਰ ਅੰਦਰ ਸੱਚਖੰਡ ਬੱਲਾਂ ਦਾ ਡੇਰਾ ਕਾਫੀ ਚਰਚਾ ਵਿਚ ਰਿਹਾ ਹੈ। ਕਾਂਗਰਸ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਵੇਲੇ ਇਸ ਡੇਰੇ ਨੂੰ ਦਿੱਤੇ 25 ਕਰੋੜ ਦੇ ਚੈੱਕ ਅਤੇ ਮਗਰੋਂ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮੁੜ 25 ਕਰੋੜ ਰੁਪਏ ਦੇ ਚੈੱਕ ਵਾਲੀਆਂ ਤਸਵੀਰਾਂ ਇਨ੍ਹਾਂ ਦਿਨਾਂ ਦੌਰਾਨ ਕਾਫ਼ੀ ਵਾਇਰਲ ਹੋ ਰਹੀਆਂ ਹਨ।



ਉਹ ਇਨ੍ਹਾਂ ਤਸਵੀਰਾਂ ਰਾਹੀਂ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ‘ਚ ਜੁਟੇ ਹੋਏ ਹਨ। ਜਦੋਂਕਿ ਲੋਕ ਪ੍ਰਤੀਨਿਧਤਾ ਐਕਟ 1951 ਤਹਿਤ ਕਿਸੇ ਵੀ ਉਮੀਦਵਾਰ ਵੱਲੋਂ ਧਰਮ ਅਤੇ ਜਾਤ ਦੇ ਆਧਾਰ ‘ਤੇ ਵੋਟਾਂ ਨਹੀਂ ਮੰਗੀਆਂ ਜਾ ਸਕਦੀਆਂ। ਇਸ ਤਰ੍ਹਾਂ ਡੇਰਾ ਬਿਆਸ ਸਬੰਧੀ ਤਸਵੀਰਾਂ ਵੀ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਹਾਲਾਂਕਿ, ਉਕਤ ਡੇਰਿਆਂ ਨੇ ਕਿਤੇ ਵੀ ਕਿਸੇ ਵੀ ਪਾਰਟੀ ਨੂੰ ਵੋਟਾਂ ਪਾਉਣ ਜਾਂ ਹਮਾਇਤ ਕਰਨ ਦਾ ਐਲਾਨ ਨਹੀਂ ਕੀਤਾ। ਇਹ ਪਹਿਲੀ ਵਾਰ ਹੈ ਕਿ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਨਾਲ ਤਸਵੀਰਾਂ ਜਨਤਕ ਹੋਈਆਂ ਹਨ ਕਿਉਂਕਿ ਇਸ ਡੇਰੇ ‘ਚ ਮੋਬਾਈਲ ਬਾਹਰ ਹੀ ਰਖਵਾਏ ਜਾਂਦੇ ਹਨ। ਭਾਜਪਾ ਉਮੀਦਵਾਰ ਸੁਸ਼ੀਲ ਰਿੰਕੂ, ਬਸਪਾ ਦੇ ਬਲਵਿੰਦਰ ਕੁਮਾਰ, ਕਾਂਗਰਸ ਦੇ ਚੰਨੀ ਦੀ ਤਸਵੀਰਾਂ ਡੇਰਾ ਮੁਖੀ ਨਾਲ ਜਨਤਕ ਹੋ ਚੁੱਕੀਆਂ ਹਨ। ਬਾਕੀ ਉਮੀਦਵਾਰ ਵੀ ਪਿੱਛੇ ਨਹੀਂ ਹਨ, ਇਹ ਉਮੀਦਵਾਰ ਕਿਸੇ ਹੋਰ ਡੇਰਿਆਂ ਦੇ ਚੱਕਰ ਲਗਾ ਚੁੱਕੇ ਹਨ। ਜਿਥੋਂ ਦੀਆਂ ਤਸਵੀਰਾਂ ਇਨ੍ਹਾਂ ਆਗੂਆਂ ਦੇ ਫੇਸਬੁੱਕ ਪੇਜਾਂ ‘ਤੇ ਦੇਖੀਆਂ ਜਾ ਸਕਦੀਆਂ ਹਨ। ਇਥੋਂ ਤੱਕ ਫਿਲੌਰ ਦੇ ਇੱਕ ਡੇਰੇ ਦੇ ਅੰਦਰ ਹੀ ਕੁੱਝ ਦਿਨ ਪਹਿਲਾਂ ਇਕ ਕੌਂਸਲਰ ਨੂੰ ਪਾਰਟੀ ‘ਚ ਸ਼ਾਮਲ ਕਰਵਾਇਆ ਗਿਆ ਸੀ। ਕੋਈ ਵਿਅਕਤੀ ਜਦੋਂ ਮਰਜ਼ੀ ਕਿਸੇ ਡੇਰੇ ਜਾਂ ਕਿਸੇ ਹੋਰ ਧਾਰਮਿਕ ਸਥਾਨ ‘ਤੇ ਜਾਵੇ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਪਰ ਵੋਟਾਂ ਦੇ ਦਿਨਾਂ ‘ਚ ਅਜਿਹੀਆਂ ਸਰਗਰਮੀਆਂ ਦੇ ਅਰਥ ਵੱਖਰੇ ਹਨ। ਇਸ ਸਬੰਧੀ ਐਡਵੋਕੇਟ ਅਜੈ ਫਿਲੌਰ ਨੇ ਕਿਹਾ ਕਿ ਲੋਕ ਪ੍ਰਤੀਨਿਧਤਾ ਐਕਟ 1951 ਤਹਿਤ ਧਰਮ ਅਤੇ ਜਾਤ ਨੂੰ ਅਧਾਰ ਬਣਾ ਕੇ ਵੋਟਾਂ ਨਹੀਂ ਮੰਗੀਆਂ ਜਾ ਸਕਦੀਆਂ। ਇਸ ਐਕਟ ਦੀ ਸੈਕਸ਼ਨ 8 ਤੇ 125 ਕਾਫੀ ਸਪੱਸ਼ਟ ਕਰਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਉਪਰੋਂ ਹੀ ਧਰਮ ਤੇ ਜਾਤ ਦੇ ਅਧਾਰ ‘ਤੇ ਸਿਆਸਤ ਹੋ ਰਹੀ ਹੈ ਤਾਂ ਹੇਠਾਂ ਇਸ ਨੂੰ ਕੌਣ ਰੋਕ ਸਕਦਾ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੂੰ ਇਨ੍ਹਾਂ ਸਰਗਰਮੀਆਂ ਦਾ ਨੋਟਿਸ ਲੈਣਾ ਚਾਹੀਦਾ ਹੈ।

# ‘ਆਪ’ ਨੇ ਪੰਜਾਬ ਦੀਆਂ ਔਰਤਾਂ ਨਾਲ ਧੋਖਾ ਕੀਤਾ: ਜਾਖੜ

**ਚੰਡੀਗੜ੍ਹ:** ਮਿਉਂਸਿਪਲ ਕਮੇਟੀ ਸੁਜਾਨਪੁਰ ਦੇ ਸਾਬਕਾ ਪ੍ਰਧਾਨ ਤੇ 2022 ‘ਚ ਵਿਧਾਨ ਸਭਾ ਹਲਕਾ ਸੁਜਾਨਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਾਜ ਕੁਮਾਰ ਗੁਪਤਾ ਨੇ ਆਪਣੇ ਸਾਥੀਆਂ ਸਣੇ ਭਾਜਪਾ ਦਾ ਪੱਲਾ ਫੜ ਲਿਆ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਚੰਡੀਗੜ੍ਹ ਵਿਚ ਭਾਜਪਾ ਦੇ ਸੂਬਾਈ ਦਫ਼ਤਰ ‘ਚ ਸ੍ਰੀ ਗੁਪਤਾ ਤੇ ਉਨ੍ਹਾਂ ਦੇ ਸਾਥੀਆਂ ਦਾ ਭਾਜਪਾ ਵਿਚ ਸਵਾਗਤ ਕੀਤਾ। ਸ੍ਰੀ ਜਾਖੜ ਨੇ ਕਿਹਾ ਕਿ ਪੰਜਾਬ ਵਿਚ ‘ਆਪ‘ ਵੱਲੋਂ ਝੂਠ ਬੋਲ ਕੇ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ‘ਆਪ‘ ਸਰਕਾਰ ਨੇ ਪੰਜਾਬ ਦੀਆਂ ਔਰਤਾਂ ਨੂੰ ਇਕ ਹਜ਼ਾਰ ਰੁਪਏ ਮਹੀਨਾ ਪੈਨਸ਼ਨ ਦੇਣ ਦਾ ਵਾਅਦਾ ਕੀਤਾ ਸੀ ਪਰ ਪਿਛਲੇ ਦੋ ਸਾਲਾਂ ਵਿਚ ਪੈਨਸ਼ਨ ਨਾ ਦੇ ਕੇ ‘ਆਪ‘ ਸਰਕਾਰ ਨੇ ਸੂਬੇ ਦੀਆਂ ਇਕ ਕਰੋੜ ਤੋਂ ਬੀਬੀਆਂ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਹੁਣ ‘ਆਪ‘ ਵੱਲੋਂ ਬੀਬੀਆਂ ਨੂੰ 4 ਜੂਨ ਤੋਂ ਬਾਅਦ ਪੈਨਸ਼ਨ ਮਿਲਣ ਦਾ ਨਵਾਂ ਲਾਰਾ ਲਗਾ ਕੇ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਇਜ਼ਰਾਈਲ ਵੱਲੋਂ ਹੁਣ ਰਫ਼ਾਹ ਦੇ ਸ਼ਰਨਾਰਥੀ ਕੈਂਪ ’ਤੇ ਹਮਲਾ

**ਦੀਰ ਅਲ-ਬਲਾਹ (ਗਾਜ਼ਾ ਪੱਟੀ):** ਫਲਸਤੀਨੀ ਸਿਹਤ ਕਰਮਚਾਰੀਆਂ ਨੇ ਦੱਸਿਆ ਕਿ ਗਾਜ਼ਾ ਦੇ ਦੱਖਣੀ ਸ਼ਹਿਰ ਰਫਾਹ ਵਿਚ ਸ਼ਰਨਾਰਥੀਆਂ ਲਈ ਲਾਏ ਤੰਬੂਆਂ ਉਤੇ ਇਜ਼ਰਾਈਲ ਦੇ ਹਵਾਈ ਹਮਲਿਆਂ ਵਿਚ 35 ਵਿਅਕਤੀ ਮਾਰੇ ਗਏ ਹਨ ਅਤੇ ਕਈ ਹੋਰ ਜ਼ਖਮੀ ਹੋ ਗਏ। ਮਰਨ ਵਾਲਿਆਂ ਵਿਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਸ਼ਾਮਲ ਹਨ। ਇਸ ਹਵਾਈ ਹਮਲੇ ‘ਚ ਦਰਜਨਾਂ ਵਿਅਕਤੀ ਜ਼ਖ਼ਮੀ ਹੋਏ ਹਨ। ਇਹ ਹਮਲਾ ਅੰਤਰਰਾਸ਼ਟਰੀ ਅਦਾਲਤ ਵੱਲੋਂ ਇਜ਼ਰਾਈਲ ਨੂੰ ਰਫਾਹ ਵਿਚ ਆਪਣੀ ਫੌਜੀ ਕਾਰਵਾਈ ਰੋਕਣ ਦੇ ਹੁਕਮ ਦਿੱਤੇ ਜਾਣ ਦੇ ਦੋ ਦਿਨ ਬਾਅਦ ਹੋਇਆ ਹੈ।

# ਲੋਕ ਸੰਗਰਾਮ ਰੈਲੀ: ਵੋਟਾਂ ਦੀ ਥਾਂ ਸੰਘਰਸ਼ਾਂ ਉਤੇ ਟੇਕ ਰੱਖਣ ਦਾ ਹੋਕਾ

**ਬਰਨਾਲਾ:** ਸੰਸਦੀ ਚੋਣਾਂ ਦੇ ਮਘੇ ਮਾਹੌਲ ਦਰਮਿਆਨ ਪੰਜਾਬ ਦੀਆਂ ਦੋ ਦਰਜਨ ਦੇ ਲਗਭਗ ਸੰਘਰਸ਼ਸ਼ੀਲ ਲੋਕ ਜਥੇਬੰਦੀਆਂ ਨੇ ਇੱਥੇ ਦਾਣਾ ਮੰਡੀ ਵਿਚ ਤਪਦੀ ਦੁਪਹਿਰ ਵਿਚ ‘ਲੋਕ ਸੰਗਰਾਮ ਰੈਲੀ’ ਕੀਤੀ। ਇਸ ਰੈਲੀ ਰਾਹੀਂ ਲੋਕਾਂ ਦੇ ਹਕੀਕੀ ਮਸਲੇ ਉਭਾਰਦਿਆਂ ਇਨ੍ਹਾਂ ਦੇ ਹੱਲ ਲਈ ਵੋਟਾਂ ਦੀ ਥਾਂ ਸੰਘਰਸ਼ਾਂ ’ਤੇ ਟੇਕ ਦਾ ਹੋਕਾ ਬੁਲੰਦ ਕੀਤਾ ਗਿਆ। ਰੈਲੀ ਵਿਚ ਕਿਸਾਨਾਂ ਖੇਤ ਮਜ਼ਦੂਰਾਂ ਸਮੇਤ ਸਨਅਤੀ ਕਾਮਿਆਂ, ਠੇਕਾ ਮੁਲਾਜ਼ਮਾਂ, ਅਧਿਆਪਕਾਂ, ਵਿਦਿਆਰਥੀਆਂ ਤੇ ਔਰਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ।

ਰੈਲੀ ਦੀ ਸ਼ੁਰੂਆਤ ਪਿਛਲੇ ਦਿਨੀਂ ਵਿੱਛੜੇ ਉੱਘੇ ਕਵੀ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਲਈ ਮਤਾ ਪੜ੍ਹਨ ਨਾਲ ਹੋਈ ਅਤੇ ਲੋਕਾਂ ਨੇ ਉਨ੍ਹਾਂ ਨੂੰ ਖੜ੍ਹੇ ਹੋ ਕੇ ਸ਼ਰਧਾਂਜਲੀ ਦਿੱਤੀ। ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਇਹ ਵੋਟਾਂ ਹਾਕਮ ਧੜਿਆਂ ਦੀ ਖੇਡ ਹੈ, ਲੋਕਾਂ ਨੂੰ ਵੰਡਣ ਤੇ ਭਰਮਾਉਣ ਲਈ ਹੈ। ਉਨ੍ਹਾਂ ਕਿਹਾ ਕਿ ਪਾਰਲੀਮੈਂਟ ਅੰਦਰ ਲੋਕਾਂ ਦੀ ਸੁਣਵਾਈ ਵੋਟਾਂ ਰਾਹੀਂ ਨਹੀਂ, ਲੋਕਾਂ ਦੇ ਘੋਲਾਂ ਰਾਹੀਂ ਹੋ ਸਕਦੀ ਹੈ। ਇਸ ਲਈ ਉਨ੍ਹਾਂ ਲੋਕਾਂ ਨੂੰ ਵੋਟਾਂ ਰਾਹੀਂ ਜ਼ਿੰਦਗੀ ਸੰਵਰਨ ਦੇ ਭਰਮ ਤੋਂ ਮੁਕਤ ਹੋ ਕੇ ਆਪਣੀ ਏਕਤਾ ਤੇ ਜਥੇਬੰਦਕ ਤਾਕਤ ਨੂੰ ਮਜ਼ਬੂਤ ਕਰਨ ‘ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।



ਇਸ ਮੌਕੇ ‘ਨਿੱਜੀਕਰਨ-ਵਪਾਰੀਕਰਨ ਵਾਲੀਆਂ ਨੀਤੀਆਂ ਰੱਦ ਕਰੋ’, ‘ਸੰਸਾਰ ਵਪਾਰ ਸੰਸਥਾ ਵਿਚੋਂ ਬਾਹਰ ਆਓ’, ਕਿਸਾਨ-ਮਜ਼ਦੂਰ ਵਾਤਾਵਰਨ ਪੱਖੀ ਤੇ ਕਾਰਪੋਰੇਟ-ਜਗੀਰਦਾਰ ਵਿਰੋਧੀ ਖੇਤੀ ਨੀਤੀ ਲਿਆਓ, ਜ਼ਮੀਨੀ ਸੁਧਾਰ ਕਰੋ ਤੇ ਸ਼ਾਹੂਕਾਰਾ ਧੰਦੇ ਨੂੰ ਨੱਥ ਪਾਓ, ਠੇਕਾ ਭਰਤੀ ਦੀ ਨੀਤੀ ਰੱਦ ਕਰੋ, ਪੁਰਾਣੀ ਪੈਨਸ਼ਨ ਬਹਾਲ ਕਰੋ ਤੇ ਕਾਲੇ ਕਾਨੂੰਨ ਰੱਦ ਕਰੋ’ ਆਦਿ ਬਾਰੇ ਚਰਚਾ ਕੀਤੀ। ਸਭਨਾਂ ਨੇ ਸਾਂਝੇ ਤੌਰ ’ਤੇ ਹਾਕਮ ਜਮਾਤ ਪਾਰਟੀਆਂ ਵੱਲੋਂ ਪ੍ਰਚਾਰੇ ਜਾਂਦੇ ਮੌਜੂਦਾ ਵਿਕਾਸ ਮਾਡਲ ਨੂੰ ‘ਅਖੌਤੀ’ ਦੱਸਦਿਆਂ ਰੱਦ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰੀ ਫ਼ਿਰਕੂ ਫਾਸ਼ੀਵਾਦੀ ਭਾਜਪਾ ਵਾਂਗ ਪੰਜਾਬ ਦੀ ‘ਆਪ’ ਸਰਕਾਰ ਨੇ ਵੀ ਪਹਿਲੀਆਂ ਸਰਕਾਰਾਂ ਵਾਂਗ ਉਕਤ ਲੋਕ ਦੋਖੀ ਮਾਡਲ ਨੂੰ ਹੀ ਅੱਗੇ ਵਧਾਇਆ ਹੈ। ਰੈਲੀ ਦੌਰਾਨ ਬੁਲਾਰਿਆਂ ਨੇ ਲੋਕਾਂ ਨੂੰ ਅਸਲ ਲੋਕ ਮੁੱਦਿਆਂ ਦੁਆਲੇ ਸਾਂਝੇ ਘੋਲ ਉਸਾਰਨ ਦੇ ਰਾਹ ਪੈਣ ਦਾ ਸੱਦਾ ਦਿੱਤਾ ਤਾਂ ਕਿ ਲੋਕ ਪੁੱਗਤ ਵਾਲਾ ਰਾਜ ਸਮਾਜ ਸਿਰਜਿਆ ਜਾ ਸਕੇ।

# ਆਮੀਰ ਸਾਹੀ ਫਾਊਂਡੇਸ਼ਨ ਵਲੋਂ ਦੂਸਰਾ ਸਾਲਾਨਾ ਪ੍ਰੋਗਰਾਮ

**ਸ਼ਿਕਾਗੋ:** ਗੈਰ ਲਾਭਕਾਰੀ ਸੰਸਥਾ, ਆਮੀਰ ਸਾਹੀ ਫਾਊਂਡੇਸ਼ਨ, ਇੰਕ (ASF) ਨੇ ਆਪਣਾ ਦੂਸਰਾ ਸਾਲਾਨਾ ਦਿਵਸ 'ਬੌਲੀਵੁੱਡ/ਭੰਗੜਾ ਬਾਲ' 19 ਅਪਰੈਲ ਨੂੰ ਡਾਊਨਰਜ਼ ਗਰੋਵ ਵਿਚ ਆਸ਼ਿਆਨਾ ਬੈਂਕੁਇਟ ਹਾਲ ਵਿਖੇ ਮਨਾਇਆ। ਇਹ ਪ੍ਰੋਗਰਾਮ ਸਾਹੀ ਪਰਿਵਾਰ ਵਲੋਂ ਆਪਣੇ ਪੋਤੇ/ਪੁੱਤਰ ਆਮੀਰ ਸਾਹੀ ਦੀ ਯਾਦ ਵਿਚ ਕਰਵਾਇਆ ਗਿਆ। ਦੱਸਣਯੋਗ ਹੈ ਕਿ ਆਮੀਰ ਨੂੰ ਦਸੰਬਰ 2018 ਵਿਚ MPNST (ਇਕ ਕਿਸਮ ਦਾ ਸਰਕੋਮਾ) ਹੋਇਆ ਸੀ। ਇਸ ਕੈਂਸਰ ਦੇ ਇਲਾਜ ਦੌਰਾਨ ਉਸ ਨੇ ਆਪਣੇ ਮਾਤਾ-ਪਿਤਾ ਨੂੰ ਕਿਹਾ ਸੀ ਕਿ ਸਾਨੂੰ ਦੂਸਰੇ ਅਜਿਹੇ ਮਰੀਜ਼ਾਂ ਦੀ ਹਰ ਸੰਭਵ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਇਸ ਦੁੱਖ ਤੋਂ ਬਚਾਇਆ ਜਾ ਸਕੇ।'' 12 ਅਗਸਤ 2019 ਨੂੰ ਆਮੀਰ 21 ਸਾਲਾਂ ਦੀ ਉਮਰ ਭੋਗ ਕੇ ਵਾਹਿਗੁਰੂ ਨੂੰ ਪਿਆਰਾ ਹੋ ਗਿਆ ਸੀ।



ਉਸ ਦੇ ਪਿਤਾ ਜਸਵਿੰਦਰ (ਸਨੀ) ਸਾਹੀ ਤੇ ਮਾਤਾ ਰੂਬੀ ਸਾਹੀ ਨੇ ਦੂਜਿਆਂ ਦੀ ਮਦਦ ਕਰਨ ਅਤੇ ਆਮੀਰ ਦੀ ਵਿਰਾਸਤ ਨੂੰ ਅੱਗੇ ਵਧਾਉਣ ਦੀ ਉਸ ਦੀ ਇੱਛਾ ਦਾ ਸਨਮਾਨ ਕਰਨ ਲਈ, ਅਗਸਤ 2021 ਵਿਚ ਏਐੱਸਐੱਫ ਦੀ ਸ਼ੁਰੂਆਤ ਕੀਤੀ। ਏਐੱਸਐੱਫ ਨੇ ਸ਼ੁਰੂਆਤ ਤੋਂ ਲੈ ਕੇ ਨਾਰਥਵੈਸਟਰਨ ਮੈਡੀਸਿਨ, ਰਸ਼ ਹੌਸਪਿਟਲ ਅਤੇ ਯੂਨੀਵਰਸਿਟੀ ਆਫ ਸ਼ਿਕਾਗੋ ਨਾਲ ਭਾਈਵਾਲੀ ਕੀਤੀ ਹੈ। ਇਸੇ ਅਧੀਨ 'ਰੋਗੀ ਵਿੱਤੀ ਸਹਾਇਤਾ ਫੰਡ' ਅਰੰਭਿਆ ਗਿਆ ਹੈ। ਇਸ ਫੰਡ ਦੀ ਵਰਤੋਂ ਅਜਿਹੇ ਮਰੀਜ਼ਾਂ ਦੀਆਂ ਨਾਨ ਮੈਡੀਕਲ ਜ਼ਰੂਰਤਾਂ ਦੀ ਪੂਰਤੀ ਲਈ ਕੀਤੀ ਜਾਂਦੀ ਹੈ ਤਾਂ ਕਿ ਉਨ੍ਹਾਂ ਦੇ ਇਲਾਜ ਦੌਰਾਨ ਵਿੱਤੀ ਮਦਦ ਕੀਤੀ ਜਾ ਸਕੇ। ਇਸ ਤਰ੍ਹਾਂ ਕੈਂਸਰ ਨਾਲ ਲੜ ਰਹੇ ਮਰੀਜ਼ਾਂ ਨੂੰ ਵਿੱਤੀ ਰਾਹਤ ਮਿਲੇਗੀ।

ਏਐੱਸਐੱਫ ਨੇ ਨਾਰਥਵੈਸਟਰਨ ਮੈਡੀਸਿਨ ਵਿਖੇ ਇਕ ਕਲੀਨਿਕਲ ਟਰਾਇਲ ਵੀ ਸਪਾਂਸਰ ਕੀਤਾ ਹੈ ਜੋ ਹੁਣ ਦੂਜੇ ਸਾਲ ਵਿਚ ਹੈ। ਇੱਥੇ ਆਧੁਨਿਕ ਇਲਾਜ ਕਰ ਕੇ ਕੈਂਸਰ ਦੀ ਲੜਾਈ ਵਿਚ ਚੰਗੇ ਨਤੀਜੇ ਆਉਣਗੇ। ਇਹ ਸੰਸਥਾ ਹੋਰ ਵੀ ਕਈ ਉਨ੍ਹਾਂ ਪ੍ਰੋਗਰਾਮਾਂ ਨੂੰ ਸਪਾਂਸਰ ਕਰ ਰਹੀ ਹੈ, ਜਿੱਥੇ ਕੈਂਸਰ ਨਾਲ ਜੂਝ ਰਹੇ ਨੌਜਵਾਨਾਂ ਦਾ ਇਲਾਜ ਹੋਰ ਕਾਮਯਾਬ ਹੋ ਸਕੇ।

ਇਸ ਪ੍ਰੋਗਰਾਮ ਵਿਚ ਇਕ ਕੈਂਸਰ ਦੇ ਦੋ ਮਰੀਜ਼ਾਂ ਨੇ ਵੀ ਵਿਚਾਰ ਸਾਂਝੇ ਕੀਤੇ, ਜਿਨ੍ਹਾਂ ਦੀ ਏਐੱਸਐੱਫ ਨੇ ਵਿੱਤੀ ਮਦਦ ਕੀਤੀ ਸੀ ਤੇ ਹੁਣ ਦੋਵੇਂ ਕੈਂਸਰ ਮੁਕਤ ਹਨ। ਉਨ੍ਹਾਂ ਦੀ ਕੈਂਸਰ ਨਾਲ ਲੜ ਕੇ ਹੋਈ ਜਿੱਤ ਦੀ ਕਹਾਣੀ ਸੁਣ ਕੇ ਸਾਰਿਆਂ ਨੇ ਤਾੜੀਆਂ ਨਾਲ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਪ੍ਰੋਗਰਾਮ ਵਿਚ ਦਾਨੀ ਅਤੇ ਸਪਾਂਸਰ ਇਕੱਠੇ ਹੋਏ ਤਾਂ ਕਿ ਮਿਲ ਕੇ ਹੋਰ ਫੰਡ ਇਕੱਠਾ ਕਰ ਕੇ ਪੀੜਤਾਂ ਦੀ ਮਦਦ ਕੀਤੀ ਜਾ ਸਕੇ। ਏਐੱਸਐੱਫ ਦੇ ਮਿਸ਼ਨ ਨੂੰ ਅੱਗੇ ਵਧਾਉਣ ਵਿਚ ਮਦਦ ਕਰਨ ਲਈ 'ਦਸਵੰਧ ਨੈੱਟਵਰਕ' (ਡੀਵੀਐੱਸ) ਦਾ ਵੀ ਸੁਆਗਤ ਕੀਤਾ। DVS ਇਕ ਗੈਰ ਮੁਨਾਫਾ ਸੰਸਥਾ ਹੈ ਜੋ ਸਿੱਖ ਭਾਈਚਾਰੇ ਅੰਦਰ ਪ੍ਰੇਰਣਾ ਸਰੋਤ ਹੈ। ਹੋਰ ਜਾਣਕਾਰੀ ਲਈ www.DVNetwork.org 'ਤੇ ਜਾ ਸਕਦੇ ਹੋ। ਏਐੱਸਐੱਫ ਬਾਰੇ ਜਾਗਰੂਕਤਾ ਫੈਲਾਉਣ ਲਈ ਡੀਵੀਐੱਸ ਦਾ ਧੰਨਵਾਦ ਕੀਤਾ ਗਿਆ।ਆਮੀਰ ਦੇ ਪਰਿਵਾਰ ਨੇ ਸਾਰੇ ਸਪਾਂਸਰਾਂ ਤੇ ਦਾਨੀਆਂ ਦਾ ਧੰਨਵਾਦ ਕੀਤਾ। ਵਧੇਰੇ ਜਾਣਕਾਰੀ ਲਈ www.aameersahifoudation.org 'ਤੇ ਜਾਇਆ ਜਾ ਸਕਦਾ ਹੈ।


## ਤਜਰਬੇਕਾਰ ਕਰੀ ਕੁੱਕ, ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

**ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਕਰੀ ਕੁੱਕ, ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ**



**ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ**

**ਕਾਲ ਕਰੋ: ਮਿ. ਸਿੰਘ**

**ਫੋਨ: 515-291-1961**



## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-436-9010**

**EARLY BIRD SALE!!!!**

**Domestic fares available**





## UMA TRAVELS

**2541 W. Devon Ave.,
Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**


# Matrimonials

## ਲੜਕੀ ਦੀ ਲੋੜ ਹੈ

Looking for a Bride for American Citizen Ramgarhia Sikh boy divorced from short marriage, no kids, born in 1984, height 5'10". Looking for American citizen or green card holder girl. Contact us at: 510-200-1772 or E-mail: binnumunday@gmail.com

22-25

Parjapat Punjabi family looking for a H1B or Student visa holder Match for their Engineer son, working in MNC at Texas, USA. Age- 28, 5.10". Caste no Bar. Please Contact us at: singh.dapinder@gmail.com or call at 732-407-6683.

20-23

Looking for a suitable Ramgarhia Sikh Dhiman match in the USA/Canada for our well-settled boy (US citizen), 31, 5'11" tall, residing in Chicago. Please contact: man.rupal93@gmail.com

20-23

Ramgarhia family looking for a suitable match for their USA born Electtrical Engineer boy, 31, 5'11" tall. Gilr should be educated. Please call us at: **586-549-0107** or E-mail: sukhjitusa@att.net.

20-23

Jatt Sikh family seeks a suitable match for their US Citizen, very handsome, teetotaller, trimmed hair, son, 31, 5'8", Master in Education and diploma in Administration. Working as Program specialist in Maths with California govt. He is very knowledgeable, sincere and progressive. Caste no bar, no demand. Send profile with photo at whatsapp no. 661-578-2261

19-22

Jat Sikh family from California Bay Area looking for a suitable match for their son born & raised in the US , 38 Yrs., 6.2", Engineer working in an executive Position in the Bay Area. Girl should be tall and from the US. For more info. E-mail: SVSCC2013@gmail.com or call (408) 309-9026.

19-22

Looking for Educated Girl for 30 year old, Engineer Ramgharia Sikh Boy, Height 5-7 Canada Citizen. Works with planes. Girl can be from Canada or USA. Please Contact: (559) 801-5475 (USA) or WhatsApp at +919592062095 (India).

17-18

Looking for Suitable Ramgarhia Sikh Dhiman match in USA/CANADA for our well settled boy (US Citizen), July 1994 born in Ludhiana 5'3" , residing in Michigan (Canton). Bachelors degree holder and currently working as a Embedded Software Engineer. please call us at : +17348001448

17-20

## ਲੜਕੇ ਦੀ ਲੋੜ ਹੈ

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2" , residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com

17-20

Hindu/Sikh nai family looking for a suitable match for their beautiful daughter US Citizen, 26years, 5'6" Dentist DMD degree and now working as a Dentist. Family and sibling are US citizen. Please Contact us at 516-510-9744

17-20

Rajput family looking for a suitable match for their USA Citizen daughter 29, 5'-3" beautiful, family oriented, bachelors of Science in Biology and Psychology. MBA in Healthcare Management. Working as Senior Project Manager in Oncology Research. The boy must be from the USA (Citizen, Green card or H1b visa holder), professionally qualified, good-natured & well settled. Serious enquiries only. Please do Text Message at 630-746-9793

17-20

Ramgarhia Sikh family is looking for a suitable match for their Canadian Citizen daughter 30, 5'-8" beautiful, family oriented, graduated in M.B.A (Canada). The boy must be from USA or Canada, professionally qualified, well settled, and with good family values. Serious enquiries only. Please respond to hunjan.inders@gmail.com with biodata.

16-19

# ਬਰਗਾੜੀ ਕਾਂਡ: ਇਨਸਾਫ ਦੀ ਉਡੀਕ ਹੋਰ ਲੰਮੀ ਹੋਈ



**ਬਰਗਾੜੀ:** ਫਰੀਦਕੋਟ ਸੰਸਦੀ ਹਲਕੇ ਦਾ ਕਸਬਾ ਬਰਗਾੜੀ ਅੱਜ ਵੀ ਬੇਅਦਬੀ ਦੀ ਚੀਸ ਝੱਲ ਰਿਹਾ ਹੈ। ਜਦੋਂ ਕੋਈ ਛੋਟੀ ਵੱਡੀ ਚੋਣ ਆਉਂਦੀ ਹੈ ਤਾਂ ਬਰਗਾੜੀ ਦੇ ਜ਼ਖ਼ਮ ਮੁੜ ਅੱਲੇ ਹੋ ਜਾਂਦੇ ਹਨ। ਦੁਨੀਆਂ ਭਰ 'ਚ ਬਰਗਾੜੀ ਉਸ ਵੇਲੇ ਚਰਚਾ 'ਚ ਆਇਆ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਪਹਿਲਾ ਕੇਸ ਸਾਹਮਣੇ ਆਇਆ ਸੀ।

ਬਰਗਾੜੀ ਦੇ ਗੁਰੂ ਘਰ ਨੇੜੇ 12 ਅਕਤੂਬਰ, 2015 ਨੂੰ ਗੁਰੂ ਗ੍ਰੰਥ ਸਾਹਿਬ ਦੇ 110 ਅੰਗ ਖਿੱਲਰੇ ਹੋਏ ਮਿਲੇ ਸਨ। ਇਸ ਤੋਂ ਪਹਿਲਾਂ ਨੇੜਲੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰ ਵਿਚੋਂ ਪਹਿਲੀ ਜੂਨ, 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋ ਗਏ ਸਨ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਸਰਕਾਰ ਸਮੇਂ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ, ਜਿਸ ਕਰ ਕੇ ਉਨ੍ਹਾਂ ਦੇ ਹੱਥੋਂ ਸਰਕਾਰ ਹੀ ਨਿਕਲ ਗਈ। ਬੇਅਦਬੀ ਮਾਮਲਿਆਂ ਵਿਚ ਇਨਸਾਫ਼ ਦਿਵਾਉਣ ਦੇ ਭਰੋਸੇ ਨਾਲ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਹਕੂਮਤ ਦਿੱਤੀ ਸੀ ਪਰ ਕਾਂਗਰਸ ਸਰਕਾਰ ਨੇ ਵੀ ਲੋਕਾਂ ਦਾ ਵਿਸ਼ਵਾਸ ਤੋੜ ਦਿੱਤਾ। ਹਾਲੇ ਵੀ ਬੇਅਦਬੀ ਮਾਮਲਿਆਂ ਦਾ ਨਿਆਂ ਕਿਸੇ ਤਣ-ਪੱਤਣ ਨਹੀਂ ਲੱਗਿਆ ਹੈ। ਬਰਗਾੜੀ ਦੇ ਲੋਕ ਜਿਹੜੇ ਪਹਿਲਾਂ ਅਕਾਲੀ ਦਲ ਨੂੰ ਹੀ ਕਟਹਿਰੇ ਵਿਚ ਖੜ੍ਹਾ ਕਰਦੇ ਸਨ, ਉਨ੍ਹਾਂ ਦੀ ਨਜ਼ਰਾਂ 'ਚ ਹੁਣ ਸਭ ਇਕ ਹਨ। ਉਨ੍ਹਾਂ ਦੀ ਮੌਜੂਦਾ ਹਕੂਮਤ ਤੋਂ ਵੀ ਤਸੱਲੀ ਨਹੀਂ ਹੈ।

ਜਿਸ ਜਗ੍ਹਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਰੇ ਮਿਲੇ ਸਨ, ਉਸ ਦੇ ਨੇੜੇ ਹੀ ਸੱਥ ਵਿਚ ਬੈਠੇ ਲੋਕਾਂ ਨੇ ਹਰ ਸਿਆਸੀ ਪਾਰਟੀ 'ਤੇ ਨਿਸ਼ਾਨਾ ਸੇਧਿਆ। ਬਰਗਾੜੀ ਦਾ ਜਗਸੀਰ ਸਿੰਘ ਕਹਿੰਦਾ ਹੈ ਕਿ ਅਕਾਲੀਆਂ ਨੇ ਸਿਰਸੇ ਵਾਲੇ ਨੂੰ ਮੁਆਫ਼ੀ ਦਿੱਤੀ ਅਤੇ ਅਮਰਿੰਦਰ ਸਰਕਾਰ ਨੇ ਨਿਆਂ ਦਾ ਵਾਅਦਾ ਕਰ ਕੇ ਧੋਖਾ ਕੀਤਾ। ਉਹ ਆਖਦਾ ਹੈ ਕਿ ਹਾਲੇ ਵੀ ਕੋਈ ਪਤਾ ਨਹੀਂ ਕਿ ਇਨਸਾਫ਼ ਮਿਲੇਗਾ ਜਾਂ ਨਹੀਂ। ਲੋਕ ਸਭਾ ਚੋਣਾਂ 2019 'ਚ ਬਰਗਾੜੀ 'ਚੋਂ ਕਾਂਗਰਸ ਨੂੰ ਸਭ ਤੋਂ ਵੱਧ ਵੋਟਾਂ ਮਿਲੀਆਂ, ਜੋ 2437 ਸਨ। ਉਦੋਂ ਅਕਾਲੀ ਦਲ ਨੂੰ 1597 ਅਤੇ ਆਮ ਆਦਮੀ ਪਾਰਟੀ ਨੂੰ 435 ਵੋਟਾਂ ਹੀ ਮਿਲੀਆਂ ਸਨ। ਮੌਜੂਦਾ ਚੋਣਾਂ ਵਿਚ ਬਰਗਾੜੀ ਦੇ ਲੋਕਾਂ ਦਾ ਕਿਸੇ ਸਿਆਸੀ ਪਾਰਟੀ ਵੱਲ ਬਹੁਤਾ ਝੁਕਾਅ ਨਹੀਂ ਹੈ। ਬੇਸ਼ੱਕ ਪੰਜਾਬ ਦੇ ਦੂਜੇ ਹਿੱਸਿਆਂ ਵਿਚ ਬੇਅਦਬੀ ਦਾ ਮੁੱਦਾ ਉੱਭਰ ਨਹੀਂ ਰਿਹਾ ਹੈ ਪਰ ਬਰਗਾੜੀ ਦੇ ਲੋਕਾਂ ਦੇ ਮਨਾਂ 'ਤੇ ਲੱਗੀ ਸੱਟ ਅੱਜ ਵੀ ਰੜਕਦੀ ਹੈ। ਬਰਗਾੜੀ ਦਾ ਅਮਰਜੀਤ ਸਿੰਘ ਆਖਦਾ ਹੈ ਕਿ ਬੇਅਦਬੀ ਦਾ ਮੁੱਦਾ ਉਦੋਂ ਤੱਕ ਜੀਵਿਤ ਰਹੇਗਾ ਜਦੋਂ ਤੱਕ ਸਿੱਖ ਭਾਈਚਾਰੇ ਨੂੰ ਇਨਸਾਫ਼ ਨਹੀਂ ਮਿਲ ਜਾਂਦਾ। ਇਸੇ ਤਰ੍ਹਾਂ ਦਰਸ਼ਨ ਸਿੰਘ ਨੇ ਕਿਹਾ ਕਿ ਨਿਆਂ ਤਾਂ ਕੀ ਮਿਲਣਾ ਸੀ, ਉਲਟਾ ਬਰਗਾੜੀ ਦੇ ਕਿਸਾਨਾਂ ਤੋਂ ਸਰਕਾਰ ਨੇ ਅਨਾਜ ਮੰਡੀ ਖੋਹ ਲਈ ਹੈ। ਚੇਤੇ ਰਹੇ ਕਿ ਬਰਗਾੜੀ ਦੀ ਦਾਣਾ ਮੰਡੀ ਵਿਚ ਪੰਥਕ ਧਿਰਾਂ ਵੱਲੋਂ ਮੋਰਚਾ ਲਗਾਇਆ ਹੋਇਆ ਸੀ।

ਕਿਸਾਨ ਗੁਰਦਿੱਤ ਸਿੰਘ ਨੇ ਦੱਸਿਆ ਕਿ ਦਾਣਾ ਮੰਡੀ ਪੱਕੀ ਸੀ ਅਤੇ ਪੰਜ ਹਜ਼ਾਰ ਏਕੜ ਰਕਬੇ ਦੀ ਫ਼ਸਲ ਮੰਡੀ ਵਿੱਚ ਜਾਂਦੀ ਸੀ। ਉਨ੍ਹਾਂ ਦੱਸਿਆ ਕਿ ਧਰਨਾ ਚੁਕਾਉਣ ਮਗਰੋਂ ਸਰਕਾਰ ਨੇ ਮੰਡੀ ਖਾਲੀ ਕਰਾ ਕੇ ਤਾਰ ਲਾ ਦਿੱਤੀ ਅਤੇ ਫਿਰ ਇੱਥੇ ਕਮਿਊਨਿਟੀ ਸੈਂਟਰ ਵਗੈਰਾ ਬਣਾ ਦਿੱਤਾ। ਕਿਸਾਨ ਤੇਜਾ ਸਿੰਘ ਨੇ ਦੱਸਿਆ ਕਿ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਨਵੀਂ ਅਨਾਜ ਮੰਡੀ ਬਣਾ ਕੇ ਦਿੱਤੀ ਜਾਵੇਗੀ ਪਰ ਕੌਮੀ ਸੜਕ ਮਾਰਗ ਦੇ ਇੱਕ ਪਾਸੇ ਆਰਜ਼ੀ ਖਰੀਦ ਕੇਂਦਰ ਬਣਾ ਕੇ ਬੁੱਤਾ ਸਾਰ ਦਿੱਤਾ ਗਿਆ ਜਿੱਥੇ ਫ਼ਸਲ ਰੁਲਦੀ ਰਹਿੰਦੀ ਹੈ।

# ਖੇਤਰੀ ਪਾਰਟੀਆਂ ਦਾ ਏਕਾ ਹੀ ਦਿੱਲੀ ਦੇ ਹਾਕਮਾਂ ਨੂੰ ਟੱਕਰ ਦੇ ਸਕਦਾ: ਸੁਖਬੀਰ



**ਸ਼ਾਹਕੋਟ:** ਕੇਂਦਰ 'ਤੇ ਰਾਜ ਕਰਨ ਵਾਲੀ ਹਰੇਕ ਪਾਰਟੀ ਨੂੰ ਪੰਜਾਬ ਵਿਰੋਧੀ ਦੱਸਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਖੇਤਰੀ ਪਾਰਟੀਆਂ ਦਾ ਮਜ਼ਬੂਤ ਏਕਾ ਹੀ ਦਿੱਲੀ ਦੇ ਹਾਕਮਾਂ ਨੂੰ ਟੱਕਰ ਦੇ ਸਕਦਾ ਹੈ। ਸੁਖਬੀਰ ਬਾਦਲ ਨੇ ਅਕਾਲੀ ਉਮੀਦਵਾਰ ਮਹਿੰਦਰ ਸਿੰਘ ਕੇਪੀ ਦੇ ਹੱਕ ਵਿਚ ਸ਼ਾਹਕੋਟ, ਨਕੋਦਰ, ਫਿਲੌਰ ਤੇ ਫਗਵਾੜਾ ਵਿਚ ਵਿਸ਼ਾਲ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਅਪੀਲ ਕੀਤੀ ਕਿ ਸਿੱਖ ਕੌਮ ਦੀਆਂ ਧਾਰਮਿਕ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਮਾੜੇ ਮਨਸੂਬੇ ਫੇਲ੍ਹ ਕਰਨ ਲਈ ਅਕਾਲੀ ਦਲ ਦਾ ਸਮਰਥਨ ਕੀਤਾ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਇੰਨੇ ਸਾਲਾਂ ਤੋਂ ਆਰ.ਐਸ.ਐਸ. ਦਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਸ੍ਰੀ ਪਟਨਾ ਸਾਹਿਬ 'ਤੇ ਕਬਜ਼ਾ ਹੈ। ਸ਼੍ਰੋਮਣੀ ਕਮੇਟੀ ਨੂੰ ਤੋੜ ਕੇ ਹਰਿਆਣਾ ਵਿਚ ਵੱਖਰੀ ਕਮੇਟੀ ਬਣਾ ਦਿੱਤੀ ਗਈ ਹੈ। ਇਸ ਦੌਰਾਨ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ ਨੇ ਦੋਸ਼ ਲਾਇਆ ਕਿ ਚੋਣਾਂ ਜਿੱਤਣ ਲਈ ਭਾਜਪਾ ਬਹੁ-ਗਿਣਤੀਆਂ ਨੂੰ ਘੱਟ ਗਿਣਤੀਆਂ ਖਿਲਾਫ਼ ਭੜਕਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਪਿਛਲੀ ਅਕਾਲੀ ਦਲ ਦੀ ਸਰਕਾਰ ਵੱਲੋਂ ਦਲਿਤਾਂ ਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਨੂੰ ਦਿੱਤੀਆਂ ਸਹੂਲਤਾਂ ਵਾਪਸ ਲੈ ਕੇ ਉਨ੍ਹਾਂ ਨਾਲ ਵਿਤਕਰਾ ਕਰ ਰਹੀ ਹੈ।

# ਐਨ.ਸੀ.ਸੀ. ਕੈਡੇਟਾਂ ਵੱਲੋਂ ਵਿਰਾਸਤ-ਏ-ਖਾਲਸਾ ਦੇ ਦਰਸ਼ਨ



**ਸ੍ਰੀ ਆਨੰਦਪੁਰ ਸਾਹਿਬ:** ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਆਏ ਹੋਏ ਐਨ.ਸੀ.ਸੀ. ਕੈਡੇਟਾਂ ਨੇ ਵਿਰਾਸਤ ਏ-ਖਾਲਸਾ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਦੇ ਦਰਸ਼ਨ ਕੀਤੇ। ਕੈਂਪ ਕਮਾਂਡੈਂਟ ਕਰਨਲ ਟੀ.ਵਾਈ.ਐਸ ਬੇਦੀ ਨੇ ਇਸ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐਨ.ਸੀ.ਸੀ. ਟਰੇਨਿੰਗ ਸਕੂਲ ਰੂਪਨਗਰ ਵਿਖੇ 'ਏਕ ਭਾਰਤ ਸ੍ਰੇਸ਼ਟ ਭਾਰਤ' ਕੈਂਪ ਚੱਲ ਰਿਹਾ ਹੈ, ਜਿਸ ਦੇ ਵਿਚ ਅਲੱਗ ਅਲੱਗ ਰਾਜਾਂ ਤੋਂ ਐਨ.ਸੀ.ਸੀ. ਕੈਡਿਟ ਭਾਗ ਲੈ ਰਹੇ ਹਨ।

ਰਾਸ਼ਟਰੀ ਏਕਤਾ ਨੂੰ ਮਜਬੂਤ ਕਰਨ ਦੇ ਉਦੇਸ਼ ਦੇ ਨਾਲ ਅਤੇ ਦੂਸਰੇ ਰਾਜਾਂ ਦੇ ਸੱਭਿਆਚਾਰ ਨੂੰ ਸਮਝਣ ਦੇ ਲਈ ਇਹੋ ਜਿਹੇ ਕੈਂਪ ਲਗਾਏ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਕੈਡੇਟਾਂ ਨੂੰ ਪੰਜਾਬ ਦੇ ਵਿਰਸੇ ਅਤੇ ਸੱਭਿਆਚਾਰ ਬਾਰੇ ਦੱਸਣ ਲਈ ਇਤਿਹਾਸਿਕ ਨਗਰੀ ਸ੍ਰੀ ਆਨੰਦਪੁਰ ਸਾਹਿਬ ਦੇ ਦਰਸ਼ਨ ਕਰਵਾਏ ਗਏ, ਜਿਸ ਵਿਚ ਐਨ.ਸੀ.ਸੀ. ਕੈਡੇਟਾਂ ਨੇ ਖਾਲਸਾ ਦਾ ਜਨਮ ਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਵਿਰਾਸਤ-ਏ-ਖਾਲਸਾ ਦੇ ਦਰਸ਼ਨ ਕੀਤੇ।

ਉੜੀਸਾ ਤੋਂ ਆਏ ਐਨ.ਸੀ.ਸੀ. ਕੈਡੇਟਾਂ ਨੇ ਕਿਹਾ ਕਿ ਉਨ੍ਹਾਂ ਲਈ ਸ੍ਰੀ ਆਨੰਦਪੁਰ ਸਾਹਿਬ ਦਾ ਇਹ ਟੂਰ ਇਤਿਹਾਸਿਕ ਹੋ ਨਿੱਬੜਿਆ ਹੈ ਅਤੇ ਉਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਵਿਰਾਸਤ-ਏ-ਖਾਲਸਾ ਦੇ ਦਰਸ਼ਨ ਕਰ ਕੇ ਬਹੁਤ ਪ੍ਰਭਾਵਿਤ ਹੋਏ ਹਨ।

# ਕਤਲੇਆਮ 84 ਦੇ ਸ਼ਹੀਦਾਂ ਦੀ ਯਾਦ ਵਿਚ ਅਰਦਾਸ

**ਅੰਮ੍ਰਿਤਸਰ:** 1984 ਸਿੱਖ ਕਤਲੇਆਮ ਪੀੜਤ ਵੈੱਲਫੇਅਰ ਸੁਸਾਇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 1984 ਦੇ ਸ਼ਹੀਦਾਂ ਦੀ ਯਾਦ ਵਿਚ ਅਰਦਾਸ ਕੀਤੀ ਗਈ। ਇਸ ਦੌਰਾਨ ਸੁਸਾਇਟੀ ਮੈਂਬਰਾਂ ਨੇ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਅਪੀਲ ਕੀਤੀ ਕਿ ਨਵੰਬਰ 1984 ਵਿਚ ਸਿੱਖ ਕਤਲੇਆਮ ਅਤੇ ਜੂਨ 1984 ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲਾ ਕਰਨ ਵਾਲੀ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਦਾ ਲੋਕ ਸਭਾ ਚੋਣਾਂ ਵਿਚ ਬਾਈਕਾਟ ਕੀਤਾ ਜਾਵੇ।

ਜਥੇਬੰਦੀ ਦੇ ਪ੍ਰਧਾਨ ਸੁਰਜੀਤ ਸਿੰਘ ਅਤੇ ਮਹਿਲਾ ਵਿੰਗ ਦੀ ਪ੍ਰਧਾਨ ਬੀਬੀ ਗੁਰਦੀਪ ਕੌਰ ਨੇ ਇੱਥੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਦੇ ਬਾਹਰ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਸਿੱਖ ਸੰਗਤ ਪਹਿਲੀ ਜੂਨ ਨੂੰ ਵੋਟ ਪਾਉਣ ਸਮੇਂ ਇਕ ਵਾਰ ਢਹਿ-ਢੇਰੀ ਕੀਤੇ ਗਏ ਸ੍ਰੀ ਅਕਾਲ ਤਖ਼ਤ ਦੀ ਇਮਾਰਤ ਨੂੰ ਜ਼ਰੂਰ ਧਿਆਨ ਵਿਚ ਰੱਖੇ। ਉਨ੍ਹਾਂ ਕਿਹਾ ਕਿ ਤਤਕਾਲੀ ਕਾਂਗਰਸ ਸਰਕਾਰ ਨੇ ਜੂਨ 1984 ਨੂੰ ਪੰਜਾਬ ਵਿਚ ਕਰਫਿਊ ਲਗਾ ਦਿੱਤਾ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰ 38 ਇਤਿਹਾਸਕ ਗੁਰਦੁਆਰਿਆਂ ਵਿਚ ਸ਼ਹੀਦੀ ਗੁਰਪੁਰਬ ਮਨਾਉਣ ਪੁੱਜੀਆਂ ਸੰਗਤਾਂ 'ਤੇ ਕਹਿਰ ਢਾਹਿਆ ਗਿਆ ਸੀ ਅਤੇ ਨਵੰਬਰ 1984 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਦਿੱਲੀ, ਕਾਨਪੁਰ ਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਕਤਲੇਆਮ ਕਰਵਾਇਆ ਗਿਆ ਸੀ।

ਇਸ ਦੌਰਾਨ ਦਸ ਹਜ਼ਾਰ ਤੋਂ ਵੱਧ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ ਅਤੇ ਵੱਡੇ ਪੱਧਰ 'ਤੇ ਘਰਾਂ ਤੇ ਗੁਰੂ-ਧਾਮਾਂ ਨੂੰ ਨੁਕਸਾਨ ਪਹੁੰਚਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਨੂੰ ਵਾਪਰਿਆਂ 40 ਸਾਲ ਹੋ ਗਏ ਹਨ ਪਰ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ ਅਤੇ ਪੀੜਤ ਪਰਿਵਾਰ ਇਨਸਾਫ਼ ਲਈ ਭਟਕ ਰਹੇ ਹਨ।

# ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸੰਗਤ ਲਈ ਖੋਲ੍ਹੇ



**ਅੰਮ੍ਰਿਤਸਰ:** ਉੱਤਰਾਖੰਡ ਵਿਚ ਲਗਭਗ 15000 ਫੁੱਟ ਦੀ ਉਚਾਈ 'ਤੇ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸੰਗਤ ਵਾਸਤੇ ਖੋਲ੍ਹ ਦਿੱਤੇ ਗਏ ਹਨ, ਜਿਸ ਨਾਲ ਸਾਲਾਨਾ ਯਾਤਰਾ ਆਰੰਭ ਹੋ ਗਈ ਹੈ। ਯਾਤਰਾ ਦੇ ਪਹਿਲੇ ਦਿਨ ਲਗਭਗ 3500 ਤੋਂ ਵੱਧ ਸ਼ਰਧਾਲੂਆਂ ਨੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਦਰਸ਼ਨ ਕੀਤੇ। ਸਵੇਰ ਵੇਲੇ ਪਹਿਲਾਂ ਗੁਰਮਤਿ ਮਰਿਆਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਸੁਖਾਸਨ ਵਾਲੇ ਅਸਥਾਨ ਤੋਂ ਪ੍ਰਕਾਸ਼ ਅਸਥਾਨ 'ਤੇ ਲਿਆਂਦਾ ਗਿਆ। ਪਾਠ ਉਪਰੰਤ ਪਹਿਲੀ ਅਰਦਾਸ ਕੀਤੀ ਗਈ ਅਤੇ ਰਾਗੀ ਜਥਿਆਂ ਨੇ ਕੀਰਤਨ ਕੀਤਾ।

ਇਸ ਮੌਕੇ ਭਾਰਤੀ ਫੌਜ ਦੇ ਜਵਾਨ ਵੀ ਹਾਜ਼ਰ ਸਨ, ਜਿਨ੍ਹਾਂ ਨੇ ਫੌਜੀ ਬੈਂਡ ਰਾਹੀ ਸ਼ਬਦਾਂ ਦੀਆਂ ਧੁਨਾਂ ਦਾ ਗਾਇਨ ਕੀਤਾ। ਗੁਰਦੁਆਰੇ ਦੇ ਚਾਰੋਂ ਪਾਸੇ ਬਰਫ ਰੂਪੀ ਚਿੱਟੀ ਚਾਦਰ, ਜੈਕਾਰਿਆਂ ਦੀ ਗੂੰਜ, ਗੁਰਬਾਣੀ ਦਾ ਗਾਇਨ ਅਤੇ ਫੁੱਲਾਂ ਤੇ ਇੱਤਰ ਦੀ ਵਰਖਾ ਨੇ ਵਾਤਾਵਰਨ ਨੂੰ ਅਲੌਕਿਕ ਬਣਾ ਦਿੱਤਾ।

ਇਸ ਮੌਕੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ, ਮੈਨੇਜਰ ਸੇਵਾ ਸਿੰਘ, ਭਾਰਤੀ ਫੌਜ ਦੀ 418 ਇੰਡੀਪੈਂਡੈਂਟ ਕੋਰ ਦੇ ਕਰਨਲ ਵਰਿੰਦਰ ਓਲਾ ਅਤੇ ਬਿਰਗੇਡੀਅਰ ਐਮ.ਐਸ. ਢਿੱਲੋਂ ਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸੰਗਤਾਂ ਵੱਲੋਂ ਨਿਸ਼ਾਨ ਸਾਹਿਬ ਦੀ ਸੇਵਾ ਵੀ ਕੀਤੀ ਗਈ। ਸਰੋਵਰ ਦਾ ਵੱਡਾ ਹਿੱਸਾ ਭਾਵੇਂ ਬਰਫ ਨਾਲ ਢੱਕਿਆ ਹੋਇਆ ਹੈ ਪਰ ਸੰਗਤ ਨੇ ਫਿਰ ਵੀ ਇਸ਼ਨਾਨ ਕੀਤਾ।

# ਸਾਬਕਾ ਵਿਧਾਇਕ ਜੱਸੀ ਭਾਜਪਾ 'ਚ ਸ਼ਾਮਲ

**ਮਾਨਸਾ:** ਕਾਂਗਰਸ ਨੇਤਾ ਅਤੇ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਜੱਸੀ ਦਿੱਲੀ ਵਿਚ ਭਾਜਪਾ ਵਿਚ ਸ਼ਾਮਲ ਹੋ ਗਏ। ਉਹ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਹਨ। ਕੇਂਦਰੀ ਮੰਤਰੀ ਅਤੇ ਭਾਜਪਾ ਆਗੂ ਰਾਜੀਵ ਚੰਦਰਸ਼ੇਖਰ ਨੇ ਸਾਬਕਾ ਵਿਧਾਇਕ ਜੱਸੀ ਨੂੰ ਭਾਜਪਾ 'ਚ ਸ਼ਾਮਲ ਕਰਵਾਇਆ। ਉਨ੍ਹਾਂ ਕਿਹਾ ਕਿ ਉਹ ਭਾਜਪਾ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਭਾਜਪਾ ਹੀ ਭਾਰਤ ਨੂੰ ਬੁਲੰਦੀਆਂ 'ਤੇ ਲਿਜਾਣ ਦੇ ਸਮਰੱਥ ਹੈ।

# ਆਦੇਸ਼ ਪ੍ਰਤਾਪ ਕੈਰੋਂ ਨੂੰ ਸ਼੍ਰੋਮਣੀ ਅਕਾਲੀ ਦਲ 'ਚੋਂ ਕੱਢਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਸੀਨੀਅਰ ਆਗੂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ। ਵਿਰੋਧੀ ਗਤੀਵਿਧੀਆਂ ਦਾ ਦੋਸ਼ ਲਾਉਂਦਿਆਂ ਉਨ੍ਹਾਂ ਦੀ ਮੁੱਢਲੀ ਮੈਂਬਰਸ਼ਿਪ ਤੁਰਤ ਰੱਦ ਕਰ ਦਿੱਤੀ ਹੈ। ਅਕਾਲੀ ਦਲ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ ਭੂੰਦੜ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਸ ਸਬੰਧੀ ਫ਼ੈਸਲਾ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਲਿਆ ਗਿਆ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਅਕਾਲੀ ਦਲ ਨੇ ਇਹ ਫ਼ੈਸਲਾ ਪਾਰਟੀ ਦੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਦੀ ਸ਼ਿਕਾਇਤ ਤੋਂ ਬਾਅਦ ਲਿਆ ਹੈ।

# ਬੰਦੀ ਸਿੰਘਾਂ ਦੀ ਰਿਹਾਈ ਲਈ ਅਕਾਲੀ ਦਲ ਦੀ ਹਮਾਇਤ ਜ਼ਰੂਰੀ: ਮਜੀਠੀਆ




**ਤਰਨ ਤਾਰਨ:** ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਦੇ ਹੱਕ ਵਿਚ ਸੰਬੋਧਨ ਕਰਦਿਆਂ ਪਾਰਟੀ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਵਿਰੋਧੀਆਂ ਅਤੇ ਖਾਸ ਕਰਕੇ 'ਆਪ' ਸਰਕਾਰ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ।

ਉਨ੍ਹਾਂ ਲੋਕਾਂ ਨੂੰ ਵਲਟੋਹਾ ਦੇ ਪੱਖ ਵਿਚ ਵੋਟ ਦੇਣ ਦੀ ਅਪੀਲ ਕੀਤੀ। ਪਾਰਟੀ ਦੇ ਸੂਬਾ ਜਨਰਲ ਸਕੱਤਰ ਇਕਬਾਲ ਸਿੰਘ ਸੰਧੂ ਦੀ ਅਗਵਾਈ ਵਿਚ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਮੌਜੂਦਾ ਹਾਲਾਤ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਅਕਾਲੀ ਦਲ ਨੂੰ ਵੋਟ ਦੇਣਾ ਬਹੁਤ ਜ਼ਰੂਰੀ ਹੈ।

ਉਨ੍ਹਾਂ ਦਿੱਲੀ ਦੇ ਆਗੂਆਂ ਦੇ ਇਸ਼ਾਰਿਆਂ 'ਤੇ ਸੂਬੇ ਨੂੰ ਮਾਲੀ ਤੌਰ ਉਤੇ ਕਮਜ਼ੋਰ ਕਰਨ ਦੀਆਂ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਨੀਤੀਆਂ ਦੀ ਨਿਖੇਧੀ ਕੀਤੀ। ਉਨ੍ਹਾਂ ਪਾਰਟੀ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਦੇ ਐਨ.ਐਸ.ਏ. ਤਹਿਤ ਤਤਕਾਲੀ ਕਾਂਗਰਸ ਸਰਕਾਰ ਦੇ ਜਬਰ ਖਿਲਾਫ਼ 10 ਸਾਲ ਦੀ ਜੇਲ੍ਹ ਕੱਟਣ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਗੋਦ ਦਾ ਨਿੱਘ ਮਾਣਨ ਕਰਕੇ ਉਨ੍ਹਾਂ ਨੂੰ ਵੋਟ ਦੇਣ ਦੀ ਅਪੀਲ ਕੀਤੀ। ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਉਹ ਦੇਸ਼ ਦੀ ਸੰਸਦ ਵਿਚ ਬੰਦੀ ਸਿੰਘਾਂ ਦੀ ਰਿਹਾਈ ਤੋਂ ਇਲਾਵਾ ਸੂਬੇ ਦੇ ਹੋਰ ਭਖਦੇ ਮਸਲਿਆਂ ਲਈ ਆਵਾਜ਼ ਚੁੱਕਣਗੇ।

# ਅਸੀਂ 84 ਦੇ ਦੰਗਈਆਂ ਨੂੰ ਸਜ਼ਾਵਾਂ ਦਿਵਾਈਆਂ: ਨਰਿੰਦਰ ਮੋਦੀ



**ਜਲੰਧਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਲਈ ਕਾਂਗਰਸ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਤਤਕਾਲੀ ਕਾਂਗਰਸ ਸਰਕਾਰ ਨੇ ਜਿੱਥੇ ਦੰਗਾਕਾਰੀਆਂ ਨੂੰ 'ਬਚਾਇਆ' ਉਥੇ ਉਨ੍ਹਾਂ (ਮੋਦੀ) ਦੋਸ਼ੀਆਂ ਨੂੰ ਸਜ਼ਾਵਾਂ ਯਕੀਨੀ ਬਣਾਈਆਂ। ਸ੍ਰੀ ਮੋਦੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਖੁਦ ਕੋਈ ਫੈਸਲਾ ਨਹੀਂ ਲੈ ਸਕਦੇ ਤੇ ਉਨ੍ਹਾਂ ਨੂੰ ਸੇਧ ਲੈਣ ਲਈ ਤਿਹਾੜ ਜੇਲ੍ਹ ਜਾਣਾ ਪੈਂਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਨੂੰ 'ਦਿੱਲੀ ਦੇ ਦਰਬਾਰੀ' ਚਲਾ ਰਹੇ ਹਨ। ਸ੍ਰੀ ਮੋਦੀ ਨੇ ਕਿਹਾ ਕਿ ਵਿਰੋਧੀ ਧਿਰਾਂ ਦੇ 'ਇੰਡੀਆ' ਗੱਠਜੋੜ ਦਾ 'ਗੁਬਾਰਾ' ਫਟ ਗਿਆ ਹੈ ਤੇ ਕੋਈ ਵੀ ਉਨ੍ਹਾਂ ਨੂੰ ਆਪਣਾ ਵੋਟ ਨਹੀਂ ਦੇਣਾ ਚਾਹੁੰਦਾ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਗੁਰਦਾਸਪੁਰ ਤੋਂ ਚਾਰ ਵਾਰ ਐਮ.ਪੀ. ਰਹੇ ਮਰਹੂਮ ਵਿਨੋਦ ਖੰਨਾ ਦਾ ਜ਼ਿਕਰ ਕੀਤਾ, ਪਰ ਮੌਜੂਦਾ ਸੰਸਦ ਮੈਂਬਰ ਸੰਨੀ ਦਿਓਲ ਨੂੰ ਲੈ ਕੇ ਚੁੱਪ ਵੱਟ ਗਏ। ਸ੍ਰੀ ਮੋਦੀ ਦੀਨਾਨਗਰ ਬਾਈਪਾਸ ਤੇ ਜਲੰਧਰ ਵਿਚ ਭਾਜਪਾ ਉਮੀਦਵਾਰਾਂ ਦੇ ਹੱਕ ਵਿਚ ਚੋਣ ਰੈਲੀਆਂ ਨੂੰ ਸੰਬੋਧਨ ਕਰ ਰਹੇ ਸਨ।

ਜਲੰਧਰ ਦੇ ਪੀ.ਏ.ਪੀ. ਗਰਾਊਂਡ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਾਂਗਰਸ ਤੇ 'ਆਪ' 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਪਾਰਟੀਆਂ ਵਿਚੋਂ ਕਿਸੇ ਇਕ ਨੂੰ ਵੀ ਵੋਟ ਦੇਣਾ ਪੰਜਾਬ ਦੇ ਵਿਰੁੱਧ ਵੋਟ ਦੇਣਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਨਸ਼ਿਆਂ ਨਾਲ ਪੰਜਾਬ ਦੀ ਹੋਈ ਬਰਬਾਦੀ ਦੋਵਾਂ ਪਾਰਟੀਆਂ ਦੀ ਸਾਂਝੀ ਫਸਲ ਹੈ। ਸ੍ਰੀ ਮੋਦੀ ਨੇ ਚੇਤੇ ਕਰਵਾਇਆ ਕਿ 'ਆਪ' ਨੇ ਇਹ ਵਾਅਦਾ ਕੀਤਾ ਸੀ ਕਿ ਦੋ ਮਹੀਨਿਆਂ ਵਿਚ ਨਸ਼ਿਆਂ ਦੇ ਕਾਰੋਬਾਰ ਬੰਦ ਕਰਵਾ ਦੇਣਗੇ ਪਰ ਅੱਜ ਨਸ਼ੇ ਦੇ ਡੀਲਰਾਂ ਨੂੰ ਪੰਜਾਬ ਵਿਚ ਮੁਫਤ ਲਾਇਸੈਂਸ ਦਿੱਤੇ ਹੋਏ ਹਨ। ਨਸ਼ਿਆਂ ਕਾਰਨ ਪੰਜਾਬ ਵਿਚ ਪਰਿਵਾਰਾਂ ਦੇ ਪਰਿਵਾਰ ਬਰਬਾਦ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਵੀ ਹੁਣ ਸਮਝ ਗਏ ਹਨ ਕਿ ਝਾੜੂ ਪਾਰਟੀ ਵਾਲੇ ਨਸ਼ਿਆਂ ਦੇ ਥੋਕ ਵਾਪਰੀ ਹਨ। ਸ੍ਰੀ ਮੋਦੀ ਨੇ ਆਪਣੇ ਭਾਸ਼ਣ ਵਿਚ ਆਮ ਆਦਮੀ ਪਾਰਟੀ ਨੂੰ ਵਾਰ-ਵਾਰ ਝਾੜੂ ਪਾਰਟੀ ਕਹਿ ਕੇ ਸੰਬੋਧਨ ਕੀਤਾ। ਉਨ੍ਹਾਂ ਜਲੰਧਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਖੇਡਾਂ ਦੇ ਕਾਰੋਬਾਰ ਦਾ ਵੱਡਾ ਕੇਂਦਰ ਰਿਹਾ ਹੈ। ਇੱਥੋਂ ਦੀ ਪਾਈਪਫਿਟਿੰਗ ਇੰਡਸਟਰੀ ਅਤੇ ਹੈਂਡਟੂਲ ਇੰਡਸਟਰੀ ਦਾ ਵੱਡਾ ਆਧਾਰ ਰਿਹਾ ਹੈ ਪਰ ਕਾਂਗਰਸ ਤੇ ਇੰਡੀਆ ਗੱਠਜੋੜ ਕਾਰਨ ਇੰਡਸਟਰੀ ਵੀ ਪਰੇਸ਼ਾਨ ਹੈ। ਆਪਣੇ 23 ਮਿੰਟਾਂ ਦੇ ਭਾਸ਼ਣ ਵਿਚ ਉਨ੍ਹਾਂ ਸਭ ਤੋਂ ਵੱਧ ਰਗੜੇ ਕਾਂਗਰਸ ਨੂੰ ਲਾਏ ਤੇ ਇੰਡੀਆ ਗੱਠਜੋੜ ਨੂੰ ਵਾਰ-ਵਾਰ ਇੰਡੀ ਗੱਠਜੋੜ ਕਿਹਾ। ਪ੍ਰਧਾਨ ਮੰਤਰੀ ਨੇ ਭਾਸ਼ਣ ਵਿਚ ਪਾਕਿਸਤਾਨ ਦਾ ਵਾਰ-ਵਾਰ ਜ਼ਿਕਰ ਵੀ ਕੀਤਾ। ਪ੍ਰਧਾਨ ਮੰਤਰੀ ਨੇ ਸੀ.ਏ.ਏ. ਕਾਨੂੰਨ ਦੇ ਹਵਾਲੇ ਨਾਲ ਕਿਹਾ ਕਿ ਵੰਡ ਵੇਲੇ ਜਿਹੜੇ ਹਿੰਦੂ-ਸਿੱਖ ਭੈਣ ਭਰਾ ਉਧਰ (ਪਾਕਿਸਤਾਨ 'ਚ) ਰਹੇ ਗਏ ਸਨ ਉਨ੍ਹਾਂ ਨੂੰ ਨਾਗਰਿਕਤਾ ਦੇਣ ਲਈ ਕਾਨੂੰਨ ਬਣਾਇਆ ਹੈ, ਪਰ ਕਾਂਗਰਸ ਨੂੰ ਉਸ ਤੋਂ ਵੀ ਪਰੇਸ਼ਾਨੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੈ ਇਸ ਨੂੰ ਦੁਬਾਰਾ ਸੰਕਟ ਵਿਚ ਨਹੀਂ ਜਾਣ ਦੇਣਗੇ। ਸ੍ਰੀ ਮੋਦੀ ਨੇ ਆਪਣਾ ਭਾਸ਼ਣ ਵਾਹਿਗੁਰੂ ਜੀ ਦਾ ਖਾਲਸਾ ਕਹਿ ਕੇ ਸ਼ੁਰੂ ਕੀਤਾ। ਭਾਸ਼ਣ ਦੇ ਅੰਤ ਵਿਚ ਉਨ੍ਹਾਂ ਦੋ ਵਾਰ 'ਬੋਲੇ ਸੋ ਨਿਹਾਲ' ਦਾ ਜੈਕਾਰਾ ਵੀ ਲਾਇਆ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਝਾੜੂ ਵਾਲੇ (ਆਪ) ਲੋਕਾਂ ਨੂੰ ਮੂਰਖ ਬਣਾਉਣ ਲਈ ਤਰ੍ਹਾਂ ਤਰ੍ਹਾਂ ਦੇ ਡਰਾਮੇ ਕਰਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪੰਜਾਬ ਦੀ ਸੱਤਾ ਵਿਚ ਸੀ ਤਾਂ ਰਿਮੋਟ ਰਾਹੀਂ ਸਰਕਾਰ ਚਲਾਉਣਾ ਚਾਹੁੰਦੀ ਸੀ ਪਰ ਜਾਂਬਾਜ਼ ਕੈਪਟਨ ਅਮਰਿੰਦਰ ਸਿੰਘ ਨੇ ਰਾਸ਼ਟਰ ਦੀ ਸੁਰੱਖਿਆ ਨੂੰ ਤਰਜੀਹ ਦਿੱਤੀ ਅਤੇ ਦਿੱਲੀ ਦੇ ਹੁਕਮ ਮੰਨਣੇ ਬੰਦ ਕਰ ਦਿੱਤੇ। ਉਨ੍ਹਾਂ ਕਿਹਾ ਕਿ ਅੱਜ ਵੀ ਪੰਜਾਬ ਨੂੰ ਰਿਮੋਟ ਰਾਹੀਂ ਚਲਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਦਿੱਲੀ ਦੇ ਦਰਬਾਰੀ ਪੰਜਾਬ ਚਲਾ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਖ਼ੁਦ ਇਕ ਫ਼ੈਸਲਾ ਨਹੀਂ ਲੈ ਸਕਦੇ ਅਤੇ ਪੰਜਾਬ ਸਰਕਾਰ ਚਲਾਉਣ ਲਈ ਉਨ੍ਹਾਂ ਨੂੰ ਤਿਹਾੜ ਜੇਲ੍ਹ ਵਿਚ ਬੈਠੇ ਆਪਣੇ ਮਾਲਕ ਕੋਲੋਂ ਨਵੇਂ ਹੁਕਮ ਲੈਣ ਜਾਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦਾ ਸ਼ਹਿਜ਼ਾਦਾ(ਰਾਹੁਲ ਗਾਂਧੀ) ਵਿਦੇਸ਼ ਜਾ ਕੇ ਦੇਸ਼ ਨੂੰ ਬਦਨਾਮ ਕਰਦਾ ਹੈ।

## 'ਆਪ' ਨੂੰ ਕਾਂਗਰਸ ਦੀ ਫੋਟੋ ਕਾਪੀ ਦੱਸਿਆ

**ਜਲੰਧਰ:** 'ਆਪ' ਨੂੰ ਕਾਂਗਰਸ ਦੀ ਫੋਟੋਕਾਪੀ ਦੱਸਦਿਆਂ ਨਰਿੰਦਰ ਮੋਦੀ ਨੇ ਕਿਹਾ ਕਿ ਜਿਹੜਾ ਮੀਡੀਆ ਹਾਊਸ ਇਨ੍ਹਾਂ ਦੀਆਂ ਧਮਕੀਆਂ ਅੱਗੇ ਨਹੀਂ ਝੁਕ ਰਿਹਾ, ਉਨ੍ਹਾਂ 'ਤੇ ਮੁਕੱਦਮੇ ਕਰਵਾ ਰਹੇ ਹਨ। ਉਨ੍ਹਾਂ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਇਹ ਬੀੜਾ ਚੁੱਕਿਆ ਹੈ ਕਿ ਭਾਜਪਾ ਪ੍ਰੈੱਸ ਦੀ ਆਜ਼ਾਦੀ ਵਿਰੁੱਧ ਝਾੜੂ ਵਾਲਿਆਂ ਦੀ ਕੋਈ ਬੇਈਮਾਨੀ ਨਹੀਂ ਚੱਲਣ ਦੇਵੇਗੀ। ਆਦਮਪੁਰ ਹਵਾਈ ਅੱਡੇ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਉਨ੍ਹਾਂ ਦੀ ਸਰਕਾਰ ਇਸ ਹਵਾਈ ਅੱਡੇ ਤੋਂ ਉਡਾਣਾਂ ਦੀ ਗਿਣਤੀ ਵਧਾਉਣ ਲਈ ਕੰਮ ਕਰੇਗੀ। ਉਨ੍ਹਾਂ ਦੇ ਤੀਜੇ ਕਾਰਜਕਾਲ ਵਿਚ ਦੇਸ਼ ਨਵੀਆਂ ਬੁਲੰਦੀਆਂ ਛੂਹੇਗਾ।

## ਭਾਜਪਾ ਦੀ ਹਾਰ ਦੇਖ ਕੇ ਬੁਖਲਾਏ ਪ੍ਰਧਾਨ ਮੰਤਰੀ: ਸੁਖਬੀਰ

**ਦੀਨਾਨਗਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਮੂਹ ਸਿੱਖ ਸੰਗਤ ਨੂੰ ਕਾਂਗਰਸ ਖ਼ਿਲਾਫ਼ ਵੋਟ ਪਾ ਕੇ 1984 ਦੇ ਹਮਲੇ ਦਾ ਬਦਲਾ ਲੈਣ ਦਾ ਸੁਨੇਹਾ ਦਿੱਤਾ। ਉਨ੍ਹਾਂ ਭਾਜਪਾ ਵੱਲੋਂ 400 ਤੋਂ ਵੱਧ ਸੀਟਾਂ ਜਿੱਤਣ ਦੇ ਦਾਅਵੇ 'ਤੇ ਤਨਜ਼ ਕੱਸਦਿਆਂ ਕਿਹਾ ਕਿ ਭਾਜਪਾ ਦੇ ਪੈਰਾਂ ਹੇਠੋਂ ਸਿਆਸੀ ਜ਼ਮੀਨ ਖਿਸਕਦੀ ਨਜ਼ਰ ਆ ਰਹੀ ਹੈ ਅਤੇ ਇਹ ਅੰਕੜਾ 200 ਤੋਂ ਪਾਰ ਹੁੰਦਾ ਵੀ ਦਿਖਾਈ ਨਹੀਂ ਦੇ ਰਿਹਾ। ਉਨ੍ਹਾਂ ਕਿਹਾ ਕਿ ਭਾਜਪਾ ਹੁਣ ਇਕ ਧਰਮ ਨੂੰ ਦੂਜੇ ਧਰਮਾਂ ਦੇ ਲੋਕਾਂ ਨਾਲ ਲੜਾ ਕੇ ਵੋਟਾਂ ਹਥਿਆਉਣ ਦੀਆਂ ਚਾਲਾਂ ਖੇਡ ਰਹੀ ਹੈ। ਇਸ ਵਾਰ ਉਸ ਦੀਆਂ ਸਾਰੀਆਂ ਸਕੀਮਾਂ ਫ਼ੇਲ੍ਹ ਹੋਣਗੀਆਂ। ਉਨ੍ਹਾਂ ਕਿਹਾ ਕਿ ਆਪਣੀ ਹਾਰ ਹੁੰਦੀ ਵੇਖ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੁਖ਼ਲਾ ਗਏ ਹਨ ਅਤੇ ਚੋਣ ਰੈਲੀਆਂ ਦੌਰਾਨ ਬੇਤੁਕੀਆਂ ਗੱਲਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਨ੍ਹਾਂ ਦਾ ਖ਼ਾਤਾ ਵੀ ਨਹੀਂ ਖੁੱਲ੍ਹੇਗਾ।

# ਪੰਜਾਬ 'ਚੋਂ ਭਾਜਪਾ, ਕਾਂਗਰਸ ਤੇ ਅਕਾਲੀ ਦਲ ਦਾ ਸਫਾਇਆ ਹੋਇਆ: ਭਗਵੰਤ ਮਾਨ

**ਅੰਮ੍ਰਿਤਸਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਅੰਮ੍ਰਿਤਸਰ ਤੋਂ 'ਆਪ' ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਲਈ ਰਾਜਾਸਾਂਸੀ, ਅਜਨਾਲਾ ਅਤੇ ਮਜੀਠਾ ਹਲਕੇ ਵਿਚ ਚੋਣ ਪ੍ਰਚਾਰ ਕਰਦਿਆਂ ਰੋਡ ਸ਼ੋਅ ਕੀਤਾ। ਰਾਜਾਸਾਂਸੀ 'ਚ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਨੂੰ ਲੋਕਤੰਤਰ ਅਤੇ ਸੰਵਿਧਾਨ ਬਚਾਉਣ ਲਈ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਅਪੀਲ ਕੀਤੀ।

ਇਸ ਦੌਰਾਨ ਉਨ੍ਹਾਂ ਅਕਾਲੀ ਦਲ ਨੂੰ ਵੀ ਲੰਮੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਪੰਜਾਬ 'ਚੋਂ ਭਾਜਪਾ, ਕਾਂਗਰਸ ਅਤੇ ਅਕਾਲੀ ਦਲ ਦਾ ਸਫ਼ਾਇਆ ਹੋ ਚੁੱਕਾ ਹੈ ਅਤੇ ਲੋਕਾਂ ਨੇ 'ਆਪ' ਨੂੰ ਵੱਡੀ ਜਿੱਤ ਦਿਵਾਉਣ ਦਾ ਮਨ ਬਣਾ ਲਿਆ ਹੈ।

ਉਨ੍ਹਾਂ ਕਿਹਾ ਕਿ ਦਰੱਖਤ ਵੀ ਆਪਣੇ ਪੁਰਾਣੇ ਪੱਤੇ ਝਾੜਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਅੰਮ੍ਰਿਤਸਰ ਦੇ ਲੋਕ ਵੀ ਬਦਲਾਅ ਲਿਆਉਣ। ਮਾਨ ਨੇ ਕਿਹਾ ਕਿ ਕੁਲਦੀਪ



ਧਾਲੀਵਾਲ ਪੰਜਾਬ ਦੀਆਂ ਸਭ ਤੋਂ ਮਜ਼ਬੂਤ ਆਵਾਜ਼ਾਂ 'ਚੋਂ ਇਕ ਹਨ। ਉਹ ਪੰਜਾਬ ਦੇ ਮੁੱਦੇ ਸੰਸਦ ਵਿਚ ਉਠਾਉਣਗੇ ਅਤੇ ਪੰਜਾਬ ਦੇ ਬਕਾਇਆ ਫ਼ੰਡ ਜਾਰੀ ਕਰਵਾਉਣਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਨੂੰ ਵੱਡੇ ਫ਼ਰਕ ਨਾਲ ਜਿਤਾ ਕੇ ਆਪਣਾ ਨੁਮਾਇੰਦਾ ਚੁਣਨ।

ਅਜਨਾਲਾ ਵਿਚ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਵਿਚ 'ਇੰਡੀਆ' ਗੱਠਜੋੜ ਦੀ ਸਰਕਾਰ ਬਣਨ 'ਤੇ ਕੁਲਦੀਪ ਸਿੰਘ ਧਾਲੀਵਾਲ ਨੂੰ ਮੰਤਰੀ ਬਣਾਇਆ ਜਾਵੇਗਾ ਤਾਂ ਜੋ ਦੇਸ਼ ਦੇ ਨਾਲ ਪੰਜਾਬ ਵਿਚ ਵੀ ਵਿਕਾਸ ਨੂੰ ਨਵਾਂ ਹੁਲਾਰਾ ਮਿਲ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਹਮੇਸ਼ਾ ਹੀ ਲੋਕ ਪੱਖੀ ਫੈਸਲੇ ਲਏ ਹਨ ਜਿਸ 'ਤੇ ਜਨਤਾ ਮੋਹਰ ਲਾਉਂਦਿਆਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਲੋਕ ਸਭਾ ਵਿਚ ਭੇਜੇਗੀ।

# ਭਾਜਪਾ ਵੱਲੋਂ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਗੱਲਬਾਤ ਦਾ ਸੱਦਾ

**ਅੰਮ੍ਰਿਤਸਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਤੋਂ ਬਾਅਦ ਭਾਜਪਾ ਨੇ ਕਿਸਾਨ ਮੁੱਦਿਆਂ ਦੇ ਹੱਲ ਲਈ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਗੱਲਬਾਤ ਦਾ ਸੱਦਾ ਦਿੱਤਾ ਹੈ। ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਦੇ ਹੱਕ ਵਿਚ ਪ੍ਰਚਾਰ ਕਰਨ ਆਏ ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਕਿਸਾਨਾਂ ਨੂੰ ਅੰਦੋਲਨ ਦਾ ਰਸਤਾ ਛੱਡਣ ਦੀ ਅਪੀਲ ਕੀਤੀ ਅਤੇ ਆਪਣੇ ਮਸਲੇ ਮੇਜ਼ 'ਤੇ ਬੈਠ ਕੇ ਹੱਲ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਦੋਵਾਂ ਧਿਰਾਂ ਵਿਚਕਾਰ ਮੁੱਢਲੀ ਗੱਲਬਾਤ ਹਾਂ-ਪੱਖੀ ਹੋਈ ਸੀ ਪਰ ਕੁਝ ਭੁਲੇਖਿਆਂ ਕਾਰਨ ਗੱਲਬਾਤ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਸਕੀ। ਉਨ੍ਹਾਂ ਕਿਹਾ ਕਿ ਭਾਜਪਾ ਦੇ ਦਰਵਾਜ਼ੇ ਕਿਸਾਨਾਂ ਨਾਲ ਗੱਲਬਾਤ ਲਈ ਖੁੱਲ੍ਹੇ ਹਨ।

ਭਾਜਪਾ ਸਰਕਾਰ ਨੇ ਫ਼ਸਲ 'ਤੇ ਵਧਾਈ ਹੋਈ ਐਮ.ਐਸ.ਪੀ. ਹੀ ਦਿੱਤੀ ਹੈ ਅਤੇ ਇਹ ਲਾਗੂ ਵੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣਾ ਭਾਜਪਾ ਸਰਕਾਰ ਦੀ ਤਰਜੀਹ ਹੋਵੇਗੀ।

ਭਾਜਪਾ ਸਰਕਾਰ ਰਾਜ 'ਚੋਂ ਨਸ਼ਿਆਂ ਦੇ ਖਾਤਮੇ ਲਈ ਸੁਰੱਖਿਆ ਏਜੰਸੀਆਂ ਦੀ



ਸ਼ਮੂਲੀਅਤ ਨਾਲ ਇੱਕ ਬਹੁਮੰਤਵੀ ਟਾਸਕ ਫੋਰਸ ਤਿਆਰ ਕਰੇਗੀ ਜੋ ਨਸ਼ਿਆਂ ਦੇ ਖਾਤਮੇ ਲਈ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਭਾਰਤ ਵਿਸ਼ਵ ਪੱਧਰ 'ਤੇ ਇਕ ਵਿਕਾਸਸ਼ੀਲ ਦੇਸ਼ ਹੈ ਅਤੇ ਭਾਜਪਾ ਦਾ ਟੀਚਾ ਪੰਜਾਬ ਖਾਸ ਕਰ ਕੇ ਅੰਮ੍ਰਿਤਸਰ ਨੂੰ ਇਸ ਤਰੱਕੀ ਦਾ ਹਿੱਸਾ ਬਣਾਉਣਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੂਬੇ ਦੀ ਮੌਜੂਦਾ ਸ਼ਾਸਨ ਪ੍ਰਣਾਲੀ ਇਸ ਵਿਚ ਵੱਡਾ ਰੋੜਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਟੈਕਸਟਾਈਲ ਪਾਰਕ ਸਕੀਮ ਦਾ ਹਿੱਸਾ ਬਣਨ ਵਿਚ ਪਛੜ ਗਿਆ ਹੈ ਕਿਉਂਕਿ ਸੂਬਾ ਸਰਕਾਰ ਨੇ ਪ੍ਰੋਜੈਕਟ ਲਈ ਬੁਨਿਆਦੀ ਢਾਂਚੇ ਬਾਰੇ ਠੋਸ ਪ੍ਰਸਤਾਵ ਪੇਸ਼ ਨਹੀਂ ਕੀਤਾ ਅਤੇ ਅੱਧੀ ਅਧੂਰੀ ਰਿਪੋਰਟ ਪੇਸ਼ ਕੀਤੀ।

# ਕਿਸਾਨਾਂ ਵੱਲੋਂ ਮੋਦੀ ਦੀ ਪੰਜਾਬ ਆਮਦ ਦਾ ਤਿੱਖਾ ਵਿਰੋਧ

**ਪਟਿਆਲਾ:** ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦੇ ਹੱਕ ਵਿਚ ਰੈਲੀ ਨੂੰ ਸੰਬੋਧਨ ਕਰਨ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਹਜ਼ਾਰਾਂ ਕਿਸਾਨ ਪਟਿਆਲਾ ਸ਼ਹਿਰ ਦੇ ਚੁਫੇਰੇ ਗਰਜਦੇ ਰਹੇ, ਪਰ ਪੁਲਿਸ ਦੀ ਜ਼ਬਰਦਸਤ ਬੈਰੀਕੇਡਿੰਗ ਨੇ ਉਨ੍ਹਾਂ ਨੂੰ ਰੈਲੀ ਸਥਾਨ ਦੇ ਨੇੜੇ-ਤੇੜੇ ਨਾ ਫਟਕਣ ਦਿੱਤਾ।

ਕਿਸਾਨਾਂ ਨੇ ਸੜਕਾਂ 'ਤੇ ਜਾਮ ਲਾਉਂਦਿਆਂ ਮੋਦੀ ਖ਼ਿਲਾਫ਼ ਕਾਲੇ ਝੰਡਿਆਂ ਨਾਲ ਰੋਸ ਜਤਾਇਆ। ਇਸੇ ਦੌਰਾਨ ਕਿਸਾਨਾਂ ਖ਼ਿਲਾਫ਼ ਟਿੱਪਣੀਆਂ ਕਰਨ ਵਾਲੇ ਫਰੀਦਕੋਟ ਤੋਂ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਵੀ ਕਿਸਾਨਾਂ ਦੇ ਗੁੱਸੇ ਦਾ ਸ਼ਿਕਾਰ ਹੋਏ। ਕਿਸਾਨਾਂ ਨੇ ਹੰਸ ਨੂੰ ਸੰਗਰੂਰ ਰੋਡ 'ਤੇ ਸਥਿਤ ਪਸਿਆਣਾ ਚੌਕ 'ਚ ਇਕ ਘੰਟੇ ਤੋਂ ਵੱਧ ਸਮਾਂ ਘੇਰ ਕੇ ਰੱਖਿਆ। ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਹਿੰਮਤ ਕਰਕੇ ਕਿਸਾਨਾਂ ਵਿਚਾਲੇ ਫਸੀ ਭਾਜਪਾ ਉਮੀਦਵਾਰ ਦੀ ਕਾਰ ਕਢਵਾਈ ਅਤੇ ਉਨ੍ਹਾਂ ਨੂੰ ਬਦਲਵੇਂ ਰਸਤਿਉਂ ਰੈਲੀ ਤੱਕ ਪਹੁੰਚਾਇਆ ਗਿਆ। ਰਮਿੰਦਰ



ਪਟਿਆਲਾ ਅਨੁਸਾਰ ਹੰਸ ਰਾਜ ਹੰਸ ਦੀ ਕਾਰ ਦੀ ਫੇਟ ਕਾਰਨ ਦਲਿਤ ਆਗੂ ਬਿੱਕਰ ਸਿੰਘ ਹਥੋਆ ਜ਼ਖ਼ਮੀ ਹੋ ਗਿਆ।

ਕਿਸਾਨ ਯੂਨੀਅਨ ਉਗਰਾਹਾਂ ਨੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਵਿਚ ਇੱਥੇ ਸਕੱਤਰੇਤ ਨੇੜੇ ਰੋਸ ਮੁਜ਼ਾਹਰਾ ਕੀਤਾ। ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਜਥੇਬੰਦੀਆਂ ਨੇ ਐਲਾਨ ਅਨੁਸਾਰ ਪੰਜ ਥਾਵਾਂ ਤੋਂ ਰੈਲੀ ਵੱਲ ਚਾਲੇ ਪਾਏ ਪਰ ਪੁਲਿਸ ਨੇ ਨਾਕਿਆਂ 'ਤੇ ਕਿਸਾਨਾਂ ਨੂੰ ਰੋਕ ਲਿਆ ਗਿਆ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਨਾਲ ਸਬੰਧਤ ਕਿਸਾਨ ਨੇਤਾ ਸੁਰਜੀਤ ਫੂਲ, ਜਗਜੀਤ ਡੱਲੇਵਾਲ ਤੇ ਕਾਕਾ ਕੋਟੜਾ ਸਣੇ ਹੋਰਾਂ ਨੂੰ ਢਾਬੀਗੁੱਜਰਾਂ ਤੋਂ ਆਉਂਦਿਆਂ ਪੁਲਿਸ ਨੇ ਪਾਸਿਆਣਾ ਚੌਕ 'ਚ ਘੇਰਿਆ।

ਰਮਿੰਦਰ ਸਿੰਘ ਮੁਤਾਬਕ ਸੰਯੁਕਤ ਕਿਸਾਨ ਮੋਰਚੇ ਨੇ ਪਟਿਆਲਾ ਤੋਂ ਸੰਗਰੂਰ, ਸਿਆਣਾ, ਸਰਹਿੰਦ, ਨਾਭਾ, ਪਿਹੋਵਾ ਅਤੇ ਸਮਾਣਾ ਰੋਡ 'ਤੇ ਧਰਨੇ ਲਾਏ। ਸਰਹਿੰਦ ਰੋਡ 'ਤੇ ਕਿਸਾਨਾਂ ਕਾਰਨ ਭਾਜਪਾ ਵਰਕਰਾਂ ਨੂੰ ਵੀ ਬਦਲਵੇਂ ਰਸਤੇ ਰੈਲੀ ਤੱਕ ਪੁੱਜਣਾ ਪਿਆ। ਦੂਜੇ ਬੰਨੇ ਸ਼ੰਭੂ ਬਾਰਡਰ 'ਤੇ 101 ਦਿਨਾਂ ਤੋਂ ਜਾਰੀ ਧਰਨੇ ਦੀ ਅਗਵਾਈ ਕਰ ਰਹੇ ਸਰਵਣ ਪੰਧੇਰ, ਮਨਜੀਤ ਘੁਮਾਣਾ, ਜਸਵਿੰਦਰ ਲੌਂਗੋਵਾਲ, ਅਭਿਮੰਨਿਊ, ਮਨਜੀਤ ਰਾਏ ਤੇ ਹੋਰਾਂ ਨੂੰ ਪੁਲਿਸ ਨੇ ਧਰੇੜੀ ਜੱਟਾਂ ਟੌਲ ਪਲਾਜ਼ੇ ਰੋਕ ਲਿਆ, ਜਿਸ ਕਾਰਨ ਉਹ ਉਥੇ ਹੀ ਧਰਨਾ ਲਾ ਕੇ ਬੈਠ ਗਏ। ਇਹ ਟੌਲ ਪਲਾਜ਼ਾ ਕਈ ਘੰਟੇ ਬੰਦ ਰਿਹਾ ਤੇ ਨਰਿੰਦਰ ਮੋਦੀ ਦੇ ਜਾਣ ਮਗਰੋਂ ਹੀ ਧਰਨਾ ਸਮਾਪਤ ਹੋਇਆ।

## ਮੋਦੀ ਦਾ ਵਿਰੋਧ ਕਰਨ ਜਾ ਰਹੇ ਕਿਸਾਨ ਮਜ਼ਦੂਰ ਫੜੇ

**ਗੁਰਦਾਸਪੁਰ:** ਭਾਜਪਾ ਉਮੀਦਵਾਰਾਂ ਦੇ ਹੱਕ ਵਿਚ ਰੈਲੀ ਨੂੰ ਸੰਬੋਧਨ ਕਰਨ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਵੱਡੀ ਗਿਣਤੀ ਕਿਸਾਨਾਂ ਨੇ ਰੋਸ ਪ੍ਰਦਰਸ਼ਨ ਕੀਤਾ। ਸੁਰੱਖਿਆ ਬਲਾਂ ਨੇ ਕਿਸਾਨਾਂ ਨੂੰ ਰੈਲੀ ਸਥਾਨ ਦੇ ਨੇੜੇ ਨਹੀਂ ਪਹੁੰਚਣ ਦਿੱਤਾ। ਵੱਡੀ ਗਿਣਤੀ ਪੁਲਿਸ ਤਾਇਨਾਤ ਸੀ ਅਤੇ ਰੈਲੀ ਦਾ ਵਿਰੋਧ ਕਰਨ ਜਾ ਰਹੇ ਕਿਸਾਨਾਂ ਨੂੰ ਉਥੇ ਹੀ ਰੋਕ ਲਿਆ ਗਿਆ। ਇਸ ਦੌਰਾਨ ਪੁਲਿਸ ਨੇ ਜਲੰਧਰ ਜਾ ਰਹੇ ਕਿਰਤੀ ਕਿਸਾਨ ਯੂਨੀਅਨ ਦੇ ਲਗਭਗ 60 ਕਿਸਾਨ, ਮਜ਼ਦੂਰਾਂ ਤੇ ਔਰਤਾਂ ਨੂੰ ਪਿੰਡ ਉੜਾਪੜ ਨੇੜੇ ਹਿਰਾਸਤ ਵਿਚ ਲੈ ਲਿਆ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਾਨ ਫਿਲਮ ਮੇਲੇ ਵਿਚ ਭਾਰਤ ਦੀ ਬੱਲੇ-ਬੱਲੇ

**ਕਾਨ (ਫਰਾਂਸ):** ਫਰਾਂਸ ਦੇ ਵੱਕਾਰੀ ਕਾਨ ਫਿਲਮ ਮੇਲੇ ਵਿਚ ਐਤਕੀਂ ਭਾਰਤ ਦੀ ਬੱਲੇ-ਬੱਲੇ ਹੋ ਗਈ। ਇਸ ਸਾਲ ਕਈ ਪੁਰਸਕਾਰ ਭਾਰਤ ਨੂੰ ਪਹਿਲੀ ਵਾਰ ਮਿਲੇ। ਪਾਇਲ ਕਪਾਡੀਆ ਦੀ ਫਿਲਮ 'ਆਲ ਵੀ ਇਮੈਜਿਨ ਐਜ਼ ਲਾਈਟ' ਨੇ ਵੱਕਾਰੀ ਗ੍ਰਾਂ ਪ੍ਰੀ ਸਨਮਾਨ ਜਿੱਤਿਆ ਹੈ ਜੋ ਮੇਲੇ ਦਾ ਦੂਜਾ ਸਭ ਤੋਂ ਵੱਡਾ ਪੁਰਸਕਾਰ ਹੈ। ਪਿਛਲੇ 30 ਸਾਲਾਂ ਵਿਚ ਮੁੱਖ ਵਰਗ 'ਚ ਨਾਮਜ਼ਦ ਹੋਣ ਵਾਲੀ ਇਹ ਪਹਿਲੀ ਭਾਰਤੀ ਫਿਲਮ ਹੈ। ਕਪਾਡੀਆ ਦੀ ਫਿਲਮ ਦਾ ਸੂਖ਼ਮ ਦ੍ਰਿਸ਼ਟੀਕੋਣ ਰਵਾਇਤੀ ਬਿਰਤਾਂਤਾਂ ਨੂੰ ਚੁਣੌਤੀ ਦਿੰਦਾ ਹੈ। ਇਸ ਦੇ ਨਾਲ ਹੀ ਫਿਲਮ 'ਆਲ ਵੀ ਇਮੈਜਿਨ ਐਜ਼ ਲਾਈਟ' ਦੀ ਮੁੱਖ ਅਦਾਕਾਰਾ ਕਾਨੀ ਕੁਸਰੁਤੀ ਨੇ ਗਾਜ਼ਾ ਦੇ ਹੱਕ ਵਿਚ ਜੋ 'ਹਾਅ ਦਾ ਨਾਅਰਾ' ਮਾਰਿਆ ਹੈ, ਉਸ ਦੀ ਚਰਚਾ ਦੁਨੀਆ ਭਰ ਵਿਚ ਹੋ ਰਹੀ ਹੈ। ਕਾਨੀ ਦੇ ਤਰਬੂਜ਼ ਰੰਗੇ ਪਰਸ ਨੇ ਗਾਜ਼ਾ ਵਿਚ ਕੀਤੀ ਜਾ ਰਹੀ ਤਬਾਹੀ ਖਿਲਾਫ ਖ਼ਾਮੋਸ਼ ਆਵਾਜ਼ ਬੁਲੰਦ ਕੀਤੀ ਹੈ।

'ਦਿ ਸ਼ੇਮਲੈੱਸ' ਵਿਚਲੀ ਭੂਮਿਕਾ ਲਈ ਅਨਸੂਈਆ ਸੇਨਗੁਪਤਾ ਨੂੰ ਬਿਹਤਰੀਨ ਅਦਾਕਾਰਾ ਦਾ ਇਨਾਮ ਦਿਵਾਇਆ। ਸੇਨਗੁਪਤਾ ਨੂੰ ਇਹ ਸਨਮਾਨ ਮੇਲੇ ਦੇ 'ਅਨਸਰਟੇਨ ਰਿਗਾਰਡ' ਵਰਗ ਵਿਚ ਮਿਲਿਆ ਹੈ। ਇਸੇ ਤਰ੍ਹਾਂ ਚਿਦਾਨੰਦਾ ਐੱਸ. ਨਾਇਕ ਦੀ ਲਘੂ ਫਿਲਮ 'ਸਨਫਲਾਵਰਜ਼ ਵਰ ਦਿ ਫਸਟ ਵਨਜ਼ ਟੂ ਨੋਅ' ਨੂੰ ਬਿਹਤਰੀਨ ਲਘੂ ਫਿਲਮ ਲਈ 'ਲਾ ਸਿਨੇਫ' ਪੁਰਸਕਾਰ ਮਿਲਿਆ। ਭਾਰਤੀਆਂ ਨੇ ਇਸ ਮੇਲੇ ਵਿਚ ਤਕਨੀਕੀ ਪੱਖ ਤੋਂ ਵੀ ਉਪਲਬਧੀਆਂ ਹਾਸਲ ਕੀਤੀਆਂ ਹਨ। ਸਿਨੇਮੈਟੋਗ੍ਰਾਫਰ ਸੰਤੋਸ਼ ਸਿਵਾਨ ਨੂੰ ਇਸੇ ਵਰਗ 'ਚ ਵੱਕਾਰੀ ਪੁਰਸਕਾਰ 'ਪਿਅਰੇ ਏਂਜਨਿਕਸ ਐਕਸੇਲੈਂਸ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਪੁਰਸਕਾਰ ਹਾਸਲ ਕਰਨ ਵਾਲੇ ਉਹ ਪਹਿਲੇ ਏਸ਼ਿਆਈ ਹਨ।



*ਕਾਨ (ਫਰਾਂਸ) ਵਿਚ ਗ੍ਰਾਂ-ਪ੍ਰੀ ਇਨਾਮ ਨਾਲ ਫਿਲਮਸਾਜ਼ ਪਾਇਲ ਕਪਾਡੀਆ।*

## ਰਾਮੂਵਾਲੀਆ ਵੱਲੋਂ ਕਾਂਗਰਸ ਦੀ ਹਮਾਇਤ

**ਲੁਧਿਆਣਾ:** ਇਥੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਦੀ ਲੋਕ ਭਲਾਈ ਪਾਰਟੀ ਨੇ ਕਾਂਗਰਸ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ। ਪੱਤਰਕਾਰ ਮਿਲਣੀ ਦੌਰਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਜੇ ਕੋਈ ਪਾਰਟੀ ਦੇਸ਼ ਦਾ ਭਲਾ ਕਰ ਸਕਦੀ ਹੈ ਤਾਂ ਉਹ 'ਇੰਡੀਆ' ਗੱਠਜੋੜ ਹੀ ਹੈ। ਰਾਮੂਵਾਲੀਆ ਨੇ ਪੰਜਾਬ ਦੀਆਂ 13 ਸੀਟਾਂ 'ਤੇ ਕਾਂਗਰਸ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ ਤੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਪਾਰਟੀ ਕਾਂਗਰਸੀ ਉਮੀਦਵਾਰਾਂ ਲਈ ਪ੍ਰਚਾਰ ਕਰੇਗੀ। ਸ੍ਰੀ ਰਾਮੂਵਾਲੀਆਂ ਨੇ ਕਿਹਾ ਕਿ ਅੱਜ ਤੱਕ ਕਿਸੇ ਵੀ ਸਿਆਸੀ ਪਾਰਟੀ ਨੇ ਟਰੈਵਲ ਏਜੰਟਾਂ ਦੀ ਠੱਗੀ ਰੋਕਣ ਲਈ ਕੋਈ ਚੋਣ ਮਨੋਰਥ ਪੱਤਰ ਜਾਰੀ ਨਹੀਂ ਕੀਤਾ। ਟਰੈਵਲ ਏਜੰਟ ਮੋਟੀ ਰਕਮ ਲੈ ਕੇ ਪੰਜਾਬ ਦੇ ਨੌਜਵਾਨਾਂ ਨੂੰ ਗਲਤ ਤਰੀਕੇ ਅਤੇ ਰਸਤੇ ਰਾਹੀਂ ਵਿਦੇਸ਼ ਭੇਜ ਰਹੇ ਹਨ। ਮਗਰੋਂ ਨੌਜਵਾਨਾਂ ਨੂੰ ਬਲੈਕਮੇਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਕੇਂਦਰ 'ਚ ਇੰਡੀਆ ਗਠਜੋੜ ਦੀ ਸਰਕਾਰ ਬਣਦੀ ਹੈ ਤਾਂ ਇਸ ਸਬੰਧੀ ਕਾਨੂੰਨ ਲਿਆਂਦਾ ਜਾਵੇਗਾ।

## ਦਾਦੂਵਾਲ ਵੱਲੋਂ ਹਰਸਿਮਰਤ ਕੌਰ ਬਾਦਲ ਨੂੰ ਹਰਾਉਣ ਦਾ ਸੱਦਾ

**ਬਠਿੰਡਾ:** ਪੰਥਕ ਆਗੂ ਬਲਜੀਤ ਸਿੰਘ ਦਾਦੂਵਾਲ ਸ਼੍ਰੋਮਣੀ ਅਕਾਲੀ ਦਲ ਦੀ ਬਠਿੰਡਾ ਤੋਂ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੂੰ ਹਰਾਉਣ ਲਈ ਮੀਡੀਆ ਰਾਹੀਂ ਅਪੀਲ ਕਰਨ ਲਈ ਬਠਿੰਡਾ ਪਹੁੰਚੇ। ਉਨ੍ਹਾਂ ਵੋਟਰਾਂ ਨੂੰ ਸੱਦਾ ਦਿੱਤਾ ਕਿ ਜਿਹੜਾ ਵੀ ਉਮੀਦਵਾਰ ਹਰਸਿਮਰਤ ਨੂੰ ਹਰਾ ਸਕਦਾ ਹੈ, ਉਸ ਨੂੰ ਵੋਟ ਪਾ ਦੇਣ ਪਰ ਬਾਦਲ ਪਰਿਵਾਰ ਨੂੰ ਇਸ ਚੋਣ ਵਿਚ ਹਰ ਹਾਲ ਸ਼ਿਕਸਤ ਮਿਲਣੀ ਇਸ ਲਈ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਨੇ ਪੰਜਾਬ ਅਤੇ ਪੰਥ ਨਾਲ ਧਰੋਹ ਕਮਾਇਆ ਹੈ। ਇਥੇ ਪ੍ਰੈਸ ਕਲੱਬ ਵਿਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਦਾਦੂਵਾਲ ਨੇ ਦੋਸ਼ ਲਾਇਆ ਕਿ ਪੰਜਾਬ ਵਿਚ ਹੋਈ ਬੇਅਦਬੀਆਂ ਅਤੇ ਬਹਿਬਲ ਗੋਲੀ ਕਾਂਡ ਲਈ ਅਕਾਲੀਆਂ ਦੀ ਭੂਮਿਕਾ ਸਿੱਖ ਵਿਰੋਧੀ ਸੀ। ਉਨ੍ਹਾਂ ਡੇਰਾ ਸਿਰਸਾ ਦੇ ਮੁਖੀ ਨਾਲ ਬਾਦਲ ਪਰਿਵਾਰ ਦੀ ਨੇੜਤਾ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਕਾਲੀ ਦਲ ਵੱਲੋਂ ਕੀਤੇ ਜਾ ਰਹੇ ਯਤਨਾਂ ਨੂੰ ਸਿਰਫ 'ਮਗਰਮੱਛ ਦੇ ਹੰਝੂ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਬਾਦਲਾਂ ਨੇ ਕਦਮ-ਕਦਮ 'ਤੇ ਸਿੱਖਾਂ ਨਾਲ ਵਿਸ਼ਵਾਸਘਾਤ ਕੀਤਾ ਹੈ। ਸ੍ਰੀ ਦਾਦੂਵਾਲ ਨੇ ਫ਼ਰੀਦਕੋਟ ਹਲਕੇ ਦੇ ਵੋਟਰਾਂ ਨੂੰ ਸਰਬਜੀਤ ਸਿੰਘ ਖਾਲਸਾ ਅਤੇ ਖਡੂਰ ਸਾਹਿਬ ਹਲਕੇ ਦੇ ਨਿਵਾਸੀਆਂ ਨੂੰ ਅੰਮ੍ਰਿਤਪਾਲ ਸਿੰਘ ਦੇ ਹੱਕ 'ਚ ਫ਼ਤਵਾ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਅਕਾਲੀ ਦਲ (ਅੰਮ੍ਰਿਤਸਰ) ਨੂੰ ਵੀ ਕਿਹਾ ਕਿ ਉਹ ਫ਼ਰੀਦਕੋਟ ਤੋਂ ਆਪਣੇ ਉਮੀਦਵਾਰ ਨੂੰ ਸਰਬਜੀਤ ਸਿੰਘ ਖਾਲਸਾ ਦੀ ਹਮਾਇਤ 'ਚ ਪਾਸੇ ਹਟਾ ਲਵੇ।

## ਕੇਂਦਰ ਨੇ ਤਖਤ ਸ੍ਰੀ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਆਰ.ਐਸ.ਐਸ. ਹਵਾਲੇ ਕੀਤੇ: ਸੁਖਬੀਰ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਅਤੇ ਸਿੱਖਾਂ ਦੀਆਂ ਧਾਰਮਿਕ ਸੰਸਥਾਵਾਂ ਨੂੰ ਆਰ.ਐਸ.ਐਸ. ਦੇ ਹਵਾਲੇ ਕਰਨ ਦੇ ਦੋਸ਼ ਲਗਾਏ ਹਨ। ਸੁਖਬੀਰ ਬਾਦਲ ਇੱਥੇ ਪਟਿਆਲਾ ਤੋਂ ਪਾਰਟੀ ਉਮੀਦਵਾਰ ਐਨ.ਕੇ. ਸ਼ਰਮਾ ਦੇ ਹੱਕ 'ਚ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਪ੍ਰਧਾਨ ਮੰਤਰੀ ਵੱਲੋਂ ਬੀਤੇ ਦਿਨੀਂ ਇਕ ਰੈਲੀ ਵਿਚ ਦਿੱਤੇ ਬਿਆਨ "ਜੇਕਰ ਆਜ਼ਾਦੀ ਮਗਰੋਂ ਉਨ੍ਹਾਂ (ਮੋਦੀ) ਦੀ ਸਰਕਾਰ ਹੁੰਦੀ ਤਾਂ ਉਹ ਕਰਤਾਰਪੁਰ ਸਾਹਿਬ ਨੂੰ ਪਾਕਿਸਤਾਨ ਵਿਚ ਨਾ ਜਾਣ ਦਿੰਦੇ" ਦੇ ਹਵਾਲੇ ਨਾਲ ਸੁਖਬੀਰ ਬਾਦਲ ਨੇ ਕਿਹਾ ਕਿ ਹੋ ਸਕਦਾ ਹੈ ਕਿ ਇਹ ਸੱਚਾਈ ਹੋਵੇ, ਪਰ ਇਹ ਵੀ ਹਕੀਕਤ ਹੈ ਕਿ ਕੇਂਦਰ ਸਰਕਾਰ ਨੇ ਤਖਤ ਸ੍ਰੀ ਹਜ਼ੂਰ ਸਾਹਿਬ ਅਤੇ ਸ੍ਰੀ ਪਟਨਾ ਸਾਹਿਬ ਆਰ.ਐਸ.ਐਸ. ਹਵਾਲੇ ਕੀਤੇ ਹੋਏ ਹਨ। ਸੁਖਬੀਰ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਸਿੱਖ ਸੰਸਥਾਵਾਂ ਨੂੰ ਆਰ.ਐਸ.ਐਸ. ਤੋਂ ਮੁਕਤ ਕਰਵਾਇਆ ਜਾਵੇ।

ਇਸ ਦੌਰਾਨ ਪਾਰਟੀ ਪ੍ਰਧਾਨ ਆਮ ਆਦਮੀ ਪਾਰਟੀ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ 'ਆਪ' ਤਾਂ ਅਸ਼ਲੀਲ ਫਿਲਮਾਂ ਬਣਾਉਣ ਵਾਲੀ ਪਾਰਟੀ ਹੀ ਬਣ ਕੇ ਰਹਿ ਗਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਲਾਲ ਚੰਦ ਕਟਾਰੂਚੱਕ ਦੀ ਵੀਡੀਓ ਜਨਤਕ ਹੋਈ ਸੀ, ਹੁਣ ਕੈਬਨਿਟ ਮੰਤਰੀ ਬਲਕਾਰ ਸਿੰਘ ਦੀ ਕਥਿਤ ਅਸ਼ਲੀਲ ਵੀਡੀਓ ਨੇ ਪੰਜਾਬ ਦੀ ਰਾਜਨੀਤੀ ਵਿਚ ਗਿਰਾਵਟ ਦਾ ਇਕ ਨਵਾਂ ਅਧਿਆਇ ਜੋੜ ਦਿੱਤਾ ਹੈ।

## ਸਰਕਾਰਾਂ ਡੇਗਣ ਦੀ ਭਾਜਪਾ ਦੀ ਮੁਹਾਰਤ ਪੰਜਾਬ 'ਚ ਨਹੀਂ ਚੱਲੇਗੀ: ਕੇਜਰੀਵਾਲ

**ਚੰਡੀਗੜ੍ਹ:** 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਸਮੁੱਚੀ ਭਾਜਪਾ ਨੂੰ ਲੋਕ ਸਭਾ ਚੋਣਾਂ 'ਚ ਨਕਾਰ ਕੇ ਜੁਆਬ ਦੇਣ ਅਤੇ ਪੰਜਾਬੀਆਂ ਨੂੰ ਨਫ਼ਰਤ ਕਰਨ ਵਾਲੇ ਇਨ੍ਹਾਂ ਭਾਜਪਾਈ ਆਗੂਆਂ ਨੂੰ ਚੋਣਾਂ 'ਚ ਵੋਟਾਂ ਰਾਹੀਂ ਸਬਕ ਸਿਖਾਉਣ। ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਹੁਣ ਲੋਕ ਸਭਾ ਚੋਣਾਂ ਮਗਰੋਂ ਪੰਜਾਬ ਦੀ ਚੁਣੀ ਹੋਈ ਸਰਕਾਰ ਡਿੱਗਣ ਦੀਆਂ ਗੱਲਾਂ ਕਰ ਰਹੇ ਹਨ, ਪਰ ਪੰਜਾਬੀ ਇਸ ਗੁੰਡਾਗਰਦੀ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਹਨ। ਦੋਵਾਂ ਆਗੂਆਂ ਨੇ ਕਿਹਾ ਕਿ ਭਾਜਪਾ ਦੀ ਸਰਕਾਰਾਂ ਡੇਗਣ ਦੀ ਮੁਹਾਰਤ ਪੰਜਾਬ ਵਿਚ ਨਹੀਂ ਚੱਲੇਗੀ। 'ਆਪ' ਆਗੂਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ 750 ਕਿਸਾਨ ਸ਼ਹੀਦ ਹੋਏ ਅਤੇ ਕੇਂਦਰੀ ਵਰਤਾਰੇ ਤੋਂ ਸਭ ਕਿਸਾਨ ਜਾਣੂ ਹਨ। ਉਸ ਮਗਰੋਂ ਪੰਜਾਬ ਦੀ ਆਰਥਿਕ ਘੇਰਾਬੰਦੀ ਕੀਤੀ ਗਈ ਅਤੇ ਹੁਣ ਤਿੰਨ ਕਰੋੜ ਪੰਜਾਬੀਆਂ ਵੱਲੋਂ ਚੁਣੇ ਆਗੂਆਂ ਨੂੰ 'ਸ਼ਹਿਰੀ ਨਕਸਲੀ' ਕਿਹਾ ਜਾ ਰਿਹਾ ਹੈ।

## ਅਤਿਵਾਦੀਆਂ ਤੇ ਪੱਥਰਬਾਜ਼ਾਂ ਦੇ ਪਰਿਵਾਰਾਂ ਨੂੰ ਨਹੀਂ ਮਿਲੇਗੀ ਨੌਕਰੀ: ਸ਼ਾਹ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਮੰਨਣਾ ਹੈ ਕਿ ਸੁਪਰੀਮ ਕੋਰਟ ਵੱਲੋਂ ਚੋਣ ਬਾਂਡ ਯੋਜਨਾ ਰੱਦ ਕਰਨ ਮਗਰੋਂ ਲੋਕ ਸਭਾ ਚੋਣਾਂ ਅਤੇ ਸਿਆਸਤ 'ਚ ਕਾਲੇ ਧਨ ਦਾ ਅਸਰ ਵਧੇਗਾ। ਉਨ੍ਹਾਂ ਕਿਹਾ ਕਿ ਚੋਣ ਬਾਂਡ ਯੋਜਨਾ ਦੇ ਬਦਲ ਬਾਰੇ ਸੰਸਦ 'ਚ ਵਿਚਾਰ ਹੋਣਾ ਚਾਹੀਦਾ ਹੈ। ਸ਼ਾਹ ਨੇ ਜੰਮੂ ਕਸ਼ਮੀਰ ਦੇ ਨੌਜਵਾਨਾਂ ਨੂੰ ਸਖ਼ਤ ਸੁਨੇਹਾ ਦਿੰਦਿਆਂ ਕਿਹਾ ਕਿ ਕਿਸੇ ਵੀ ਅਤਿਵਾਦੀ ਦੇ ਪਰਿਵਾਰਕ ਮੈਂਬਰ ਅਤੇ ਪਥਰਾਅ ਕਰਨ ਵਾਲਿਆਂ ਦੇ ਨੇੜਲੇ ਰਿਸ਼ਤੇਦਾਰਾਂ ਨੂੰ ਸਰਕਾਰੀ ਨੌਕਰੀ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ 'ਚ ਖਾਲਿਸਤਾਨ ਪੱਖੀ ਕਥਿਤ ਵੱਖਵਾਦੀ ਅੰਮ੍ਰਿਤਪਾਲ ਸਿੰਘ 'ਤੇ ਕੌਮੀ ਸੁਰੱਖਿਆ ਐਕਟ (ਐਨ.ਐਸ.ਏ.) ਲਗਾ ਕੇ ਉਸ ਨੂੰ ਜੇਲ੍ਹ 'ਚ ਸੁੱਟਿਆ ਗਿਆ ਹੈ। ਅੰਮ੍ਰਿਤਪਾਲ ਸਿੰਘ ਜੇਲ੍ਹ 'ਚੋਂ ਹੀ ਖਡੂਰ ਸਾਹਿਬ ਹਲਕੇ ਤੋਂ ਲੋਕ ਸਭਾ ਚੋਣ ਲੜ ਰਿਹਾ ਹੈ। ਸ਼ਾਹ ਨੇ ਬਾਂਡ ਯੋਜਨਾ ਬਾਰੇ ਕਿਹਾ ਕਿ ਜਦੋਂ ਸਿਆਸੀ ਪਾਰਟੀਆਂ ਮੌਜੂਦਾ ਵਿੱਤੀ ਵਰ੍ਹੇ ਦੇ ਆਪਣੇ ਖ਼ਾਤਿਆਂ ਬਾਰੇ ਜਾਣਕਾਰੀਆਂ ਦੇਣਗੀਆਂ ਤਾਂ ਨਕਦ ਅਤੇ ਚੈੱਕ ਰਾਹੀਂ ਮਿਲੇ ਚੰਦੇ ਬਾਰੇ ਪਤਾ ਲੱਗੇਗਾ। ਉਨ੍ਹਾਂ ਕਿਹਾ ਕਿ ਬਾਂਡ ਸਮੇਂ ਚੈੱਕ ਰਾਹੀਂ ਚੰਦੇ ਦਾ ਅੰਕੜਾ 96 ਫ਼ੀਸਦ ਤੱਕ ਪਹੁੰਚ ਗਿਆ ਸੀ। 'ਜੇ ਹੁਣ ਕਾਲੇ ਧਨ ਦਾ ਅਸਰ ਪੈਂਦਾ ਹੈ ਤਾਂ ਫਿਰ ਉਸ ਦਾ ਬਦਲ ਲੱਭਿਆ ਜਾਣਾ ਚਾਹੀਦਾ ਹੈ। ਇਸ ਬਾਰੇ ਸੰਸਦ 'ਚ ਬਹਿਸ ਹੋਣੀ ਚਾਹੀਦੀ ਹੈ।'

## ਰਣਜੀਤ ਕਤਲ ਕੇਸ 'ਚ ਡੇਰਾ ਮੁਖੀ ਬਰੀ

*(ਪਹਿਲੇ ਸਫੇ ਦੀ ਬਾਕੀ)*

ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਬਹੁਤ ਹੀ ਪੀੜਾ ਦੇਣ ਵਾਲਾ ਹੈ। ਜ਼ਿਕਰਯੋਗ ਹੈ ਕਿ ਸਾਧਵੀ ਜਬਰ ਜਨਾਹ ਤੋਂ ਇਲਾਵਾ ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਮਾਮਲੇ 'ਚ ਡੇਰਾ ਮੁਖੀ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੈ।

## ਨਤੀਜਿਆਂ ਤੋਂ ਪਹਿਲਾਂ ਹੀ 'ਤੱਕੜੀ' ਡੋਲੀ

*(ਪਹਿਲੇ ਸਫੇ ਦੀ ਬਾਕੀ)*

ਸਭਾ ਵਿਚ ਪੱਟੀ ਦੀ ਨੁਮਾਇੰਦਗੀ ਕੀਤੀ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਵਿਚ ਉਨ੍ਹਾਂ ਨੂੰ ਮੰਤਰੀ ਬਣਾਇਆ ਗਿਆ ਸੀ। ਇਹ ਪੱਟੀ ਖੇਮਕਰਨ ਦੇ ਨਾਲ ਲੱਗਦੀ ਹੈ ਜਿਸ ਦੀ ਨੁਮਾਇੰਦਗੀ ਵਿਰਸਾ ਸਿੰਘ ਵਲਟੋਹਾ ਨੇ 2007 ਤੋਂ 2017 ਤੱਕ ਕੀਤੀ ਸੀ। ਮਾਝੇ ਵਿਚ ਮਜੀਠੀਆ ਅਤੇ ਕੈਰੋਂ ਪਰਿਵਾਰ ਦਾ ਦਬਦਬਾ ਰਿਹਾ ਹੈ। ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਪਾਰਟੀ ਵਿਚੋਂ ਕੱਢਣ ਦੇ ਫੈਸਲੇ ਪਿੱਛੋਂ ਸਵਾਲ ਉੱਠਣੇ ਸੁਭਾਵਿਕ ਹੀ ਹਨ। ਪਾਰਟੀ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਅਤੇ ਬੀਬੀ ਜਗੀਰ ਕੌਰ ਨੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ। ਦੋਵਾਂ ਆਗੂਆਂ ਨੇ ਕੈਰੋਂ ਨੂੰ ਕੱਢਣ ਦੇ ਫੈਸਲੇ ਨੂੰ ਗਲਤ ਕਰਾਰ ਦਿੱਤਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਆਦੇਸ਼ ਪ੍ਰਤਾਪ ਕੈਰੋਂ ਦੇ ਪਾਰਟੀ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਨਾਲ ਮਤਭੇਦ ਹੋ ਸਕਦੇ ਹਨ ਪਰ ਉਹ ਪਾਰਟੀ ਦੇ ਹੱਕ ਵਿਚ ਹਨ। ਜਦੋਂ ਉਹ 2019 ਵਿਚ ਅਕਾਲੀ ਦਲ ਦੀ ਉਮੀਦਵਾਰ ਬਣੀ ਤਾਂ ਕੈਰੋਂ ਪਰਿਵਾਰ ਨੇ ਉਨ੍ਹਾਂ ਨੂੰ ਪੂਰਾ ਸਮਰਥਨ ਦਿੱਤਾ। ਲੋਕਾਂ ਨੂੰ ਘਰ ਬੁਲਾ ਕੇ ਵੋਟ ਪਾਉਣ ਦੇ ਮੁੱਦੇ 'ਤੇ ਕੁਝ ਗਲਤਫਹਿਮੀ ਹੋ ਸਕਦੀ ਹੈ, ਪਰ ਚੋਣਾਂ ਦੇ ਵਿਚਕਾਰ ਅਜਿਹਾ ਫੈਸਲਾ ਲੈਣਾ ਠੀਕ ਨਹੀਂ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਫੌਜੀ ਹਮਲੇ ਦੌਰਾਨ ਜ਼ਖ਼ਮੀ ਹੋਏ ਪਾਵਨ ਸਰੂਪ ਦਰਸ਼ਨਾਂ ਲਈ ਸੁਸ਼ੋਭਿਤ

**ਅੰਮ੍ਰਿਤਸਰ:** ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਜੋ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਸਨ, ਸੰਗਤ ਨੂੰ ਦਰਸ਼ਨ ਕਰਵਾਉਣ ਲਈ ਸ੍ਰੀ ਅਕਾਲ ਤਖ਼ਤ ਨੇੜੇ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ ਸੁਸ਼ੋਭਿਤ ਕੀਤੇ ਗਏ।

ਸ਼੍ਰੋਮਣੀ ਕਮੇਟੀ ਵੱਲੋਂ ਬੀਤੇ ਕੁਝ ਸਾਲਾਂ ਤੋਂ ਘੱਲੂਘਾਰਾ ਹਫ਼ਤੇ ਦੌਰਾਨ ਇਸ ਪਾਵਨ ਸਰੂਪ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾ ਰਹੇ ਹਨ। ਇਸ ਪਾਵਨ ਸਰੂਪ ਦੇ 6 ਜੂਨ ਤੱਕ ਰੋਜ਼ਾਨਾ ਸਵੇਰ ਤੋਂ ਸ਼ਾਮ ਤੱਕ ਦਰਸ਼ਨ ਕੀਤੇ ਜਾ ਸਕਣਗੇ। ਇਸ ਜ਼ਖ਼ਮੀ ਹੋਏ ਪਾਵਨ ਸਰੂਪ ਦੇ ਨਾਲ ਇਸ ਵਿਚ ਲੱਗੀ ਗੋਲੀ ਵੀ ਸੰਗਤ ਨੂੰ ਦਿਖਾਈ ਜਾ ਰਹੀ ਹੈ। ਇਸ ਤੋਂ ਇਲਾਵਾ ਹਮਲੇ ਦੌਰਾਨ ਸ੍ਰੀ ਅਕਾਲ ਤਖ਼ਤ ਦੀ ਨੁਕਸਾਨੀ ਇਮਾਰਤ ਦਾ ਮਾਡਲ ਵੀ ਰੱਖਿਆ ਗਿਆ ਹੈ।

ਇਸ ਪਾਵਨ ਸਰੂਪ ਦੇ ਸੰਗਤ ਨੂੰ ਦਰਸ਼ਨ ਕਰਵਾਉਣ ਦੀ ਸੇਵਾ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਬਲਜੀਤ ਸਿੰਘ ਨੇ ਨਿਭਾਈ, ਜਦਕਿ ਇਸ ਬਾਰੇ ਸੰਗਤ ਨੂੰ ਜਾਣਕਾਰੀ ਸ੍ਰੀ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਦਿੱਤੀ।



ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਘੱਲੂਘਾਰਾ ਹਫ਼ਤੇ ਦੌਰਾਨ ਜੂਨ 1984 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਹਰ ਗੁਰਦੁਆਰੇ ਵਿਚ ਗੁਰਮਤਿ ਸਮਾਗਮ ਕਰਕੇ ਤਤਕਾਲੀ ਕਾਂਗਰਸ ਸਰਕਾਰ ਦੇ ਇਸ ਕਾਰਨਾਮੇ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਜਾਵੇ। ਇਸ ਮੌਕੇ ਫੌਜੀ ਹਮਲੇ ਦੌਰਾਨ ਢਹਿ-ਢੇਰੀ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਵਾਪਰੇ ਦੁਖਾਂਤ ਨੂੰ ਬਿਆਨ ਕਰਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਦੇ ਬਾਹਰ ਲਗਾਈ ਗਈ।

# ਸਾਕਾ ਨੀਲਾ ਤਾਰਾ ਦੀ ਬਰਸੀ ਕੌਮੀ ਪੱਧਰ 'ਤੇ ਮਨਾਉਣ ਦਾ ਫੈਸਲਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੂਨ 84 ਸਾਕਾ ਨੀਲਾ ਤਾਰਾ ਦੀ 40ਵੀਂ ਬਰਸੀ ਨੂੰ ਕੌਮੀ ਪੱਧਰ 'ਤੇ ਮਨਾਉਣ ਦਾ ਫ਼ੈਸਲਾ ਲਿਆ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਸਬੰਧੀ ਸਮੁੱਚੀ ਕੌਮ ਨੂੰ ਸਾਲਾਨਾ ਯਾਦ ਮੌਕੇ ਪਹਿਲੀ ਤੋਂ 6 ਜੂਨ ਤੱਕ ਸ਼ਹੀਦੀ ਹਫ਼ਤਾ ਮਨਾਉਣ ਦਾ ਆਦੇਸ਼ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਦੇ ਰੋਸ ਵਜੋਂ ਸਿੱਖਾਂ ਨੂੰ 4 ਤੋਂ 6 ਜੂਨ ਤੱਕ ਕਾਲੀਆਂ ਦਸਤਾਰਾਂ ਸਜਾਉਣ ਅਤੇ ਬੀਬੀਆਂ ਨੂੰ ਕਾਲੇ ਦੁਪੱਟੇ ਲੈਣ ਦੀ ਅਪੀਲ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੂਨ 1984 ਵਿਚ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਅਤੇ 37 ਹੋਰ ਗੁਰਦੁਆਰਿਆਂ 'ਤੇ ਫ਼ੌਜੀ ਹਮਲੇ ਕਰਵਾਏ ਗਏ ਸਨ, ਜਿਨ੍ਹਾਂ ਦੇ ਨਿਸ਼ਾਨ ਸਿੱਖ ਮਾਨਸਿਕਤਾ ਵਿਚੋਂ ਕਦੇ ਵੀ ਮਿਟ ਨਹੀਂ ਸਕਦੇ ਅਤੇ ਸਿੱਖ ਕੌਮ ਹਰੇਕ ਸਾਲ ਜੂਨ 1984 ਦੇ ਫ਼ੌਜੀ ਹਮਲੇ ਨੂੰ ਤੀਜੇ ਘੱਲੂਘਾਰੇ ਵਜੋਂ ਯਾਦ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਘਿਨੌਣੀ



ਕਾਰਵਾਈ ਦੀ ਸਰਕਾਰਾਂ ਨੇ ਮੁਆਫ਼ੀ ਤਾਂ ਕੀ ਮੰਗਣੀ ਸੀ, ਸਗੋਂ ਸਿੱਖਾਂ ਨਾਲ ਧੱਕੇ ਦੀ ਦਾਸਤਾਨ ਜਾਰੀ ਹੈ। ਅੱਜ ਵੀ ਬੰਦੀ ਸਿੰਘਾਂ ਦੇ ਮਾਮਲੇ ਵਿਚ ਨਿਆਂ ਨਹੀਂ ਕੀਤਾ ਜਾ ਰਿਹਾ। ਐਡਵੋਕੇਟ ਧਾਮੀ ਨੇ ਸਿੱਖ ਕੌਮ ਨੂੰ ਪੰਜ ਸਿੰਘ ਸਾਹਿਬਾਨ ਦੇ ਆਦੇਸ਼ ਅਨੁਸਾਰ ਤੀਜੇ ਘੱਲੂਘਾਰੇ ਦੀ 40ਵੀਂ ਬਰਸੀ ਨੂੰ ਕੌਮੀ ਜਜ਼ਬੇ ਅਨੁਸਾਰ ਮਨਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼ਹੀਦੀ ਸਮਾਗਮ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਿਆਂ ਵਿਚ ਵੀ ਸਮਾਗਮ ਕੀਤੇ ਜਾਣਗੇ।

## ਸਰਹੱਦ ਨੇੜਲੇ ਪਿੰਡਾਂ ਦੇ ਖੇਤਾਂ 'ਚੋਂ 11 ਕਿੱਲੋ ਹੈਰੋਇਨ ਬਰਾਮਦ

**ਡੇਰਾ ਬਾਬਾ ਨਾਨਕ:** ਕੌਮਾਂਤਰੀ ਸਰਹੱਦ ਨੇੜਲੇ ਦੋ ਪਿੰਡਾਂ ਦੇ ਖੇਤਾਂ ਵਿਚੋਂ ਸੀਮਾ ਸੁਰੱਖਿਆ ਬਲ ਤੇ ਪੁਲਿਸ ਨੇ ਸਾਂਝੀ ਕਾਰਵਾਈ ਦੌਰਾਨ 11 ਕਿੱਲੋ ਹੈਰੋਇਨ ਬਰਾਮਦ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਰਹੱਦ ਪਾਰ ਤੋਂ ਸਮਾਜ ਵਿਰੋਧੀ ਅਨਸਰਾਂ ਵੱਲੋਂ ਭੇਜੀ ਗਈ 11 ਕਿੱਲੋ ਹੈਰੋਇਨ ਸਵੇਰੇ ਪਿੰਡ ਅਗਵਾਨ ਅਤੇ ਬਰੀਲਾਂ ਦੇ ਖੇਤਾਂ ਵਿਚੋਂ ਬਰਾਮਦ ਕੀਤੀ ਗਈ। ਸੀਮਾ ਸੁਰੱਖਿਆ ਬਲ ਅਤੇ ਪੁਲਿਸ ਵੱਲੋਂ ਕੀਤੀ ਗਈ ਸਾਂਝੀ ਕਾਰਵਾਈ ਦੌਰਾਨ ਇਹ ਹੈਰੋਇਨ ਬਰਾਮਦ ਕੀਤੀ ਗਈ। ਜਾਣਕਾਰ ਦੱਸਦੇ ਹਨ ਕਿ ਇਹ ਹੈਰੋਇਨ ਇਕ ਡਰੋਨ ਰਾਹੀਂ ਭੇਜੀ ਗਈ ਸੀ। ਪੁਲਿਸ ਨੇ ਕੁਝ ਹੀ ਦੂਰੀ 'ਤੇ ਇਕ ਡਰੋਨ ਵੀ ਬਰਾਮਦ ਕੀਤਾ ਹੈ। ਥਾਣਾ ਕਲਾਨੌਰ ਦੀ ਪੁਲਿਸ ਨੇ ਇਸ ਸਬੰਧੀ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਲੋਕ ਸਭਾ ਚੋਣਾਂ: ਰਵਾਇਤੀ ਪਾਰਟੀਆਂ ਲਈ ਪਹਿਲੀ ਜੂਨ ਬਣੀ ਪਰੇਸ਼ਾਨੀ

**ਫਰੀਦਕੋਟ:** ਪੰਜਾਬ ਵਿਚ ਪਹਿਲੀ ਜੂਨ ਨੂੰ ਆਖਰੀ ਗੇੜ ਦੀਆਂ ਲੋਕ ਸਭਾ ਚੋਣਾਂ ਹੋ ਰਹੀਆਂ ਹਨ। ਪਹਿਲੀ ਵਾਰ ਸੂਬੇ ਵਿਚ ਆਖਰੀ ਗੇੜ ਵਿਚ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਪਹਿਲੀ ਜੂਨ ਦੀ ਵੋਟਿੰਗ ਨੇ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਲਈ ਨਵੀਂ ਪਰੇਸ਼ਾਨੀ ਖੜ੍ਹੀ ਕਰ ਦਿੱਤੀ ਹੈ। ਪਹਿਲੀ ਜੂਨ 2015 ਨੂੰ ਹੀ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚ ਬੇਅਦਬੀ ਕਾਂਡ ਵਾਪਰਿਆ ਸੀ ਅਤੇ ਇਸ ਕਾਂਡ ਤੋਂ ਬਾਅਦ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਵਾਪਰੇ ਅਤੇ 9 ਸਾਲ ਬਾਅਦ ਵੀ ਇਹ ਕਾਂਡ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਿਤ ਕਰ ਰਿਹਾ ਹੈ।



ਪਹਿਲੀ ਜੂਨ 1984 ਨੂੰ ਹੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਘੱਲੂਘਾਰਾ ਸ਼ੁਰੂ ਹੋਇਆ ਸੀ। ਫਰੀਦਕੋਟ ਲੋਕ ਸਭਾ ਹਲਕੇ ਵਿਚ 26 ਦੇ ਕਰੀਬ ਉਮੀਦਵਾਰ ਚੋਣ ਲੜ ਰਹੇ ਹਨ ਪਰ ਮੁੱਖ ਮੁਕਾਬਲਾ 'ਆਪ', ਕਾਂਗਰਸ, ਅਕਾਲੀ ਦਲ, ਭਾਜਪਾ ਅਤੇ ਸ਼ਹੀਦ ਬੇਅੰਤ ਸਿੰਘ ਦੇ ਪੁੱਤਰ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਦਰਮਿਆਨ ਹੈ। ਸਰਬਜੀਤ ਸਿੰਘ ਖਾਲਸਾ ਨੇ ਫਰੀਦਕੋਟ ਲੋਕ ਸਭਾ ਹਲਕੇ ਵਿਚ ਦੇਰੀ ਨਾਲ ਚੋਣ ਪ੍ਰਚਾਰ ਸ਼ੁਰੂ ਕੀਤਾ ਸੀ ਪਰ ਹੁਣ ਉਸ ਦਾ ਪ੍ਰਚਾਰ ਬਾਕੀ ਪ੍ਰਮੁੱਖ ਪਾਰਟੀਆਂ ਦੇ ਬਰਾਬਰ ਚੱਲ ਰਿਹਾ ਹੈ। ਉਸ ਨੂੰ ਹਲਕੇ ਵਿਚ ਚੰਗਾ ਹੁੰਗਾਰਾ ਮਿਲ ਰਿਹਾ ਹੈ ਅਤੇ ਜਿਵੇਂ ਜਿਵੇਂ ਪਹਿਲੀ ਜੂਨ ਨੇੜੇ ਆ ਰਹੀ ਹੈ, ਉਸ ਦਾ ਚੋਣ ਪ੍ਰਚਾਰ ਤੇਜ਼ ਹੋ ਰਿਹਾ ਹੈ। ਘੱਲੂਘਾਰਾ ਦਿਵਸ ਅਤੇ ਬੇਅਦਬੀ ਕਾਂਡ ਦਾ ਫਰੀਦਕੋਟ ਲੋਕ ਸਭਾ ਹਲਕੇ ਨਾਲ ਨੇੜਲਾ ਸਬੰਧ ਹੈ। ਜਦੋਂ ਪਹਿਲੀ ਜੂਨ 1984 ਨੂੰ ਘੱਲੂਘਾਰਾ ਸ਼ੁਰੂ ਹੋਇਆ, ਉਸ ਵੇਲੇ ਦਰਬਾਰ ਸਾਹਿਬ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਮੌਜੂਦ ਸਨ, ਜੋ ਫਰੀਦਕੋਟ ਲੋਕ ਸਭਾ ਹਲਕੇ ਦੇ ਹੀ ਵਾਸੀ ਸਨ। ਦਰਬਾਰ ਸਾਹਿਬ ਕੰਪਲੈਕਸ ਫੌਜ ਹਵਾਲੇ ਨਾ ਕਰਨ ਦਾ ਫੈਸਲਾ ਕਰਨ ਵਾਲੇ ਆਈ.ਏ.ਐਸ. ਅਧਿਕਾਰੀ ਗੁਰਦੇਵ ਸਿੰਘ ਵੀ ਫਰੀਦਕੋਟ ਦੇ ਸਨ। ਦਰਬਾਰ ਸਾਹਿਬ 'ਤੇ ਫੌਜੀ ਹਮਲਾ ਕਰਨ ਵਾਲੇ ਫੌਜੀ ਜਰਨੈਲ ਐਸ.ਐਸ. ਬਰਾੜ ਅਤੇ ਉਸ ਵੇਲੇ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਇੱਥੋਂ ਦੇ ਹੀ ਸਨ। ਇੱਥੋਂ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਨੂੰ ਮਿਲ ਰਹੇ ਸਮਰਥਨ ਕਾਰਨ ਹਾਲ ਦੀ ਘੜੀ ਉਸ ਦਾ ਪੱਲੜਾ ਭਾਰੀ ਜਾਪਦਾ ਹੈ।

# ਹਲਕਾ ਫਰੀਦਕੋਟ ਦੇ ਪਿੰਡਾਂ ਵਿਚ ਭਾਜਪਾ ਉਮੀਦਵਾਰ ਹੰਸ ਦਾ ਵਿਰੋਧ

**ਮੋਗਾ:** ਫ਼ਰੀਦਕੋਟ ਰਾਖਵਾਂ ਹਲਕੇ ਤੋਂ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦੇ ਵਿਰੋਧ ਦਾ ਸਿਲਸਿਲਾ ਜਾਰੀ ਹੈ। ਕਿਸਾਨਾਂ ਵੱਲੋਂ ਹੰਸ ਰਾਜ ਹੰਸ ਦਾ ਮੋਗਾ ਜ਼ਿਲ੍ਹੇ ਦੇ ਪਿੰਡਾਂ ਵਿਚ ਡਟਵਾਂ ਵਿਰੋਧ ਕੀਤਾ ਗਿਆ। ਕਿਸਾਨਾਂ ਨੇ ਹੱਥ ਵਿਚ ਕਾਲੇ ਅਤੇ ਕਿਸਾਨ ਯੂਨੀਅਨ ਦੇ ਝੰਡੇ ਫੜ ਕੇ ਭਾਜਪਾ ਖਿਲਾਫ਼ ਨਾਅਰੇਬਾਜ਼ੀ ਕੀਤੀ।

ਕਿਸਾਨ ਭਾਜਪਾ ਉਮੀਦਵਾਰ ਨੂੰ ਸ਼ਾਂਤੀਪੂਰਵਕ ਸਵਾਲ ਕਰਨ ਵਾਸਤੇ ਇਕੱਠੇ ਹੋਏ ਸਨ, ਪਰ ਪੁਲਿਸ ਭਾਜਪਾ ਉਮੀਦਵਾਰ ਤੇ ਕਿਸਾਨਾਂ ਵਿਚਾਲੇ ਕੰਧ ਬਣ ਕੇ ਖੜ੍ਹੀ ਹੋ ਗਈ ਜਿਸ ਕਾਰਨ ਭਾਜਪਾ ਉਮੀਦਵਾਰ ਸਵਾਲਾਂ ਦਾ ਜਵਾਬ ਨਹੀਂ ਦੇ ਸਕੇ। ਇਸ ਮੌਕੇ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਹਰ ਵਰਗ ਭਾਜਪਾ ਦੀ ਜਿੱਤ ਵਿਚ ਵੱਡੀ ਭੂਮਿਕਾ ਨਿਭਾਉਣ ਲਈ ਤਿਆਰ ਹੈ। ਉਹ ਪਿੰਡ ਕਾਲੀਏਵਾਲਾ ਤੇ ਜ਼ਿਲ੍ਹੇ ਸਭ ਤੋਂ ਵੱਡੇ ਪਿੰਡ ਚੜਿੱਕ ਤੇ ਹੋਰ ਪਿੰਡਾਂ ਵਿਚ ਚੋਣ ਮੀਟਿੰਗਾਂ ਨੂੰ ਸੰਬੋਧਨ ਕਰ ਰਹੇ ਸਨ।



ਕਿਸਾਨਾਂ ਦੇ ਵਿਰੋਧ ਦੇ ਸਵਾਲ 'ਤੇ ਕਿਹਾ ਕਿ ਇਕ ਲੋਕਤੰਤਰੀ ਸਮਾਜ ਵਿਚ ਹਰ ਇਕ ਨੂੰ ਵਿਰੋਧ ਕਰਨ ਅਤੇ ਆਪਣੀ ਆਵਾਜ਼ ਚੁੱਕਣ ਦਾ ਅਧਿਕਾਰ ਹੈ।

ਕਿਸਾਨਾਂ ਦੇ ਵਿਰੋਧ ਦੇ ਮੱਦੇਨਜ਼ਰ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਦੀ ਇਕ ਭਾਵੁਕ ਵੀਡੀਓ ਵਾਇਰਲ ਹੋ ਰਹੀ ਹੈ। ਪਿੰਡ ਦੌਲਤਪੁਰਾ ਵਿਚ ਇਕ ਚੋਣ ਮੀਟਿੰਗ ਦੀ ਵੀਡੀਓ ਵਿਚ ਉਹ ਭਾਵੁਕ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਮੇਰਾ ਸਿਰ ਕਿਸਾਨਾਂ ਅੱਗੇ ਝੁਕਦਾ ਹੈ। ਉਨ੍ਹਾਂ ਕਿਹਾ, ''ਜੇਕਰ ਪਹਿਲੀ ਤਰੀਕ (ਪਹਿਲੀ ਜੂਨ, ਜਿਸ ਦਿਨ ਪੰਜਾਬ 'ਚ ਵੋਟਿੰਗ ਹੋਣੀ ਹੈ।) ਤੱਕ ਜਿਉਂਦੇ ਰਹੇ ਤਾਂ ਮਿਲਾਂਗੇ। ਜੇਕਰ ਮੈਨੂੰ ਕੁਝ ਹੋਇਆ ਤਾਂ ਇਸ ਸੋਚ ਨੂੰ ਕਾਇਮ ਰੱਖਿਓ।'' ਉਨ੍ਹਾਂ ਅੱਗੇ ਕਿਹਾ, ''ਮੈਂ ਮੌਤ ਤੋਂ ਨਹੀਂ ਡਰਦਾ। ਫ਼ਕੀਰ ਕਾਹਦਾ ਜਿਹੜਾ ਮੌਤ ਤੋਂ ਡਰੇ। ਮੇਰੀ ਸੋਚ ਨੂੰ ਕਾਇਮ ਰੱਖਿਓ ਮੇਰੇ ਤੋਂ ਬਾਅਦ ਅਜਿਹੇ ਬੰਦੇ ਜ਼ਰੂਰ ਅੱਗੇ ਲਿਆਇਓ ਜਿਹੜੇ ਗ਼ਰੀਬੀ, ਬਿਮਾਰੀ ਤੇ ਗ਼ਰੀਬ ਅਮੀਰ ਦਾ ਪਾੜਾ ਖ਼ਤਮ ਕਰ ਸਕਣ।''

## ਜਲੰਧਰ 'ਚ ਦਰਜ ਕੇਸ 'ਚੋਂ ਜਗਤਾਰ ਸਿੰਘ ਤਾਰਾ ਬਰੀ



**ਜਲੰਧਰ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ 'ਚ ਨਾਮਜ਼ਦ ਜਗਤਾਰ ਸਿੰਘ ਤਾਰਾ ਨੂੰ ਵੀਡੀਓ ਕਾਨਫ਼ਰੰਸਿੰਗ ਰਾਹੀਂ ਜਲੰਧਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਤਾਰਾ ਖ਼ਿਲਾਫ਼ ਜਲੰਧਰ ਦਿਹਾਤੀ ਦੇ ਗੁਰਾਇਆ ਥਾਣੇ ਵਿਚ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ.ਏ.ਪੀ.ਏ.) ਅਤੇ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਅਦਾਲਤ ਨੇ ਇਸ ਮਾਮਲੇ ਵਿਚ ਤਾਰਾ ਨੂੰ ਬਰੀ ਕਰ ਦਿੱਤਾ ਹੈ। ਪਹਿਲਾਂ ਚਰਚਾ ਸੀ ਕਿ ਤਾਰਾ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ ਪਰ ਫਿਰ ਤਾਰਾ ਦੀ ਪੇਸ਼ੀ ਵੀਡੀਓ ਕਾਨਫ਼ਰੰਸਿੰਗ ਰਾਹੀਂ ਹੋਈ। ਜਗਤਾਰ ਸਿੰਘ ਤਾਰਾ ਦੇ ਵਕੀਲ ਕੇਐੱਸ ਹੁੰਦਲ ਨੇ ਦੱਸਿਆ ਕਿ ਸਾਲ 2012 ਵਿਚ ਗੁਰਾਇਆ ਥਾਣੇ ਵਿਚ ਤਾਰਾ ਖ਼ਿਲਾਫ਼ ਕੇਸ ਦਰਜ ਹੋਇਆ ਸੀ। 20 ਨੂੰ ਅਦਾਲਤ ਵਿਚ ਬਹਿਸ ਹੋਈ, ਜਿਸ ਮਗਰੋਂ ਅਦਾਲਤ ਨੇ ਸੁਣਵਾਈ ਤੈਅ ਕੀਤੀ ਸੀ। ਤਾਰਾ ਨੂੰ ਅਦਾਲਤ ਵਿਚ ਬਰੀ ਕਰ ਦਿੱਤਾ ਗਿਆ।

# ਰੇਤ ਮਾਫੀਆ ਵੱਲੋਂ ਮਾਈਨਿੰਗ ਅਫਸਰਾਂ 'ਤੇ ਹਮਲਾ

**ਸ਼ਾਹਕੋਟ:** ਸਤਲੁਜ ਦਰਿਆ ਦੇ ਨਜ਼ਦੀਕ ਰੇਤੇ ਦੀ ਹੋ ਰਹੀ ਨਾਜਾਇਜ਼ ਮਾਈਨਿੰਗ ਨੂੰ ਰੁਕਵਾਉਣ ਗਏ ਮਾਈਨਿੰਗ ਅਫਸਰਾਂ 'ਤੇ ਰੇਤ ਮਾਫੀਆ ਨੇ ਹਮਲਾ ਕਰ ਦਿੱਤਾ। ਹਮਲਾਵਰ ਅਫਸਰਾਂ ਦੀ ਸਰਕਾਰੀ ਤੇ ਨਿੱਜੀ ਗੱਡੀਆਂ ਦੀ ਭੰਨਤੋੜ ਕਰ ਕੇ ਉਨ੍ਹਾਂ 'ਚੋਂ ਵਿਭਾਗ ਦੇ ਕਾਗਜ਼ ਪੱਤਰ ਅਤੇ 2 ਇੰਸਪੈਕਟਰਾਂ ਦੇ ਪਰਸ ਅਤੇ ਹੋਰ ਸਾਮਾਨ ਚੋਰੀ ਕਰ ਕੇ ਫਰਾਰ ਹੋ ਗਏ। ਸ਼ਾਹਕੋਟ ਪੁਲਿਸ ਨੇ ਕਰੀਬ 30 ਅਣਪਛਾਤੇ ਵਿਅਕਤੀਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ।



ਜ਼ਿਲ੍ਹਾ ਮਾਈਨਿੰਗ ਅਫਸਰ ਫ਼ਰੀਦਕੋਟ ਜਗਸੀਰ ਸਿੰਘ ਨੇ ਸ਼ਾਹਕੋਟ ਪੁਲਿਸ ਨੂੰ ਕੀਤੀ ਸ਼ਿਕਾਇਤ ਵਿਚ ਦੱਸਿਆ ਕਿ ਉਹ ਸਹਾਇਕ ਮਾਈਨਿੰਗ ਅਫਸਰ ਸੁਖਚੈਨ ਸਿੰਘ, ਹਰਦੀਪ ਸਿੰਘ ਅਤੇ ਇੰਸਪੈਕਟਰ ਮਨਜੀਤ ਕੁਮਾਰ ਨੂੰ ਨਾਲ ਲੈ ਕੇ ਜ਼ਿਲ੍ਹਾ ਜਲੰਧਰ ਤੇ ਮੋਗਾ ਦੀ ਹੱਦ 'ਤੇ ਸਤਲੁਜ ਦਰਿਆ ਵਿਚ ਚੱਲ ਰਹੀ ਨਾਜਾਇਜ਼ ਮਾਈਨਿੰਗ ਰੋਕਣ ਲਈ ਕਾਰਵਾਈ ਕਰਨ ਗਏ ਸਨ। ਇਸੇ ਦੌਰਾਨ ਉਨ੍ਹਾਂ ਨੂੰ ਰੇਤੇ ਨਾਲ ਭਰੀਆਂ 2 ਟਰੈਕਟਰ-ਟਰਾਲੀਆਂ ਦਿਖਾਈ ਦਿੱਤੀਆਂ। ਕੁਝ ਸਮੇਂ ਬਾਅਦ ਕਰੀਬ 30-35 ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ 'ਤੇ ਆ ਕੇ ਹਮਲਾ ਕਰ ਦਿੱਤਾ। ਇਸ ਮੌਕੇ ਗੰਨਮੈਨ ਨੇ ਸਰਕਾਰੀ ਅਸਲੇ 'ਚੋਂ ਫਾਇਰ ਕਰ ਕੇ ਉਨ੍ਹਾਂ ਦੀ ਜਾਨ ਬਚਾਈ। ਇਸੇ ਦੌਰਾਨ ਹਮਲਾਵਰ ਰੇਤ ਨਾਲ ਭਰੀ ਇਕ ਟਰਾਲੀ ਤੇ ਟਰੈਕਟਰ ਭਜਾ ਕੇ ਲੈ ਗਏ। ਉਨ੍ਹਾਂ ਦੱਸਿਆ ਕਿ ਹਮਲਾਵਰ ਸਰਕਾਰੀ ਬਲੈਰੋ ਗੱਡੀ ਦੇ ਸ਼ੀਸ਼ੇ ਭੰਨ ਕੇ ਉਸ 'ਚੋਂ ਲੈਪਟਾਪ ਤੇ ਹੋਰ ਜ਼ਰੂਰੀ ਦਸਤਾਵੇਜ਼ ਲੈ ਗਏ ਅਤੇ ਇੰਸਪੈਕਟਰ ਮਨਜੀਤ ਕੁਮਾਰ ਦੀ ਨਿੱਜੀ ਕਾਰ ਦੀ ਭੰਨਤੋੜ ਕਰ ਕੇ ਉਸ 'ਤੋਂ ਮਨਜੀਤ ਤੇ ਇੰਸਪੈਕਟਰ ਜਗਸੀਰ ਸਿੰਘ ਦਾ ਪਰਸ ਲੈ ਕੇ ਫਰਾਰ ਹੋ ਗਏ। ਏ.ਐਸ.ਆਈ. ਬਲਵੀਰ ਚੰਦ ਨੇ ਦੱਸਿਆ ਕਿ 30 ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

# ਚੋਣ ਪ੍ਰਚਾਰ ਵਿਚੋਂ ਗਾਇਬ ਰਹੇ 'ਆਪ' ਦੇ ਰਾਜ ਸਭਾ ਮੈਂਬਰ

**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਸਿਆਸੀ ਮੈਦਾਨ ਭਖਿਆ ਹੋਇਆ ਹੈ। ਸਾਰੀਆਂ ਸਿਆਸੀ ਧਿਰਾਂ ਵੱਲੋਂ ਆਪੋ-ਆਪਣੇ ਉਮੀਦਵਾਰਾਂ ਦੇ ਹੱਕ ਵਿਚ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ। ਇਸ ਦੌਰਾਨ ਭਾਜਪਾ, ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਥਾਨਕ ਤੇ ਹੋਰ ਸੀਨੀਅਰ ਆਗੂ ਵੀ ਉਮੀਦਵਾਰ ਲਈ ਚੋਣ ਪ੍ਰਚਾਰ ਕਰਨ ਲਈ ਡਟੇ। ਪਰ ਲੋਕ ਸਭਾ ਚੋਣਾਂ ਦੌਰਾਨ 'ਆਪ' ਪੰਜਾਬ ਦੇ ਰਾਜ ਸਭਾ ਮੈਂਬਰ ਦਿਖਾਈ ਨਹੀਂ ਦਿੱਤੇ ਜਿਨ੍ਹਾਂ ਦੀ ਗੈਰਹਾਜ਼ਰੀ 'ਤੇ ਲਗਾਤਾਰ ਸਵਾਲ ਉੱਠ ਰਹੇ ਹਨ। ਹਾਲਾਂਕਿ ਕੁਝ ਰਾਜ ਸਭਾ ਮੈਂਬਰਾਂ ਨੇ ਪਹਿਲਾਂ ਹੀ ਰਾਜਸੀ ਗਤੀਵਿਧੀਆਂ ਵਿਚ ਹਿੱਸਾ ਲੈਣ ਤੋਂ ਪਾਸਾ ਵੱਟ ਲਿਆ ਸੀ।



ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਅਰਵਿੰਦ ਕੇਜਰੀਵਾਲ, ਭਗਵੰਤ ਸਿੰਘ ਮਾਨ ਤੇ ਸਾਰੇ ਕੈਬਨਿਟ ਮੰਤਰੀਆਂ ਵੱਲੋਂ ਚੋਣ ਪ੍ਰਚਾਰ ਕੀਤਾ। ਇਸ ਦੌਰਾਨ ਰਾਜ ਸਭਾ ਮੈਂਬਰ ਡਾ. ਸੰਦੀਪ ਪਾਠਕ ਨੂੰ ਛੱਡ ਕੇ ਬਾਕੀ ਕੋਈ ਵੀ ਰਾਜ ਸਭਾ ਮੈਂਬਰ ਦਿਖਾਈ ਨਹੀਂ ਦੇ ਰਿਹਾ ਹੈ। ਡਾ. ਸੰਦੀਪ ਪਾਠਕ ਕੋਲ ਕੌਮੀ ਪੱਧਰ ਦੀ ਜ਼ਿੰਮੇਵਾਰੀ ਹੋਣ ਕਰਕੇ ਉਹ ਪੰਜਾਬ ਦੇ ਨਾਲ-ਨਾਲ ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਵੀ ਪ੍ਰਚਾਰ ਦਾ ਕੰਮ ਦੇਖ ਰਹੇ ਹਨ। ਇਸ ਤੋਂ ਇਲਾਵਾ ਰਾਜ ਸਭਾ ਮੈਂਬਰ ਰਾਘਵ ਚੱਢਾ, ਵਿਕਰਮਜੀਤ ਸਾਹਨੀ, ਸੰਤ ਬਲਬੀਰ ਸਿੰਘ ਸੀਚੇਵਾਲ, ਸੰਜੀਵ ਅਰੋੜਾ, ਅਸ਼ੋਕ ਮਿੱਤਲ ਅਤੇ ਹਰਭਜਨ ਸਿੰਘ ਪੰਜਾਬ ਵਿਚ ਚੋਣ ਸਰਗਰਮੀਆਂ ਦੌਰਾਨ ਕਿਤੇ ਵੀ ਦਿਖਾਈ ਨਹੀਂ ਦੇ ਰਹੇ ਹਨ। ਰਾਜ ਸਭਾ ਮੈਂਬਰ ਰਾਘਵ ਚੱਢਾ ਪਿਛਲੇ ਦਿਨੀਂ ਵਿਦੇਸ਼ ਤੋਂ ਪਰਤ ਆਏ ਹਨ। ਉਹ ਇਕ ਵਾਰ ਚੰਡੀਗੜ੍ਹ ਵੀ ਆਏ ਪਰ ਸ੍ਰੀ ਚੱਢਾ 'ਆਪ' ਉਮੀਦਵਾਰਾਂ ਲਈ ਚੋਣ ਪ੍ਰਚਾਰ ਕਰਦੇ ਦਿਖਾਈ ਨਹੀਂ ਦੇ ਰਹੇ ਹਨ। 'ਆਪ' ਵੱਲੋਂ ਵੀ ਰਾਜ ਸਭਾ ਮੈਂਬਰਾਂ ਨੂੰ ਪੰਜਾਬ ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਵਿਚੋਂ ਬਾਹਰ ਰੱਖਿਆ ਗਿਆ ਹੈ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪਹਿਲਾਂ ਹੀ ਰਾਜਸੀ ਗਤੀਵਿਧੀਆਂ 'ਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਰਾਜ ਸਭਾ ਮੈਂਬਰ ਹਰਭਜਨ ਸਿੰਘ ਤਾਂ ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਵਿਚ ਵੀ ਨਜ਼ਰ ਨਹੀਂ ਆਏ।

## ਚੋਣ ਕਮਿਸ਼ਨ ਵੱਲੋਂ ਸਾਬਕਾ ਮੁੱਖ ਮੰਤਰੀ ਚੰਨੀ ਨੂੰ ਚਿਤਾਵਨੀ

**ਚੰਡੀਗੜ੍ਹ:** ਚੋਣ ਕਮਿਸ਼ਨ ਨੇ ਸਾਬਕਾ ਮੁੱਖ ਮੰਤਰੀ ਤੇ ਜਲੰਧਰ ਸੰਸਦੀ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੂੰ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ ਮਾਮਲੇ 'ਤੇ ਚਿਤਾਵਨੀ ਦਿੱਤੀ ਹੈ। ਚੋਣ ਕਮਿਸ਼ਨ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਆਮ ਆਦਮੀ ਪਾਰਟੀ ਨੂੰ ਵੀ ਚਿਤਾਵਨੀ ਦੇ ਚੁੱਕਾ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਉਸ ਵਕਤ ਚੋਣ ਕਮਿਸ਼ਨ ਦੇ ਨਿਸ਼ਾਨੇ 'ਤੇ ਆ ਗਏ ਸਨ ਜਦੋਂ ਉਨ੍ਹਾਂ ਨੇ ਪੁਣਛ ਵਿਚ ਹੋਏ ਦਹਿਸ਼ਤੀ ਹਮਲੇ ਬਾਰੇ ਟਿੱਪਣੀ ਕੀਤੀ ਸੀ। ਚੋਣ ਕਮਿਸ਼ਨ ਨੇ ਸਾਬਕਾ ਮੁੱਖ ਮੰਤਰੀ ਚੰਨੀ ਨੂੰ ਭਵਿੱਖ ਵਿਚ ਆਦਰਸ਼ ਚੋਣ ਜ਼ਾਬਤੇ ਦੀ ਪਾਲਣਾ ਕਰਨ ਦੀ ਤਾਕੀਦ ਕਰਦਿਆਂ ਅਜਿਹੀ ਉਲੰਘਣਾ ਤੋਂ ਬਚਣ ਦੀ ਸਲਾਹ ਦਿੱਤੀ ਹੈ।

# ਉੱਤਰੀ ਭਾਰਤ 'ਚ ਅਤਿ ਦੀ ਗਰਮੀ ਦਾ ਕਹਿਰ ਜਾਰੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਸਮੇਤ ਉੱਤਰੀ ਭਾਰਤ ਦੇ ਸੂਬਿਆਂ 'ਚ ਅਤਿ ਦੀ ਗਰਮੀ ਪੈ ਰਹੀ ਹੈ। ਮੌਸਮ ਵਿਗਿਆਨ ਵਿਭਾਗ ਨੇ ਰਾਜਸਥਾਨ, ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ, ਪੱਛਮੀ ਉੱਤਰ ਪ੍ਰਦੇਸ਼ ਤੇ ਗੁਜਰਾਤ 'ਚ ਲੂ ਚੱਲਣ ਦੀ ਚਿਤਾਵਨੀ ਜਾਰੀ ਕਰਦਿਆਂ 'ਰੈੱਡ ਅਲਰਟ' ਜਾਰੀ ਕੀਤਾ ਹੈ। ਹਰਿਆਣਾ ਦਾ ਮਹੇਂਦਰਗੜ੍ਹ 47 ਡਿਗਰੀ ਨਾਲ ਸਭ ਤੋਂ ਗਰਮ ਸਥਾਨ ਦਰਜ ਕੀਤਾ ਗਿਆ। ਪੰਜਾਬ ਵਿਚ 45.2 ਡਿਗਰੀ ਨਾਲ ਅੰਮ੍ਰਿਤਸਰ ਸਭ ਤੋਂ ਗਰਮ ਸਥਾਨ ਰਿਹਾ। ਚੰਡੀਗੜ੍ਹ 'ਚ ਵੱਧ ਤੋਂ ਵੱਧ ਤਾਪਮਾਨ 44.5 ਡਿਗਰੀ ਰਿਹਾ। ਰਾਜਸਥਾਨ ਵਿਚ ਲੂ ਲੱਗਣ ਕਾਰਨ ਦੋ ਵਿਅਕਤੀਆਂ ਮੌਤ ਹੋ ਗਈ। ਸੂਬੇ ਵਿਚ ਅਤਿ ਦੀ ਗਰਮੀ ਦਾ ਕਹਿਰ ਜਾਰੀ ਹੈ। ਫਲੋਦੀ ਵਿਚ ਤਾਪਮਾਨ ਮੁੜ 50 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਸੂਬੇ ਭਰ ਵਿਚ ਦਿਨ ਦਾ ਤਾਪਮਾਨ 43 ਡਿਗਰੀ ਸੈਲਸੀਅਸ ਤੋਂ ਉੱਪਰ ਰਹਿਣ ਕਾਰਨ ਤੇਜ਼ ਲੂ ਚੱਲ ਰਹੀ ਹੈ। ਮੌਸਮ ਵਿਭਾਗ ਵੱਲੋਂ ਕਿਹਾ ਗਿਆ ਹੈ ਕਿ ਦਿਨ ਵੇਲੇ ਜੋਧਪੁਰ, ਬੀਕਾਨੇਰ, ਕੋਟਾ, ਜੈਪੁਰ, ਅਜਮੇਰ ਅਤੇ ਉਦੈਪੁਰ ਡਿਵੀਜ਼ਨਾਂ ਦੇ ਕਈ ਖੇਤਰਾਂ ਵਿਚ ਅਤਿ ਦੀ ਗਰਮੀ ਦੇ ਹਾਲਾਤ ਦੇਖੇ ਗਏ। ਰਾਜ ਦੇ ਸਿਹਤ ਵਿਭਾਗ ਨੇ ਲੂ ਕਾਰਨ 40 ਸਾਲਾ ਵਿਅਕਤੀ ਦੀ ਮੌਤ ਹੋਣ ਦੀ ਪੁਸ਼ਟੀ ਕੀਤੀ ਹੈ।




ਹਿਮਾਚਲ ਪ੍ਰਦੇਸ਼ ਦੇ ਹੇਠਲੇ ਅਤੇ ਮੱਧਮ ਪਹਾੜੀ ਇਲਾਕਿਆਂ ਵਿਚ ਕਈ ਥਾਵਾਂ 'ਤੇ ਅਤਿ ਦੀ ਗਰਮੀ ਪਈ ਅਤੇ ਸੂਬੇ ਦੀ ਰਾਜਧਾਨੀ ਸ਼ਿਮਲਾ ਵਿਚ ਤਾਪਮਾਨ 30.6 ਡਿਗਰੀ ਸੈਲਸੀਅਸ 'ਤੇ ਪਹੁੰਚਣ ਦੇ ਨਾਲ ਹੀ ਇਹ ਮੌਸਮ ਦਾ ਸਭ ਤੋਂ ਗਰਮ ਦਿਨ ਰਿਹਾ। ਊਨਾ ਸੂਬੇ ਵਿਚ ਸਭ ਤੋਂ ਗਰਮਾ ਰਿਹਾ, ਜਿੱਥੇ ਤਾਪਮਾਨ 44.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਦੇ ਸਥਾਨਕ ਦਫ਼ਤਰ ਦੇ ਡਾਇਰੈਕਟਰ ਸੁਰਿੰਦਰ ਪਾਲ ਨੇ ਦੱਸਿਆ ਕਿ ਸ਼ਿਮਲਾ ਵਿਚ ਇਸ ਮੌਸਮ ਦਾ ਸਭ ਤੋਂ ਗਰਮ ਦਿਨ ਰਿਹਾ ਅਤੇ ਪਾਰਾ 30.6 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ।

# ਕੈਨੇਡਾ 'ਚ ਸੜਕ ਹਾਦਸੇ ਲਈ ਜ਼ਿੰਮੇਵਾਰ ਭਾਰਤੀ ਨੂੰ ਡਿਪੋਰਟ ਕਰਨ ਦੇ ਹੁਕਮ

**ਵਿਨੀਪੈਗ:** ਹਮਬੋਲਟ ਬ੍ਰੋਂਕੋਸ ਜੂਨੀਅਰ ਹਾਕੀ ਟੀਮ ਨਾਲ ਜੁੜੇ ਭਿਆਨਕ ਬੱਸ ਹਾਦਸੇ ਲਈ ਜ਼ਿੰਮੇਵਾਰ ਭਾਰਤੀ ਮੂਲ ਦੇ ਟਰੱਕ ਡਰਾਈਵਰ ਜਸਕੀਰਤ ਸਿੱਧੂ ਨੂੰ ਡਿਪੋਰਟ ਕਰਨ ਦਾ ਹੁਕਮ ਦਿੱਤਾ ਗਿਆ ਹੈ। ਇਹ ਫ਼ੈਸਲਾ ਕੈਲਗਰੀ ਵਿਚ ਪਰਵਾਸੀ ਤੇ ਸ਼ਰਨਾਰਥੀ ਬੋਰਡ ਦੀ ਸੁਣਵਾਈ ਦੌਰਾਨ ਆਇਆ। ਜਸਕੀਰਤ ਸਿੱਧੂ ਨੂੰ ਸਸਕੈਚਵਨ ਸੂਬੇ ਵਿਚ 2018 ਦੇ ਬ੍ਰੋਂਕੋਸ ਬੱਸ ਹਾਦਸੇ ਦਾ ਕਾਰਨ ਬਣਨ ਲਈ ਅੱਠ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਇਸ ਹਾਦਸੇ ਵਿਚ ਜੂਨੀਅਰ ਹਾਕੀ ਟੀਮ ਦੇ 16 ਮੈਂਬਰ ਮਾਰੇ ਗਏ ਸਨ ਅਤੇ 13 ਹੋਰ ਜ਼ਖ਼ਮੀ ਹੋਏ ਸਨ। ਹੰਬੋਲਟ ਬ੍ਰੋਂਕੋਸ ਬੱਸ ਹਾਦਸਾ ਸਸਕੈਚਵਨ ਦੇ ਪੇਂਡੂ ਇਲਾਕੇ ਟਿਸਡੇਲ ਵਿਚ ਹੋਇਆ ਸੀ।

ਨਵਾਂ ਵਿਆਹਿਆ ਪਰਮਾਨੈਂਟ ਰੈਜ਼ੀਡੈਂਟ ਜਸਕੀਰਤ ਸਿੱਧੂ ਟਰੱਕ ਚਲਾ ਰਿਹਾ ਸੀ ਅਤੇ ਇੰਟਰ ਸੈਕਸ਼ਨ (ਚੌਰਾਹੇ) 'ਤੇ ਬਣੇ ਸਟਾਪ ਸਾਈਨ 'ਤੇ ਨਹੀਂ ਰੁਕਿਆ ਤੇ ਸਿੱਧਾ ਇੱਕ ਬੱਸ ਨਾਲ ਟਕਰਾ ਗਿਆ। ਇਹ ਬੱਸ ਹੰਬੋਲਟ ਬ੍ਰੋਂਕੋਸ ਦੀ ਜੂਨੀਅਰ ਹਾਕੀ ਟੀਮ ਨੂੰ ਲਿਜਾ ਰਹੀ ਸੀ। ਦਸੰਬਰ ਵਿਚ ਫੈਡਰਲ ਕੋਰਟ ਨੇ ਜਸਕੀਰਤ ਦੇ ਵਕੀਲ ਵੱਲੋਂ ਡਿਪੋਰਟੇਸ਼ਨ ਖ਼ਿਲਾਫ਼ ਦਾਇਰ ਅਪੀਲ ਖ਼ਾਰਜ ਕਰ ਦਿੱਤੀ ਸੀ।

ਜਸਕੀਰਤ ਦੇ ਵਕੀਲ ਨੇ ਅਦਾਲਤ ਵਿਚ ਦਲੀਲ ਦਿੱਤੀ ਸੀ ਕਿ ਕੈਨੇਡਾ ਬਾਰਡਰ ਸਰਵਿਸਿਜ਼ ਦੇ ਅਧਿਕਾਰੀਆਂ ਨੇ ਜਸਕੀਰਤ ਦੇ ਪਿਛਲੇ ਸਾਫ਼ ਅਪਰਾਧਿਕ ਰਿਕਾਰਡ ਅਤੇ ਇਸ ਹਾਦਸੇ ਪ੍ਰਤੀ ਉਸ ਦੇ ਪਛਤਾਵੇ 'ਤੇ ਵਿਚਾਰ ਨਹੀਂ ਕੀਤਾ ਸੀ। ਵਕੀਲ ਨੇ ਕਿਹਾ ਸੀ ਕਿ ਬਾਰਡਰ ਏਜੰਸੀ ਨੂੰ ਇਸ ਕੇਸ ਦੀ ਸਮੀਖਿਆ ਕਰਨ ਦਾ ਹੁਕਮ ਦਿੱਤਾ ਜਾਵੇ।

# ਢੀਂਡਸਾ ਅਤੇ ਜਗੀਰ ਕੌਰ ਵੱਲੋਂ ਕੈਰੋਂ ਨੂੰ ਪਾਰਟੀ ਵਿਚੋਂ ਕੱਢਣ ਦੇ ਫੈਸਲੇ ਦੀ ਨਿੰਦਾ


**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਸੁਖਦੇਵ ਸਿੰਘ ਢੀਂਡਸਾ ਅਤੇ ਬੀਬੀ ਜਾਗੀਰ ਕੌਰ ਨੇ ਪਾਰਟੀ ਵੱਲੋਂ ਸੀਨੀਅਰ ਆਗੂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਪਾਰਟੀ ਵਿਚੋਂ ਕੱਢਣ ਦੀ ਨਿੰਦਾ ਕੀਤੀ ਹੈ। ਇਸ ਨੂੰ ਪਾਰਟੀ ਦੇ ਸਿਧਾਂਤਾਂ ਤੇ ਉਲਟ ਕਰਾਰ ਦਿੱਤਾ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਪਾਰਟੀ ਦੇ ਸੀਨੀਅਰ ਆਗੂ ਐਸ.ਜੀ.ਪੀ.ਸੀ. ਮੈਂਬਰ ਤੇ ਚੰਡੀਗੜ੍ਹ ਦੇ ਸਾਬਕਾ ਮੇਅਰ ਬੀਬੀ ਹਰਜਿੰਦਰ ਕੌਰ ਨੂੰ ਬਿਨਾਂ ਕਿਸੇ ਨਾਲ ਸਲਾਹ ਮਸ਼ਵਰੇ ਤੋਂ ਪਾਰਟੀ ਤੋਂ ਕੱਢ ਦਿੱਤਾ ਸੀ। ਹਾਲਾਂਕਿ ਬਾਅਦ ਵਿਚ ਉਨ੍ਹਾਂ ਨੂੰ ਵਾਪਸ ਪਾਰਟੀ ਵਿਚ ਸ਼ਾਮਲ ਕਰਵਾਇਆ ਗਿਆ ਸੀ।



ਉਨ੍ਹਾਂ ਕਿਹਾ ਕਿ ਅਜਿਹੇ ਫੈਸਲੇ ਪਾਰਟੀ ਦੇ ਹਿੱਤ ਵਿਚ ਨਹੀਂ ਹਨ। ਇਸ ਨਾਲ ਪਾਰਟੀ ਦਾ ਅਕਸ ਖਰਾਬ ਹੁੰਦਾ ਹੈ। ਇਸ ਲਈ ਪਾਰਟੀ ਨੂੰ ਅਜਿਹੇ ਫੈਸਲੇ ਲੈਣ ਤੋ ਗੁਰੇਜ਼ ਕਰਨਾ ਚਾਹੀਦਾ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਕੈਰੋਂ ਪਰਿਵਾਰ ਦਾ ਪੰਜਾਬ ਦੀ ਰਾਜਨੀਤੀ ਵਿਚ ਅਹਿਮ ਯੋਗਦਾਨ ਹੈ। ਬੀਬੀ ਜਾਗੀਰ ਕੌਰ ਨੇ ਕਿਹਾ ਕਿ ਸ. ਕੈਰੋਂ ਨੂੰ ਆਪਣਾ ਪੱਖ ਰੱਖਣ ਦਾ ਵੀ ਮੌਕਾ ਨਹੀਂ ਦਿੱਤਾ ਗਿਆ।

# ਸਭ ਧਿਰਾਂ ਨੇ ਮਹਿਲਾਵਾਂ ਨੂੰ ਨੁਮਾਇੰਦਗੀ ਦੇਣ ਤੋਂ ਹੱਥ ਖਿੱਚੇ

**ਚੰਡੀਗੜ੍ਹ:** ਸਤੰਬਰ 2023 ਵਿਚ ਲੋਕ ਸਭਾ ਤੇ ਰਾਜ ਸਭਾ ਵਿਚ ਮਹਿਲਾਵਾਂ ਲਈ 33 ਫ਼ੀਸਦੀ ਰਾਖਵਾਂਕਰਨ ਦੇਣ ਲਈ ਪੇਸ਼ ਕੀਤੇ ਬਿੱਲ ਨੂੰ ਪਾਸ ਕਰਨ ਮੌਕੇ ਹਮਾਇਤ ਕਰਨ ਵਾਲੀਆਂ ਸਿਆਸੀ ਪਾਰਟੀਆਂ ਨੇ ਹੁਣ ਲੋਕ ਸਭਾ ਚੋਣਾਂ ਲਈ ਟਿਕਟ ਵੰਡ ਮੌਕੇ ਮਹਿਲਾਵਾਂ ਨੂੰ ਬਣਦੀ ਨੁਮਾਇੰਦਗੀ ਦੇਣ ਤੋਂ ਹੱਥ ਪਿੱਛੇ ਖਿੱਚ ਲਏ ਹਨ।




ਪੰਜਾਬ ਦੀਆਂ 13 ਲੋਕ ਸੀਟਾਂ ਲਈ ਟਿਕਟਾਂ ਦੀ ਵੰਡ ਵੇਲੇ ਵੀ ਸਿਆਸੀ ਪਾਰਟੀਆਂ ਨੇ ਮਹਿਲਾਵਾਂ ਨੂੰ ਰਾਖਵਾਂਕਰਨ ਅਨੁਸਾਰ ਉਮੀਦਵਾਰ ਨਹੀਂ ਬਣਾਇਆ। ਅਕਾਲੀ ਦਲ ਨੇ ਇਕ ਹਰਸਿਮਰਤ ਕੌਰ ਬਾਦਲ ਨੂੰ, ਭਾਜਪਾ ਨੇ ਤਿੰਨ ਉਮੀਦਵਾਰ ਪ੍ਰਨੀਤ ਕੌਰ, ਪਰਮਪਾਲ ਕੌਰ ਮਲੂਕਾ, ਅਤੇ ਅਨੀਤਾ ਸੋਮ ਪ੍ਰਕਾਸ਼, ਸੀ.ਪੀ.ਆਈ. ਨੇ ਇਕ ਅਤੇ ਕਾਂਗਰਸ ਨੇ ਦੋ ਮਹਿਲਾ ਉਮੀਦਵਾਰ ਯਾਮਿਨੀ ਗੋਮਰ ਅਤੇ ਅਮਰਜੀਤ ਕੌਰ ਸਾਹੋਕੇ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ। ਆਮ ਆਦਮੀ ਪਾਰਟੀ, ਅਕਾਲੀ ਦਲ (ਅ) ਅਤੇ ਬਸਪਾ ਨੇ ਟਿਕਟਾਂ ਦੀ ਵੰਡ ਮੌਕੇ ਮਹਿਲਾਵਾਂ ਨੂੰ ਅੱਖੋਂ-ਪਰੋਖੇ ਕਰ ਦਿੱਤਾ ਹੈ। ਉਂਝ ਬਸਪਾ ਨੇ ਚੰਡੀਗੜ੍ਹ ਲੋਕ ਸਭਾ ਹਲਕੇ ਤੋਂ ਅੰਮ੍ਰਿਤਸਰ ਨਾਲ ਸਬੰਧ ਰੱਖਦੀ ਸਮਾਜਿਕ ਕਾਰਕੁਨ ਡਾ. ਰੀਤੂ ਸਿੰਘ ਨੂੰ ਉਮੀਦਵਾਰ ਬਣਾਇਆ ਹੈ। ਸੰਗਰੂਰ ਹਲਕੇ ਲਈ ਕਿਸੇ ਪਾਰਟੀ ਨੇ ਮਹਿਲਾ ਨੂੰ ਉਮੀਦਵਾਰ ਨਹੀਂ ਬਣਾਇਆ ਜਦ ਕਿ ਸੰਗਰੂਰ ਹਲਕੇ ਵਿੱਚ ਮਹਿਲਾ ਵੋਟਰਾਂ ਦੀ ਗਿਣਤੀ 7 ਲੱਖ, 29 ਹਜ਼ਾਰ, 92 ਹੈ। ਉਂਜ ਹੁਣ ਮਹਿਲਾਵਾਂ ਸਿਆਸਤ ਵਿਚ ਦਿਲਚਸਪੀ ਲੈਣ ਲੱਗੀਆਂ ਹਨ।

# ਅਮਿਤ ਸ਼ਾਹ ਦਾ ਵਿਰੋਧ ਕਰਨ ਜਾਂਦੇ ਕਿਸਾਨ ਹਿਰਾਸਤ 'ਚ ਲਏ

**ਜਗਰਾਉਂ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਵਿਰੋਧ ਲਈ ਵੱਡੀ ਗਿਣਤੀ ਵਿਚ ਕਾਲੀਆਂ ਝੰਡੀਆਂ ਲੈ ਕੇ ਜਾ ਰਹੇ ਕਿਸਾਨਾਂ ਨੂੰ ਪੁਲਿਸ ਨੇ ਲੁਧਿਆਣਾ-ਫਿਰੋਜ਼ਪੁਰ ਹਾਈਵੇਅ 'ਤੇ ਚੌਕੀਮਾਨ ਟੌਲ ਪਲਾਜ਼ੇ 'ਤੇ ਰੋਕ ਲਿਆ। ਇਸ ਤੋਂ ਰੋਹ ਵਿਚ ਆਏ ਕਿਸਾਨਾਂ ਨੇ ਟੌਲ ਪਲਾਜ਼ੇ 'ਤੇ ਹੀ ਧਰਨਾ ਲਾ ਦਿੱਤਾ। ਕਿਸਾਨਾਂ ਨੇ ਭਾਜਪਾ ਤੇ ਮੋਦੀ ਹਕੂਮਤ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

ਬੀ.ਕੇ.ਯੂ. ਏਕਤਾ (ਡਕੌਂਦਾ) ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਗ੍ਰਹਿ ਮੰਤਰੀ ਦੇ ਵਿਰੋਧ ਲਈ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਉਧਰ, ਦੂਜੇ ਪਾਸੇ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ ਨਾਲ ਸਬੰਧਤ ਕੁਝ ਕਾਰਕੁਨ ਅੱਗੇ ਵਧਣ 'ਚ ਸਫ਼ਲ ਹੋਏ ਪਰ ਉਨ੍ਹਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ। ਟੌਲ ਵਾਲੇ ਧਰਨੇ 'ਚ ਬੀ.ਕੇ.ਯੂ. (ਲੱਖੋਵਾਲ), ਬੀ.ਕੇ.ਯੂ. (ਰਾਜੇਵਾਲ), ਜਮਹੂਰੀ ਕਿਸਾਨ ਸਭਾ, ਕੁੱਲ ਹਿੰਦ ਕਿਸਾਨ ਸਭਾ ਦੇ ਕਿਸਾਨ ਸ਼ਾਮਲ ਸਨ। ਦੂਜੇ ਪਾਸੇ ਪੁਲਿਸ ਮੁਲਾਜ਼ਮ ਵੀ ਕਾਫੀ ਗਿਣਤੀ 'ਚ ਪਹੁੰਚ ਗਏ। ਟੌਲ 'ਤੇ 'ਅਮਿਤ ਸ਼ਾਹ ਵਾਪਸ ਜਾਓ, ਮੋਦੀ ਭਜਾਓ ਦੇਸ਼ ਬਚਾਓ' ਤੇ ਹੋਰ ਨਾਅਰਿਆਂ ਦੀ ਗੂੰਜ ਉੱਠੀ। ਸੂਬਾ ਪ੍ਰਧਾਨ ਢੁੱਡੀਕੇ ਤੇ ਧਨੇਰ ਤੋਂ ਇਲਾਵਾ ਹੋਰਨਾਂ ਬੁਲਾਰਿਆਂ ਨੇ ਕਿਹਾ ਕਿ ਲੋਕ ਸਭਾ ਚੋਣਾਂ 'ਚ ਭਾਜਪਾ ਸਮੇਤ ਕਿਸੇ ਵੀ ਸਿਆਸੀ ਪਾਰਟੀ ਦੇ ਮੈਨੀਫੈਸਟੋ ਵਿਚ ਗਰੀਬੀ, ਬੇਰੁਜ਼ਗਾਰੀ ਦਾ ਕੋਈ ਹੱਲ ਨਹੀਂ ਦਿੱਤਾ ਗਿਆ। ਮੋਦੀ ਤੇ ਅਮਿਤ ਸ਼ਾਹ ਦੇਸ਼ ਵਿਚ ਇਕ ਧਰਮ ਦਾ ਰਾਜ ਬਣਾਉਣਾ ਚਾਹੁੰਦੇ ਹਨ। ਦੇਸ਼ ਨੂੰ ਫਾਸ਼ੀਵਾਦੀ ਲੀਹਾਂ 'ਤੇ ਚਲਾਉਣ ਲਈ ਇਕ ਦੇਸ਼, ਇਕ ਬੋਲੀ, ਇਕ ਕਾਨੂੰਨ ਤਹਿਤ ਵੱਖ-ਵੱਖ ਕੌਮਾਂ, ਧਰਮਾਂ ਦੀਆਂ ਮਾਨਤਾਵਾਂ ਨੂੰ ਪੈਰਾਂ ਹੇਠ ਰੋਲਣਾ ਚਾਹੁੰਦੇ ਹਨ। ਕੇਂਦਰੀ ਏਜੰਸੀ ਆਈਬੀ ਵੱਲੋਂ ਸੂਬਾ ਪ੍ਰਧਾਨ ਢੁੱਡੀਕੇ ਦੇ ਘਰ ਛਾਪਾ ਮਾਰ ਕੇ ਪਰਿਵਾਰ ਨੂੰ ਪਰੇਸ਼ਾਨ ਕਰਨ ਦੀ ਸਖ਼ਤ ਨਿੰਦਾ ਦਾ ਮਤਾ ਪਾਸ ਕੀਤਾ ਗਿਆ।



## ਕਿਸਾਨਾਂ ਵੱਲੋਂ ਰਾਜਨਾਥ ਸਿੰਘ ਦਾ ਵਿਰੋਧ

**ਬਠਿੰਡਾ:** ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਬਠਿੰਡਾ ਫੇਰੀ ਮੌਕੇ ਬੀ.ਕੇ.ਯੂ. (ਬੋਘ) ਦੇ ਸੂਬਾ ਜਨਰਲ ਸਕੱਤਰ ਬੇਅੰਤ ਸਿੰਘ ਮਹਿਮਾ ਸਰਜਾ ਦੀ ਅਗਵਾਈ ਹੇਠ ਇਕੱਠੇ ਹੋਏ ਕਿਸਾਨਾਂ ਨੂੰ ਪੁਲਿਸ ਨੇ ਸ਼ਹਿਰ ਦੇ ਰਿੰਗ ਰੋਡ 'ਤੇ ਬਣੇ ਨੰਨੀ ਛਾਂ ਚੌਕ ਵਿਚ ਰੋਕ ਲਿਆ। ਕਿਸਾਨਾਂ ਵੱਲੋਂ ਇਥੇ ਰਾਜਨਾਥ ਦੀ ਰੈਲੀ ਦਾ ਵਿਰੋਧ ਕਰਦਿਆਂ ਨਾਅਰੇਬਾਜ਼ੀ ਵੀ ਕੀਤੀ ਗਈ। ਵਿਰੋਧ ਕਰਨ ਵਾਲੇ ਕਿਸਾਨਾਂ ਵਿੱਚ ਲਛਮਣ ਸਿੰਘ, ਰਣਜੀਤ ਸਿੰਘ ਬਿੱਟੂ ਗਰੇਵਾਲ, ਦਰਸ਼ਨ ਸਿੰਘ ਪ੍ਰਧਾਨ ਪਿੰਡ ਗੋਨੇਆਣਾ ਖੁਰਦ, ਅਜਾਇਬ ਸਿੰਘ ਔਲਖ ਗੋਨਿਆਣਾ ਖੁਰਦ, ਗਗਨਦੀਪ ਸਿੰਘ ਪ੍ਰਧਾਨ ਗੋਨੇਆਣਾ ਕਲਾਂ ਆਦਿ ਸ਼ਾਮਲ ਸਨ।

# ਹਲਕਾ ਖਡੂਰ ਸਾਹਿਬ: ਪੰਥਕ ਉਮੀਦਵਾਰਾਂ ਨੇ ਸਿਆਸੀ ਸਮੀਕਰਨ ਬਦਲੇ



**ਅੰਮ੍ਰਿਤਸਰ:** ਖਡੂਰ ਸਾਹਿਬ ਲੋਕ ਸਭਾ ਹਲਕੇ ਦਾ ਪੰਥਕ ਮੈਦਾਨ ਵੋਟ ਜੰਗ ਵਾਸਤੇ ਪੂਰੀ ਤਰ੍ਹਾਂ ਤਿਆਰ ਹੈ। ਹਲਕੇ ਵਿਚ ਕੁੱਲ 27 ਉਮੀਦਵਾਰ ਮੈਦਾਨ ਵਿਚ ਹਨ ਪਰ ਮੁੱਖ ਮੁਕਾਬਲਾ ਪੰਜ ਉਮੀਦਵਾਰਾਂ ਵਿਚਾਲੇ ਹੈ। ਇਸ ਵੇਲੇ ਕਾਂਗਰਸੀ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ, 'ਆਪ' ਉਮੀਦਵਾਰ ਲਾਲਜੀਤ ਸਿੰਘ ਭੁੱਲਰ, ਸ਼੍ਰੋਮਣੀ ਅਕਾਲੀ ਦਲ ਦੇ ਵਿਰਸਾ ਸਿੰਘ ਵਲਟੋਹਾ, ਭਾਜਪਾ ਦੇ ਮਨਜੀਤ ਸਿੰਘ ਮੰਨਾ ਮੀਆਂਵਿੰਡ, ਬਸਪਾ ਵੱਲੋਂ ਸਤਨਾਮ ਸਿੰਘ ਅਤੇ ਆਜ਼ਾਦ ਉਮੀਦਵਾਰਾਂ ਵਿਚੋਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦਾ ਨਾਂ ਜ਼ਿਕਰਯੋਗ ਹਨ। ਇਨ੍ਹਾਂ ਤੋਂ ਇਲਾਵਾ ਸੀ.ਪੀ.ਆਈ. ਦੇ ਗੁਰਦਿਆਲ ਸਿੰਘ, 'ਆਸ ਪੰਜਾਬ ਦੀ' ਪਾਰਟੀ ਤੋਂ ਜੈ ਸਿੰਘ, ਆਲ ਇੰਡੀਆ ਮਜ਼ਦੂਰ ਪਾਰਟੀ (ਰੰਗਰੇਟਾ) ਵੱਲੋਂ ਦਿਲਬਾਗ ਸਿੰਘ ਅਤੇ ਸਾਂਝੀ ਵਿਰਾਸਤ ਪਾਰਟੀ ਵੱਲੋਂ ਨਵੀਨ ਕੁਮਾਰ ਮੈਦਾਨ ਵਿਚ ਹਨ। ਕੁੱਲ 27 ਉਮੀਦਵਾਰਾਂ ਵਿਚੋਂ 18 ਉਮੀਦਵਾਰ ਆਜ਼ਾਦ ਚੋਣ ਲੜ ਰਹੇ ਹਨ। ਇਸ ਵੇਲੇ ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਆਜ਼ਾਦ ਉਮੀਦਵਾਰ ਵਜੋਂ 'ਵਾਰਿਸ ਪੰਜਾਬ ਦੇ' ਅੰਮ੍ਰਿਤਪਾਲ ਸਿੰਘ ਵਿਚਾਲੇ ਸਖਤ ਮੁਕਾਬਲਾ ਬਣਿਆ ਹੋਇਆ। ਅੰਮ੍ਰਿਤਪਾਲ ਸਿੰਘ ਦੀ ਆਮਦ ਨੇ ਇਸ ਪੰਥਕ ਹਲਕੇ ਦੇ ਸਿਆਸੀ ਸਮੀਕਰਨ ਬਦਲ ਦਿੱਤੇ ਹਨ। ਹਲਕੇ ਦੇ ਸਿਆਸੀ ਮਾਹਿਰਾਂ ਅਨੁਸਾਰ ਹੁਣ ਤੱਕ ਅੰਮ੍ਰਿਤਪਾਲ ਸਿੰਘ ਨੂੰ ਵਧੇਰੇ ਸਮਰਥਨ ਮਿਲ ਰਿਹਾ ਸੀ ਪਰ ਹੁਣ ਇਨ੍ਹਾਂ ਵਿਚਾਲੇ ਇਕ ਨਵੀਂ ਸਫਬੰਦੀ ਉੱਭਰ ਰਹੀ ਹੈ, ਜਿਸ ਨਾਲ ਸਮਰਥਨ ਦੇ ਰਹੀਆਂ ਧਿਰਾਂ ਆਪਣੇ-ਆਪ ਨੂੰ ਨਜ਼ਰਅੰਦਾਜ਼ ਮਹਿਸੂਸ ਕਰ ਰਹੀਆਂ ਹਨ। ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੰਮ੍ਰਿਤਪਾਲ ਸਿੰਘ ਦੇ ਸਮਰਥਨ ਵਿਚ ਆਪਣੇ ਉਮੀਦਵਾਰ ਹਰਪਾਲ ਸਿੰਘ ਬਲੇਰ ਦਾ ਨਾਂ ਵਾਪਸ ਲੈ ਲਿਆ ਸੀ। ਇਸ ਨਵੀਂ ਸਫਬੰਦੀ ਵਿਚ ਸਮਰਥਕਾਂ ਨੂੰ ਨਜ਼ਰਅੰਦਾਜ਼ ਕੀਤੇ ਜਾਣਾ ਆਜ਼ਾਦ ਉਮੀਦਵਾਰ ਲਈ ਨੁਕਸਾਨਦੇਹ ਹੋ ਸਕਦਾ ਹੈ। ਹਲਕੇ ਦੇ ਬਹੁਤੇ ਉਮੀਦਵਾਰ ਖ਼ੁਦ ਨੂੰ ਪੰਥਕ ਜਾਂ ਪੰਥਕ ਪਰਿਵਾਰ ਦਾ ਹਿੱਸਾ ਦੱਸ ਰਹੇ ਹਨ। ਅਕਾਲੀ ਦਲ ਦੇ ਵਿਰਸਾ ਸਿੰਘ ਵਲਟੋਹਾ ਚੋਣ ਪ੍ਰਚਾਰ ਦੌਰਾਨ ਪੰਥ ਲਈ ਕੱਟੀ ਜੇਲ੍ਹ ਦਾ ਹਵਾਲਾ ਦਿੰਦੇ ਹਨ। ਕਾਂਗਰਸ ਦੇ ਕੁਲਬੀਰ ਸਿੰਘ ਜ਼ੀਰਾ ਆਪਣੇ ਦਾਦਾ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਰਹੇ ਗੁਰਦੀਪ ਸਿੰਘ ਦਾ ਜ਼ਿਕਰ ਕਰਦੇ ਹਨ। 'ਆਪ' ਉਮੀਦਵਾਰ ਲਾਲਜੀਤ ਸਿੰਘ ਭੁੱਲਰ ਸੂਬਾ ਸਰਕਾਰ ਦੀਆਂ ਵਿਕਾਸ ਯੋਜਨਾਵਾਂ ਦੇ ਆਧਾਰ 'ਤੇ ਵੋਟ ਮੰਗ ਰਹੇ ਹਨ। ਪਹਿਲਾਂ ਅਕਾਲੀ ਦਲ ਨਾਲ ਸਬੰਧਤ ਰਹੇ ਭਾਜਪਾ ਉਮੀਦਵਾਰ ਮਨਜੀਤ ਸਿੰਘ ਮੰਨਾ ਮੀਆਂਵਿੰਡ ਮੋਦੀ ਦੇ ਨਾਂ 'ਤੇ ਹਲਕੇ ਦੇ ਵਿਕਾਸ ਲਈ ਵੋਟ ਮੰਗ ਰਹੇ ਹਨ।

## ਆਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਦੇ ਹੱਕ 'ਚ ਬੈਠਿਆ

**ਤਰਨ ਤਾਰਨ:** ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਜਸਵੰਤ ਸਿੰਘ ਸੋਹਲ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ ਬੈਠਣ ਦਾ ਐਲਾਨ ਕੀਤਾ ਹੈ। ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਦੀ ਹਾਜ਼ਰੀ ਵਿਚ ਸੰਬੋਧਨ ਕਰਦਿਆਂ ਜਸਵੰਤ ਸਿੰਘ ਸੋਹਲ ਨੇ ਕਿਹਾ ਕਿ ਉਹ ਅੰਮ੍ਰਿਤਪਾਲ ਸਿੰਘ ਵੱਲੋਂ ਪੰਜਾਬ ਵਿਚੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਉਣ ਤੋਂ ਪ੍ਰਭਾਵਿਤ ਹੋ ਕੇ ਸਮਰਥਨ ਦੇਣ ਲਈ ਸਹਿਮਤ ਹੋਇਆ ਹੈ।

# ਸੀਰੀਆ ਵਿਚ ਫਸੀ ਪੰਜਾਬਣ ਦੀ ਘਰ ਵਾਪਸੀ ਹੋਈ

**ਜਲੰਧਰ:** ਸੀਰੀਆ 'ਚ ਢਾਈ ਮਹੀਨਿਆਂ ਤੋਂ ਫਸੀ ਪੰਜਾਬ ਦੀ ਧੀ ਆਖ਼ਰਕਾਰ ਵਾਪਸ ਆਪਣੇ ਘਰ ਪਰਤ ਆਈ ਹੈ। ਸੁਲਤਾਨਪੁਰ ਲੋਧੀ ਨਿਰਮਲ ਕੁਟੀਆ ਵਿਚ ਆਪਣੇ ਪਤੀ ਨਾਲ ਆਈ ਪੀੜਤਾ ਨੇ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ ਉਹ ਮੋਗਾ ਦੀ ਰਹਿਣ ਵਾਲੀ ਹੈ।

ਪੀੜਤਾ ਨੇ ਦੱਸਿਆ ਕਿ ਇਕ ਟਰੈਵਲ ਏਜੰਟ ਨੇ 70 ਹਜ਼ਾਰ ਰੁਪਏ ਵਿਚ ਉਸ ਨੂੰ 27 ਫਰਵਰੀ ਨੂੰ ਦੁਬਈ ਭੇਜਿਆ ਸੀ। ਉੱਥੇ ਜਦੋਂ ਟੂਰਿਟਸ ਵੀਜ਼ਾ ਖਤਮ ਹੋਣ ਵਾਲਾ ਸੀ ਤਾਂ ਉਸ ਨੂੰ ਸੀਰੀਆ ਭੇਜ ਦਿੱਤਾ ਗਿਆ। ਉਸ ਨੇ ਦੱਸਿਆ ਕਿ ਸੀਰੀਆ ਵਿਚ ਉਸ ਨੂੰ ਕਿਸੇ ਦੇ ਘਰ 'ਚ ਕੰਮ ਲਈ ਤੜਕੇ ਪੰਜ ਵਜੇ ਭੇਜ ਦਿੱਤਾ ਜਾਂਦਾ ਸੀ ਤੇ ਰਾਤ ਡੇਢ-ਦੋ ਵਜੇ ਵਾਪਸ ਆਉਂਦੀ ਸੀ। ਉਸ ਨੇ ਦੱਸਿਆ ਕਿ ਇਸ ਦੌਰਾਨ ਉਸ ਨੂੰ ਰਾਤ ਇਕ ਵੇਲੇ ਹੀ ਖਾਣਾ ਦਿੱਤਾ ਜਾਂਦਾ ਸੀ। ਪੀੜਤਾ ਨੇ ਦੱਸਿਆ ਕਿ ਉਸ ਨਾਲ 10 ਦੇ ਕਰੀਬ ਹੋਰ ਲੜਕੀਆਂ ਵੀ ਸਨ, ਜਿਨ੍ਹਾਂ ਨਾਲ ਗੁਲਾਮਾਂ ਵਰਗਾ ਸਲੂਕ ਕੀਤਾ ਜਾਂਦਾ ਸੀ। ਜਦੋਂ ਕੰਮ ਤੋਂ ਮਨ੍ਹਾ ਕੀਤਾ ਜਾਂਦਾ ਤਾਂ ਔਰਤਾਂ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਜਾਂਦੀ। ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦੀ ਪਤਨੀ ਦੀ ਵਾਪਸੀ ਲਈ ਟਰੈਵਲ ਏਜੰਟ ਉਸ ਕੋਲੋਂ ਕਰੀਬ 4 ਲੱਖ ਰੁਪਏ ਮੰਗ ਰਿਹਾ ਸੀ।

ਉਹ ਪਰਿਵਾਰ ਸਣੇ 25 ਅਪਰੈਲ ਨੂੰ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਕੋਲ ਪਹੁੰਚਿਆ ਸੀ, ਜਿਨ੍ਹਾਂ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਭਾਰਤੀ ਦੂਤਾਵਾਸ ਨਾਲ ਸੰਪਰਕ ਕੀਤਾ।

ਉਨ੍ਹਾਂ ਦੇ ਯਤਨਾਂ ਸਦਕਾ ਹੀ ਉਸ ਦੀ ਪਤਨੀ 25 ਦਿਨਾਂ ਬਾਅਦ ਵਾਪਸ ਘਰ ਪਹੁੰਚ ਸਕੀ ਹੈ। ਇਸ ਮੌਕੇ ਸ੍ਰੀ ਸੀਚੇਵਾਲ ਨੇ ਦੱਸਿਆ ਕਿ ਏਜੰਟਾਂ ਵੱਲੋਂ ਲਗਾਤਾਰ ਗ਼ਰੀਬ ਵਰਗ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

# ਵੋਟਰਾਂ ਨੂੰ ਘਰ ਬੈਠੇ ਮਿਲੇਗੀ ਪੋਲਿੰਗ ਬੂਥਾਂ ਬਾਰੇ ਜਾਣਕਾਰੀ

**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਦੇ ਵੋਟਾਂ ਵਾਲੇ ਦਿਨ ਪਹਿਲੀ ਜੂਨ ਨੂੰ ਲੋਕ ਆਪਣੇ ਪੋਲਿੰਗ ਬੂਥ 'ਤੇ ਜਾਣ ਤੋਂ ਪਹਿਲਾਂ ਇਹ ਜਾਣ ਸਕਣਗੇ ਕਿ ਉਨ੍ਹਾਂ ਦੇ ਬੂਥ 'ਤੇ ਕਿੰਨੇ ਕੁ ਲੋਕ ਵੋਟ ਪਾਉਣ ਲਈ ਕਤਾਰਾਂ ਵਿਚ ਖੜ੍ਹੇ ਹਨ। ਇਸ ਤਰ੍ਹਾਂ ਲੋਕਾਂ ਨੂੰ ਅਤਿ ਦੀ ਗਰਮੀ ਵਿਚ ਵੋਟ ਪਾਉਣ ਲਈ ਲੰਬਾ ਸਮਾਂ ਕਤਾਰਾਂ ਵਿਚ ਖੜ੍ਹੇ ਨਹੀਂ ਹੋਣਾ ਪਵੇਗਾ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਇਸ ਸਬੰਧੀ 'ਵੋਟਰ ਕਿਊ ਇਨਫਰਮੇਸ਼ਨ ਸਿਸਟਮ' ਸ਼ੁਰੂ ਕੀਤਾ ਹੈ। ਇਹ ਸਿਸਟਮ ਐਨ.ਆਈ.ਸੀ. ਪੰਜਾਬ ਅਤੇ ਮੈਟਾ ਨਾਲ ਮਿਲ ਕੇ ਤਿਆਰ ਕੀਤਾ ਗਿਆ ਹੈ। ਸ੍ਰੀ ਸਿਬਿਨ ਨੇ ਕਿਹਾ ਕਿ ਕਿਊ ਇਨਫਰਮੇਸ਼ਨ ਸਿਸਟਮ ਨੂੰ ਵਰਤਣ ਲਈ ਵੋਟਰਾਂ ਨੂੰ ਵਟਸਐਪ ਨੰਬਰ 74474-47217 ਉਤੇ 'ਵੋਟ' ਲਿਖ ਕੇ ਮੈਸੇਜ ਭੇਜਣਾ ਹੋਵੇਗਾ।

# ਲੋਕ ਸਭਾ ਚੋਣਾਂ: ਪ੍ਰਚਾਰ ਤੋਂ ਦੂਰ ਹੀ ਰਹੇ ਘਾਗ ਸਿਆਸਤਦਾਨ




**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਦੇ ਪ੍ਰਚਾਰ ਲਈ ਸੂਬੇ ਦੇ ਘਾਗ ਸਿਆਸਤਦਾਨਾਂ ਨੇ ਦੂਰੀ ਬਣਾਈ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਪਟਿਆਲਾ, ਗੁਰਦਾਸਪੁਰ ਅਤੇ ਜਲੰਧਰ ਸੰਸਦੀ ਹਲਕਿਆਂ ਵਿਚ ਦੋ ਦਿਨ ਭਾਜਪਾ ਉਮੀਦਵਾਰਾਂ ਦੇ ਹੱਕ ਵਿਚ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ। ਹਾਲਾਂਕਿ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਜੇ ਤੱਕ ਕਿਸੇ ਚੋਣ ਜਲਸੇ ਵਿਚ ਸੰਬੋਧਨ ਕਰਦੇ ਨਜ਼ਰ ਨਹੀਂ ਆਏ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸੰਸਦੀ ਚੋਣਾਂ ਦੇ ਐਲਾਨ ਤੋਂ ਪਹਿਲਾਂ ਬਠਿੰਡਾ ਇਲਾਕੇ ਵਿਚ ਕਾਂਗਰਸੀ ਵਰਕਰਾਂ ਦੀਆਂ ਵੱਡੀਆਂ ਰੈਲੀਆਂ ਕੀਤੀਆਂ ਸਨ ਜਦੋਂਕਿ ਹੁਣ ਉਹ ਪਾਰਟੀ ਉਮੀਦਵਾਰਾਂ ਲਈ ਚੋਣ ਪ੍ਰਚਾਰ ਨਹੀਂ ਕਰ ਰਹੇ। ਕਾਂਗਰਸ ਦੇ ਸਾਬਕਾ ਸੂਬਾਈ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋਂ ਵੀ ਮਾਲਵਾ ਖੇਤਰ ਦੇ ਕਿਸੇ ਹਲਕੇ ਵਿਚ ਸੰਬੋਧਨ ਕਰਨ ਲਈ ਨਹੀਂ ਆਏ। ਉੱਧਰ, ਆਵਾਜ਼-ਏ-ਪੰਜਾਬ ਵਜੋਂ ਜਾਣੇ ਜਾਂਦੇ ਜਗਮੀਤ ਸਿੰਘ ਬਰਾੜ ਵੀ ਚੁੱਪ ਹਨ। ਉਹ ਵੀ ਕਿਧਰੇ ਸੰਬੋਧਨ ਕਰਦੇ ਨਹੀਂ ਦਿਖੇ। ਬਠਿੰਡਾ ਲੋਕ ਸਭਾ ਹਲਕੇ ਤੋਂ ਬਾਦਲ ਪਰਿਵਾਰ ਦੇ ਪੁੱਤਰ ਮਨਪ੍ਰੀਤ ਸਿੰਘ ਬਾਦਲ ਦੀਆਂ ਤਕਰੀਰਾਂ ਨੂੰ ਲੋਕ ਬੜੇ ਗਹੁ ਨਾਲ ਸੁਣਦੇ ਸਨ। ਉਨ੍ਹਾਂ ਨੇ ਵੀ ਚੋਣਾਂ ਤੋਂ ਦੂਰੀ ਬਣਾਈ ਹੋਈ ਹੈ। ਉਨ੍ਹਾਂ ਦੀ ਹਾਲ ਹੀ ਵਿਚ ਦਿਲ ਦੀ ਸਰਜਰੀ ਹੋਈ ਹੈ ਅਤੇ ਬਿਮਾਰੀ ਕਾਰਨ ਉਹ ਘਰ ਆਰਾਮ ਕਰਦੇ ਦੱਸੇ ਜਾਂਦੇ ਹਨ।

ਅਕਾਲੀ ਦਲ ਦੇ ਸੀਨੀਅਰ ਨੇਤਾ ਸੁਖਦੇਵ ਸਿੰਘ ਢੀਂਡਸਾ ਚੋਣ ਮੰਚ 'ਤੇ ਦਿਖਾਈ ਨਹੀਂ ਦੇ ਰਹੇ। ਬੇਅਦਬੀ ਦੀਆਂ ਘਟਨਾਵਾਂ ਮਗਰੋਂ ਉਨ੍ਹਾਂ ਅਕਾਲੀ ਦਲ ਨੂੰ ਅਲਵਿਦਾ ਆਖ ਦਿੱਤੀ ਸੀ। ਹੁਣ ਨਵੇਂ ਰਲੇਵੇਂ ਮਗਰੋਂ ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਸੰਗਰੂਰ ਲੋਕ ਸਭਾ ਹਲਕੇ ਤੋਂ ਟਿਕਟ ਨਹੀਂ ਦਿੱਤੀ ਗਈ। ਇਸੇ ਤਰ੍ਹਾਂ ਰਾਘਵ ਚੱਢਾ ਸਮੇਤ 'ਆਪ' ਦੇ ਕਿਸੇ ਰਾਜ ਸਭਾ ਮੈਂਬਰ ਨੇ ਬਠਿੰਡਾ ਵਿਚ ਦਰਸ਼ਨ ਨਹੀਂ ਦਿੱਤੇ।

# ਮਲੂਕਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ



**ਮਾਨਸਾ:** ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਵੋਟਾਂ ਤੋਂ ਐਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਅਚਾਨਕ ਪ੍ਰਗਟ ਹੋ ਗਏ ਹਨ। ਮਲੂਕਾ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਹਨ ਅਤੇ 9 ਅਪਰੈਲ ਨੂੰ ਆਪਣੀ ਨੂੰਹ ਦੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਚੋਣ ਮੁਹਿੰਮ ਤੋਂ ਦੂਰੀ ਬਣਾ ਲਈ ਸੀ ਹਾਲਾਂਕਿ ਉਹ ਅਪਰੈਲ ਦੇ ਪਹਿਲੇ ਹਫ਼ਤੇ ਤੱਕ ਉਮੀਦਵਾਰ ਹਰਸਿਮਰਤ ਕੌਰ ਬਾਦਲ ਲਈ ਚੋਣ ਪ੍ਰਚਾਰ ਕਰ ਰਹੇ ਸਨ ਪਰ ਬਾਅਦ ਵਿਚ ਉਨ੍ਹਾਂ ਨਾ ਤਾਂ ਅਕਾਲੀ ਦਲ ਅਤੇ ਨਾ ਹੀ ਭਾਜਪਾ ਲਈ ਪ੍ਰਚਾਰ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ ਹਨ। ਉਨ੍ਹਾਂ ਸੋਸ਼ਲ ਮੀਡੀਆ 'ਤੇ ਸਿੱਖ ਕੌਮ ਦੀਆਂ ਕੁਰਬਾਨੀਆਂ ਨੂੰ ਉਜਾਗਰ ਕਰਦਾ ਇਕ ਵੀਡੀਓ ਸੰਦੇਸ਼ ਜਾਰੀ ਕੀਤਾ ਹੈ ਜਿਸ ਵਿਚ ਉਨ੍ਹਾਂ ਨਰਿੰਦਰ ਮੋਦੀ ਵੱਲੋਂ ਸਿੱਖ ਭਾਈਚਾਰੇ ਲਈ ਵੱਡੇ ਪੱਧਰ 'ਤੇ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਹੈ।

ਸ੍ਰੀ ਮਲੂਕਾ ਦਾ ਇਹ ਬਿਆਨ ਇਸ ਲਈ ਵੀ ਅਹਿਮ ਹੈ ਕਿਉਂਕਿ ਉਨ੍ਹਾਂ ਦੀ ਨੂੰਹ ਪਰਮਪਾਲ ਕੌਰ ਸਿੱਧੂ ਭਾਜਪਾ ਦੀ ਟਿਕਟ 'ਤੇ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖ ਕੌਮ ਲਈ ਬਹੁਤ ਕੁਝ ਕੀਤਾ ਹੈ ਅਤੇ ਉਨ੍ਹਾਂ ਦੀ ਕਦਰ ਕਰਨੀ ਚਾਹੀਦੀ ਹੈ।


One stop shop for all your taxi needs

The Friendly Group Ltd.
Chelsea Taxi Brokers
Address: 287 10 AVE 2nd Floor, New York NY 10001
Ph: 212-947-9833, 212-695-0601
40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ

*All types of insurance*
** Medallion transfers*
** Accident claims*
** Taxi Stand Facility available*



We are here at your service to sell and buy or insure medallions and we are in business to help our Punjabi Community since last 40 years.

*Ask us about Purchase or new buyer and financing.

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।

# ਪੰਜਾਬੀ ਸਾਹਿਤ ਸਭਾ ਕੈਲਗਰੀ ਵਲੋਂ ਯੁੱਗ ਕਵੀ ਡਾ. ਸੁਰਜੀਤ ਪਾਤਰ ਨੂੰ ਸ਼ਰਧਾਂਜਲੀਆਂ

**ਕੈਲਗਰੀ**: ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ 26 ਮਈ ਨੂੰ ਕੋਸੋ ਹਾਲ ਵਿਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ। ਸੁਰਿੰਦਰ ਗੀਤ ਦਾ ਡਾ. ਰਾਜਵੰਤ ਕੌਰ ਮਾਨ ਅਤੇ ਸੁਰਿੰਦਰ ਕੰਮਹੋ ਨੇ ਪ੍ਰਧਾਨਗੀ ਮੰਡਲ ਵਿਚ ਸਾਥ ਦਿੱਤਾ।

ਇਸ ਇਕੱਤਰਤਾ ਦੀ ਸਾਰੀ ਕਾਰਵਾਈ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਮਾਣ, ਮਹਾਨ ਕਵੀ ਅਤੇ ਚਿੰਤਕ ਡਾ. ਸੁਰਜੀਤ ਪਾਤਰ ਦੀ ਯਾਦ ਨੂੰ ਸਮਰਪਿਤ ਰਹੀ। ਆਰੰਭ ਵਿਚ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਭਰੀਆਂ ਅੱਖਾਂ ਨਾਲ ਪਾਤਰ ਦੀ ਅਚਾਨਕ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਉਹ ਮਹਾਨ ਕਵੀ ਹੋਣ ਦੇ ਨਾਲ ਨਾਲ ਮਹਾਨ ਇਨਸਾਨ ਵੀ ਸਨ। ਮਿੱਠ ਬੋਲੜੇ ਸੁਭਾਅ ਦੇ ਮਾਲਕ ਡਾ. ਸੁਰਜੀਤ ਪਾਤਰ ਦੀ ਮੌਤ ਨੇ ਸਾਰੇ ਸੰਸਾਰ ਨੂੰ ਗਮਗੀਨ ਕਰ ਦਿੱਤਾ। ਇਉਂ ਲੱਗਦਾ ਸੀ ਜਿਵੇਂ ਕਵਿਤਾ ਥੰਮ ਗਈ ਹੋਵੇ, ਹਵਾ ਬੁਖਲਾ ਗਈ ਹੋਵੇ ਤੇ ਰੁੱਖਾਂ ਦੇ ਪੱਤੇ ਖ਼ਾਮੋਸ਼ ਹੋ ਗਏ ਹੋਣ। ਉਹ ਕੁਦਰਤ ਨੂੰ ਅਥਾਹ ਪਿਆਰ ਕਰਦੇ ਸਨ ਅਤੇ ਉਨ੍ਹਾਂ ਦਾ ਚੁੱਪ-ਚੁਪੀਤੇ ਬਿਨਾਂ ਕਿਸੇ ਦੁੱਖ ਦਰਦ ਦੇ ਤੁਰ ਜਾਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਕੁਦਰਤ ਵੀ ਉਨ੍ਹਾਂ ਨੂੰ ਅੰਤਾਂ ਦਾ ਮੋਹ ਕਰਦੀ ਸੀ। ਡਾ. ਪਾਤਰ ਦੀ ਕਵਿਤਾ ਦਾ ਸੁਭਾਅ ਬੜਾ ਸ਼ਾਂਤ ਹੈ। ਵੱਡੀਆਂ ਵੱਡੀਆਂ ਗੱਲਾਂ ਨੂੰ ਬੜੇ ਸਰਲ ਢੰਗ ਨਾਲ ਕਹਿ ਦੇਣਾ ਉਨ੍ਹਾਂ ਦੀ ਕਵਿਤਾ ਦੀ ਖਾਸੀਅਤ ਹੈ, ਵਡੱਤਣ ਹੈ। ਉਨ੍ਹਾਂ ਨੇ ਡਾ. ਪਾਤਰ ਦੇ ਕਈ ਕਾਵਿ ਟੋਟਕੇ ਤਰੰਨਮ ਵਿਚ ਸਰੋਤਿਆਂ ਨਾਲ ਸਾਂਝੇ ਕੀਤੇ।

ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਆਪਣੇ ਨਿੱਜੀ ਤਜਰਬਿਆਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਇਹ ਮਹਾਨ ਕਵੀ ਮੇਰਾ ਵੱਡਾ ਵੀਰ ਸੀ। 1994 ਤੋਂ ਸ਼ੁਰੂ ਹੋਈ ਸਾਂਝ ਅੱਜ ਤਕ ਕਾਇਮ ਰਹੀ। ਮੇਰੀ ਪਹਿਲੀ ਪੁਸਤਕ 'ਤੇ ਮੈਨੂੰ ਦੱਸੇ ਬਿਨਾਂ ਮੇਰਾ ਨਾਮ 'ਗੀਤ' ਲਿਖਵਾ ਦਿੱਤਾ ਤੇ ਇਉਂ ਮੈਂ ਸੁਰਿੰਦਰ ਕੌਰ ਗਿੱਲ ਤੋਂ 'ਸੁਰਿੰਦਰ ਗੀਤ' ਬਣ ਗਈ। ਉਨ੍ਹਾਂ ਭਾਵੁਕ ਹੁੰਦਿਆਂ ਦੱਸਿਆ ਕਿ ਵੀਰ ਜੀ ਨੇ ਪੈਰ ਪੈਰ 'ਤੇ ਮੇਰੀ ਅਤੇ ਮੇਰੀ ਕਵਿਤਾ ਦੀ ਅਗਵਾਈ ਕੀਤੀ। ਸਭ ਕੁਝ ਆਪਣੇ ਹੱਥੀਂ



ਕਰ ਕੇ ਵੀ ਯਕੀਨ ਨਹੀਂ ਆ ਰਿਹਾ ਕਿ ਉਹ ਇਸ ਦੁਨੀਆਂ ਵਿਚ ਨਹੀਂ ਹਨ।

ਰਚਨਾਵਾਂ ਦੇ ਦੌਰ ਵਿਚ ਸਰਬਜੀਤ ਸਿੰਘ ਰੰਧਾਵਾ ਨੇ 'ਜ਼ਿੰਦਗੀ ਦਾ ਸੱਚ' ਨਾਮੀ ਕਵਿਤਾ ਰਾਹੀਂ ਡਾ. ਸੁਰਜੀਤ ਪਾਤਰ ਨੂੰ ਸ਼ਰਧਾ ਦੇ ਫ਼ੁੱਲ ਭੇਟ ਕੀਤੇ। ਡਾ. ਰਾਜਵੰਤ ਕੌਰ ਮਾਨ ਨੇ ਆਪਣੀਆਂ ਕੁਝ ਯਾਦਾਂ ਦੀ ਸਾਂਝ ਪਾਈ। ਡਾ. ਰਾਜਵੰਤ ਕੌਰ ਮਾਨ ਦੇ ਬੇਟੇ ਰਵੀ ਮਾਨ ਨੇ ਪਾਤਰ ਹੋਰਾਂ ਦੀਆਂ ਗ਼ਜ਼ਲਾਂ ਦੀ ਇਕ ਬਹੁਤ ਖ਼ੂਬਸੂਰਤ ਸੀਡੀ ਵੀ ਰਿਕਾਰਡ ਕਰਵਾਈ ਹੈ।

ਵਿਜੈ ਸਚਦੇਵਾ ਨੇ ਡਾ. ਸੁਰਜੀਤ ਪਾਤਰ ਬਾਰੇ ਕਿਹਾ ਕਿ ਉਹ ਬੌਧਿਕਤਾ ਅਤੇ ਭਾਵੁਕਤਾ ਵਿਚਕਾਰ ਇਕ ਪੁਲ ਸਨ। ਉਨ੍ਹਾਂ ਨੇ ਬਹੁਤ ਹੀ ਮਕਬੂਲ ਹੋਈ ਰਚਨਾ ਸੁਰੀਲੀ ਆਵਾਜ਼ ਵਿਚ ਸੁਣਾਈ।

ਤੂੰ ਜਗਾ ਲੈ ਮੋਮ-ਬਤੀਆਂ
ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ
ਪੌਣਾਂ ਕੁਪੱਤੀਆਂ
ਉੱਠ ਤੂੰ ਜਗਾ ਲੈ ਮੋਮਬਤੀਆਂ।

ਰਵੀ ਜਨਾਗਲ ਨੇ ਡਾ. ਸੁਰਜੀਤ ਪਾਤਰ ਦੀ ਖ਼ੂਬਸੂਰਤ ਗ਼ਜ਼ਲ ਨੂੰ ਆਵਾਜ਼ ਦੇ ਕੇ ਸ਼ਰਧਾ ਦੇ ਫ਼ੁੱਲ ਭੇਟ ਕੀਤੇ।

ਜੇ ਆਈ ਪੱਤਝੜ ਤਾਂ ਫੇਰ ਕੀ ਏ
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ
ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਬਲਬੀਰ ਗੋਰਾ ਨੇ ਜੀਵਨ ਦੀ ਸਚਾਈ 'ਮੌਤ' ਬਾਰੇ ਆਪਣਾ ਮੌਲਿਕ ਗੀਤ ਸੁਣਾਇਆ ਅਤੇ ਪਾਤਰ ਸਾਹਿਬ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ।

ਚਰਨਜੀਤ ਕੌਰ ਬਾਜਵਾ ਨੇ ਬੜੀ ਹੀ ਖ਼ੂਬਸੂਰਤੀ ਨਾਲ 'ਕੱਚ ਦਾ ਗਲਾਸ' ਸੁਣਾਇਆ।

'ਅੱਜ ਮੇਰੇ ਕੋਲੋਂ ਕੱਚ ਦਾ ਗਲਾਸ ਟੁੱਟਿਆ
ਤੇ ਮੈਨੂੰ ਅੰਮੜੀ ਨੇ
ਮੈਨੂੰ ਅੰਮੜੀ ਨੇ ਦਿੱਤੀਆਂ ਨੇ ਲੱਖ ਝਿੜਕਾਂ
ਤੇ ਮੇਰੇ ਨੈਣਾਂ ਵਿਚੋਂ
ਮੇਰੇ ਨੈਣਾਂ ਵਿਚੋਂ ਛਮ ਛਮ ਨੀਰ ਫ਼ੁੱਟਿਆ
ਮੇਰੇ ਨੈਣਾਂ ਵਿਚੋਂ'

ਸਭਾ ਦੇ ਸੀਨੀਅਰ ਮੀਤ ਪ੍ਰਧਾਨ ਜਰਨੈਲ ਤੱਗੜ ਨੇ ਡਾ. ਸੁਰਜੀਤ ਪਾਤਰ ਦੇ ਕੁਝ ਚੋਣਵੇਂ ਸ਼ਿਅਰਾਂ ਨਾਲ ਆਪਣੀ ਹਾਜ਼ਰੀ ਲਗਵਾਈ। ਸੁਖਮਿੰਦਰ ਤੂਰ ਨੇ ਆਪਣੀ ਸੁਰੀਲੀ ਆਵਾਜ਼ ਵਿਚ ਡ. ਪਾਤਰ ਦੀ ਰਚਨਾ ਪੇਸ਼ ਕੀਤੀ।

ਕਵਿਤਾ ਦੇ ਨਾਲ ਕਵੀਓ
ਇਕ ਜਾਨ ਹੋ ਕੇ ਜਿਊਣਾ
ਜਿਊਣਾ ਪਿਆ ਨਗਨ ਤਾਂ
ਕਿਰਪਾਨ ਹੋ ਕੇ ਜਿਊਣਾ

ਤਰਲੋਚਨ ਸੈਂਬੀ ਨੇ ਸ਼ਰਧਾ ਦੇ ਫ਼ੁੱਲ ਭੇਟ ਕਰਦਿਆਂ ਡਾ. ਪਾਤਰ ਦੀ ਰਚਨਾ 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ, ਅਸੀਂ ਰਹਿ ਗਏ ਬਿਰਖ਼ ਵਾਲੀ ਹਾ ਬਣ ਕੇ' ਸੁਣਾਈ। ਇਸ ਤੋਂ ਇਲਾਵਾ ਮਨਜੀਤ ਕੌਰ ਖਹਿਰਾ, ਗੁਰਮੀਤ ਕੌਰ ਸਮਰਾ, ਪਰਸ਼ੋਤਮ ਭਾਰਦਵਾਜ, ਸੁਖਦਰਸ਼ਨ ਸਿੰਘ ਜੱਸਲ, ਦਿਲਾਵਰ ਸਿੰਘ ਸਮਰਾ, ਤੇਜਾ ਸਿੰਘ ਪ੍ਰੇਮੀ, ਬਲਵਿੰਦਰ ਕੌਰ, ਗੁਰਬਖ਼ਸ਼ ਸਿੰਘ ਗਿੱਲ, ਸਬਾ ਸਦੀਕ, ਅਵਤਾਰ ਕੌਰ ਤੱਗੜ, ਤਰਜੀਤ ਲਾਲੀ, ਸੁਖਜੀਤ ਕੌਰ ਲਾਲੀ, ਪਰਗਨ ਸਿੰਘ ਰਾਏ, ਸ਼ਮਿੰਦਰ ਕੰਮੋਹ, ਸਰਬਜੀਤ ਉੱਪਲ, ਗੁਰਮੀਤ ਭੱਟੀ, ਦਰਬਾਰਾ ਸਿੰਘ ਸੰਧੂ, ਮਨਜੀਤ ਬਰਾੜ, ਗੁਰਦੀਪ ਸਿੰਘ ਗਹੀਰ, ਜਸਵੰਤ ਸਿੰਘ ਕਪੂਰ, ਅਮਰੀਕ ਸਰੋਆ, ਸੁਰਜੀਤ ਸਿੰਘ ਹੇਅਰ, ਮੰਗਲ ਚੱਠਾ, ਗੁਰਰਾਜ ਸਿੰਘ ਵਿਰਕ ਨੇ ਆਪਣੀ ਹਾਜ਼ਰੀ ਲਗਵਾ ਕੇ ਪੰਜਾਬੀ ਦੇ ਮਹਾਨ ਸਪੂਤ ਨੂੰ ਸ਼ਰਧਾ ਦੇ ਪੁਸ਼ਪ ਭੇਟ ਕੀਤੇ। ਵਿਜੈ ਸਚਦੇਵਾ ਨੇ ਦੂਸਰੀ ਵਾਰ ਹਾਜ਼ਰੀ ਲਗਵਾਉਂਦੇ ਹੋਏ ਡਾ. ਪਾਤਰ ਦੀ ਮਕਬੂਲ ਗ਼ਜ਼ਲ 'ਅਸਾਡੀ ਤੁਹਾਡੀ ਮੁਲਾਕਾਤ ਹੋਈ,
ਜਿਉਂ ਬਲਦੇ ਜੰਗਲ ਤੇ ਬਰਸਾਤ ਹੋਈ'
ਸੁਣਾਈ।

ਹੈੱਡਮਾਸਟਰ ਬਲਜੀਤ ਸਿੰਘ ਰੌਣੀ ਨੇ ਆਪਣੀ ਰਚਨਾ ਰਾਹੀਂ ਹਾਜ਼ਰੀ ਲਗਵਾਈ। ਅੰਤ ਵਿਚ ਸੁਭਿਦੂ ਸ਼ਰਮਾ ਨੇ ਬੜੇ ਭਾਵਪੂਰਤ, ਖ਼ੂਬਸੂਰਤ ਕਲਾਤਮਕ ਲਹਿਜ਼ੇ ਵਿਚ ਛੋਟਾ ਜਿਹਾ ਸੰਵਾਦ ਪੇਸ਼ ਕੀਤਾ ਜਿਸਨੇ ਸਭ ਨੂੰ ਹੋਰ ਭਾਵੁਕ ਕਰ ਦਿੱਤਾ।

ਵਰਣਨਯੋਗ ਹੈ ਕਿ ਨੌਰਥ ਕੈਲਗਰੀ ਕਲਚਰ ਐਸੋਸੀਏਸ਼ਨ ਦੇ ਮੈਂਬਰਾਂ ਦੀ ਬੇਨਤੀ 'ਤੇ ਆਪਣੀ ਭਰਵੀਂ ਹਾਜ਼ਰੀ ਲਵਾ ਕੇ ਪੰਜਾਬੀ ਸਾਹਿਤ ਸਭਾ ਦਾ ਮਾਣ ਵਧਾਇਆ। ਪੰਜਾਬੀ ਸਾਹਿਤ ਸਭਾ ਦੀ ਸਮੁੱਚੀ ਕਾਰਜਕਰਨੀ ਕਮੇਟੀ ਅਤੇ ਮੈਂਬਰਾਂ ਵਲੋਂ ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦਾ ਧੰਨਵਾਦ ਕੀਤਾ ਗਿਆ। ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਖਹਿਰਾ ਨੇ ਸੁਚੱਜੇ ਢੰਗ ਨਾਲ ਕੀਤਾ। ਚਾਹ ਪਾਣੀ ਦੀ ਸੇਵਾ ਸ. ਪਰਗਨ ਸਿੰਘ ਰਾਏ ਅਤੇ ਮਨਜੀਤ ਬਰਾੜ ਨੇ ਕੀਤੀ।

ਜੂਨ ਮਹੀਨੇ ਦੀ ਮਾਸਿਕ ਇਕੱਤਰਤਾ ਦੀ ਤਾਰੀਖ ਦਾ ਛੇਤੀ ਐਲਾਨ ਕਰ ਦਿੱਤਾ ਜਾਵੇਗਾ। ਹੋਰ ਜਾਣਕਾਰੀ ਲਈ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੂੰ 403 968 - 2880 ਜਾਂ ਪ੍ਰਧਾਨ ਸੁਰਿੰਦਰ ਗੀਤ ਨੂੰ 403 605-3734 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਰਿਚਫੀਲਡ ਗੁਰਦੁਆਰਾ ਸਾਹਿਬ ਵਿਚ ਹੋਇਆ 'ਸਿੱਖ ਯੂਥ ਸਿੰਪੋਜ਼ੀਅਮ 2024'

**ਕਲੀਵਲੈਂਡ (ਬਿਊਰੋ)**: ਪਿਛਲੇ ਦਿਨੀਂ ਗਰੇਟਰ ਕਲੀਵਲੈਂਡ ਵਿਚ ਗੁਰਦੁਆਰਾ ਗੁਰੂ



ਨਾਨਕ ਫਾਊਂਡੇਸ਼ਨ ਰਿਚਫੀਲਡ ਵਿਖੇ ਸਟੇਟ ਸਿੱਖ ਸਿੰਪੋਜ਼ੀਅਮ-2024 ਦਾ ਆਯੋਜਨ ਕੀਤਾ ਗਿਆ ਜਿਸ ਵਿਚ ਓਹਾਇਓ ਦੇ 6 ਸ਼ਹਿਰਾਂ ਦੇ ਬੱਚਿਆਂ ਨੇ ਭਾਗ ਲਿਆ। ਬੱਚਿਆਂ ਨੂੰ ਉਮਰ ਮੁਤਾਬਕ 5 ਗਰੁੱਪਾਂ ਵਿਚ ਵੰਡਿਆ ਗਿਆ ਅਤੇ ਉਨ੍ਹਾਂ ਨੇ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਸਿੱਖ ਧਰਮ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ ਬਾਰੇ ਵਿਚਾਰ ਪੇਸ਼ ਕੀਤੇ ਜਿਨ੍ਹਾਂ ਨੂੰ ਹਾਜ਼ਰ ਸੰਗਤਾਂ ਵਲੋਂ ਬਹੁਤ ਸਲਾਹਿਆ ਗਿਆ। ਇਸ ਮੌਕੇ ਬੱਚਿਆਂ ਦੇ ਮਾਪਿਆਂ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਭਰਵੀਂ ਹਾਜ਼ਰੀ ਸੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਦੂਰ ਤੋਂ ਆਈਆਂ ਸੰਗਤਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਗੁਰਦੁਆਰੇ ਦੇ ਮੁੱਖ ਸੇਵਾਦਾਰ ਰਜਿੰਦਰ ਸਿੰਘ ਵੱਲੋਂ ਰਿਚਫੀਲਡ ਗੁਰਦੁਆਰੇ ਨਾਲ ਸੰਬੰਧਤ ਯੂਥ ਸਿੰਪੋਜ਼ੀਅਮ ਵਿਚ ਗੁਰੱਪ 1 ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਅਵਨੂਰ ਕੌਰ ਅਤੇ ਗਰੁੱਪ 3 ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਪ੍ਰਭਨੂਰ ਸਿੰਘ ਨੂੰ ਵਧਾਈਆਂ ਦਿਤੀਆਂ ਗਈਆਂ। ਸਾਰੇ ਗਰੁੱਪਾਂ ਵਿਚ ਪਹਿਲੇ ਤੇ ਦੂਸਰੇ ਸਥਾਨ 'ਤੇ ਆਉਣ ਵਾਲੇ ਜੇਤੂ ਬੱਚੇ ਹੁਣ ਅਗਸਤ ਨੂੰ ਡੈਲਸ



ਵਿਚ ਹੋਣ ਵਾਲੇ ਇੰਟਰਨੈਸ਼ਨਲ ਯੂਥ ਸਿੰਪੋਜ਼ੀਅਮ ਵਿਚ ਭਾਗ ਲੈਣਗੇ।

# ਸਿੱਖ ਇਤਿਹਾਸਕਾਰ ਪ੍ਰੋ. ਸੰਤ ਸਿੰਘ ਪਦਮ ਦਾ ਦੇਹਾਂਤ

**ਮਲੇਰਕੋਟਲਾ:** ਸਿੱਖ ਇਤਿਹਾਸਕਾਰ ਪ੍ਰੋਫੈਸਰ ਸੰਤ ਸਿੰਘ ਪਦਮ ਦਾ ਲੰਘੇ ਦਿਨੀਂ ਦੇਹਾਂਤ ਹੋ ਗਿਆ। ਉਨ੍ਹਾਂ ਨੇ ਦਸਮੇਸ਼ ਨਗਰ ਮਲੇਰਕੋਟਲਾ ਸਥਿਤ ਆਪਣੀ ਰਿਹਾਇਸ਼ 'ਤੇ ਆਖਰੀ ਸਾਹ ਲਏ। ਉਨ੍ਹਾਂ ਦਾ ਜਨਮ 1932 ਵਿਚ ਹੋਇਆ ਸੀ ਅਤੇ ਉਹ 1966 ਤੋਂ 1987 ਤੱਕ ਸਰਕਾਰੀ ਕਾਲਜ ਮਲੇਰਕੋਟਲਾ ਵਿਖੇ ਪੰਜਾਬੀ ਪੜ੍ਹਾਉਂਦੇ ਰਹੇ, ਉਨ੍ਹਾਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਿਆਂ ਖਾਸ ਕਰਕੇ ਸਿੱਖ ਇਤਿਹਾਸ ਦੀ ਅੰਤਲੇ ਸਮੇਂ ਤੱਕ ਖੋਜ ਕੀਤੀ। ਸਿੱਖਾਂ ਦੀ ਭਗਤਮਾਲਾ (ਕ੍ਰਿਤ ਭਾਈ ਸੂਰਤ ਸਿੰਘ), ਸਾਖੀ ਬਾਬੇ ਨਾਨਕ ਦੀ (ਸਾਖੀਕਾਰ ਸੈਦੋ ਜੱਟ) ਅਤੇ ਸਾਖੀ ਮਹਲੁ ਪਹਿਲੇ ਕੀ (ਸਾਖੀਕਾਰ ਸੀਹਾਂ ਉੱਪਲ) 'ਤੇ ਖੋਜ ਮਗਰੋਂ ਇਨ੍ਹਾਂ ਕਿਤਾਬਾਂ ਦੀ ਸੰਪਾਦਨਾ ਕੀਤੀ।

ਮਿਲਵਾਕੀ ਰਹਿੰਦੇ ਸ. ਦਰਸ਼ਨ ਸਿੰਘ ਗਰੇਵਾਲ ਨੇ ਦੱਸਿਆ ਕਿ 1976 ਤੋਂ 1979 ਤੱਕ ਪ੍ਰੋਫੈਸਰ ਸੰਤ ਸਿੰਘ ਪਦਮ ਨੇ ਉਨ੍ਹਾਂ ਨੂੰ ਪੰਜਾਬੀ ਪੜ੍ਹਾਈ ਤੇ ਉਹ ਪਿਛਲੇ ਸਾਲ ਮਾਰਚ ਮਹੀਨੇ ਹੀ ਆਪਣੀ ਭਾਰਤ ਫੇਰੀ ਦੌਰਾਨ ਉਨ੍ਹਾਂ ਨੂੰ ਮਿਲ ਕੇ ਆਏ ਸਨ। ਉਨ੍ਹਾਂ ਦੱਸਿਆ ਕਿ ਪ੍ਰੋ. ਸਾਹਿਬ ਨੇ ਉਨ੍ਹਾਂ ਨੂੰ ਕਿਤਾਬ ਸਾਖੀ ਮਹਲੁ ਪਹਿਲੇ ਕੀ ਵੀ ਭੇਟ ਕੀਤੀ ਸੀ।

# ਨਰਿੰਦਰ ਮੋਦੀ ਦੀ ਅਕਾਲੀ ਦਲ ਬਾਰੇ ਚੁੱਪ ਨੇ ਨਵੀਂ ਚਰਚਾ ਛੇੜੀ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਦੋ ਦਿਨਾਂ ਚੋਣ ਦੌਰੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਨਿਸ਼ਾਨੇ ਤੋਂ ਮੁਕਤ ਰੱਖਿਆ ਜਿਸ ਤੋਂ ਨਵੇਂ ਸਿਆਸੀ ਚਰਚੇ ਛਿੜ ਗਏ ਹਨ। ਹਾਲਾਂਕਿ ਅਕਾਲੀ ਦਲ ਚੋਣ ਪ੍ਰਚਾਰ ਦੌਰਾਨ ਭਾਜਪਾ ਨੂੰ ਕਟਹਿਰੇ ਵਿਚ ਖੜ੍ਹਾ ਕਰ ਰਿਹਾ ਹੈ ਅਤੇ ਕੌਮੀ ਪਾਰਟੀਆਂ ਖ਼ਿਲਾਫ਼ ਅਕਾਲੀ ਦਲ ਨੇ ਏਜੰਡਾ ਐਲਾਨਿਆ ਹੋਇਆ ਹੈ। ਪਹਿਲੀ ਦਫ਼ਾ ਹੈ ਕਿ ਭਾਜਪਾ ਸੂਬੇ ਵਿਚ ਇਕੱਲੇ ਤੌਰ 'ਤੇ 13 ਸੀਟਾਂ 'ਤੇ ਚੋਣ ਲੜ ਰਹੀ ਹੈ। ਅਕਾਲੀ ਦਲ ਨੇ ਕੌਮੀ ਪਾਰਟੀਆਂ ਖ਼ਿਲਾਫ਼ ਆਵਾਜ਼ ਚੁੱਕੀ ਹੈ ਜਿਨ੍ਹਾਂ ਨੂੰ ਪੰਜਾਬ ਵਿਚ ਵੋਟ ਨਾ ਪਾਉਣ ਦੀ ਅਪੀਲ ਵੀ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਟਿਆਲਾ, ਜਲੰਧਰ ਤੇ ਗੁਰਦਾਸਪੁਰ ਵਿਚ ਚੋਣ ਰੈਲੀ ਕੀਤੀ। ਇਨ੍ਹਾਂ ਰੈਲੀਆਂ ਵਿਚ ਮੋਦੀ ਨੇ 'ਇੰਡੀਆ ਗੱਠਜੋੜ' ਦੇ ਹਿੱਸੇਦਾਰਾਂ ਕਾਂਗਰਸ ਅਤੇ ਆਮ ਆਦਮੀ ਪਾਰਟੀ 'ਤੇ ਤਾਬੜ-ਤੋੜ ਹਮਲੇ ਕੀਤੇ।



ਪ੍ਰਧਾਨ ਮੰਤਰੀ ਨੇ ਇਨ੍ਹਾਂ ਰੈਲੀਆਂ ਵਿਚ ਅਕਾਲੀ ਦਲ ਨੂੰ ਆਪਣੇ ਭਾਸ਼ਣ ਦਾ ਹਿੱਸਾ ਨਹੀਂ ਬਣਾਇਆ ਹੈ। ਸਿਆਸੀ ਮਾਹਿਰ ਆਖਦੇ ਹਨ ਕਿ ਜਿਸ ਅਕਾਲੀ ਦਲ ਤਰਫ਼ੋਂ ਭਾਜਪਾ 'ਤੇ ਹੱਲੇ ਬੋਲੇ ਜਾ ਰਹੇ ਹਨ, ਉਸ ਪਾਰਟੀ ਖ਼ਿਲਾਫ਼ ਪ੍ਰਧਾਨ ਮੰਤਰੀ ਵੱਲੋਂ ਇਕ ਸ਼ਬਦ ਵੀ ਨਾ ਬੋਲਣਾ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਕਰਦਾ ਹੈ। ਬਠਿੰਡਾ ਸੰਸਦੀ ਹਲਕੇ ਵਿਚ ਵਿਰੋਧੀ ਧਿਰਾਂ ਇਹ ਪ੍ਰਚਾਰ ਕਰ ਰਹੀਆਂ ਹਨ ਕਿ ਅਕਾਲੀ ਦਲ ਨੂੰ ਵੋਟ ਪਾਉਣੀ ਮਤਲਬ ਭਾਜਪਾ ਨੂੰ ਵੋਟ ਪਾਉਣੀ ਹੈ। ਅਕਾਲੀ ਦਲ ਇਸ ਮਾਮਲੇ 'ਤੇ ਆਪਣਾ ਸਟੈਂਡ ਸਪੱਸ਼ਟ ਕਰ ਰਿਹਾ ਹੈ। ਪ੍ਰਧਾਨ ਮੰਤਰੀ ਵੱਲੋਂ ਅਕਾਲੀ ਦਲ ਬਾਰੇ ਚੰਗੀ ਜਾਂ ਕੋਈ ਮਾੜੀ ਟਿੱਪਣੀ ਨਾ ਕਰਨ ਤੋਂ ਸਿਆਸੀ ਹਲਕੇ ਕਈ ਅੰਦਾਜ਼ੇ ਲਗਾ ਰਹੇ ਹਨ। ਪ੍ਰਧਾਨ ਮੰਤਰੀ ਨੇ ਜਲੰਧਰ ਰੈਲੀ ਵਿਚ ਪੰਜਾਬ 'ਚ ਨਸ਼ਿਆਂ ਦੀ ਮਾਰ ਦਾ ਜ਼ਿਕਰ ਕੀਤਾ ਅਤੇ ਇਸ ਨੂੰ ਲੈ ਕੇ ਮੌਜੂਦਾ ਸਰਕਾਰ ਤੇ ਹੱਲੇ ਬੋਲੇ ਪ੍ਰੰਤੂ ਉਨ੍ਹਾਂ ਨਸ਼ਿਆਂ ਦੇ ਮਾਮਲੇ 'ਚ ਕਿਸੇ ਹੋਰ ਧਿਰ ਦਾ ਜ਼ਿਕਰ ਤੱਕ ਨਹੀਂ ਕੀਤਾ।

ਨਰਿੰਦਰ ਮੋਦੀ ਦੀ ਅਕਾਲੀ ਦਲ ਬਾਰੇ ਚੁੱਪ ਮਗਰੋਂ ਪੰਜਾਬ ਦੀ ਸਿਆਸਤ ਵਿਚ ਨਵੀਂ ਚਰਚਾ ਛਿੜ ਗਈ ਹੈ। ਕੋਈ ਆਖ ਰਿਹਾ ਹੈ ਕਿ ਚੋਣ ਨਤੀਜਿਆਂ ਮਗਰੋਂ ਅਕਾਲੀ ਦਲ ਮੁੜ ਭਾਜਪਾ ਨਾਲ ਹੱਥ ਮਿਲਾ ਸਕਦਾ ਹੈ।

ਸੁਨੀਲ ਜਾਖੜ ਆਖ ਚੁੱਕੇ ਹਨ ਕਿ ਜੇ ਅਕਾਲੀ ਦਲ ਨਾਲ ਮੁੜ ਜੱਫੀ ਹੀ ਪਾਉਣੀ ਹੁੰਦੀ ਤਾਂ ਚੋਣਾਂ ਤੋਂ ਪਹਿਲਾਂ ਗੱਠਜੋੜ ਕਰ ਲੈਂਦੇ ਜਿਸ ਨਾਲ ਚੋਣਾਂ ਵਿਚ ਫ਼ਾਇਦਾ ਵੀ ਹੋਣਾ ਸੀ। ਦੇਖਿਆ ਜਾਵੇ ਤਾਂ ਮੋਦੀ ਨੇ ਰੈਲੀ ਵਿਚ ਕਿਸਾਨਾਂ ਲਈ ਕੇਂਦਰ ਵੱਲੋਂ ਚੁੱਕੇ ਕਦਮਾਂ ਦੀ ਚਰਚਾ ਕੀਤੀ ਪ੍ਰੰਤੂ ਉਨ੍ਹਾਂ ਕਿਸੇ ਕਿਸਾਨ ਅੰਦੋਲਨ ਦਾ ਜ਼ਿਕਰ ਨਹੀਂ ਕੀਤਾ।

# ਕੈਨੇਡੀਅਨ ਨਾਗਰਿਕਾਂ ਦੇ ਵਿਦੇਸ਼ਾਂ 'ਚ ਜੰਮੇ ਬੱਚਿਆਂ ਨੂੰ ਮਿਲੇਗੀ ਨਾਗਰਿਕਤਾ

**ਵਿਨੀਪੈਗ:** ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਇਕ ਕਾਨੂੰਨ ਪੇਸ਼ ਕੀਤਾ ਜਿਸ ਦਾ ਉਦੇਸ਼ ਕੈਨੇਡਾ ਤੋਂ ਬਾਹਰ ਪੈਦਾ ਹੋਏ ਕੁਝ ਬੱਚਿਆਂ ਨੂੰ ਨਾਗਰਿਕਤਾ ਪ੍ਰਦਾਨ ਕਰਨਾ ਹੈ। ਹਾਊਸ ਆਫ਼ ਕਾਮਨਜ਼ 'ਚ ਬਿੱਲ ਪੇਸ਼ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਕਿਹਾ ਕਿ ਕੈਨੇਡਾ ਹਮੇਸ਼ਾ ਤੋਂ ਮਨੁੱਖੀ ਹੱਕਾਂ, ਬਰਾਬਰੀ ਤੇ ਸਭ ਦੇ ਸਤਿਕਾਰ ਦੀ ਕਦਰ ਕਰਦਾ ਆਇਆ ਹੈ ਅਤੇ ਉਨ੍ਹਾਂ ਬੱਚਿਆਂ ਨੂੰ ਕੈਨੇਡੀਅਨ ਨਾਗਰਿਕ ਬਣਨ ਦਾ ਹੱਕ ਜੋ 2009 ਤੋਂ ਬਾਅਦ ਵਿਦੇਸ਼ਾਂ ਵਿਚ ਪੈਦਾ ਹੋਏ।

ਅਦਾਲਤ ਨੇ ਫੈਡਰਲ ਸਰਕਾਰ ਨੂੰ ਮਸਲਾ ਹੱਲ ਕਰਨ ਲਈ 19 ਜੂਨ, 2024 ਤੱਕ ਦਾ ਸਮਾਂ ਦਿੱਤਾ ਸੀ ਜਿਸ ਤਹਿਤ ਲਿਬਰਲ ਸਰਕਾਰ ਵੱਲੋਂ ਨਵਾਂ ਬਿੱਲ ਪੇਸ਼ ਕੀਤਾ ਗਿਆ। ਮਿੱਲਰ ਨੇ ਕਿਹਾ ਕਿ ਬਿਨਾਂ ਸ਼ੱਕ ਕੈਨੇਡੀਅਨ ਸਿਟੀਜ਼ਨਸ਼ਿਪ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ ਤੇ ਪੂਰੀ ਦੁਨੀਆ ਇਸ ਨੂੰ ਮੰਨਦੀ ਹੈ। ਲਿਬਰਲ ਸਰਕਾਰ ਚਾਹੁੰਦੀ ਹੈ ਕਿ ਸਿਟੀਜ਼ਨਸ਼ਿਪ ਹਾਸਲ ਕਰਨ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਨਿਰਪੱਖ ਤੇ ਪਾਰਦਰਸ਼ੀ ਹੋਵੇ। ਕੈਨੇਡੀਅਨ ਨਾਗਰਿਕ ਬਣ ਚੁੱਕੇ ਪਰ ਵਿਦੇਸ਼ਾਂ ਵਿਚ ਜੰਮੇ ਮਾਪਿਆਂ ਵਾਸਤੇ ਲਾਜ਼ਮੀ ਹੋਵੇਗਾ ਕਿ ਬੱਚੇ ਦੇ ਜਨਮ ਤੋਂ ਪਹਿਲਾਂ ਉਨ੍ਹਾਂ ਘੱਟੋ-ਘੱਟ ਤਿੰਨ ਸਾਲ ਕੈਨੇਡਾ ਵਿਚ ਗੁਜ਼ਾਰੇ ਹੋਣ। ਇਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਨਵਾਂ ਕਾਨੂੰਨ ਲਾਗੂ ਹੋਣ ਮਗਰੋਂ ਵਿਦੇਸ਼ਾਂ ਵਿਚ ਪੈਦਾ ਹੋਣ ਵਾਲੇ ਬੱਚਿਆਂ ਵਾਸਤੇ ਇਕ ਟੈਸਟ ਰੱਖਿਆ ਜਾਵੇਗਾ। ਇੱਥੇ ਦੱਸਣਾ ਬਣਦਾ ਹੈ ਕਿ 2009 ਵਿਚ ਕੰਜ਼ਰਵੇਟਿਵ ਸਰਕਾਰ ਨੇ ਕਾਨੂੰਨ ਵਿਚ ਤਬਦੀਲੀ ਕਰਦਿਆਂ ਵਿਦੇਸ਼ ਵਿਚ ਪੈਦਾ ਹੋਏ ਕੈਨੇਡੀਅਨ ਨਾਗਰਿਕਾਂ ਦਾ ਬੱਚਾ ਵਿਦੇਸ਼ ਵਿਚ ਪੈਦਾ ਹੋਣ 'ਤੇ ਉਸ ਨੂੰ ਨਾਗਰਿਕਤਾ ਦੇ ਹੱਕ ਤੋਂ ਵਾਂਝਾ ਕਰ ਦਿੱਤਾ ਸੀ। ਇਸੇ ਦੌਰਾਨ ਐਨ.ਡੀ.ਪੀ. ਦੀ ਇਮੀਗ੍ਰੇਸ਼ਨ ਮਾਮਲਿਆਂ ਬਾਰੇ ਆਲੋਚਕ ਜੈਨੀ ਕਵੈਨ ਨੇ ਕਿਹਾ ਕਿ 2009 ਵਿਚ ਹੋਈਆਂ ਤਬਦੀਲੀਆਂ ਦਾ ਪਰਿਵਾਰਾਂ 'ਤੇ ਵੱਡਾ ਅਸਰ ਪਿਆ।




ਉਨ੍ਹਾਂ ਪਰਿਵਾਰਾਂ ਦਾ ਦਰਦ ਸਮਝਣਾ ਮੁਸ਼ਕਲ ਹੈ ਜਿਨ੍ਹਾਂ ਨੂੰ ਆਪਣੇ ਬੱਚਿਆਂ ਤੋਂ ਵੱਖ ਹੋਣਾ ਪਿਆ ਪਰ ਹੁਣ 15 ਸਾਲ ਬਾਅਦ ਆਸ ਦੀ ਨਵੀਂ ਕਿਰਨ ਨਜ਼ਰ ਆ ਰਹੀ ਹੈ। ਜੈਨੀ ਕਵੈਨ ਨੇ ਦੱਸਿਆ ਕਿ ਨਵੇਂ ਬਿੱਲ ਦਾ ਖਰੜਾ ਤਿਆਰ ਕਰਨ ਵਿਚ ਉਨ੍ਹਾਂ ਵੱਲੋਂ ਲਿਬਰਲ ਪਾਰਟੀ ਦੀ ਮਦਦ ਕੀਤੀ ਗਈ। ਦੂਜੇ ਪਾਸੇ ਕੰਜ਼ਰਵੇਟਿਵ ਪਾਰਟੀ ਵੱਲੋਂ ਤਾਜ਼ਾ ਘਟਨਾਕ੍ਰਮ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਗਈ। ਦੱਸ ਦਈਏ ਕਿ ਫੈਡਰਲ ਸਰਕਾਰ ਨਵਾਂ ਬਿੱਲ ਲਿਆਉਣ ਲਈ ਅਦਾਲਤ ਤੋਂ ਹੋਰ ਸਮਾਂ ਮੰਗ ਸਕਦੀ ਸੀ ਪਰ ਇਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਉਹ ਪ੍ਰਭਾਵਿਤ ਪਰਿਵਾਰਾਂ ਨੂੰ ਹੋਰ ਜ਼ਿਆਦਾ ਉਡੀਕ ਨਹੀਂ ਕਰਵਾਉਣਾ ਚਾਹੁੰਦੇ।

## ਪਿੰਡ ਅਖਾੜਾ ਦੀ ਜੰਮਪਲ ਮੈਂਡੀ ਬਰਾੜ ਇੰਗਲੈਂਡ 'ਚ ਡਿਪਟੀ ਮੇਅਰ ਬਣੀ

**ਜਗਰਾਉਂ:** ਤੀਹ ਸਾਲ ਤੋਂ ਕੌਂਸਲਰ ਦੀ ਚੋਣ ਜਿੱਤਦੀ ਆ ਰਹੀ ਨੇੜਲੇ ਪਿੰਡ ਅਖਾੜਾ ਦੀ ਧੀ ਮੈਂਡੀ ਬਰਾੜ ਨੂੰ ਇੰਗਲੈਂਡ ਵਿਚ ਡਿਪਟੀ ਮੇਅਰ ਬਣਨ ਦਾ ਮਾਣ ਹਾਸਲ ਹੋਇਆ ਹੈ। ਮੈਂਡੀ ਬਰਾੜ ਇੰਗਲੈਂਡ ਵਿਚ ਸਿਆਸੀ ਪਾਰਟੀ ਲਿਬਰਲ ਡੈਮੋਕਰੈਟਿਕ ਵੱਲੋਂ ਲਗਾਤਾਰ ਤਿੰਨ ਦਹਾਕੇ ਤੋਂ ਬਰੋਕਾਊਂਸਲ ਚੋਣਾਂ ਜਿੱਤਦੀ ਆ ਰਹੀ ਹੈ। ਇਸ ਵਾਰ ਉਨ੍ਹਾਂ ਨੂੰ ਸ਼ਹਿਰ ਰੋਇਲ ਬਰੋਟ ਆਫ ਵਿੰਡਸਰ ਵਿਚ ਡਿਪਟੀ ਮੇਅਰ ਦਾ ਅਹੁਦਾ ਦਿੱਤਾ ਗਿਆ ਹੈ। ਸਾਇਮਨ ਬੌਂਡ ਨੂੰ ਮੇਅਰ ਦਾ ਅਹੁਦਾ ਦਿੱਤਾ ਗਿਆ ਹੈ।

ਪਿੰਡ ਅਖਾੜਾ ਨਾਲ ਸਬੰਧਤ ਲੇਖਕ ਅਜੀਤ ਸਿੰਘ ਅਖਾੜਾ ਨੇ ਦੱਸਿਆ ਕਿ ਮੂਲ ਰੂਪ ਤੋਂ ਉਨ੍ਹਾਂ ਦੇ ਪਿੰਡ ਦੀ ਮਹਿੰਦਰ ਕੌਰ ਬਰਾੜ ਉਰਫ ਮੈਂਡੀ ਬਰਾੜ ਦਾ ਵਿਆਹ ਰਾਜੇਆਣਾ (ਮੋਗਾ) ਦੇ ਹਰਵਿਪਨਜੀਤ ਸਿੰਘ ਨਾਲ ਹੋਇਆ ਸੀ ਅਤੇ ਫਿਰ ਉਹ ਇੰਗਲੈਂਡ ਚਲੇ ਗਏ ਸਨ। ਉਥੇ ਉਨ੍ਹਾਂ ਮੇਡਨਹੈਡ ਸ਼ਹਿਰ ਵਿਚ ਕੌਂਸਲਰ ਦੀ ਚੋਣ ਲੜਨੀ ਸ਼ੁਰੂ ਕੀਤੀ ਅਤੇ ਤੀਹ ਸਾਲ ਤੋਂ ਲਗਾਤਾਰ ਜਿੱਤ ਵੀ ਰਹੇ ਹਨ।

## ਟੀਵੀ ਲੜੀਵਾਰ ਅਦਾਕਾਰ ਜੌਨੀ ਵੈਕਟਰ ਦੀ ਹੱਤਿਆ

**ਲਾਸ ਏਂਜਲਸ:** ਸੀਰੀਜ਼ 'ਜਨਰਲ ਹੌਸਪਿਟਲ' ਦੇ ਅਦਾਕਾਰ ਜੌਨੀ ਵੈਕਟਰ ਨੂੰ ਉਸ ਵੇਲੇ ਗੋਲੀ ਮਾਰ ਕੇ ਮਾਰ ਦਿੱਤਾ ਜਦੋਂ ਉਹ ਚੋਰਾਂ ਨੂੰ ਆਪਣੀ ਕਾਰ ਤੋਂ ਕੈਟਾਲਿਕ ਕਨਵਰਟਰ ਚੋਰੀ ਕਰਨ ਤੋਂ ਰੋਕ ਰਿਹਾ ਸੀ। ਲਾਸ ਏਂਜਲਸ ਦੀ ਪੁਲਿਸ ਨੇ ਦੱਸਿਆ ਕਿ ਇਹ ਮਾਮਲਾ ਤੜਕੇ ਕਰੀਬ 3 ਵਜੇ ਦਾ ਹੈ। ਉਸ ਸਮੇਂ 37 ਸਾਲਾਂ ਵੈਕਟਰ ਬਾਰ ਵਿਚ ਕੰਮ ਖਤਮ ਕਰਕੇ ਆਪਣੇ ਸਾਥੀ ਨਾਲ ਬਾਹਰ ਆ ਰਿਹਾ ਸੀ ਅਤੇ ਉਸ ਨੂੰ ਲੱਗਾ ਕਿ ਕੋਈ ਉਸ ਦੀ ਕਾਰ 'ਚੋਂ ਸਾਮਾਨ ਚੋਰੀ ਕਰ ਰਿਹਾ ਹੈ। ਇਸ ਦੌਰਾਨ ਚੋਰਾਂ ਨੇ ਮਾਸਕ ਪਾਏ ਹੋਏ ਸਨ ਤੇ ਉਨ੍ਹਾਂ ਵਿਚੋਂ ਇਕ ਨੇ ਵੈਕਟਰ 'ਤੇ ਗੋਲੀ ਚਲਾ ਦਿੱਤੀ ਤੇ ਤਿੰਨੋਂ ਫ਼ਰਾਰ ਹੋ ਗਏ। ਵੈਕਟਰ ਨੂੰ ਹਸਪਤਾਲ ਲੈ ਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।

## ਡੇਢ ਕਰੋੜ ਡਾਲਰ ਦੀ ਠੱਗੀ ਦੇ ਮਾਮਲੇ 'ਚ ਦੋ ਪੰਜਾਬੀ ਕਾਬੂ

**ਵੈਨਕੂਵਰ:** ਪੀਲ ਪੁਲਿਸ ਨੇ ਬੈਂਕਾਂ ਵਿਚ ਜਾਅਲੀ ਵਪਾਰਕ ਖਾਤੇ ਖੋਲ੍ਹ ਕੇ ਉਨ੍ਹਾਂ ਵਿਚ ਜਾਅਲੀ ਚੈੱਕ ਜਮ੍ਹਾਂ ਕਰਵਾ ਕੇ ਰਕਮਾਂ ਹੜੱਪਣ ਵਾਲੇ ਦੋ ਪੰਜਾਬੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਲੰਘੇ ਦੋ ਮਹੀਨਿਆਂ ਵਿਚ ਇੰਜ ਕਰ ਕੇ ਬੈਂਕਾਂ ਨਾਲ ਢਾਈ ਲੱਖ ਡਾਲਰ ਤੋਂ ਵੱਧ ਦੀ ਠੱਗੀ ਮਾਰੀ ਹੈ।



ਕਾਬੂ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਹਰਕੋਮਲ ਗਰੇਵਾਲ (35) ਵਾਸੀ ਬਰੈਂਪਟਨ ਅਤੇ ਅਵੀਰਾਜ ਸਲੋਤਾ (26) ਵਾਸੀ ਨਿਆਗਰਾ ਫਾਲ ਵਜੋਂ ਹੋਈ ਹੈ, ਜਿਨ੍ਹਾਂ ਨੂੰ ਬਰੈਂਪਟਨ ਦੀ ਅਦਾਲਤ ਵਿਚ ਪੇਸ਼ ਕੀਤਾ ਜਾਏਗਾ। ਮਾਮਲੇ ਦਾ ਤੀਜਾ ਮੁਲਜ਼ਮ ਸਈਅਦ ਕਿਰਮਾਨੀ (48) ਵਾਸੀ ਬਰੈਂਪਟਨ ਅਜੇ ਫਰਾਰ ਹੈ, ਜਿਸ ਦੀ ਭਾਲ ਜਾਰੀ ਹੈ। ਪੁਲਿਸ ਦਾ ਦਾਅਵਾ ਹੈ ਕਿ ਇਨ੍ਹਾਂ ਮੁਲਜ਼ਮਾਂ ਨੇ ਕੈਨੇਡਾ ਵਿਚ ਕਈ ਹੋਰ ਥਾਵਾਂ 'ਤੇ ਵੀ ਇਸੇ ਤਰ੍ਹਾਂ ਦੀਆਂ ਠੱਗੀਆਂ ਮਾਰੀਆਂ ਹੋਣਗੀਆਂ, ਜਿਸ ਸਬੰਧੀ ਦੇਸ਼ ਭਰ ਵਿਚ ਲੋਕਾਂ ਕੋਲੋਂ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ ਅਤੇ ਸਹਿਯੋਗ ਮੰਗਿਆ ਗਿਆ ਹੈ। ਮੁਲਜ਼ਮ ਬੈਂਕ ਵਿਚ ਜਾਅਲੀ ਕਾਰੋਬਾਰੀ ਖਾਤੇ ਖੋਲ੍ਹਦੇ ਸਨ ਅਤੇ ਉਨ੍ਹਾਂ ਵਿਚ ਜਾਅਲੀ ਚੈੱਕ ਜਮ੍ਹਾਂ ਕਰਵਾ ਕੇ ਰਕਮ ਕਢਵਾ ਲੈਂਦੇ ਸਨ। ਬੈਂਕਾਂ ਨੂੰ ਜਾਅਲਸਾਜ਼ੀ ਦਾ ਪਤਾ ਲੱਗਣ ਤੋਂ ਪਹਿਲਾਂ ਉਹ ਫ਼ਰਾਰ ਹੋ ਜਾਂਦੇ ਸਨ। ਪੁਲਿਸ ਅਨੁਸਾਰ ਹੁਣ ਤੱਕ ਮੁਲਜ਼ਮਾਂ ਵੱਲੋਂ ਕੀਤੀ ਗਈ ਢਾਈ ਲੱਖ ਡਾਲਰ ਦੀ ਠੱਗੀ ਤਾਂ ਸਾਹਮਣੇ ਆ ਚੁੱਕੀ ਹੈ, ਪਰ ਅਜੇ ਹੋਰ ਕੇਸ ਵੀ ਦਰਜ ਹੋ ਸਕਦੇ ਹਨ।


## ਹੁਣ ਆਨਲਾਈਨ ਉਪਲੱਬਧ ਹੋ ਸਕਣਗੇ ਅਦਾਲਤੀ ਫੈਸਲੇ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਐਕਟਿੰਗ ਚੀਫ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਨੇ ਭਾਰਤੀ ਕਾਨੂੰਨ ਰਿਪੋਰਟਾਂ ਪੰਜਾਬ ਤੇ ਹਰਿਆਣਾ ਸੀਰੀਜ਼ ਵੱਲੋਂ ਰਿਪੋਰਟ ਕੀਤੇ ਗਏ ਸਾਰੇ ਫ਼ੈਸਲਿਆਂ ਨੂੰ ਭਾਲਣ ਦੀ ਸਹੂਲਤ ਦੇਣ ਲਈ ਈ-ਐੱਚ.ਸੀ.ਆਰ. (ਹਾਈ ਕੋਰਟ ਰਿਪੋਰਟਰ) ਵੈੱਬਸਾਈਟ ਦਾ ਉਦਘਾਟਨ ਕੀਤਾ। ਇਸ ਨਾਲ ਅਦਾਲਤੀ ਫ਼ੈਸਲੇ ਦਸਤਾਵੇਜ਼ੀ ਰੂਪ ਦੀ ਥਾਂ ਈ-ਐਚ.ਸੀ.ਆਰ. ਵੈੱਬਸਾਈਟ ਰਾਹੀਂ ਉਪਲੱਬਧ ਹੋਣਗੇ। ਸੁਪਰੀਮ ਕੋਰਟ ਵੱਲੋਂ ਇਸ ਪਲੇਟਫਾਰਮ ਨੂੰ ਈ-ਐਸ.ਸੀ.ਆਰ. ਦੀ ਤਰਜ਼ 'ਤੇ ਸ਼ੁਰੂ ਕੀਤਾ ਗਿਆ ਹੈ। ਉਦਘਾਟਨੀ ਸਮਾਰੋਹ ਵਿਚ ਲਾਇਬ੍ਰੇਰੀ ਆਈ.ਐਲ.ਆਰ. ਤੇ ਕੈਲੰਡਰ ਕਮੇਟੀ ਦੇ ਚੇਅਰਪਰਸਨ ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਸਮੇਤ ਕੌਂਸਲ ਆਫ ਲਾਅ ਰਿਪੋਰਟਿੰਗ ਤੇ ਲਾਇਬ੍ਰੇਰੀ ਆਈ.ਐਲ.ਆਰ. ਤੇ ਕੈਲੰਡਰ ਕਮੇਟੀ ਦੇ ਮੈਂਬਰਾਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜਾਂ ਅਤੇ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਸ਼ਮੂਲੀਅਤ ਕੀਤੀ।

## ਜੰਮੂ ਕਸ਼ਮੀਰ ਵਿਚ 30 ਸਤੰਬਰ ਤੋਂ ਪਹਿਲਾਂ ਹੋਣਗੀਆਂ ਅਸੈਂਬਲੀ ਚੋਣਾਂ: ਸ਼ਾਹ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਜੰਮੂ ਕਸ਼ਮੀਰ ਵਿਚ ਸਫ਼ਲ ਮਤਦਾਨ ਨਾਲ ਮੋਦੀ ਸਰਕਾਰ ਦੀ ਕਸ਼ਮੀਰ ਨੀਤੀ ਬਾਰੇ ਸਾਰੇ ਸ਼ੰਕੇ ਦੂਰ ਹੋ ਗਏ ਹਨ। ਸ਼ਾਹ ਨੇ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਵੱਖਵਾਦੀ ਵੀ ਪੂਰੇ ਉਤਸ਼ਾਹ ਤੇ ਜ਼ੋਰ-ਸ਼ੋਰ ਨਾਲ ਸ਼ਾਮਲ ਹੋਏ। ਸ਼ਾਹ ਨੇ ਭਰੋਸਾ ਦਿਵਾਇਆ ਕਿ ਜੰਮੂ ਕਸ਼ਮੀਰ ਵਿਚ ਅਸੈਂਬਲੀ ਚੋਣਾਂ 30 ਸਤੰਬਰ ਤੋਂ ਪਹਿਲਾਂ ਕਰਵਾਈਆਂ ਜਾਣਗੀਆਂ।

ਉਨ੍ਹਾਂ ਭਾਜਪਾ ਸਰਕਾਰ ਦੇ ਅਗਲੇ ਕਾਰਜਕਾਲ ਦੌਰਾਨ ਸਾਂਝਾ ਸਿਵਲ ਕੋਡ (ਯੂ.ਸੀ.ਸੀ.) ਤੇ ਇਕ ਦੇਸ਼, ਇਕ ਚੋਣ ਲਾਗੂ ਕਰਨ ਦੀ ਗੱਲ ਵੀ ਕਹੀ। ਸ਼ਾਹ ਨੇ ਕਿਹਾ ਕਿ ਇਕ ਵਾਰੀ ਲੋਕ ਸਭਾ ਚੋਣਾਂ ਦਾ ਅਮਲ ਨਿੱਬੜ ਜਾਵੇ, ਸਰਕਾਰ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਰਾਜ ਦਾ ਦਰਜਾ ਬਹਾਲ ਕਰਨ ਦਾ ਅਮਲ ਸ਼ੁਰੂ ਕਰ ਦੇਵੇਗੀ। ਸ਼ਾਹ ਨੇ ਕਿਹਾ ਕਿ ਮਕਬੂਜ਼ਾ ਕਸ਼ਮੀਰ ਦੇ ਜੰਮੂ ਤੇ ਕਸ਼ਮੀਰ ਨਾਲ ਰਲੇਵੇਂ ਦਾ ਫੈਸਲਾ ਗੰਭੀਰ ਵਿਚਾਰ ਚਰਚਾ ਤੋਂ ਬਾਅਦ ਹੀ ਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ, 'ਮੈਂ ਸੰਸਦ 'ਚ ਕਿਹਾ ਹੈ ਕਿ ਅਸੀਂ ਵਿਧਾਨ ਸਭਾ ਚੋਣਾਂ ਮਗਰੋਂ ਰਾਜ ਦਾ ਦਰਜਾ ਬਹਾਲ ਕਰਾਂਗੇ।' ਉਨ੍ਹਾਂ ਕਿਹਾ ਕਿ ਪੱਛੜੇ ਵਰਗਾਂ ਦੇ ਸਰਵੇਖਣ ਦੀ ਗੱਲ ਹੋਵੇ ਜਾਂ ਵਿਧਾਨ ਸਭਾ ਤੇ ਲੋਕ ਸਭਾ ਖੇਤਰਾਂ ਦੀ ਹੱਦਬੰਦੀ ਦਾ ਕੰਮ, ਸਭ ਕੁਝ ਯੋਜਨਾ ਅਨੁਸਾਰ ਹੋ ਰਿਹਾ ਹੈ।



ਉਨ੍ਹਾਂ ਕਿਹਾ, 'ਅਸੀਂ ਹੱਦਬੰਦੀ ਦੀ ਪ੍ਰਕਿਰਿਆ ਪੂਰੀ ਕਰ ਲਈ ਹੈ। ਕਿਉਂਕਿ ਹੱਦਬੰਦੀ ਦੀ ਪ੍ਰਕਿਰਿਆ ਪੂਰੀ ਹੋਣ ਮਗਰੋਂ ਹੀ ਰਾਖਵਾਂਕਰਨ ਦਿੱਤਾ ਜਾ ਸਕਦਾ ਹੈ। ਅਸੀਂ ਵੱਖ ਵੱਖ ਜਾਤਾਂ ਦੀ ਸਥਿਤੀ ਬਾਰੇ ਜਾਣਨਾ ਹੈ, ਇਹ ਹੋ ਗਿਆ ਹੈ। ਲੋਕ ਸਭਾ ਚੋਣਾਂ (ਜੰਮੂ ਕਸ਼ਮੀਰ 'ਚ) ਵੀ ਖਤਮ ਹੋ ਗਈਆਂ ਹਨ।


ਇਸ ਮਗਰੋਂ ਵਿਧਾਨ ਸਭਾ ਚੋਣਾਂ ਹੋਣਗੀਆਂ। ਅਸੀਂ ਸੁਪਰੀਮ ਕੋਰਟ ਦੀ ਸਮਾਂ ਸੀਮਾ ਤੋਂ ਪਹਿਲਾਂ ਪ੍ਰਕਿਰਿਆ ਪੂਰੀ ਕਰ ਲਵਾਂਗੇ।' ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਹੈ ਕਿ ਭਾਜਪਾ ਦੇ ਸੱਤਾ 'ਚ ਆਉਣ 'ਤੇ ਸਾਰੀਆਂ ਧਿਰਾਂ ਨਾਲ ਵਿਚਾਰ-ਚਰਚਾ ਮਗਰੋਂ ਅਗਲੇ ਪੰਜ ਸਾਲ ਅੰਦਰ ਪੂਰੇ ਦੇਸ਼ ਲਈ ਸਾਂਝਾ ਸਿਵਲ ਕੋਡ (ਯੂ.ਸੀ.ਸੀ.) ਲਾਗੂ ਕੀਤਾ ਜਾਵੇਗਾ।

## ਕਿਸਾਨਾਂ ਨੂੰ ਖੇਤੀ ਵੰਨ-ਸਵੰਨਤਾ ਵੱਲ ਵਧਣ ਦੀ ਲੋੜ: ਨਿਤਿਨ ਗਡਕਰੀ

**ਚੰਡੀਗੜ੍ਹ:** ਕੇਂਦਰੀ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਨਿਤਿਨ ਗਡਕਰੀ ਨੇ ਕਿਹਾ ਕਿ ਕਿਸਾਨਾਂ ਵੱਲੋਂ ਕਣਕ, ਝੋਨਾ ਤੇ ਗੰਨਾ ਸਣੇ ਹੋਰ ਫਸਲਾਂ ਦੀ ਪੈਦਾਵਾਰ ਕੀਤੀ ਜਾਂਦੀ ਹੈ ਪਰ ਇਹ ਸਭ ਕੁਝ ਦੇਸ਼ ਵਿਚ ਸਰਪਲੱਸ ਹੋਣ ਕਰਕੇ ਕਿਸਾਨਾਂ ਨੂੰ ਸਹੀ ਭਾਅ ਨਹੀਂ ਮਿਲਦਾ ਹੈ।

ਉਨ੍ਹਾਂ ਕਿਹਾ, "ਕਿਸਾਨਾਂ ਨੂੰ ਅੰਨਦਾਤਾ ਤੋਂ ਊਰਜਾ ਦਾਤਾ ਤੇ ਤੇਲ ਦਾਤਾ ਬਣਾਉਣ ਲਈ ਕੇਂਦਰ ਸਰਕਾਰ ਵੱਲੋਂ ਲਗਾਤਾਰ ਕੰਮ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਅਸੀਂ ਜਿਹੜਾ 16 ਲੱਖ ਕਰੋੜ ਰੁਪਏ ਦਾ ਤੇਲ ਬਾਹਰੋਂ ਮੰਗਵਾਉਂਦੇ ਹਾਂ, ਉਸ ਦੀ ਲੋੜ ਨਹੀਂ ਪਵੇਗੀ। ਇਸ ਨਾਲ 16 ਲੱਖ ਕਰੋੜ ਰੁਪਏ ਦੀ ਬੱਚਤ ਹੋਵੇਗੀ ਅਤੇ ਇਹ ਪੈਸੇ ਦੇਸ਼ ਦੇ ਪਿੰਡਾਂ ਦੇ ਵਿਕਾਸ ਲਈ ਖਰਚ ਕੀਤੇ ਜਾਣਗੇ, ਜਿਸ ਨਾਲ ਭਾਰਤ ਦੇ ਸਾਰੇ ਪਿੰਡ ਸਮਾਰਟ ਬਣ ਸਕਣਗੇ।"

ਸ੍ਰੀ ਨਿਤਿਨ ਗਡਕਰੀ ਚੰਡੀਗੜ੍ਹ ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸੰਜੇ ਟੰਡਨ ਦੀ ਹਮਾਇਤ ਵਿਚ ਵੱਖ-ਵੱਖ ਵਰਗ ਦੇ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ, "ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਬਾਅਦ ਸਾਡੇ ਹਿੱਸੇ ਦਾ ਵਧੇਰਾ ਪਾਣੀ ਪਾਕਿਸਤਾਨ ਵਿੱਚ ਜਾ ਰਿਹਾ ਸੀ ਅਤੇ ਪੰਜਾਬ ਅਤੇ ਹਰਿਆਣਾ ਆਪਸ ਵਿੱਚ ਪਾਣੀ ਲਈ ਲੜਨ ਲੱਗੇ ਹੋਏ ਸਨ। ਮੋਦੀ ਸਰਕਾਰ ਨੇ ਪਾਕਿਸਤਾਨ ਵਿਚ ਜਾਣ ਵਾਲੇ



ਵਾਧੂ ਪਾਣੀ ਨੂੰ ਪੰਜਾਬ ਵਿਚ ਹੀ ਰੋਕ ਲਿਆ ਹੈ। ਇਸ ਨਾਲ ਪੰਜਾਬ ਤੇ ਹਰਿਆਣਾ ਵਿਚ ਪਾਣੀ ਦੀ ਕੋਈ ਕਮੀ ਨਹੀਂ ਹੋਵੇਗੀ।"

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿਚ ਕਿਸ਼ੋਰ ਤੇ ਰੇਣੁਕਾ ਡੈਮ ਬਣਾਏ ਜਾ ਰਹੇ ਹਨ। ਇਨ੍ਹਾਂ ਰਾਹੀਂ ਦਿੱਲੀ ਨੂੰ 2070 ਤੱਕ ਪਾਣੀ ਮਿਲ ਸਕੇਗਾ। ਦੂਜੇ ਪਾਸੇ ਪੰਜਾਬ ਤੇ ਹਰਿਆਣਾ ਨੂੰ ਵੀ ਵਧੇਰੇ ਪਾਣੀ ਮਿਲੇਗੀ।

ਸ੍ਰੀ ਗਡਕਰੀ ਨੇ ਕਿਹਾ ਕਿ ਸਾਲ 1947 ਵਿਚ ਦੇਸ਼ ਦੀ ਵੰਡ ਤੋਂ ਬਾਅਦ ਕਾਂਗਰਸ ਪਾਰਟੀ ਨੇ 60 ਸਾਲ ਦੇਸ਼ 'ਤੇ ਰਾਜ ਕੀਤਾ ਹੈ। ਇਸ ਦੌਰਾਨ ਕਾਂਗਰਸ ਨੇ ਲੋਕਾਂ ਨੂੰ ਝੂਠ ਬੋਲਣ ਤੋਂ ਇਲਾਵਾ ਕੁਝ ਨਹੀਂ ਕੀਤਾ। ਕਾਂਗਰਸ ਪਾਰਟੀ ਨੇ ਗਰੀਬੀ ਹਟਾਓ ਦਾ ਨਾਅਰਾ ਦਿੱਤਾ ਸੀ ਪਰ ਗਰੀਬੀ ਖ਼ਤਮ ਨਾ ਕਰ ਸਕੇ। ਉਨ੍ਹਾਂ ਕਿਹਾ ਕਿ ਦੇਸ਼ ਵਿਚੋਂ ਗਰੀਬੀ ਨੂੰ ਖਤਮ ਕਰਨ ਲਈ ਖੇਤੀ ਤੇ ਇੰਡਸਟਰੀ ਨੂੰ ਪ੍ਰਫੁੱਲਤ ਕਰਨਾ ਬਹੁਤ ਜ਼ਰੂਰੀ ਹੈ। ਇਨ੍ਹਾਂ ਦੋਵੇਂ ਖੇਤਰਾਂ ਨੂੰ ਪ੍ਰਫੁੱਲਿਤ ਕਰਨ ਦਾ ਕੰਮ ਭਾਰਤੀ ਜਨਤਾ ਪਾਰਟੀ ਕਰ ਰਹੀ ਹੈ। ਗਰੀਬੀ ਦੂਰ ਕਰ ਕੇ ਹੀ ਮੁਲਕ ਨੂੰ ਵਿਕਸਿਤ ਮੁਲਕ ਬਣਾਇਆ ਜਾ ਸਕੇਗਾ। ਇਸ ਕਾਰਜ ਲਈ ਵੱਖ-ਵੱਖ ਸਕੀਮਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਨਾਲ ਗਰੀਬੀ ਦੂਰ ਕਰਨ ਵਿਚ ਮਦਦ ਮਿਲੀ ਹੈ। ਇਸੇ ਤਰ੍ਹਾਂ ਖੇਤੀ ਦੇ ਖੇਤਰ ਵੱਲ ਵੀ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 1 ਜੂਨ, 2024*

# ਚੋਣਾਂ ਦਾ ਬਿਖੜਾ ਪੈਂਡਾ

*ਐਤਕੀਂ ਭਾਰਤ ਦੀਆਂ ਲੋਕ ਸਭਾ ਦਾ ਸਫਰ ਬਹੁਤ ਦਿਲਚਸਪ ਰਿਹਾ ਹੈ। ਪਿਛਲੇ ਦਸਾਂ ਸਾਲਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਨੇ ਮੁਲਕ ਵਿਚ ਇੰਨਾ ਦਬਦਬਾ ਕਾਇਮ ਕਰ ਲਿਆ ਸੀ ਕਿ ਸਾਲ 2023 ਵਿਚ ਕੁਝ ਸਿਆਸੀ ਮਾਹਿਰਾਂ ਨੇ ਕਿਆਸਆਰਾਈ ਲਾਈ ਸੀ ਕਿ ਭਾਰਤੀ ਜਨਤਾ ਪਾਰਟੀ ਲੋਕ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਕਰਵਾ ਸਕਦੀ ਹੈ। ਇਸ ਦਾ ਸਿੱਧਾ ਜਿਹਾ ਮਤਲਬ ਇਹ ਸੀ ਕਿ ਸੱਤਾ ਧਿਰ ਲੋਕ ਸਭਾ ਚੋਣਾਂ ਵਿਚ ਆਪਣੀ ਜਿੱਤ ਲਈ ਪੂਰੇ ਭਰੋਸੇ ਵਿਚ ਸੀ ਪਰ ਜਿਉਂ-ਜਿਉਂ ਲੋਕ ਸਭਾ ਦੀਆਂ ਤਾਰੀਕਾਂ ਨੇੜੇ ਆਉਂਦੀਆਂ ਗਈਆਂ, ਇਹ ਭਰਮ ਟੁੱਟਣ ਲੱਗ ਪਿਆ। ਜਦੋਂ ਪਹਿਲਾਂ-ਪਹਿਲ ਵਿਰੋਧੀ ਧਿਰ ਦੀਆਂ ਮੀਟਿੰਗਾਂ ਆਰੰਭ ਹੋਈਆਂ ਤਾਂ ਕਿਸੇ ਦੇ ਚਿਤ-ਚੇਤੇ ਵੀ ਨਹੀਂ ਸੀ ਕਿ ਭਾਰਤੀ ਜਨਤਾ ਪਾਰਟੀ ਦਾ ਇਉਂ ਡਟ ਕੇ ਮੁਕਾਬਲਾ ਕੀਤਾ ਜਾ ਸਕੇਗਾ। ਫਿਰ ਵਿਰੋਧੀ ਧਿਰ ਦੇ ਏਕੇ ਦਾ ਮੂੰਹ-ਮੱਥਾ ਬਣਨ ਲੱਗ ਪਿਆ। ਇਹ ਗੱਲ ਵੱਖਰੀ ਹੈ ਕਿ ਬਾਅਦ ਵਿਚ ਜਾ ਕੇ ਇਸ ਏਕੇ ਨੂੰ ਕੁਝ ਪਛਾੜ ਵੀ ਵੱਜੀ ਪਰ ਜਦੋਂ ਤੱਕ ਚੋਣਾਂ ਦਾ ਐਲਾਨ ਹੋਇਆ ਅਤੇ ਚੋਣ ਜ਼ਾਬਤਾ ਲਾਗੂ ਹੋਇਆ ਤਾਂ ਸਪਸ਼ਟ ਹੋ ਚੁੱਕਾ ਸੀ ਕਿ ਭਾਰਤੀ ਜਨਤਾ ਪਾਰਟੀ ਦੀ ਜਿੱਤ ਇੰਨੀ ਵੀ ਆਸਾਨ ਨਹੀਂ ਹੋਵੇਗੀ। ਭਾਰਤੀ ਜਨਤਾ ਪਾਰਟੀ ਚਿਰਾਂ ਤੋਂ ਐਤਕੀਂ ਇਕੱਲਿਆਂ 370 ਅਤੇ ਐਨ.ਡੀ.ਏ. ਵੱਲੋਂ 400 ਤੋਂ ਉਪਰ ਸੀਟਾਂ ਜਿੱਤਣ ਦੇ ਹੋਕਰੇ ਮਾਰ ਰਹੀ ਸੀ ਪਰ ਪਹਿਲੇ ਗੇੜ ਤੋਂ ਬਾਅਦ ਹੀ ਸਾਫ ਹੋ ਗਿਆ ਕਿ 400 ਵਾਲਾ ਅੰਕੜਾ ਕਾਫੀ ਔਖਾ ਕਾਰਜ ਹੈ। ਇਸ ਤੋਂ ਬਾਅਦ ਜਿਉਂ-ਜਿਉਂ ਅਗਲੇ ਗੇੜ ਲੰਘਦੇ ਰਹੇ, ਇਹੀ ਰਿਪੋਰਟਾਂ ਆਈਆਂ ਕਿ ਵਿਰੋਧੀ ਧਿਰ ਕਾਫੀ ਸੂਬਿਆਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਤਕੜੀ ਟੱਕਰ ਦੇ ਰਹੀ ਹੈ। ਇਹ ਸਭ ਭਾਰਤੀ ਜਨਤਾ ਪਾਰਟੀ ਦੇ ਵੱਡੇ ਆਗੂਆਂ ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਵਰਗੇ ਲੀਡਰ ਵੀ ਸ਼ਾਮਿਲ ਹਨ, ਦੇ ਭਾਸ਼ਣਾਂ ਤੋਂ ਵੀ ਸਪਸ਼ਟ ਹੋਣ ਲੱਗ ਪਿਆ ਕਿ ਭਾਰਤੀ ਜਨਤਾ ਪਾਰਟੀ ਨੂੰ ਹੁਣ 400 ਵਾਲਾ ਅੰਕੜਾ ਪਾਰ ਕਰਨ ਬਾਰੇ ਫਿਕਰ ਪੈ ਗਿਆ ਹੈ। ਇਹੀ ਉਹ ਵਕਤ ਸੀ ਜਦੋਂ ਭਾਰਤੀ ਜਨਤਾ ਪਾਰਟੀ ਦੇ ਆਗੂ ਨੰਗੇ-ਚਿੱਟੇ ਰੂਪ ਵਿਚ ਫਿਰਕੂ ਸਿਆਸਤ 'ਤੇ ਉਤਰ ਆਏ; ਹਾਲਾਂਕਿ ਪਹਿਲਾਂ ਇਹ ਦਾਅਵੇਸਨ ਕਿ ਵੋਟਾਂ ਮੋਦੀ ਸਰਕਾਰ ਦੇ ਦਸ ਸਾਲਾਂ ਦੇ ਕੰਮਾਂ-ਕਾਰਾਂ ਨੂੰ ਆਧਾਰ ਬਣਾ ਕੇ ਮੰਗੀਆਂ ਜਾ ਰਹੀਆਂ ਹਨ।*

*ਅਸਲ ਵਿਚ, ਮੋਦੀ ਅਤੇ ਉਸ ਦੇ ਜੋਟੀਦਾਰਾਂ ਦੀ ਗਿਣਤੀ-ਮਿਣਤੀ ਅਯੁੱਧਿਆ ਵਿਚ ਉਸਾਰੇ ਜਾ ਰਹੇ ਰਾਮ ਮੰਦਰ 'ਤੇ ਟਿਕੀ ਹੋਈ ਸੀ। ਭਾਰਤੀ ਜਨਤਾ ਪਾਰਟੀ ਨੂੰ ਵੀ ਲਗਦਾ ਹੈ ਕਿ ਮੰਦਰ ਦਾ ਮੁੱਦਾ ਉਭਾਰ ਕੇ ਧਰੁਵੀਕਰਨ ਕੀਤਾ ਜਾ ਸਕਦਾ ਹੈ। ਇਸੇ ਕਰ ਕੇ ਅੱਧੇ-ਅਧੂਰੇ ਮੰਦਰ ਦਾ ਉਦਘਾਟਨ ਜਨਵਰੀ ਵਿਚ ਹੀ ਕਰ ਲਿਆ ਗਿਆ। ਉਤਰ ਪ੍ਰਦੇਸ਼ ਦੀ ਯੋਗੀ ਸਰਕਾਰ ਨੇ ਲੋਕਾਂ ਨੂੰ ਅਯੁੱਧਿਆ ਯਾਤਰਾ ਦੇ ਲਾਲਚ ਵੀ ਦਿੱਤੇ ਪਰ ਇਹ ਮਸਲਾ ਛੇਤੀ ਹੀ ਪਿਛੋਕੜ ਵਿਚ ਚਲਾ ਗਿਆ। ਅਸਲ ਵਿਚ ਬੇਰੁਜ਼ਗਾਰੀ ਅਤੇ ਮਹਿੰਗਾਈ ਵਰਗੇ ਕੁਝ ਖਾਸ ਮੁੱਦੇ ਉਭਰ ਕੇ ਸਾਹਮਣੇ ਆਉਣੇ ਸ਼ੁਰੂ ਹੋ ਗਏ। ਪਹਿਲਾਂ ਇਹ ਮੁੱਦੇ ਸਿਆਸਤ ਦੀ ਧੂੜ ਵਿਚ ਓਹਲੇ ਹੋਏ ਪਏ ਸਨ। ਇਹ ਮੁੱਦੇ ਉਭਰਨ ਤੋਂ ਬਾਅਦ ਹੀ 'ਮੋਦੀ ਕੀ ਗਾਰੰਟੀ' ਵਾਲਾ ਰਾਗ ਅਲਾਪਿਆ ਗਿਆ। ਮੋਦੀ ਦੇ ਇਸ ਰਾਗ ਨੇ ਲੋਕਾਂ ਨੂੰ ਕੁਝ ਕੁ ਤਾਂ ਪ੍ਰਭਾਵਿਤ ਕੀਤਾ ਪਰ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਉਭਰਨ ਕਾਰਨ ਭਾਰਤੀ ਜਨਤਾ ਪਾਰਟੀ ਜਾਂ ਰਾਮ ਮੰਦਰ ਦੇ ਹੱਕ ਵਿਚ ਕੋਈ ਲਹਿਰ ਨਹੀਂ ਬਣ ਸਕੀ।*

*ਐਤਕੀਂ ਪੰਜਾਬ ਦੀਆਂ ਚੋਣਾਂ ਦਾ ਰੰਗ ਵੀ ਨਿਰਾਲਾ ਹੀ ਰਿਹਾ। ਮੁਲਕ ਦੇ ਕੁਝ ਹੋਰ ਹਿੱਸਿਆਂ ਵਾਂਗ ਪੰਜਾਬ ਵਿਚ ਮੋਦੀ ਦਾ ਰੰਗ ਕਿਤੇ ਦੇਖਣ ਨੂੰ ਨਹੀਂ ਮਿਲਿਆ; ਪੰਜਾਬ ਵਿਚ ਤਾਂ ਸਗੋਂ ਪਾਰਟੀ ਦੇ ਆਗੂਆਂ ਨੂੰ ਪ੍ਰਚਾਰ ਕਰਨਾ ਵੀ ਔਖਾ ਹੋਇਆ ਪਿਆ ਸੀ; ਖਾਸ ਕਰ ਕੇ ਮਾਲਵਾ ਖਿੱਤੇ ਵਿਚ ਲੋਕ ਥਾਂ-ਥਾਂ ਉਮੀਦਵਾਰਾਂ ਅਤੇ ਪਾਰਟੀ ਆਗੂਆਂ ਨੂੰ ਘੇਰਨ ਲੱਗ ਪਏ। ਇਹ ਪਹਿਲੀ ਵਾਰ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਵਿਚ ਇਕੱਲਿਆਂ ਅਤੇ ਸਾਰੀਆਂ ਸੀਟਾਂ 'ਤੇ ਚੋਣ ਲੜੀ ਹੈ। ਕੁਝ ਲੋਕ ਤਾਂ ਇਨ੍ਹਾਂ ਚੋਣਾਂ ਨੂੰ 2027 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਰਤੀ ਜਨਤਾ ਪਾਰਟੀ ਦਾ ਟ੍ਰੇਲਰ ਦੱਸ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਦਾ ਮੁੱਖ ਮਕਸਦ ਕਿਵੇਂ ਨਾ ਕਿਵੇਂ 2027 ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੱਧ ਤੋਂ ਵੱਧ ਸੀਟਾਂ ਉਤੇ ਕਬਜ਼ਾ ਕਰਨਾ ਹੈ। ਇਸ ਕਾਰਜ ਲਈ ਹੋਰ ਪਾਰਟੀਆਂ ਦੇ ਆਗੂ ਧੜਾ-ਧੜ ਪਾਰਟੀ ਵਿਚ ਸ਼ਾਮਿਲ ਕੀਤੇ ਜਾ ਰਹੇ ਹਨ। ਇਸ ਗੱਲੋਂ ਪਾਰਟੀ ਦੇ ਪੁਰਾਣੇ ਲੀਡਰ ਅਤੇ ਕਾਰਕੁਨ ਨਾਰਾਜ਼ ਵੀ ਹੋ ਰਹੇ ਹਨ ਪਰ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਇਸ ਪਾਸੇ ਪੂਰੇ ਜ਼ੋਰ-ਸ਼ੋਰ ਨਾਲ ਡਟੀ ਹੋਈ ਹੈ। ਜਦੋਂ ਪਾਰਟੀ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਸੀ ਤਾਂ ਪਾਰਟੀ ਦੀ ਪੰਜਾਬ ਇਕਾਈ ਦਾ ਇਕ ਹਿੱਸਾ ਵਾਰ-ਵਾਰ ਜ਼ੋਰ ਦਿੰਦਾ ਸੀ ਕਿ ਪਾਰਟੀ ਨੂੰ ਹੁਣ ਇਕੱਲਿਆਂ ਵਿਚਰਨਾ ਚਾਹੀਦਾ ਹੈ ਪਰ ਕੇਂਦਰੀ ਲੀਡਰਸ਼ਿਪ ਨੇ ਇਸ ਮੰਗ ਨੂੰ ਬਹੁਤਾ ਗੌਲਿਆ ਨਹੀਂ ਸੀ। ਉਂਝ, ਜਿਉਂ-ਜਿਉਂ ਅਕਾਲੀ ਦਲ ਕਮਜ਼ੋਰ ਪੈਂਦਾ ਗਿਆ, ਭਾਰਤੀ ਜਨਤਾ ਪਾਰਟੀ ਨੇ ਆਪਣੇ ਹਿਸਾਬ ਨਾਲ ਗਿਣਤੀ-ਮਿਣਤੀ ਸ਼ੁਰੂ ਕਰ ਦਿੱਤੀ। ਇਸ ਗਿਣਤੀ-ਮਿਣਤੀ ਵਿਚ ਸੁਖਦੇਵ ਸਿੰਘ ਢੀਂਡਸਾ ਵਰਗੇ ਕੁਝ ਅਕਾਲੀ ਆਗੂਆਂ ਨਾਲ ਲਗਾਤਾਰ ਰਾਬਤਾ ਕਾਇਮ ਕਰਨ ਵੀ ਸ਼ਾਮਿਲ ਸੀ। ਫਿਰ ਵੀ ਅਜੇ ਤੱਕ ਪਾਰਟੀ ਪੰਜਾਬ ਵਿਚ ਉਹ ਆਧਾਰ ਕਾਇਮ ਨਹੀਂ ਕਰ ਸਕੀ ਜਿੰਨਾ ਇਹ ਚਾਹੁੰਦੀ ਸੀ। ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਚੋਣਾਂ ਵਿਚ ਇਸ ਦੀ ਅਸਲ ਅਜ਼ਮਾਇਸ਼ ਹੋ ਰਹੀ ਹੈ। ਰਿਪੋਰਟਾਂ ਇਹ ਵੀ ਹਨ ਕਿ ਐਤਕੀਂ ਪਾਰਟੀ ਦੀ ਵੋਟ ਫੀਸਦ ਵਿਚ ਵਾਧਾ ਹੋ ਸਕਦਾ ਹੈ। ਕੁਝ ਵੀ ਹੈ, ਐਤਕੀਂ ਚੋਣ ਨਤੀਜੇ ਪੂਰੇ ਮੁਲਕ ਅਤੇ ਪੰਜਾਬ ਲਈ ਨਵੀਂ ਸਿਆਸਤ ਦੀ ਸ਼ੁਰੂਆਤ ਹੋ ਸਕਦੇ ਹਨ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਇੱਕ ਜੂਨ ਲਈ ਵਿਸ਼ੇਸ਼

*ਹੱਕ ਲੈਣ ਲਈ ਹਾਕਮ ਨੂੰ ਚੁਣਨ ਵਾਲਾ ਦੇਸ ਭਗਤ ਸੀ ਹੋ ਗਏ ਕੁਰਬਾਨ ਯਾਰੋ।*
*'ਮੁੱਲ ਵੋਟ' ਯਾ ਨਸ਼ਿਆਂ ਦੇ ਲੋਭ ਅੰਦਰ ਕਿਧਰੇ ਹੋ ਨਾ ਜਾਇਉ ਗਲਤਾਨ ਯਾਰੋ।*
*ਜਾਤ-ਪਾਤ ਜਾਂ 'ਫਿਰਕੇ' ਨਾ ਦੇਖਿਉ ਜੀ ਕੈਂਡੀਡੇਟ ਦੀ ਕਰਿਉ 'ਪਹਿਚਾਣ' ਯਾਰੋ।*
*ਨੀਤੀ ਜਿਨ੍ਹਾਂ ਦੀ ਵੰਡੀਆਂ ਪਾਉਣ ਵਾਲੀ ਚੁਣ ਲਏ ਉਹ ਤਾਂ ਹੋਊ ਨੁਕਸਾਨ ਯਾਰੋ।*
*ਲੋਕ-ਰਾਜ ਹਿਤ ਚਾਹੀਦੀ ਬੰਦ ਕਰਨੀ ਤਾਨਾ-ਸ਼ਾਹੀ ਦੀ ਵੱਜਦੀ 'ਤਾਨ' ਯਾਰੋ।*
*ਸੌ ਸੌ ਵਾਰ ਕਰ 'ਸੋਚ ਵਿਚਾਰ' ਜਾਇਉ ਇੱਕ ਜੂਨ ਨੂੰ ਕਰਨ 'ਮੱਤ-ਦਾਨ' ਯਾਰੋ।*

# ਲੋਕ ਸਭਾ ਚੋਣਾਂ ਅਤੇ ਮੋਦੀ ਸਮੇਤ ਮੁੱਖ ਆਗੂਆਂ ਦੀ ਪੰਜਾਬ ਫੇਰੀ

**ਸਾਰੇ ਰਾਜਨੀਤਕ ਲੀਡਰਾਂ ਨੇ ਪੰਜਾਬ ਦਾ ਰੁਖ ਕੀਤਾ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਰਾਹੁਲ ਗਾਂਧੀ, ਅਰਵਿੰਦ ਕੇਜਰੀਵਾਲ, ਪੁਸ਼ਕਰ ਧਾਮੀ, ਰਾਜਨਾਥ ਸਿੰਘ, ਪ੍ਰਿਅੰਕਾ ਗਾਂਧੀ, ਮਾਇਆਵਤੀ ਆਦਿ ਲੀਡਰ ਪੰਜਾਬ ਵਿਚ ਰੈਲੀਆਂ ਕਰ ਚੁੱਕੇ ਹਨ ਪਰ ਹਕੀਕਤ ਇਹ ਹੈ ਕਿ ਇਹਨਾਂ ਵਿਚੋਂ ਕੋਈ ਵੀ ਆਗੂ ਪੰਜਾਬ ਦੇ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਕਾਮਯਾਬ ਨਹੀਂ ਹੋ ਸਕਿਆ।**

ਭਾਰਤ ਵਿਚ ਛੇ ਗੇੜ ਦੀਆਂ ਚੋਣਾਂ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਹੁਣ ਪੰਜਾਬ, ਹਿਮਾਚਲ ਪ੍ਰਦੇਸ, ਚੰਡੀਗੜ੍ਹ ਦੀ ਇਕ ਸੀਟ ਸਮੇਤ 57 ਸੀਟਾਂ ਲਈ ਆਖਰੀ ਗੇੜ ਦੀਆਂ ਚੋਣਾਂ ਲਈ ਪ੍ਰਚਾਰ ਸਿਖਰਾਂ ਉੱਪਰ ਹੈ। ਆਖਰੀ ਗੇੜ ਦੇ ਚੋਣ ਅਮਲ ਵਿਚ ਪੰਜਾਬ ਦੀ ਚਰਚਾ ਸਭ ਤੋਂ ਵੱਧ ਹੋ ਰਹੀ ਹੈ ਕਿਉਂਕਿ ਇਹਨਾਂ ਚੋਣਾਂ ਦੌਰਾਨ ਪੰਜਾਬ ਵਿਚ ਬਣਿਆ ਮਾਹੌਲ ਪੂਰੇ ਦੇਸ਼ ਨਾਲੋਂ ਵੱਖਰਾ ਦ੍ਰਿਸ਼ ਪੇਸ਼ ਕਰ ਰਿਹਾ ਹੈ। ਪੰਜਾਬ ਨੂੰ ਮਹਿਜ 13 ਸੀਟਾਂ ਦੇ ਅੰਕੜੇ ਨਾਲ ਦੇਖਣ ਦੀ ਬਜਾਇ ਪੂਰਾ ਦੇਸ਼ ਕਿਸਾਨ ਅੰਦੋਲਨ ਦੀ ਅਗਵਾਈ ਕਰਨ ਵਾਲੇ ਅਜਿਹੇ ਸੂਬੇ ਵਜੋਂ ਦੇਖ ਰਿਹਾ ਹੈ ਜਿੱਥੇ ਲਗਾਤਾਰ ਤੀਸਰੀਆਂ ਲੋਕ ਸਭਾ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪ੍ਰਭਾਵ ਨਜ਼ਰ ਨਹੀਂ ਆ ਰਿਹਾ। ਦੇਸ਼ ਦੇ ਬਾਕੀ ਹਿੱਸਿਆਂ ਵਿਚ ਇਕੱਠੇ ਚੋਣ ਲੜਨ ਵਾਲੀ ਕਾਂਗਰਸ ਅਤੇ 'ਆਪ' ਪੰਜਾਬ ਵਿਚ ਆਹਮੋ-ਸਾਹਮਣੇ ਹਨ। ਕਰੀਬ ਤਿੰਨ ਦਹਾਕੇ ਚੱਲੇ ਗੱਠਜੋੜ ਦੇ ਟੁੱਟਣ ਤੋਂ ਬਾਅਦ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਪਹਿਲੀ ਵਾਰ ਵੱਖੋ-ਵੱਖਰੇ ਲੋਕ ਸਭਾ ਚੋਣ ਲੜ ਰਹੇ ਹਨ। ਖਡੂਰ ਸਾਹਿਬ, ਸੰਗਰੂਰ ਤੇ ਫਰੀਦਕੋਟ ਵਿਚ ਚੱਲੀ ਧਾਰਮਿਕ ਹਵਾ ਨੇ ਰਾਜਨੀਤਕ ਲੀਡਰਾਂ ਨੂੰ ਸ਼ਸ਼ੋਪੰਜ ਵਿਚ ਪਾਇਆ ਹੋਇਆ ਹੈ।



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਦੇਸ਼ ਦੇ ਸਾਰੇ ਰਾਜਨੀਤਕ ਲੀਡਰਾਂ ਨੇ ਪੰਜਾਬ ਦਾ ਰੁਖ ਕੀਤਾ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਰਾਹੁਲ ਗਾਂਧੀ, ਅਰਵਿੰਦ ਕੇਜਰੀਵਾਲ, ਪੁਸ਼ਕਰ ਧਾਮੀ, ਰਾਜਨਾਥ ਸਿੰਘ, ਪ੍ਰਿਅੰਕਾ ਗਾਂਧੀ, ਮਾਇਆਵਤੀ ਆਦਿ ਲੀਡਰ ਪੰਜਾਬ ਵਿਚ ਰੈਲੀਆਂ ਕਰ ਚੁੱਕੇ ਹਨ ਪਰ ਹਕੀਕਤ ਇਹ ਹੈ ਕਿ ਇਹਨਾਂ ਵਿਚੋਂ ਕੋਈ ਵੀ ਆਗੂ ਪੰਜਾਬ ਦੇ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਕਾਮਯਾਬ ਨਹੀਂ ਹੋ ਸਕਿਆ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਦੇ ਮਾਲਵਾ, ਦੁਆਬਾ ਅਤੇ ਮਾਝਾ ਖੇਤਰਾਂ ਵਿਚ ਕੀਤੀਆਂ ਤਿੰਨੇ ਚੋਣ ਰੈਲੀਆਂ ਦੌਰਾਨ ਆਪਣੇ ਕਾਰਜਕਾਲ ਦੌਰਾਨ ਸਿੱਖ ਭਾਈਚਾਰੇ ਲਈ ਕੀਤੇ ਕੰਮ ਤਾਂ ਗਿਣਾਏ ਗਏ ਪਰ ਉਹ ਪੰਜਾਬ ਦੇ ਕਿਸੇ ਵੀ ਬੁਨਿਆਦੀ ਮਸਲੇ ਨੂੰ ਸੰਬੋਧਨ ਨਹੀਂ ਹੋਏ। ਦੋ ਸਾਲ ਪਹਿਲਾਂ ਜਨਵਰੀ 2022 ਵਿਚ ਜਦ ਪੰਜਾਬ ਵਿਚ ਰੈਲੀ ਨੂੰ ਸੰਬੋਧਨ ਕੀਤੇ ਬਗੈਰ ਹੀ ਪ੍ਰਧਾਨ ਮੰਤਰੀ ਰਸਤੇ ਵਿਚੋਂ ਵਾਪਸ ਪਰਤ ਗਏ ਸਨ ਤਾਂ ਉਸ ਸਮੇਂ ਭਾਜਪਾ ਦੇ ਸੂਬਾਈ ਆਗੂ ਕਹਿੰਦੇ ਸਨ ਕਿ ਮੋਦੀ ਜੀ ਪੰਜਾਬ ਲਈ ਬਹੁਤ ਵੱਡਾ ਐਲਾਨ ਕਰਨ ਆ ਰਹੇ ਸਨ ਪਰ ਕਿਸਾਨਾਂ ਦੇ ਵਿਰੋਧ ਕਾਰਨ ਅਜਿਹਾ ਨਹੀਂ ਹੋ ਸਕਿਆ; ਲੇਕਿਨ ਇਸ ਵਾਰ ਤਾਂ ਭਾਜਪਾ ਦੇ ਹਿਸਾਬ ਨਾਲ ਮੋਦੀ ਜੀ ਦੀਆਂ ਤਿੰਨ ਰੈਲੀਆਂ ਸਫਲ ਹੋਈਆਂ ਹਨ, ਫਿਰ ਵੀ ਉਹਨਾਂ ਪੰਜਾਬ ਨਾਲ ਕੋਈ ਵੀ ਅਜਿਹਾ ਵਾਅਦਾ ਨਹੀਂ ਕੀਤਾ ਕਿ ਉਹ ਜੇ ਤੀਜੀ ਵਾਰ ਪ੍ਰਧਾਨ ਮੰਤਰੀ ਬਣੇ ਤਾਂ ਪੰਜਾਬ ਲਈ ਕੀ ਕਰਨਗੇ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ 2020 ਵਿਚ ਸ਼ੁਰੂ ਹੋਏ ਇਤਿਹਾਸਕ ਕਿਸਾਨ ਅੰਦੋਲਨ ਦੀ ਪੰਜਾਬੀਆਂ ਨੇ ਅਗਵਾਈ ਕੀਤੀ ਸੀ। ਕਿਸਾਨਾਂ ਦੇ ਸੰਘਰਸ਼ ਕਾਰਨ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ ਸੀ ਪਰ ਕਿਸਾਨਾਂ ਨਾਲ ਕੀਤੇ ਵਾਅਦੇ ਅਨੁਸਾਰ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਾਰੰਟੀ ਦੀ ਮੰਗ ਵੱਲ ਸਰਕਾਰ ਨੇ ਧਿਆਨ ਨਹੀਂ ਦਿੱਤਾ। ਲਖੀਮਪੁਰ ਖੀਰੀ ਮਾਮਲੇ ਵਿਚ ਇਨਸਾਫ ਨਹੀਂ ਦਿੱਤਾ ਹੈ। ਅਧੂਰੀਆਂ ਮੰਗਾਂ ਦੀ ਪੂਰਤੀ ਲਈ ਫਰਵਰੀ 2024 ਵਿਚ ਕਿਸਾਨ ਜਥੇਬੰਦੀਆਂ ਦੇ



ਇਕ ਹਿੱਸੇ ਵੱਲੋਂ ਦਿੱਲੀ ਵੱਲ ਕੂਚ ਕੀਤਾ ਗਿਆ ਤਾਂ ਕੇਂਦਰ ਅਤੇ ਹਰਿਆਣਾ ਸਰਕਾਰ ਨੇ ਪਹਿਲਾਂ ਨਾਲੋਂ ਵੀ ਸਖਤ ਰੁਖ ਅਖਤਿਆਰ ਕਰਦੇ ਹੋਏ ਕਿਸਾਨਾਂ ਨੂੰ ਸ਼ੰਭੂ ਅਤੇ ਖਨੌਰੀ ਬਾਰਡਰ ਉੱਪਰ ਰੋਕ ਕੇ ਤਸ਼ੱਦਦ ਕੀਤਾ। ਭਾਜਪਾ ਹਕੂਮਤ ਦੀ ਅਗਵਾਈ ਹੇਠਲੀ ਪੁਲਿਸ ਵੱਲੋਂ ਕਿਸਾਨਾਂ ਉੱਪਰ ਲਾਠੀਆਂ, ਗੋਲੀਆਂ, ਅੱਥਰੂ ਗੈਸ ਦੇ ਗੋਲੇ, ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ। ਕਿਸਾਨਾਂ ਨੂੰ 100 ਦਿਨ ਤੋਂ ਵੱਧ ਸਮਾਂ ਹੋ ਗਿਆ ਹੈ ਬਾਰਡਰਾਂ ਉੱਪਰ ਡਟਿਆਂ ਹੋਇਆਂ ਲੇਕਿਨ ਮੋਦੀ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਹੁਣ ਪੰਜਾਬ ਦੇ ਦੌਰੇ ਤੋਂ ਬਾਅਦ ਇਕ ਮੀਡੀਆ ਅਦਾਰੇ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਰਕਾਰ ਕਿਸਾਨਾਂ ਲਈ ਇੱਕ ਕਦਮ ਅੱਗੇ ਵਧਣ ਦੀ ਚਾਹਵਾਨ ਹੈ। ਹਕੀਕਤ ਇਹ ਹੈ ਕਿ ਹੁਣ ਪ੍ਰਧਾਨ ਮੰਤਰੀ ਦੀ ਇਹ ਗੱਲ ਕੋਈ ਮਾਇਨੇ ਨਹੀਂ ਰੱਖਦੀ ਹੈ ਕਿਉਂਕਿ ਮਹਿਜ਼ ਹਫਤੇ-ਦਸ ਦਿਨ ਬਾਅਦ ਨਵੀਂ ਸਰਕਾਰ ਚੁਣੀ ਜਾਣੀ ਹੈ। ਸਰਕਾਰ ਭਾਵੇਂ ਐਨ.ਡੀ.ਏ. ਦੀ ਆਵੇ ਜਾਂ 'ਇੰਡੀਆ' ਦੀ; ਲੇਕਿਨ ਹੁਣ ਨਵੀਂ ਸਰਕਾਰ ਤੈਅ ਕਰੇਗੀ ਕਿ ਕਿਸਾਨਾਂ ਨਾਲ ਕਿਸ ਰੂਪ ਵਿਚ ਗੱਲ ਅੱਗੇ ਤੋਰਨੀ ਹੈ। ਦੂਜਾ ਉਨ੍ਹਾਂ ਦਾਅਵਾ ਕੀਤਾ ਹੈ ਕਿ ਐਨ.ਡੀ.ਏ. ਦੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਐਮ.ਐਸ.ਪੀ. ਅਧੀਨ ਆਉਂਦੀਆਂ ਫ਼ਸਲਾਂ ਦਾ ਭਾਅ ਤੇ ਝਾੜ ਵਧਿਆ ਹੈ। ਪਹਿਲੀ ਗੱਲ ਤਾਂ ਭਾਅ ਤੇ ਝਾੜ ਪਿਛਲੇ ਕਈ ਦਹਾਕਿਆਂ ਤੋਂ ਲੱਗਭੱਗ ਹਰ ਸਾਲ ਵਧ ਰਿਹਾ ਹੈ; ਦੂਜਾ ਇਹ ਕਿ ਭਾਜਪਾ ਨੇ ਤਾਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ, ਉਸ ਦਾ ਪਿਛਲੇ 10 ਸਾਲਾਂ ਵਿਚ ਕੀ ਬਣਿਆ, ਉਹ ਦੱਸਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਨੇ ਪੰਜਾਬ ਵਿਚ ਕੀਤੀਆਂ ਰੈਲੀਆਂ ਦੌਰਾਨ ਪੰਜਾਬ ਦੇ ਕੁਝ ਮੁੱਦਿਆਂ ਦਾ ਜ਼ਿਕਰ ਜ਼ਰੂਰ ਕੀਤਾ; ਜਿਵੇਂ ਉਨ੍ਹਾਂ ਕਿਹਾ, "ਇੱਥੇ ਰੇਤ ਮਾਫ਼ੀਆ, ਡਰੱਗ ਮਾਫ਼ੀਆ ਤੇ ਸ਼ੂਟਰ ਗੈਂਗ ਦੀ ਮਨਮਰਜ਼ੀ ਚੱਲਦੀ ਹੈ। ਪੂਰੀ ਸਰਕਾਰ ਕਰਜ਼ੇ ਉੱਤੇ ਚੱਲ ਰਹੀ ਹੈ" ਲੇਕਿਨ ਉਹਨਾਂ ਕਿਸੇ ਵੀ ਮਾਮਲੇ ਦੇ ਹੱਲ ਲਈ ਆਪਣੀ ਪਾਰਟੀ ਦੀ ਪਹੁੰਚ ਨਹੀਂ ਰੱਖੀ। ਪ੍ਰਧਾਨ ਮੰਤਰੀ ਨੇ ਪੰਜਾਬ ਦੌਰਿਆਂ ਦੌਰਾਨ ਸੂਬੇ ਸਿਰ ਚੜ੍ਹੇ ਕਰਜ਼ੇ, ਬੇਰੁਜ਼ਗਾਰੀ, ਨਸ਼ਿਆਂ, ਬੇਲੋੜੇ ਪਰਵਾਸ, ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਦੇ ਕਾਰਨਾਂ ਜਾਂ ਹੱਲ ਸਬੰਧੀ ਗੱਲ ਕਰਨ ਦੀ ਬਜਾਇ ਧਾਰਮਿਕ ਪੱਤਾ ਖੇਡਣ ਦਾ ਰਾਹ ਚੁਣਿਆ। ਪੂਰੇ ਦੇਸ਼ ਵਿਚ ਘੱਟ ਗਿਣਤੀਆਂ ਖਿਲਾਫ ਬੋਲ-ਬੋਲ ਚੋਣ ਮੁਹਿੰਮ ਮਘਾਉਣ ਵਾਲੇ ਮੋਦੀ ਜੀ ਨੇ ਪੰਜਾਬ ਵਿਚ ਆ ਕੇ ਘੱਟ ਗਿਣਤੀ ਸਿੱਖ ਭਾਈਚਾਰੇ ਲਈ ਕੀਤੇ ਆਪਣੇ ਕੰਮ ਗਿਣਾਏ। ਪੱਗ ਬੰਨ੍ਹ ਕੇ ਪੰਜਾਬ ਦੀਆਂ ਰੈਲੀਆਂ ਵਿਚ ਪਹੁੰਚੇ ਪ੍ਰਧਾਨ ਮੰਤਰੀ ਜੀ ਨੇ 2019 ਵਿਚ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਸਿਹਰਾ ਖੁਦ ਆਪਣੇ ਸਿਰ ਲਿਆ।

ਪੰਜਾਬ ਆ ਕੇ ਮੋਦੀ ਜੀ ਜਿੰਨੀਆਂ ਮਰਜ਼ੀ ਟਾਹਰਾਂ ਮਾਰਨ ਲੇਕਿਨ ਪਿਛਲੇ 10 ਸਾਲਾਂ ਵਿਚ ਭਾਜਪਾ ਦੀ ਸੱਤਾ ਦੌਰਾਨ ਘੱਟ-ਗਿਣਤੀਆਂ 'ਤੇ ਜਬਰ ਦਾ ਮੁੱਦਾ ਪੂਰੀ ਦੁਨੀਆ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਅਮਰੀਕਾ ਸਮੇਤ ਦੁਨੀਆਂ ਭਰ ਦੇ ਇਸਾਈ ਧਾਰਮਿਕ ਗਰੁੱਪਾਂ ਦੀ ਪ੍ਰਤੀਨਿਧ ਸੰਸਥਾ ਯੂਨਾਈਟਿਡ ਮੈਥੋਡਿਸਟ ਚਰਚ (ਯੂ.ਐਮ.ਸੀ.) ਦੀ ਜਨਰਲ ਕੌਂਸਲ ਵੱਲੋਂ ਭਾਰਤ ਵਿਚ ਇਸਾਈ ਭਾਈਚਾਰੇ ਉੱਤੇ ਢਾਹੇ ਜਾ ਰਹੇ ਜ਼ੁਲਮਾਂ ਦੀ ਸਖ਼ਤ ਨਿੰਦਾ ਦਾ ਮਤਾ ਪਾਸ ਕੀਤਾ ਹੈ। ਯੂ.ਐਮ.ਸੀ. ਵੱਲੋਂ ਆਪਣੇ ਇਸ ਮਤੇ ਵਿਚ ਮਨੀਪੁਰ ਅੰਦਰ ਇਸਾਈਆਂ ਉੱਤੇ ਹੋ ਰਹੇ ਹਮਲਿਆਂ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ।

ਪ੍ਰਧਾਨ ਮੰਤਰੀ ਜੀ ਵੱਲੋਂ ਦੇਸ਼ ਵਿਚ ਕੀਤੇ ਗਏ ਚੋਣ ਪ੍ਰਚਾਰ ਦੌਰਾਨ ਧਾਰਮਿਕ ਤੌਰ 'ਤੇ ਵੋਟਾਂ ਦਾ ਧਰੁਵੀਕਰਨ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਉਨ੍ਹਾਂ ਰਾਜਸਥਾਨ, ਉੱਤਰ ਪ੍ਰਦੇਸ਼ ਸਮੇਤ ਕਈ ਹਿੰਦੀ ਭਾਸ਼ੀ ਸੂਬਿਆਂ ਵਿਚ ਕੀਤੀਆਂ ਰੈਲੀਆਂ ਦੌਰਾਨ ਕਿਹਾ ਸੀ ਕਿ ਕਾਂਗਰਸ ਲੋਕਾਂ ਦੀਆਂ ਜਾਇਦਾਦਾਂ ਅਤੇ ਔਰਤਾਂ ਦੇ ਮੰਗਲ ਸੂਤਰ ਖੋਹ ਕੇ ਮੁਸਲਮਾਨਾਂ ਵਿਚ ਵੰਡਣ ਦੀ ਯੋਜਨਾ ਬਣਾ ਰਹੀ ਹੈ। ਰਾਜਸਥਾਨ ਦੇ ਟੋਂਕ ਵਿਚ ਤਾਂ ਭਾਸ਼ਣ ਦੌਰਾਨ ਤਾਂ ਉਹਨਾਂ ਇੱਥੋਂ ਤੱਕ ਕਿਹਾ ਸੀ ਕਿ ਜੇਕਰ ਕਾਂਗਰਸ ਸੱਤਾ ਵਿਚ ਆ ਗਈ ਤਾਂ ਤੁਹਾਡੀਆਂ ਜਾਇਦਾਦਾਂ ਖੋਹ ਕੇ ਮੁਸਲਮਾਨਾਂ ਨੂੰ ਦੇ ਦਿੱਤੀਆਂ ਜਾਣਗੀਆਂ।

'ਆਪ' ਮੁਖੀ ਅਰਵਿੰਦ ਕੇਜਰੀਵਾਲ ਆਪਣੇ ਪੰਜ ਦਿਨਾਂ ਦੌਰੇ 'ਤੇ ਪੰਜਾਬ ਪਹੁੰਚੇ ਪਰ ਇਸ ਵਾਰ ਉਹ ਪੰਜਾਬ ਦੇ ਵੋਟਰਾਂ ਦਾ ਧਿਆਨ ਖਿੱਚਣ ਵਿਚ ਕਾਮਯਾਬ ਨਹੀਂ ਹੋਏ। ਲੋਕ ਪਹਿਲਾਂ ਦੋ ਵਾਰ ਉਹਨਾਂ ਦੀਆਂ ਗੱਲਾਂ ਵਿਚ ਆ ਚੁੱਕੇ ਹਨ ਪਰ ਹੁਣ ਅਜਿਹਾ ਨਹੀਂ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ 'ਆਪ' ਸੂਬੇ ਦੀਆਂ ਲੱਗਭੱਗ ਅੱਧੀਆਂ ਸੀਟਾਂ ਜਿੱਤ ਸਕਦੀ ਹੈ ਪਰ ਇਸ ਪਿੱਛੇ ਕੇਜਰੀਵਾਲ ਜਾਂ 'ਆਪ' ਨਹੀਂ ਹੈ। ਇਹੋ ਸਥਿਤੀ ਕਾਂਗਰਸ ਦੀ ਰਹਿਣ ਵਾਲੀ ਹੈ।

ਲੰਘੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਇਹ ਸਿੱਧ ਕੀਤਾ ਸੀ ਕਿ ਪੰਜਾਬ ਦੇ ਲੋਕ ਅਕਾਲੀ ਦਲ (ਬਾਦਲ), ਭਾਜਪਾ ਤੇ ਕਾਂਗਰਸ ਤੋਂ ਅੱਕੇ ਹੋਏ ਹਨ ਪਰ 'ਆਪ' ਵੱਲੋਂ ਸੱਤਾ ਸੰਭਾਲਣ ਦੇ ਮਹਿਜ਼ ਕੁਝ ਮਹੀਨਿਆਂ ਬਾਅਦ ਹੋਈ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਵਿਚ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਨੇ ਦਰਸਾਇਆ ਸੀ ਕਿ ਲੋਕ ਹੁਣ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਵਾਂਗ 'ਆਪ' ਤੋਂ ਵੀ ਨਿਰਾਸ਼ ਹੋ ਗਏ ਹਨ।

ਇਸ ਸਮੇਂ ਹਕੀਕਤ ਇਹ ਹੈ ਕਿ ਪੰਜਾਬ ਵਿਚ ਕਿਸੇ ਇਕ ਪਾਰਟੀ ਦੇ ਪੱਖ ਵਿਚ ਲਹਿਰ ਨਜ਼ਰ ਨਹੀਂ ਆ ਰਹੀ ਹੈ। ਸੂਬੇ ਦੀ ਸਭ ਤੋਂ ਪੁਰਾਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਬਠਿੰਡਾ ਲੋਕ ਸਭਾ ਹਲਕੇ ਤੋਂ ਇਲਾਵਾ ਕਿਤੇ ਮੁੱਖ ਮੁਕਾਬਲੇ ਵਿਚ ਨਜ਼ਰ ਨਹੀਂ ਆ ਰਹੀ। ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਹੋਣ ਦਾ ਦਾਅਵਾ ਕਰਨ ਵਾਲੀ ਭਾਜਪਾ ਪੰਜਾਬ ਦੀਆਂ ਜ਼ਿਆਦਾਤਰ ਸੀਟਾਂ ਉੱਪਰ ਮੁਕਾਬਲੇ 'ਚੋਂ ਹੀ ਬਾਹਰ ਹੈ। ਮੋਦੀ ਜੀ ਵੱਲੋਂ ਦੇਸ਼ ਭਰ ਵਿਚ ਸਿਰਜਿਆ ਬਿਰਤਾਂਤ ਪੰਜਾਬ ਵਿਚ ਨਜ਼ਰ ਨਹੀਂ ਪੈ ਰਿਹਾ ਹੈ। ਕੁਝ ਸੀਟਾਂ ਉੱਪਰ ਮੁਕਾਬਲਾ 'ਆਪ' ਅਤੇ ਕਾਂਗਰਸ ਵਿਚ ਨਜ਼ਰ ਆ ਰਿਹਾ ਹੈ ਜਦਕਿ ਪੰਜਾਬ ਦੀਆਂ ਤਿੰਨ ਸੀਟਾਂ ਸੰਗਰੂਰ, ਖਡੂਰ ਸਾਹਿਬ ਤੇ ਫਰੀਦਕੋਟ ਉੱਪਰ ਪੰਥਕ ਉਮੀਦਵਾਰਾਂ ਦਾ ਪ੍ਰਭਾਵ ਲਗਾਤਾਰ ਵਧ ਰਿਹਾ ਹੈ। ਪੰਜਾਬ ਦਾ ਇਕ ਪਹਿਲੂ ਪੂਰੇ ਦੇਸ਼ ਨਾਲ ਮੇਲ ਖਾਂਦਾ ਹੈ; ਉਹ ਇਹ ਕਿ ਦੇਸ਼ ਵਿਚ ਪਿਛਲੇ ਛੇ ਗੇੜਾਂ ਦੀਆਂ ਚੋਣਾਂ ਦੌਰਾਨ ਪੋਲ ਹੋਈਆਂ ਵੋਟਾਂ ਦਾ ਅੰਕੜਾ ਦੱਸਦਾ ਹੈ ਕਿ ਪੂਰੇ ਦੇਸ਼ ਵਿਚ ਲੋਕ ਰਾਜਨੀਤਕ ਪਾਰਟੀਆਂ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹਨ ਤੇ ਇਹੋ ਹਾਲ ਪੰਜਾਬ ਦਾ ਹੈ।

# ਲੋਕ ਸਭਾ ਚੋਣਾਂ ਅਤੇ ਪੰਜਾਬ ਦੇ ਖਾਸ ਮੁੱਦੇ

ਸੁੱਚਾ ਸਿੰਘ ਗਿੱਲ
ਫੋਨ: +91-98550-82857

ਲੋਕ ਸਭਾ ਚੋਣਾਂ ਅਜਿਹੇ ਸਮੇਂ ਹੋ ਰਹੀਆਂ ਹਨ ਜਦੋਂ ਦੇਸ਼ ਦੇ ਧਰਮ ਨਿਰਪੱਖ ਅਤੇ ਜਮਹੂਰੀ ਗਣਤੰਤਰ ਵਾਲਾ ਸੰਵਿਧਾਨ ਬਦਲ ਕੇ ਤਾਨਾਸ਼ਾਹ ਹਿੰਦੂ ਰਾਸ਼ਟਰ ਬਣਾਉਣ ਦਾ ਖ਼ਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ। ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਦੇ ਅਧਿਕਾਰਾਂ ਤੇ ਹਿੱਤਾਂ ਨੂੰ ਸ਼ਰੇਆਮ ਦਬਾਇਆ ਜਾ ਰਿਹਾ ਹੈ। ਹਾਕਮ ਪਾਰਟੀ ਦੇ ਲੀਡਰ ਕਾਰਪੋਰੇਟ ਘਰਾਣਿਆਂ ਦਾ ਖੁੱਲ੍ਹੇਆਮ ਪੱਖ ਪੂਰ ਰਹੇ ਅਤੇ ਨਫ਼ਰਤੀ ਭਾਸ਼ਣ ਦੇ ਰਹੇ ਹਨ। ਮੁੱਖ ਅਖ਼ਬਾਰ ਅਤੇ ਟੀਵੀ ਚੈਨਲ ਇਸ ਬਾਰੇ ਚੁੱਪ ਹਨ। ਚੋਣ ਕਮਿਸ਼ਨ ਦਾ ਰਵੱਈਆ ਪੱਖਪਾਤੀ ਨਜ਼ਰ ਆਉਂਦਾ ਹੈ। ਸੁਰੱਖਿਆ ਏਜੰਸੀਆਂ ਦੀ ਦੁਰਵਰਤੋਂ ਹੋ ਰਹੀ ਹੈ ਅਤੇ ਅਦਾਲਤਾਂ ਦਾ ਨਜ਼ਰੀਆ ਉਦਾਸੀਨ ਬਣ ਰਿਹਾ ਹੈ।

ਪੰਜਾਬੀਆਂ ਨੇ ਦੇਸ਼ ਦੀ ਆਜ਼ਾਦੀ ਵਿਚ ਅਹਿਮ ਰੋਲ ਨਿਭਾਇਆ ਅਤੇ ਦੇਸ਼ ਦੀ ਵੰਡ ਦੌਰਾਨ ਭਿਆਨਕ ਮਾਰ ਖਾਧੀ ਸੀ। ਇਸ ਤੋਂ ਬਾਅਦ ਸੂਬਾ ਵੰਡ ਦੀ ਮਾਰ ਤੋਂ ਸੰਭਲਿਆ। ਫਿਰ ਹਰੀ ਕ੍ਰਾਂਤੀ ਕਰ ਕੇ ਦੇਸ਼ ਨੂੰ ਅਨਾਜ ਵਿਚ ਆਤਮ-ਨਿਰਭਰ ਬਣਾਇਆ। 1975-77 ਦੌਰਾਨ ਐਮਰਜੈਂਸੀ ਲੱਗੀ ਤਾਂ ਇਸ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਨੇ ਮੋਰਚਾ ਲਾਇਆ ਸੀ। ਕਿਸਾਨੀ ਸੰਕਟ ਦੇ ਹੱਲ ਵਾਸਤੇ 2020-21 'ਚ ਕਿਸਾਨ ਜਥੇਬੰਦੀਆਂ ਨੇ ਕਿਸਾਨ ਅੰਦੋਲਨ ਦੀ ਅਗਵਾਈ ਕੀਤੀ ਅਤੇ ਦੂਜੇ ਸੂਬਿਆਂ ਦੇ ਕਿਸਾਨਾਂ ਨਾਲ ਮਿਲ ਕੇ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਏ। ਹੁਣ ਵੀ ਪੰਜਾਬੀਆਂ ਦਾ ਫਰਜ਼ ਹੈ ਕਿ ਦੇਸ਼ ਨੂੰ ਮੁਸ਼ਕਿਲ ਸਮੇਂ ਬਣਦਾ ਰੋਲ ਨਿਭਾਉਣ।

ਚੋਣਾਂ ਦੌਰਾਨ ਸੂਬੇ ਦੇ ਮਸਲਿਆਂ ਦੀ ਨਿਸ਼ਾਨਦੇਹੀ ਕਰਨਾ ਅਤੇ ਦੇਸ਼ ਦੇ ਭਵਿੱਖ ਵਿਚ ਉਸਾਰੂ ਰੋਲ ਅਦਾ ਕਰਨਾ ਮਹੱਤਵਪੂਰਨ ਹੋ ਸਕਦਾ ਹੈ। ਕਿਸਾਨ ਜਥੇਬੰਦੀਆਂ ਉਮੀਦਵਾਰਾਂ ਨੂੰ ਕਿਸਾਨੀ ਮਸਲਿਆਂ ਬਾਰੇ ਸਵਾਲ ਕਰ ਰਹੀਆਂ ਹਨ। ਕੁਝ ਮੁਲਾਜ਼ਮ ਜਥੇਬੰਦੀਆਂ ਵੀ ਆਪਣੇ ਨਾਲ ਸਬੰਧਿਤ ਮੁੱਦੇ ਉਭਾਰ ਰਹੀਆਂ ਹਨ। ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਜਮਹੂਰੀ ਹੱਕਾਂ ਦਾ ਸਵਾਲਨਾਮਾ ਤਿਆਰ ਕਰ ਕੇ ਵੰਡਿਆ ਹੈ। ਇਨ੍ਹਾਂ ਕੋਸ਼ਿਸ਼ਾਂ ਨੂੰ ਹੋਰ ਬਲ ਦੇਣ ਲਈ ਪੰਜਾਬ ਦੇ ਸਮੂਹਿਕ ਮਸਲਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ। ਇਹ ਇਸ ਕਰ ਕੇ ਜ਼ਰੂਰੀ ਹੈ ਤਾਂ ਕਿ ਚੋਣਾਂ ਵਿਚ ਖੜ੍ਹੇ ਉਮੀਦਵਾਰਾਂ ਨੂੰ ਇਨ੍ਹਾਂ ਮਸਲਿਆਂ ਦੀ ਜਾਣਕਾਰੀ ਹੋਵੇ ਅਤੇ ਉਹ ਇਨ੍ਹਾਂ ਬਾਰੇ ਆਪਣੀ ਰਾਇ ਬਣਾਉਣ ਜਾਂ ਜ਼ਾਹਿਰ ਕਰਨ, ਆਪਣੀ ਪ੍ਰਤੀਬੱਧਤਾ ਸਪੱਸ਼ਟ ਕਰਨ ਅਤੇ ਚੋਣਾਂ ਜਿੱਤਣ ਤੋਂ ਬਾਅਦ ਪਾਰਲੀਮੈਂਟ ਵਿਚ ਇਨ੍ਹਾਂ ਦੇ ਹੱਲ ਲਈ ਯੋਗਦਾਨ ਪਾਉਣ। ਲੇਖ ਵਿਚ ਕੁਝ ਮੁੱਦਿਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਕੁਝ ਮੁੱਦੇ ਪੰਜਾਬ ਦੇ ਪੁਨਰਗਠਨ ਨਾਲ ਪੈਦਾ ਹੋਏ ਹਨ, ਕੁਝ ਆਰਥਿਕ ਸਮਾਜਿਕ ਸੰਕਟ ਨੇ ਪੈਦਾ ਕੀਤੇ ਅਤੇ ਕੁਝ ਕੇਂਦਰ ਸਰਕਾਰ ਦੇ ਫੈਸਲਿਆਂ ਨੇ ਪੈਦਾ ਕੀਤੇ ਹਨ।

**ਪੁਨਰਗਠਨ ਨਾਲ ਸਬੰਧਿਤ ਮਸਲੇ**

*ਨਵੰਬਰ 1966 ਵਿਚ ਪੰਜਾਬ ਦੇ ਪੁਨਰਗਠਨ ਵੇਲੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ। ਇਸ ਨੂੰ ਪੰਜਾਬ ਵਿਚ ਸ਼ਾਮਲ ਕਰਨ ਦਾ ਮਸਲਾ 58 ਸਾਲਾਂ ਤੋਂ ਲਟਕ ਰਿਹਾ ਹੈ।

*ਪੰਜਾਬੀ ਬੋਲਣ ਵਾਲੇ ਕੁਝ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਨਾਲ ਮਿਲਾ ਦਿੱਤੇ ਅਤੇ ਕੁਝ ਮੈਦਾਨੀ ਇਲਾਕੇ ਹਰਿਆਣੇ ਵਿਚ ਸ਼ਾਮਲ ਕਰ ਦਿੱਤੇ। ਇਨ੍ਹਾਂ ਨੂੰ ਪੰਜਾਬ ਵਿਚ ਸ਼ਾਮਲ ਕਰਨਾ ਸਮੇਂ ਦੀ ਲੋੜ ਹੈ।



*ਹਰਿਆਣਾ ਨਾਲ ਪੰਜਾਬ ਦੇ ਪਾਣੀਆਂ ਦੀ ਵੰਡ ਦਾ ਮਸਲਾ ਪੈਦਾ ਹੋ ਗਿਆ। ਪਾਣੀਆਂ ਦੇ ਹੈੱਡਵਰਕਸ ਵਾਸਤੇ ਕੇਂਦਰ ਦੇ ਕੰਟਰੋਲ ਹੇਠ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਬਣਾ ਦਿੱਤਾ ਗਿਆ। ਦਰਿਆਵਾਂ ਦੇ ਪਾਣੀ ਦੀ ਸਿਧਾਂਤ ਅਨੁਸਾਰ ਵੰਡ ਕਰਨਾ ਅਤੇ ਇਨ੍ਹਾਂ ਦੇ ਹੈੱਡਵਰਕਸ ਦਾ ਕੰਟਰੋਲ ਪੰਜਾਬ ਨੂੰ ਦਿਵਾਉਣਾ ਇਨਸਾਫ਼ ਦਾ ਮਸਲਾ ਹੈ।

**ਆਰਥਿਕ, ਸਮਾਜਿਕ, ਸਿਆਸੀ ਸੰਕਟ ਦੇ ਮਸਲੇ**

ਪੰਜਾਬ 1980ਵਿਆਂ ਅਤੇ 90ਵਿਆਂ ਵਿਚ ਗਹਿਰੇ ਸਿਆਸੀ ਸੰਕਟ ਵਿਚੋਂ ਗੁਜ਼ਰਿਆ ਜਿਸ ਦੇ ਮੱਦੇਨਜਰ ਆਰਥਿਕ, ਸਮਾਜਿਕ ਅਤੇ ਸਿਆਸੀ ਮਸਲਿਆਂ ਨੇ ਜਨਮ ਲਿਆ:

*ਪੰਜਾਬ ਸਰਕਾਰ ਪੈਰਾਂ ਤੋਂ ਸਿਰ ਤੱਕ ਕਰਜ਼ੇ ਹੇਠ ਹੈ ਜੋ 3.42 ਲੱਖ ਕਰੋੜ ਰੁਪਏ ਤੱਕ ਪੁੱਜਾ ਹੈ। ਵਿਆਜ ਅਤੇ ਮੂਲ ਦੀਆਂ ਕਿਸ਼ਤਾਂ ਪੰਜਾਬ ਦੇ ਆਪਣੇ ਮਾਲੀਏ ਦਾ 1/3 ਹਿੱਸਾ ਖਾ ਜਾਂਦੀਆਂ ਹਨ। ਆਮ ਖਰਚੇ ਕਰਨ ਅਤੇ ਕਰਜ਼ਾ ਮੋੜਨ ਵਾਸਤੇ ਹੋਰ ਕਰਜ਼ਾ ਹਰ ਸਾਲ ਲੈਣਾ ਪੈ ਰਿਹਾ ਹੈ। ਇਹ ਕਰਜ਼ਾ ਹਰ ਸਾਲ ਵਧ ਰਿਹਾ ਹੈ ਜਿਸ ਕਰ ਕੇ ਸਰਕਾਰ ਕੋਲ ਪੂੰਜੀ ਨਿਵੇਸ਼ ਲਈ ਵਿਤੀ ਸਾਧਨਾਂ ਦੀ ਘਾਟ ਹੈ। ਇਸੇ ਲਈ ਕਰਜ਼ੇ ਨੂੰ ਰਿਟਾਇਰ ਕਰਨ ਦਾ ਪ੍ਰੋਗਰਾਮ ਬਣਾਉਣ ਦੀ ਲੋੜ ਹੈ।

*ਸੂਬਾ ਦੇਸ਼ ਵਿਚ 1991-92 ਤੱਕ ਸਾਰੇ ਵੱਡੇ ਸੂਬਿਆਂ ਤੋਂ ਪ੍ਰਤੀ ਵਿਅਕਤੀ ਆਮਦਨ ਵਿਚ ਪਹਿਲੇ ਸਥਾਨ 'ਤੇ ਸੀ। ਹੁਣ ਇਹ ਦਸਵੇਂ ਸਥਾਨ 'ਤੇ ਹੈ। ਇਸ ਦਾ ਮੁੱਖ ਕਾਰਨ ਪੂੰਜੀ ਨਿਵੇਸ਼ ਦੀ ਸਖ਼ਤ ਘਾਟ ਹੈ।

*ਖੇਤੀ ਖੇਤਰ ਗਹਿਰੇ ਸੰਕਟ ਵਿਚ ਹੈ। ਖੇਤ ਮਜ਼ਦੂਰ ਅਤੇ ਕਿਸਾਨ ਕਰਜ਼ੇ ਕਾਰਨ ਆਤਮ-ਹਤਿਆਵਾਂ ਕਰ ਰਹੇ ਹਨ ਪਰ ਸਰਕਾਰਾਂ ਚੁੱਪ ਹਨ। ਮਾਹਿਰਾਂ ਦੀ ਸਲਾਹ ਵੱਲ ਕੋਈ ਤਵੱਜੋ ਨਹੀਂ ਦਿੱਤੀ ਜਾ ਰਹੀ। ਤਿੰਨ ਵਾਰ ਖੇਤੀ ਨੀਤੀ ਤਿਆਰ ਕਰਵਾਉਣ ਤੋਂ ਬਾਅਦ ਕਿਸੇ ਵੀ ਸਰਕਾਰ ਨੇ ਇਸ ਬਾਰੇ ਵਿਚਾਰ ਚਰਚਾ ਵਾਜਿਬ ਨਹੀਂ ਸਮਝੀ।

*ਸੂਬੇ ਵਿਚੋਂ ਉਦਯੋਗਿਕ ਕੇਂਦਰ ਉਜੜ ਰਹੇ ਹਨ। ਅੰਮ੍ਰਿਤਸਰ ਤੇ ਬਟਾਲਾ 1980ਵਿਆਂ ਤੇ 90ਵਿਆਂ ਵਿਚ ਉਦਯੋਗਿਕ ਕੇਂਦਰ ਵਜੋਂ ਖ਼ਤਮ ਹੋ ਗਏ। ਮੰਡੀ ਗੋਬਿੰਦਗੜ੍ਹ ਅਤੇ ਗੋਰਾਇਆ ਵਿਚੋਂ ਉਦਯੋਗ ਪਿਛਲੇ ਦੋ ਦਹਾਕਿਆਂ ਵਿਚ ਬੰਦ ਹੋ ਗਏ। ਹੋਰ ਥਾਵਾਂ ਤੋਂ ਉਦਯੋਗਿਕ ਇਕਾਈਆਂ ਦੂਜੇ ਸੂਬਿਆਂ ਨੂੰ ਜਾ ਰਹੀਆਂ ਹਨ। ਖੇਤੀ ਤੇ ਉਦਯੋਗਿਕ ਖੇਤਰ ਵਿਚ ਵਿਕਾਸ ਦਾ ਕੋਈ ਤਾਲਮੇਲ ਨਹੀਂ। ਇੰਟਰਨੈੱਟ ਕੰਪਿਊਟਰ ਟੈਕਨਾਲੋਜੀ ਦੇ ਪੈਰ ਸੂਬੇ ਵਿਚ ਜੰਮ ਨਹੀਂ ਸਕੇ।

*ਸੇਵਾਵਾਂ ਦੇ ਖੇਤਰ ਵਿਚ ਵੀ ਸੂਬੇ ਦੀ ਕਾਰਗੁਜ਼ਾਰੀ ਤਸੱਲੀਬਖ਼ਸ਼ ਨਹੀਂ। ਰੁਜ਼ਗਾਰ ਦੀ ਗੁਣਵਤਾ ਮਾੜੀ ਹੋ ਗਈ ਹੈ। ਠੇਕੇ 'ਤੇ ਭਰਤੀਆਂ ਅਤੇ ਕੱਚੀਆਂ ਨੌਕਰੀਆਂ ਨੇ ਰੁਜ਼ਗਾਰ ਦੀ ਗੁਣਵੱਤਾ ਹੇਠਾਂ ਡੇਗੀ ਹੈ। ਬੇਰੁਜ਼ਗਾਰੀ ਵੀ ਦੇਸ਼ ਦੇ ਦੂਜੇ ਹਿੱਸਿਆਂ ਦੇ ਮੁਕਾਬਲੇ ਜ਼ਿਆਦਾ ਹੈ। ਭਾਰਤ ਸਰਕਾਰ ਦੀ ਪੀਰੀਆਡਿਕ ਲੇਬਰ ਫੋਰਸ ਰਿਪੋਰਟ-2022 ਅਨੁਸਾਰ, ਪੰਜਾਬ ਵਿਚ ਬੇਰੁਜ਼ਗਾਰੀ ਦਰ 7.2% ਹੈ ਜੋ ਭਾਰਤ ਦੀ ਬੇਰੁਜ਼ਗਾਰੀ ਦਰ 6.4% ਤੋਂ ਜ਼ਿਆਦਾ ਹੈ। ਇਵੇਂ ਹੀ ਨੌਜਵਾਨਾਂ ਦੀ ਪੰਜਾਬ ਵਿਚ ਬੇਰੁਜ਼ਗਾਰੀ ਦਰ 26.33% ਹੈ ਜਿਹੜੀ ਮੁਲਕ ਪੱਧਰੀ ਬੇਰੁਜ਼ਗਾਰੀ ਦਰ 21.84% ਤੋਂ ਵੱਧ ਹੈ। ਇਸ ਨੇ ਪੰਜਾਬ ਵਿਚ ਇਹ ਸਮੱਸਿਆਵਾਂ ਪੈਦਾ ਕੀਤੀਆਂ:

(ੳ) ਰੁਜ਼ਗਾਰ ਲਈ ਲੱਖਾਂ ਨੌਜਵਾਨ ਵਿਦੇਸ਼ ਜਾ ਰਹੇ ਹਨ ਜਿਸ ਨਾਲ ਪੰਜਾਬ ਦੇ ਬੌਧਿਕ ਸਰਮਾਏ ਦੇ ਨਾਲ-ਨਾਲ ਕਈ ਹਜ਼ਾਰ ਕਰੋੜ ਸਰਮਾਇਆ ਫੀਸਾਂ, ਕਿਰਾਏ ਅਤੇ ਰਹਿਣ-ਸਹਿਣ ਦੇ ਖਰਚੇ ਦੇ ਰੂਪ ਵਿਚ ਵਿਦੇਸ਼ ਜਾ ਰਿਹਾ ਹੈ।

(ਅ) ਰੁਜ਼ਗਾਰ ਦੀ ਘਾਟ ਕਾਰਨ ਨੌਜਵਾਨਾਂ ਦਾ ਇੱਕ ਵਰਗ ਨਸ਼ਿਆਂ ਅਤੇ ਅਪਰਾਧ ਵੱਲ ਧੱਕਿਆ ਗਿਆ ਹੈ।

(ੲ) ਇਨ੍ਹਾਂ ਮਸਲਿਆਂ ਕਾਰਨ ਗੈਂਗਸਟਰਾਂ ਨੇ ਪੰਜਾਬ ਦਾ ਅਮਨ ਕਾਨੂੰਨ ਪ੍ਰਭਾਵਿਤ ਕੀਤਾ ਹੈ। ਬੇਵਿਸ਼ਵਾਸੀ ਕਾਰਨ ਪੂੰਜੀ ਨਿਰਮਾਣ 'ਤੇ ਅਸਰ ਪਿਆ ਹੈ।

*ਪੰਜਾਬ ਨੂੰ ਪਹਿਲਾਂ ਖ਼ਾਸ ਯੋਜਨਾ ਤਹਿਤ ਦੇਸ਼ ਦੀ ਖਾਧ ਸੁਰੱਖਿਆ ਕਾਇਮ ਰੱਖਣ ਵਾਸਤੇ ਕਣਕ ਝੋਨੇ ਦੀ ਚੱਕਰ ਵਿਚ ਕੇਂਦਰ ਸਰਕਾਰ ਨੇ ਫਸਾਇਆ, ਹੁਣ ਇਸ ਵਿਚੋਂ ਪੰਜਾਬ ਆਪਣੇ ਆਪ ਬਾਹਰ ਨਹੀਂ ਨਿਕਲ ਸਕਦਾ।

*ਖੇਤੀ ਦੇ ਇਸ ਵਿਕਾਸ ਮਾਡਲ ਨੇ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਖ਼ਤਮ ਹੋਣ ਕੰਢੇ ਪਹੁੰਚਾ ਦਿੱਤਾ। ਧਰਤੀ ਹੇਠਲਾ ਅਤੇ ਦਰਿਆਵਾਂ ਦਾ ਪਾਣੀ ਪਲੀਤ ਹੋ ਗਿਆ ਹੈ। ਧਰਤੀ ਅਤੇ ਹਵਾ ਜ਼ਹਿਰੀਲੇ ਰਸਾਇਣਾਂ ਨਾਲ ਖਰਾਬ ਹੋ ਗਈਆਂ।

*ਪੰਜਾਬ ਪਾਣੀ ਦੀ ਘਾਟ ਅਤੇ ਹੜ੍ਹਾਂ ਦੀ ਮਾਰ ਹੇਠ ਹਰ ਸਾਲ ਆ ਰਿਹਾ ਹੈ। ਵਾਤਾਵਰਨ ਦੀ ਤਬਦੀਲੀ ਇਸ ਨੂੰ ਜ਼ਿਆਦਾ ਗੰਭੀਰ ਬਣਾ ਰਹੀ ਹੈ।

*ਪੰਜਾਬ ਵਿਚ ਸਿਆਸੀ ਸੰਕਟ ਕਾਰਨ ਕਾਲਜਾਂ ਯੂਨੀਵਰਸਿਟੀਆਂ ਵਿਚ ਵਿਦਿਆਰਥੀ ਚੋਣਾਂ 1983 ਤੋਂ ਬਾਅਦ ਬੰਦ ਹਨ।

*ਪੰਜਾਬ ਵਿਚ ਵਿਧਾਨ ਸਭਾ, ਪਾਰਲੀਮੈਂਟ ਅਤੇ ਪੰਚਾਇਤੀ ਚੋਣਾਂ ਕਰਵਾਈਆਂ ਜਾਂਦੀਆਂ ਹਨ ਪਰ ਮਾਰਕੀਟ ਕਮੇਟੀਆਂ ਦੀਆਂ ਨਹੀਂ। ਹਾਕਮ ਪਾਰਟੀ ਇਨ੍ਹਾਂ ਕਮੇਟੀਆਂ ਦੇ ਮੈਂਬਰ ਅਤੇ ਚੇਅਰਮੈਨ ਨਾਮਜ਼ਦ ਕਰ ਕੇ ਕਬਜ਼ਾ ਕਰ ਲੈਂਦੀ ਹੈ।

*ਸੰਵਿਧਾਨ ਦੀ 73ਵੀਂ ਤੇ 74ਵੀਂ ਸੋਧ ਅਨੁਸਾਰ, ਪੰਚਾਇਤਾਂ ਅਤੇ ਸ਼ਹਿਰਾਂ ਦੀਆਂ ਮਿਉਂਸਿਪਲ ਕਮੇਟੀਆਂ ਤੇ ਨਿਗਮਾਂ ਦੀ ਨਿਗਰਾਨੀ ਹੇਠ 29 ਮਹਿਕਮੇ ਕਰਨ ਦੀ ਵਿਵਸਥਾ ਹੈ ਪਰ ਪੰਜਾਬ ਵਿਚ ਸਾਰੇ ਸੂਬਿਆਂ ਤੋਂ ਘੱਟ 3-4 ਮਹਿਕਮੇ ਹੀ ਇਨ੍ਹਾਂ ਦੀ ਨਿਗਰਾਨੀ ਹੇਠ ਹਨ। ਪੰਚਾਇਤਾਂ ਦੇ ਜਨਰਲ ਇਜਲਾਸ ਨਹੀਂ ਕੀਤੇ ਜਾ ਰਹੇ।

**ਕੇਂਦਰੀਕਰਨ ਨਾਲ ਪੈਦਾ ਹੋਏ ਮਸਲੇ**

ਸੰਵਿਧਾਨ ਲਾਗੂ ਹੋਣ ਬਾਅਦ ਦੇਸ਼ ਵਿਚ ਸੱਤਾ ਦੇ ਕੇਂਦਰੀਕਰਨ ਦਾ ਰੁਝਾਨ ਵਧ ਗਿਆ ਹੈ। ਕੁਝ ਸੰਵਿਧਾਨਕ ਸੋਧਾਂ ਅਤੇ ਕੁਝ ਸੰਸਦ ਵਿਚ ਕਾਨੂੰਨ ਪਾਸ ਕਰਨ ਕਰ ਕੇ ਸੰਘੀ (ਫੈਡਰਲ) ਢਾਂਚੇ ਨੂੰ ਖੋਰਾ ਲੱਗਾ ਹੈ। ਸਰਕਾਰੀਆ ਕਮਿਸ਼ਨ ਅਤੇ ਇਸ ਤੋਂ ਬਾਅਦ ਹੋਰ ਕਈ ਕਮਿਸ਼ਨਾਂ ਨੇਂ ਘੀ ਢਾਂਚੇ ਦੀ ਮਜ਼ਬੂਤੀ ਲਈ ਸਿਫ਼ਾਰਸ਼ਾਂ ਕੀਤੀਆਂ ਪਰ ਇਨ੍ਹਾਂ ਨੂੰ ਕੇਂਦਰ ਸਰਕਾਰ ਨੇ ਨਜ਼ਰ ਅੰਦਾਜ਼ ਕਰ ਦਿੱਤਾ। ਇਸ ਦੇ ਉਲਟ ਐਸੀ ਪ੍ਰਕਿਰਿਆ ਚਲਾਈ ਹੈ ਜਿਸ ਨਾਲ ਸੂਬਿਆਂ ਦੇ ਅਧਿਕਾਰਾਂ ਨੂੰ ਸੱਟ ਵੱਜੀ ਹੈ। ਇਸ ਦੀ ਮਿਸਾਲ ਜੰਮੂ ਕਸ਼ਮੀਰ ਦੀ ਹੈ ਜਿੱਥੇ ਸੂਬਾ ਤੋੜ ਕੇ ਦੋ ਕੇਂਦਰ ਸ਼ਾਸਿਤ ਬਣਾ ਦਿੱਤੇ ਗਏ। ਅਜਿਹੇ ਮਸਲੇ ਸਾਰੇ ਸੂਬਿਆਂ ਨੂੰ ਪ੍ਰਭਾਵਿਤ ਕਰਦੇ ਹਨ ਪਰ ਪੰਜਾਬ ਵਾਸਤੇ ਇਨ੍ਹਾਂ ਦੀ ਮਹੱਤਤਾ ਜ਼ਿਆਦਾ ਹੈ। ਇਸ ਬਾਰੇ ਮਸਲੇ ਵਿਚਾਰਨ ਦੀ ਲੋੜ ਹੈ:

*ਸੂਬਿਆਂ ਨੂੰ ਅਧਿਕਾਰ ਦੇ ਕੇ ਮਜ਼ਬੂਤ ਕੀਤਾ ਜਾਵੇ। ਸੰਵਿਧਾਨ ਦੀ ਘੱਟੋ-ਘੱਟ 1950 ਵਾਲੀ ਸਥਿਤੀ ਬਹਾਲ ਕੀਤੀ ਜਾਵੇ। ਕਿਸੇ ਵੀ ਸੂਬੇ ਦੀ ਸੀਮਾ/ਏਰੀਆ ਨੂੰ ਲੋਕਾਂ ਦੀ ਚੁਣੀ ਅਸੈਂਬਲੀ ਦੀ ਮਨਜ਼ੂਰੀ ਤੋਂ ਬਗੈਰ ਬਦਲਿਆ ਨਾ ਜਾਵੇ।

*ਗਵਰਨਰ ਦੇ ਅਹੁਦੇ ਦੀ ਦੁਰਵਰਤੋਂ ਅਤੇ ਬੇਲੋੜਾ ਦਖ਼ਲ ਬੰਦ ਕੀਤਾ ਜਾਵੇ।

*ਕੇਂਦਰੀ ਏਜੰਸੀਆਂ ਦੇ ਅਧਿਕਾਰੀਆਂ ਦੀ ਦਖ਼ਲ ਅੰਦਾਜ਼ੀ ਦੇਸ਼ ਦੇ ਬਾਰਡਰ ਦੇ ਇਲਾਕਿਆਂ ਵਿਚ 50 ਕਿਲੋਮੀਟਰ ਦੀ ਬਜਾਇ 5 ਕਿਲੋਮੀਟਰ ਦੀ ਵਿਵਸਥਾ ਬਹਾਲ ਕੀਤਾ ਜਾਵੇ।

*ਜੀ.ਐੱਸ.ਟੀ. ਨਾਲ ਸੂਬਿਆਂ ਦੇ ਵਿੱਤੀ ਅਧਿਕਾਰਾਂ ਨੂੰ ਡੂੰਘੀ ਸੱਟ ਵੱਜੀ ਹੈ। ਇਸ ਨੂੰ ਮੁੜ ਵਿਚਾਰ ਕੇ ਸੂਬਿਆਂ ਦੇ ਅਧਿਕਾਰ ਬਹਾਲ ਕੀਤੇ ਜਾਣ। ਫੌਰੀ ਤੌਰ 'ਤੇ ਸੂਬਿਆਂ ਦੇ ਹਿੱਸੇ ਦੇ ਟੈਕਸਾਂ ਨੂੰ ਕੇਂਦਰ ਦੇ ਦਖ਼ਲ ਤੋਂ ਬਗੈਰ ਸਿੱਧਾ ਤਬਦੀਲ ਕੀਤਾ ਜਾਵੇ।

*ਕੇਂਦਰ ਵੱਲੋਂ ਰਿਜ਼ਰਵ ਬੈਂਕ ਵੱਲੋਂ ਨੋਟ ਛਾਪਣ ਅਤੇ ਹੋਰ ਆਮਦਨ ਨੂੰ ਸੂਬਿਆਂ ਵਿਚ ਪ੍ਰਵਾਨਤ ਤਰੀਕੇ ਨਾਲ ਵੰਡਿਆ ਜਾਵੇ।

*ਕੇਂਦਰ ਸਰਕਾਰ ਵੱਲੋਂ ਸਰਚਾਰਜ ਲਗਾ ਕੇ ਇਕੱਠੇ ਕੀਤੇ ਫੰਡ ਵੀ ਸੂਬਿਆਂ ਵਿਚ ਵੰਡੇ ਜਾਣ।

*ਕੇਂਦਰੀ ਏਜੰਸੀਆਂ ਖਾਸ ਕਰ ਕੇ ਸੀ.ਬੀ.ਆਈ., ਆਮਦਨ ਕਰ ਦੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਸੂਬਾ ਸਰਕਾਰਾਂ ਦੀ ਪ੍ਰਵਾਨਗੀ ਬਗੈਰ ਸੂਬਿਆਂ ਦੇ ਵਸਨੀਕਾਂ ਨੂੰ ਹਿਰਾਸਤ ਵਿਚ ਲਏ ਜਾਣ 'ਤੇ ਰੋਕ ਲਗਾਈ ਜਾਵੇ।

*ਬਦਨਾਮ ਯੂ.ਏ.ਪੀ. ਐਕਟ, ਮਨੀ ਲਾਂਡਰਿੰਗ ਐਕਟ, ਕਿਰਤ ਕਾਨੂੰਨਾਂ ਦੀਆਂ ਸੋਧਾਂ ਅਤੇ ਇੰਡੀਅਨ ਪੀਨਲ ਕੋਡ ਵਿਚ ਤਬਦੀਲੀਆਂ ਵਾਪਸ ਲਈਆਂ ਜਾਣ ਤਾਂ ਕਿ ਨਾਗਰਿਕਾਂ ਦੇ ਜਮਹੂਰੀ ਹੱਕ ਬਚਾਏ ਜਾ ਸਕਣ।

*ਗੁਆਂਢੀ ਦੇਸ਼ਾਂ ਨਾਲ ਸਬੰਧ ਨਿਰਧਾਰਤ ਕਰਦੇ ਸਮੇਂ ਸਰਹੱਦ ਨਾਲ ਲੱਗਦੇ ਸੂਬੇ ਨੂੰ ਵਿਸ਼ਵਾਸ 'ਚ ਲਿਆ ਜਾਵੇ। ਪਾਕਿਸਤਾਨ ਨਾਲ ਸਬੰਧ ਖਰਾਬ ਹੋਣ ਨਾਲ ਪੰਜਾਬ ਵਰਗੇ ਸੂਬਿਆਂ ਦਾ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਨੁਕਸਾਨ ਹੁੰਦਾ ਹੈ। ਇਸ ਨੁਕਸਾਨ ਦੀ ਭਰਪਾਈ ਕੇਂਦਰ ਸਰਕਾਰ ਕਰੇ।

ਇਸ ਸੂਚੀ ਵਿਚ ਹੋਰ ਮੁੱਦੇ ਵੀ ਸ਼ਾਮਲ ਕੀਤੇ ਜਾ ਸਕਦੇ ਹਨ। ਇਹ ਮੁੱਦੇ ਸਥਾਨਕ, ਖੇਤਰੀ ਜਾਂ ਸਾਰੇ ਸੂਬੇ ਜਾਂ ਦੇਸ਼ ਨਾਲ ਸਬੰਧਿਤ ਵੀ ਹੋ ਸਕਦੇ ਹਨ। ਇਹ ਮੁੱਦੇ ਚੋਣਾਂ ਮੌਕੇ ਵਿਚਾਰਨ ਦੀ ਲੋੜ ਇਸ ਕਰ ਕੇ ਹੈ ਕਿ ਚੋਣਾਂ ਵਿਚ ਖੜ੍ਹੇ ਉਮੀਦਵਾਰਾਂ ਨੂੰ ਜਾਗਰੂਕ ਕੀਤਾ ਜਾਵੇ, ਇਨ੍ਹਾਂ ਦੇ ਹੱਲ ਵਾਸਤੇ ਉਨ੍ਹਾਂ ਦੇ ਵਿਚਾਰ ਜਾਣੇ ਜਾਣ ਅਤੇ ਉਨ੍ਹਾਂ ਤੋਂ ਇਨ੍ਹਾਂ ਮੁੱਦਿਆਂ ਤੇ ਪੱਖ ਵਿਚ ਕਾਰਵਾਈ ਕਰਨ ਦੀ ਵਚਨਬੱਧਤਾ ਲਈ ਜਾਵੇ। ਇਹ ਚਿੰਤਾ ਦਾ ਵਿਸ਼ਾ ਹੈ ਕਿ ਕਾਫੀ ਉਮੀਦਵਾਰਾਂ ਮੁੱਦਿਆਂ ਦੀ ਬਜਾਇ ਸਿਰਫ਼ ਵਿਰੋਧੀਆਂ ਬਾਰੇ ਗੱਲਾਂ ਕਰ ਰਹੇ ਹਨ। ਮੁੱਦਿਆਂ ਨੂੰ ਕੇਂਦਰ ਵਿਚ ਲਿਆਉਣ ਨਾਲ ਵਿਅਕਤੀਆਂ ਦੀ ਬਜਾਇ ਮੁੱਦਿਆਂ ਦੀ ਸਿਆਸਤ ਹੋਵੇਗੀ ਅਤੇ ਲੋਕਾਂ ਦੀ ਜਾਗਰੂਕਤਾ ਵਿਚ ਵਾਧਾ ਹੋਵੇਗਾ।

# ਉਦੋਂ ਇਉਂ ਹੁੰਦੀਆਂ ਸਨ ਚੋਣਾਂ...

ਹਰਭਜਨ ਸਿੰਘ ਭੋਤਨਾ
ਫੋਨ: +91-77197-66917

ਉਦੋਂ ਮੈਂ 10 ਕੁ ਸਾਲ ਦਾ ਸੀ। ਸਾਡੇ ਹਲਕੇ ਭਦੌੜ (ਬਰਨਾਲਾ) ਦੀ ਜ਼ਿਮਨੀ ਚੋਣ ਹੋਣੀ ਸੀ। ਇਸ ਤੋਂ ਪਹਿਲਾਂ ਇੱਥੋਂ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦੇ ਆਗੂ ਹਰਨਾਮ ਸਿੰਘ ਚਮਕ ਜਿੱਤ ਚੁੱਕੇ ਸਨ। ਉਸ ਤੋਂ ਬਾਅਦ ਕੋਈ ਐਸਾ ਗੇੜ ਚੱਲਿਆ ਕਿ ਹਰਨਾਮ ਸਿੰਘ ਚਮਕ ਦੀ ਚੋਣ ਰੱਦ ਹੋ ਗਈ।

1964 ਵਿਚ ਅਸੀਂ ਅਪਰੈਲ ਦੇ ਮਹੀਨੇ ਅਗਲੀਆਂ ਕਲਾਸਾਂ ਵਿਚ ਹੋ ਗਏ ਪਰ ਪੜ੍ਹਾਈ ਅਜੇ ਸ਼ੁਰੂ ਨਹੀਂ ਹੋਈ ਸੀ। ਇੱਕ ਦਿਨ ਸਾਡੇ ਸਕੂਲ ਵਿਚ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦਾ ਸਮਾਗਮ ਰੱਖਿਆ ਗਿਆ। ਪ੍ਰਾਇਮਰੀ ਸਕੂਲ ਦੇ ਬੱਚਿਆਂ ਨੇ ਦੇਸ਼ਭਗਤੀ ਦੇ ਗੀਤ ਗਾਏ। ਫਿਰ ਮੁੱਖ ਮੰਤਰੀ ਸਕੂਲ ਦੇ ਕਮਰੇ ਵਿਚ ਸੂਤ ਦੇ ਬਣਾਏ ਮੰਜੇ 'ਤੇ ਆਰਾਮ ਕਰਨ ਲਈ ਸੌਂ ਗਏ। ਸਕੂਲ ਨਾਲ ਚੜ੍ਹਦੇ ਵੱਲ ਜੋ ਬੀਹੀ ਸੀ, ਉੱਧਰੋਂ ਕਮਰੇ ਵਿਚ ਮੋਰੀਆਂ ਸਨ। ਉੱਥੇ ਖੜ੍ਹ ਕੇ ਅਸੀਂ ਨਿਆਣਿਆਂ ਨੇ ਰਾਜਾ (ਮੁੱਖ ਮੰਤਰੀ) ਦੇਖਿਆ, ਮਸਾਂ 4 ਫੁੱਟ ਦੀ ਦੂਰੀ ਤੋਂ। ਉਦੋਂ ਬੱਚੇ ਮੁੱਖ ਮੰਤਰੀ ਨੂੰ ਰਾਜਾ ਕਹਿੰਦੇ ਹੁੰਦੇ ਸੀ। ਕੋਈ ਸਕਿਓਰਿਟੀ ਨਹੀਂ ਸੀ। ਕਿਸੇ ਨੇ ਸਾਨੂੰ ਰੋਕਿਆ ਨਹੀਂ। ਫਿਰ ਕਿਸੇ ਹੋਰ ਦਿਨ ਵਜ਼ੀਰ ਪੰਡਤ ਮੋਹਨ ਲਾਲ ਆਏ, ਫਿਰ ਗੁਰਬੰਤਾ ਸਿੰਘ ਘਰ-ਘਰ ਫਿਰ ਕੇ ਵੋਟਾਂ ਮੰਗਦੇ ਦੇਖੇ। ਕਿਸੇ ਹੋਰ ਰਾਤ ਮਿੱਟੀ ਦੇ ਤੇਲ ਦੇ ਲੈਂਪਾਂ ਦੇ ਚਾਨਣੇ ਸੁਰਿੰਦਰ ਸਿੰਘ ਕੈਰੋਂ ਜਲਸਾ ਕਰ ਗਏ।

ਕਮਿਊਨਿਸਟ ਪਾਰਟੀ ਦੇ ਲੀਡਰਾਂ ਨੂੰ ਅਸੀਂ ਨਹੀਂ ਜਾਣਦੇ ਸੀ ਪਰ ਦਲੀਪ ਸਿੰਘ ਮਸਤ ਜਲਾਲਦੀਵਾਲ ਦੇ ਡਰਾਮੇ ਸਾਨੂੰ ਚੰਗੇ ਲਗਦੇ ਸੀ। ਕਦੇ-ਕਦੇ ਟਰਾਲੀ ਵਿਚ ਭਰੇ ਆਮ ਲੋਕ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਮਾਰਦੇ ਸਾਡੇ ਘਰਾਂ ਮੂਹਰੇ ਦੀ ਲੰਘਦੇ, ਕਾਰਾਂ ਤਾਂ ਵਜ਼ੀਰ ਆਉਣ 'ਤੇ ਹੀ ਦੇਖਣ ਨੂੰ ਮਿਲਦੀਆਂ ਹੁੰਦੀਆਂ ਸਨ।

ਇੱਕ ਦਿਨ ਪਿੰਡ ਦੇ ਸਿਆਣੇ ਅਤੇ ਅਸੀਂ ਨਿਆਣੇ ਪਿੰਡ ਦੇ ਬੱਸ ਅੱਡੇ 'ਤੇ ਬੈਠੇ ਕਿਸੇ ਮੰਤਰੀ ਦੀ ਉਡੀਕ ਕਰ ਰਹੇ ਸੀ ਕਿ ਚੂੰਘਾ ਦੇ ਕੱਚੇ ਰਾਹ ਤੋਂ ਜੀਪ ਸੜਕ ਚੜ੍ਹੀ। ਇਸ ਦੇ ਦੋਵੇਂ ਪਾਸੇ ਪੀਲੇ ਰੰਗ ਦੇ ਝੰਡੇ ਲੱਗੇ ਹੋਏ ਸਨ। ਇਸ ਰੰਗ ਦੇ ਝੰਡੇ ਅਸੀਂ ਪਹਿਲੀ ਵਾਰ ਦੇਖ ਕੇ ਹੈਰਾਨ ਹੋਏ। ਸਾਡੇ ਤਾਂ ਤਿਰੰਗੇ ਅਤੇ ਲਾਲ ਝੰਡੇ ਹੀ ਪ੍ਰਚੱਲਤ ਸਨ। ਨੇੜੇ ਆਏ ਤਾਂ ਪਤਵੰਤਿਆਂ ਨੇ ਸਿਆਣ ਕੱਢੀ: ਉਹ ਤਾਂ ਸੰਤ ਫਤਿਹ ਸਿੰਘ ਸਨ, ਅਕਾਲੀ ਦਲ ਦੇ ਪ੍ਰਧਾਨ। ਉਨ੍ਹਾਂ ਨਾਲ ਡਰਾਇਵਰ ਕਿੱਕਰ ਸਿੰਘ ਜੋ ਬਾਅਦ ਵਿਚ ਬਠਿੰਡੇ ਤੋਂ ਬਣਿਆ। ਸ਼੍ਰੋਮਣੀ ਕਮੇਟੀ ਦੇ ਦੋ ਪ੍ਰਚਾਰਕ ਨਿੱਕਾ ਸਿੰਘ ਪੱਖੋਕੇ ਅਤੇ ਕੁੰਦਨ ਸਿੰਘ ਪਤੰਗ ਸਨ ਜੋ ਬਾਅਦ ਵਿਚ ਮੰਤਰੀ ਬਣੇ। ਇਨ੍ਹਾਂ ਨਾਲ ਕੋਈ ਸੁਰੱਖਿਆ ਗਾਰਦ ਨਹੀਂ ਸੀ।

ਸੰਤਾਂ ਪਤਵੰਤਿਆਂ ਦਾ ਸਤਿਕਾਰ ਕੀਤਾ ਗਿਆ ਤੇ ਪੱਤੀ ਸੇਖਵਾਂ ਦੀ ਧਰਮਸਾਲਾ ਲੈ ਗਏ। ਉੱਥੇ ਕਿਸੇ ਮਾਈ ਨੇ ਮੰਜਾ ਡਾਹ ਕੇ ਚਾਦਰ ਵਿਛਾ ਦਿੱਤੀ। ਸੰਤ ਮੰਜੇ 'ਤੇ ਬੈਠ ਗਏ। ਕੁੰਦਨ ਸਿੰਘ ਪਤੰਗ ਨੇ ਬਿਨਾ ਲਾਊਡ ਸਪੀਕਰ ਤੋਂ ਪ੍ਰਚਾਰ ਕੀਤਾ ਜੋ ਸਾਨੂੰ ਬੱਚਿਆਂ ਨੂੰ ਸਮਝ ਨਾ ਆਇਆ।... ਇੰਨੀਆਂ ਸਾਦੀਆਂ ਸਨ ਉਸ ਵੇਲੇ ਦੀਆਂ ਚੋਣਾਂ।

# ਪਾਤਰ ਦਾ ਚਲਾਣਾ: ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਵੱਡਾ ਘਾਟਾ

ਸੁਰਜੀਤ ਪਾਤਰ ਚਲਿਆ ਗਿਆ। ਮਾੜਾ ਹੋਇਆ! ਇਹ ਦੋ ਸ਼ਬਦ 'ਮਾੜਾ ਹੋਇਆ' ਕਿਸੇ ਵੀ ਜਾਣੇ-ਅਨਜਾਣੇ ਦਾ ਚਲਾਣਾ ਸੁਣ ਕੇ ਹਰ ਕਿਸੇ ਵੱਲੋਂ ਸੁਤੇ-ਸਿਧ ਹੀ ਬੋਲੇ ਜਾਂਦੇ ਹਨ। ਹਰ ਮੌਤ ਵੇਲੇ ਸਮਾਜਕ ਸੁਚੱਜ ਇਹੋ ਮੰਗ ਕਰਦਾ ਹੈ। ਬਹੁਤੀਆਂ ਸੂਰਤਾਂ ਵਿਚ ਇਹ ਦੋ ਸ਼ਬਦ ਨਿਰੋਲ ਰਸਮੀ ਹੁੰਦੇ ਹਨ, ਪਰ ਕੁਛ ਸੂਰਤਾਂ ਵਿਚ ਇਹ ਸੱਚ ਹੁੰਦੇ ਹਨ। ਪਾਤਰ ਦੇ ਸੰਬੰਧ ਵਿਚ ਇਹ ਸੱਚ ਹੀ ਨਹੀਂ, ਨਿਰੋਲ ਸੱਚ ਹਨ। ਉਹਦਾ ਅਚਾਨਕ ਤੁਰ ਜਾਣਾ ਬਹੁਤ ਮਾੜੀ ਘਟਨਾ ਹੈ। ਸਵੇਰ ਦੀ ਚਾਹ ਪੀ ਕੇ ਮੈਂ ਇਕ ਵਾਰ ਵਟਸਐਪ ਦੇਖਦਾ ਹਾਂ ਤੇ ਫੇਰ ਅਖ਼ਬਾਰ ਪੜ੍ਹਨ ਲਈ ਲੈਪਟਾਪ ਖੋਲ੍ਹ ਲੈਂਦਾ ਹਾਂ। ਵਟਸਐਪ



**ਗੁਰਬਚਨ ਸਿੰਘ ਭੁੱਲਰ**
**ਫੋਨ:+91-80763-63058**

ਖੋਲ੍ਹਿਆ ਤਾਂ ਪੱਤਰਕਾਰ ਮਿੱਤਰ ਐਸ. ਪੀ. ਸਿੰਘ ਦਾ ਸੁਨੇਹਾ ਆਇਆ ਪਿਆ ਸੀ। ਅਨਖੋਲ੍ਹੇ ਸੁਨੇਹੇ ਵਿਚ ਹੀ ਸ਼ਬਦ 'ਸੁਰਜੀਤ ਪਾਤਰ' ਦਿਖਾਈ ਦਿੱਤੇ ਤਾਂ ਮੈਂ ਸੰਸੇ ਨਾਲ ਉਂਗਲ ਛੋਹੀ। ਦਿਲ ਬੈਠ ਗਿਆ।

'ਮਾੜਾ ਹੋਇਆ' ਵਾਂਗ 'ਨਾ ਪੂਰਿਆ ਜਾ ਸਕਣ ਵਾਲਾ ਘਾਟਾ' ਵੀ ਹਰ ਮੌਤ ਲਈ ਵਰਤ ਲਿਆ ਜਾਂਦਾ ਹੈ। ਪਰ ਪਾਤਰ ਦੇ ਚਲਾਣੇ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਜੋ ਘਾਟਾ ਪਿਆ ਹੈ, ਉਸ ਨੂੰ ਪੂਰਨ ਵਾਲਾ ਉਹਦੇ ਸਮਕਾਲੀ ਕਲਮਾਂ ਵਾਲਿਆਂ ਵਿਚੋਂ ਕੋਈ ਨਹੀਂ। ਬੜੀ ਸ਼ਿੱਦਤ ਸੀ ਇਸ ਕਲਮਕਾਰ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਦਰਦ ਮਹਿਸੂਸ ਕਰਨ ਦੀ! ਇਹ ਸ਼ਿੱਦਤ ਪੰਜਾਬ ਦੇ ਅਤੀਤ ਦੇ ਭਲੇ-ਬੁਰੇ ਦੀ, ਪੰਜਾਬੀਆਂ ਦੀਆਂ ਚੰਗੀਆਂ-ਮੰਦੀਆਂ ਕਰਨੀਆਂ ਦੀ ਉਹਦੀ ਜਾਣਕਾਰੀ ਤੇ ਨਿਰਖ-ਪਰਖ ਵਿਚੋਂ ਜਨਮੀ ਹੋਈ ਸੀ। ਇਹ ਅਤੀਤ ਦੀ ਇਹੋ ਸੋਝੀ ਸੀ ਜੋ ਪੰਜਾਬ ਦੇ ਵਰਤਮਾਨ ਦੇ ਉਲਝਵੇਂ ਵਰਤਾਰਿਆਂ ਦੀ ਉਹਦੀ ਸਮਝ ਲਈ ਆਧਾਰ ਬਣਦੀ ਸੀ। ਤੇ ਪੰਜਾਬ ਦੇ ਵਰਤਮਾਨ ਦੀ ਇਹ ਸਮਝ ਉਹਦੇ ਲਈ ਪੰਜਾਬ ਦੇ ਭਵਿੱਖ ਦੇ ਸ਼ੀਸ਼ੇ ਦਾ ਕੰਮ ਦਿੰਦੀ ਸੀ।

ਜਦੋਂ ਉਹ ਇਸ ਸ਼ੀਸ਼ੇ ਵਿਚ ਦੇਖਦਾ ਸੀ, ਉਹਦੀ ਰੂਹ ਕੰਬ ਜਾਂਦੀ ਤੇ ਇਸ ਕਾਂਬੇ ਵਿਚੋਂ ਨਿੱਕਲਦੀਆਂ ਉਹਦੀਆਂ 'ਆਇਆ ਨੰਦ ਕਿਸ਼ੋਰ', 'ਮਰ ਰਹੀ ਹੈ ਮੇਰੀ ਭਾਸ਼ਾ' ਤੇ 'ਅਰਦਾਸ' ਜਿਹੀਆਂ ਪਾਠਕ ਨੂੰ ਝੰਜੋੜ ਦੇਣ ਵਾਲੀਆਂ ਰਚਨਾਵਾਂ। ਕਥਿਤ 'ਸੋਸ਼ਲ ਮੀਡੀਆ' ਦੇ ਇਸ ਜ਼ਮਾਨੇ ਵਿਚ, ਜਦੋਂ ਬਹੁਤੇ ਲੇਖਕ ਸਿਆਹੀ ਦੀ ਥਾਂ ਛੱਪੜ ਦੇ ਗੰਧਲੇ ਪਾਣੀ ਵਿਚ ਕਲਮ ਡੋਬ ਕੇ ਲਿਖਣ ਲੱਗ ਪਏ ਹਨ, ਪਾਤਰ ਕਲਮ ਨੂੰ ਦਿਲ ਦੇ ਲਹੂ ਵਿਚ ਡੋਬ ਕੇ ਲਿਖਣ ਵਾਲਿਆਂ ਦੀ ਅਗਲੀ ਕਤਾਰ ਵਿਚ ਰਿਹਾ। ਇਹ ਕਲਮ ਵੱਲ ਆਪਣੀ ਇਸੇ ਸੁਹਿਰਦਤਾ ਦੇ ਭਰੋਸੇ ਸਦਕਾ ਸੀ ਕਿ ਚਲਾਣੇ ਤੋਂ ਪਹਿਲੇ ਦਿਨ ਬਰਨਾਲੇ ਦੇ ਇਕ ਸਾਹਿਤਕ ਸਮਾਗਮ ਵਿਚ ਲੇਖਕਾਂ ਦੇ ਰੂਬਰੂ ਆਖ਼ਰੀ ਵਾਰ ਬੋਲਦਿਆਂ ਉਹਨੇ ਇਹ ਆਖ ਕੇ ਆਪਣੇ ਅੰਦਰ ਝਾਤ ਪਾਉਣ ਦੀ ਵੰਗਾਰ ਪਾਈ ਸੀ ਕਿ ਸਾਨੂੰ ਸਭ ਨੂੰ ਸੋਚਣਾ ਚਾਹੀਦਾ ਹੈ, ਅਸੀਂ ਭਾਸ਼ਾ ਤੇ ਸਾਹਿਤ ਵੱਲ ਕਿੰਨੇ ਕੁ ਸੁਹਿਰਦ ਹਾਂ।

ਬਾਬਾ ਨਾਨਕ ਕਹਿੰਦੇ ਹਨ, "ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ।... ਰੱਬਾ, ਤੈਨੂੰ ਸੇਵਦੇ ਤਾਂ ਸਭ ਹੀ ਹਨ, ਮੈਂ ਢਾਡੀ ਬਣ ਕੇ ਤੇਰੇ ਦਰ ਪੁਕਾਰ ਕਰ ਰਿਹਾ ਹਾਂ।" ਪੰਜਾਬ ਦੇ ਦਰਦ ਦੀਆਂ ਗੱਲਾਂ ਤਾਂ ਬਥੇਰੇ ਕਲਮਾਂ ਵਾਲੇ ਕਰਦੇ ਹਨ, ਪਰ ਪਾਤਰ ਪੰਜਾਬ ਦੀ ਪੁਕਾਰ ਬਣਿਆ। ਪੁਕਾਰ ਬਣਨ ਦੇ ਨਾਲ-ਨਾਲ ਉਹਨੇ ਗੁਰੂ ਅਰਜਨ ਦੇਵ ਦੇ ਸ਼ਬਦਾਂ "ਹਉ ਢਾਢੀ ਦਰਿ ਗੁਣ ਗਾਵਦਾ" ਅਨੁਸਾਰ ਪੰਜਾਬ ਦਾ ਢਾਡੀ ਬਣ ਕੇ, ਇਹਦੇ ਸਾਰੇ ਔਗੁਣਾਂ ਦੇ ਬਾਵਜੂਦ, ਗੁਣ ਸਿਮਰ-ਸਿਮਰ ਕੇ ਉਹਨਾਂ ਦੀਆਂ ਵਾਰਾਂ ਗਾਈਆਂ। ਉਹਦੇ ਇਸ ਗੁਣਗਾਣ ਵਿਚ ਪੰਜਾਬੀਆਂ ਨੂੰ ਉਹਨਾਂ ਦਾ ਪਿਛੋਕਾ ਯਾਦ ਕਰਵਾ ਕੇ ਗੁਣਵੰਤ ਪੰਜਾਬ ਮੁੜ-ਉਸਾਰਨ ਦੀ ਲਲਕਾਰ ਸੀ। ਉਹ ਦਿਲਾਸਾ ਵੀ ਦਿੰਦਾ ਸੀ ਤੇ ਭਰੋਸਾ ਵੀ ਬੰਨ੍ਹਾਉਂਦਾ ਸੀ, "ਜੇ ਆਈ ਪਤਝੜ ਤਾਂ ਫੇਰ ਕੀ ਏ, ਤੂੰ ਅਗਲੀ ਰੁੱਤ 'ਤੇ ਯਕੀਨ ਰੱਖੀਂ।"

ਮੇਰਾ ਚਿਰ-ਪੁਰਾਣਾ ਮੱਤ ਹੈ ਕਿ ਹਰ ਖਰੇ ਲੇਖਕ ਦੇ ਨਿੱਜੀ ਪਰਿਵਾਰ ਤੋਂ ਇਲਾਵਾ ਉਹਦਾ ਸਾਹਿਤਕ ਪਰਿਵਾਰ ਵੀ ਹੁੰਦਾ ਹੈ, ਉਹਦੀਆਂ ਖ਼ੁਸ਼ੀਆਂ-ਗ਼ਮੀਆਂ ਦਾ ਸਾਂਝੀ, ਨਿੱਜੀ ਪਰਿਵਾਰ ਵਾਂਗ ਹੀ ਕਿਸੇ ਦਾ ਛੋਟਾ ਤੇ ਕਿਸੇ ਦਾ ਵੱਡਾ। ਪਾਤਰ ਦਾ ਸਾਹਿਤਕ ਪਰਿਵਾਰ ਬਹੁਤ ਵੱਡਾ ਸੀ ਜਿਸ ਵਿਚ ਲੇਖਕਾਂ ਤੇ ਵਿਦਵਾਨਾਂ ਦੇ ਨਾਲ ਹੀ ਅਨਗਿਣਤ ਪਾਠਕ ਤੇ ਸਰੋਤੇ ਸ਼ਾਮਲ ਸਨ।

ਪਹਿਲਾ ਫੋਨ ਪ੍ਰੋ. ਰੌਣਕੀ ਰਾਮ ਦਾ ਆਇਆ। ਕਹਿੰਦੇ, "ਮੈਂ ਪਾਤਰ ਦੇ ਪਰਿਵਾਰ ਵਿਚੋਂ ਕਿਸੇ ਨੂੰ ਜਾਣਦਾ ਨਹੀਂ। ਦਿਲ ਉਹਦੀਆਂ ਗੱਲਾਂ ਕਰਨ ਨੂੰ ਤਾਂਘਦਾ ਸੀ। ਤੁਹਾਡਾ ਚੇਤਾ ਆਇਆ।" ਤੇ ਅਸੀਂ ਕਿੰਨਾ ਹੀ ਚਿਰ ਭਾਸ਼ਾ ਤੇ ਸਾਹਿਤ ਵੱਲ ਉਹਦੀ ਸੁਹਿਰਦਤਾ ਦੀਆਂ, ਪੰਜਾਬ ਦੇ ਦਰਦ ਨੂੰ ਜ਼ਬਾਨ ਦੇਣ ਦੀ ਉਹਦੀ ਸਮਰੱਥਾ ਦੀਆਂ, ਪੰਜਾਬ ਦੇ ਚੰਗੇਰੇ ਭਵਿੱਖ ਵਿਚ ਉਹਦੇ ਯਕੀਨ ਦੀਆਂ ਗੱਲਾਂ ਕਰਦੇ ਰਹੇ।

ਸਾਹਿਤ ਦੇ ਪੂਰੇ ਸੰਸਾਰ ਵਿਚ ਭਾਸ਼ਾ ਦਾ ਗਿਆਨੀ ਤੇ ਗੁਣਵੰਤ ਉਸ ਲੇਖਕ ਨੂੰ ਮੰਨਿਆ ਜਾਂਦਾ ਹੈ ਜੋ ਪਾਠਕ ਤੱਕ ਪਹੁੰਚਦੀ ਕਰਨ ਵਾਲੀ ਆਪਣੀ ਗੱਲ, ਉਹ ਕਿੰਨੀ ਹੀ ਡੂੰਘੀ, ਪੇਚਦਾਰ ਤੇ ਦਾਰਸ਼ਨਿਕ ਹੋਵੇ, ਸਰਲ-ਸਹਿਜ ਭਾਸ਼ਾ ਵਿਚ ਆਖ ਸਕੇ। ਪਾਤਰ ਪੰਜਾਬੀ ਦੇ ਉਹਨਾਂ ਗੇਣਵੇਂ ਲੇਖਕਾਂ ਵਿਚੋਂ ਸੀ ਜਿਨ੍ਹਾਂ ਨੂੰ ਪੰਜਾਬੀ ਲਿਖਣੀ ਆਉਂਦੀ ਹੈ। ਕਥਿਤ ਬੌਧਿਕਤਾ ਦੀ ਬੋਝਲ ਪੰਡ ਆਪਣੀ ਰਚਨਾ ਦੇ ਸਿਰ ਉੱਤੇ ਖਾਹਮਖਾਹ ਲੱਦਣ ਤੋਂ ਉਹ ਦ੍ਰਿੜ੍ਹ ਇਨਕਾਰੀ ਰਿਹਾ। "ਮੈਂ ਲੱਭ ਕੇ ਲਿਆਉਣਾਂ ਕਿਤੋਂ ਕਲਮਾਂ, ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ" ਆਖਣ ਸਮੇਂ ਉਹ ਅਰਥਾਂ ਦੇ ਫੁੱਲ ਖਿੜਾਉਣ ਦੀ ਭਾਸ਼ਾਈ ਸਮਰੱਥਾ ਵਾਲੀਆਂ ਲੋਕ-ਮੁਖੀ ਕਲਮਾਂ ਦੀ ਇਸੇ ਘਾਟ ਵੱਲ ਇਸ਼ਾਰਾ ਕਰਦਾ ਹੈ। ਉਹਦੀ ਸਾਰੀ ਰਚਨਾ ਉਹਨਾਂ ਸੁੱਚੇ ਸ਼ਬਦਾਂ ਵਿਚ ਹੈ ਜੋ ਪੰਜਾਬੀ ਦੀ ਉੱਚੀ ਪੜ੍ਹਾਈ ਦੀ ਮਾਰ ਤੋਂ ਬਚੇ ਹੋਏ ਲੋਕ ਅੱਜ ਵੀ ਪੰਜਾਬ ਵਿਚ ਬੋਲਦੇ ਹਨ।

ਉੱਚੀਆਂ ਸੋਚਾਂ ਤੇ ਵੱਡੀਆਂ ਸਮਾਜਕ ਸਮੱਸਿਆਵਾਂ ਵਾਲੀਆਂ ਪਾਤਰ ਦੀਆਂ ਰਚਨਾਵਾਂ ਦੀ ਸਰਲ-ਸਹਿਜ ਬੋਲੀ ਉਹਨਾਂ ਨੂੰ ਪਾਠਕਾਂ ਦੀਆਂ ਉਹਨਾਂ ਪਰਤਾਂ ਦੀ ਪਹੁੰਚ ਵਿਚ ਵੀ ਕਰ ਦਿੰਦੀ ਸੀ ਜਿਨ੍ਹਾਂ ਤੱਕ ਪਹੁੰਚਣਾ ਵਿਰਲੇ-ਟਾਂਵੇਂ ਲੇਖਕਾਂ ਦਾ ਨਸੀਬ ਹੁੰਦਾ ਹੈ। ਪਾਤਰ ਨੂੰ ਯਾਦ ਕਰਦਿਆਂ ਡਾ. ਇਕਬਾਲ ਸਿੰਘ ਸਕਰੌਦੀ ਦਾ ਫੋਨ ਆਇਆ ਤਾਂ ਉਹਨਾਂ ਨੇ 2019 ਦੀ ਇਕ ਘਟਨਾ ਸੁਣਾਈ ਜੋ ਇਥੇ ਦੱਸਣਜੋਗ ਹੈ। ਉਹ ਜ਼ਿਲ੍ਹਾ ਸੰਗਰੂਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਛਾਜਲੀ ਦੇ ਪ੍ਰਿੰਸੀਪਲ ਵਜੋਂ ਸੇਵਾ-ਮੁਕਤ ਹੋਏ ਹਨ। ਜਦੋਂ ਉਹ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਵੱਡੀ ਗਿਣਤੀ ਵਾਲੇ ਇਸ ਸਕੂਲ ਵਿਚ ਪਹੁੰਚੇ ਤਾਂ ਲਾਇਬਰੇਰੀ ਵਿਚ ਪੁਸਤਕਾਂ ਤਾਂ ਬਹੁਤ ਸਨ ਪਰ ਚਿਰਾਂ ਤੋਂ ਨਵੀਂ ਖ਼ਰੀਦ ਨਹੀਂ ਸੀ ਹੋਈ। ਉਹਨਾਂ ਨੇ ਪਾਤਰ ਦੀਆਂ ਰਚਨਾਵਾਂ ਸਮੇਤ ਬਹੁਤ ਸਾਰੀਆਂ ਨਵੀਆਂ ਪੁਸਤਕਾਂ ਆਪਣੇ ਕੋਲੋਂ ਖ਼ਰੀਦ ਕੇ ਪਾ ਦਿੱਤੀਆਂ ਅਤੇ ਸਵੇਰ ਦੀ ਸਭਾ ਵਿਚ ਇਸ ਗੱਲ ਦੀ ਜਾਣਕਾਰੀ ਦੇ ਕੇ ਸਭ ਨੂੰ ਸਾਹਿਤ ਪੜ੍ਹਨ ਲਈ ਪ੍ਰੇਰਿਆ। ਕੁਛ ਸਮੇਂ ਵਿਚ ਹੀ ਸਾਹਿਤਕ-ਸਭਿਆਚਾਰਕ ਪੱਖੋਂ ਸਕੂਲ ਦਾ ਮੁਹਾਂਦਰਾ ਬਦਲ ਗਿਆ।

ਬੱਚਿਆਂ ਵਿਚ ਉਹਨਾਂ ਦੀਆਂ ਰਚਨਾਵਾਂ ਦੀ ਹਰਮਨਪਿਆਰਤਾ ਦੱਸ ਕੇ ਇਕ ਦਿਨ ਪ੍ਰਿੰਸੀਪਲ ਸਾਹਿਬ ਨੇ ਪਾਤਰ ਨੂੰ ਸਕੂਲ ਆਉਣ ਦਾ ਸੱਦਾ ਦਿੱਤਾ। ਆਉਣ ਦਾ ਇਕਰਾਰ ਤਾਂ ਹੋਇਆ, ਪਰ ਰੁਝੇਵਿਆਂ ਕਾਰਨ "ਫੇਰ ਕਦੇ!" ਗੱਲ ਵਿਦਿਆਰਥੀਆਂ ਤੱਕ ਵੀ ਪਹੁੰਚ ਗਈ। ਅਜਿਹਾ ਕਈ ਵਾਰ ਹੋਇਆ ਤਾਂ ਇਕ ਦਿਨ ਨੌਵੀਂ ਜਮਾਤ ਦੀਆਂ ਦੋ ਵਿਦਿਆਰਥਣਾਂ ਆਈਆਂ ਤੇ ਬੋਲੀਆਂ, "ਜੀ ਤੁਸੀਂ ਪਾਤਰ ਸਾਹਿਬ ਆਉਣਗੇ-ਆਉਣਗੇ ਕਹਿ ਛਡਦੇ ਹੋ, ਉਹ ਆਉਂਦੇ ਕਿਉਂ ਨਹੀਂ?" ਉੱਤਰ ਸੁਣ ਕੇ ਵਿਦਿਆਰਥਣ ਰਮਨਦੀਪ ਕੌਰ ਨੇ ਆਪ ਗੱਲ ਕਰਨ ਦੀ ਇੱਛਾ ਦੱਸੀ ਤਾਂ ਪ੍ਰਿੰਸੀਪਲ ਸਾਹਿਬ ਨੇ ਪਾਤਰ ਨੂੰ ਸਾਰੀ ਗੱਲ ਦੱਸ ਕੇ ਫੋਨ ਬੱਚੀ ਨੂੰ ਦੇ ਦਿੱਤਾ। ਉਹਨੇ ਨਾ ਆਉਣ ਦਾ ਉਲਾਂਭਾ ਦੇ ਕੇ ਆਖਿਆ, "ਅਸੀਂ ਤੁਹਾਡੀਆਂ ਰਚਨਾਵਾਂ ਨੂੰ ਬਹੁਤ ਪਿਆਰ ਕਰਦੀਆਂ ਹਾਂ। ਸਵੇਰ ਦੀ ਸਭਾ ਵਿਚ ਗਾਉਂਦੀਆਂ ਹਾਂ। ਕਵਿਤਾ-ਉਚਾਰਨ ਦੇ ਮੁਕਾਬਲਿਆਂ ਵਿਚ ਗਾ ਕੇ ਇਨਾਮ ਜਿਤਦੀਆਂ ਹਾਂ।... ਹੁਣ ਮੇਰੀ ਤੁਹਾਨੂੰ ਇਹ ਬੇਨਤੀ ਹੈ ਕਿ ਤੁਸੀਂ ਸਾਡੇ ਸਕੂਲ ਵਿਚ ਕਦੀ ਨਾ ਆਇਓ! ਪਰ ਅਸੀਂ ਤੁਹਾਡੀਆਂ ਰਚਨਾਵਾਂ ਨੂੰ ਇਸੇ ਤਰ੍ਹਾਂ ਪਿਆਰ ਕਰਦੀਆਂ ਤੇ ਗਾਉਂਦੀਆਂ ਰਹਾਂਗੀਆਂ।" ਪਾਤਰ ਨੇ ਕਿਹਾ, "ਪੁੱਤਰ, ਫੋਨ ਪ੍ਰਿੰਸੀਪਲ ਸਾਹਿਬ ਨੂੰ ਦੇ-ਦੇ।" ਮਿਥੇ ਹੋਏ ਦਿਨ ਪਾਤਰ ਦੇ ਦਿੱਤੇ ਹੋਏ ਦੋ ਘੰਟੇ ਸਾਢੇ ਛੇ ਘੰਟਿਆਂ ਵਿਚ ਬੀਤੇ! ਅਜਿਹਾ ਮਨੁੱਖ ਸੀ ਪਾਤਰ ਤੇ ਅਜਿਹੀਆਂ ਮਨਮੋਹਕ ਸਨ ਉਹਦੀਆਂ ਰਚਨਾਵਾਂ!

ਉਹ ਅਜੋਕੇ ਪੰਜਾਬ ਦਾ ਇਕ ਸਭ ਤੋਂ ਵੱਡਾ ਤੇ ਚਿੰਤਾਜਨਕ ਮੁੱਦਾ ਬਣੇ ਹੋਏ ਪੰਜਾਬੀਆਂ ਦੇ ਪਰਵਾਸ ਦੇ ਸਭੇ ਪੱਖਾਂ ਨੂੰ ਵੀ ਸਮਝਦਾ ਸੀ ਤੇ ਇਸ ਪਰਵਾਸ ਦੀ ਪੈਦਾ ਕੀਤੀ ਸੱਖਣਤਾ ਨੂੰ ਭਰਨ ਲਈ ਪੰਜਾਬ ਵਿਚ ਦੂਜੇ ਸੂਬਿਆਂ ਦੇ ਕਿਰਤੀ-ਕਾਮਿਆਂ ਦੇ ਆਵਾਸ ਦੇ ਅਸਰ ਦੀਆਂ ਸਭੇ ਪਰਤਾਂ ਵੀ ਪਛਾਣਦਾ ਸੀ। ਪੰਜਾਬ ਦੇ ਪਰਵਾਸ ਤੇ ਆਵਾਸ ਦੇ ਇਕ ਦੂਜੇ ਵਿਚ ਬੁਣੇ ਤੇ ਉਲਝੇ ਹੋਏ ਦੋਵਾਂ ਵਿਕਰਾਲ ਵਰਤਾਰਿਆਂ ਦੇ ਸਭ ਪੱਖਾਂ, ਵਿਸਤਾਰਾਂ ਤੇ ਅਸਰਾਂ ਦੇ ਸਾਗਰ ਨੂੰ ਕਵਿਤਾ 'ਅਰਦਾਸ' ਦੀ ਕੁੱਲ ਤਿੰਨ ਪੰਨਿਆਂ ਦੀ ਗਾਗਰ ਵਿਚ ਪਾਤਰ ਹੀ ਪਾ ਸਕਦਾ ਸੀ।

ਉਹ ਅਰਥਾਂ ਦਾ ਭਾਰ ਚੁੱਕ ਸਕਣ ਦੀ ਸ਼ਬਦਾਂ ਦੀ ਸਮਰੱਥਾ ਜਾਣਦਾ ਸੀ ਜਿਸ ਕਰਕੇ ਉਹ ਆਪਣੀ ਵੱਡੇ ਪਸਾਰੇ ਵਾਲੀ ਗੱਲ ਵੀ ਖਿਲਾਰਾ ਪਾਏ ਬਿਨਾਂ ਥੋੜ੍ਹੇ ਸ਼ਬਦਾਂ ਵਿਚ ਹੀ ਸਪੱਸ਼ਟ ਕਰ ਦਿੰਦਾ ਸੀ। ਕੁਛ ਸ਼ਬਦਾਂ ਵਿਚ ਆਖੀ ਹੋਈ ਉਹਦੀ ਵੱਡੀ ਗੱਲ ਪਾਠਕ ਦੇ ਮਨ ਵਿਚ ਪਹੁੰਚ ਕੇ, ਕਿਸੇ ਆਪਣੇ ਦੀ ਆਈ ਚਿੱਠੀ ਵਾਂਗ, ਤਹਿਆਂ ਖੁੱਲ੍ਹ ਕੇ ਆਪਣਾ ਅਸਲ ਆਕਾਰ ਹਾਸਲ ਕਰ ਲੈਂਦੀ ਸੀ। ਇਸ ਸਮਰੱਥਾ ਸਦਕਾ ਹੀ ਉਹਦੀਆਂ ਕਵਿਤਾਵਾਂ ਦੀਆਂ ਸਤਰਾਂ ਉਹਦੇ ਜਿਉਂਦੇ-ਜੀਅ ਕਹਾਵਤਾਂ ਦਾ ਰੂਪ ਧਾਰ ਗਈਆਂ। ਸਮੇਂ ਦੀਆਂ ਸਰਬ-ਸਮਰੱਥ ਆਰਥਿਕ-ਰਾਜਨੀਤਕ ਸ਼ਕਤੀਆਂ ਵੱਲੋਂ ਪੈਦਾ ਕੀਤੀਆਂ ਸਮਾਜਕ ਹਾਲਤਾਂ ਵਿਚ ਸੱਚ ਦੇ ਮਾਰਗ ਉੱਤੇ ਤੁਰਨ ਦੇ ਨਤੀਜੇ ਦੀ ਚਿਤਾਵਨੀ ਸੁਣੋ: "ਏਨਾ ਸੱਚ ਨਾ ਬੋਲ ਕਿ 'ਕੱਲਾ ਰਹਿ ਜਾਵੇਂ, ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ!" ਸੱਚ ਬੋਲਣ ਦੀ ਇਸ ਉਲਝਣ ਵਿਚ ਫਸੇ ਹੋਏ ਬੰਦੇ ਦੀ ਦੁਚਿੱਤੀ: "ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮ੍ਹਾਂਦਾਨ ਕੀ ਕਹਿਣਗੇ!"



ਅਸੀਂ ਅਖ਼ਬਾਰਾਂ ਵਿਚ ਅਕਸਰ ਪੜ੍ਹਦੇ ਹਾਂ ਕਿ ਦੇਸ ਦੀਆਂ ਹੇਠਲੀਆਂ ਤੋਂ ਸਿਖਰਲੀ ਅਦਾਲਤ ਤੱਕ ਕਿਵੇਂ ਦਹਾਕਿਆਂ ਤੋਂ ਅਨਸੁਣੇ ਮੁਕੱਦਮਿਆਂ ਦੇ ਢੇਰ ਲੱਗੇ ਹੋਏ ਹਨ। ਪਾਤਰ ਨੂੰ ਇਹਨਾਂ ਮੁਕੱਦਮਿਆਂ ਦੇ ਫ਼ੈਸਲੇ ਦੀ ਉਡੀਕ ਕਰਦੇ ਨਿਕਰਮਿਆਂ ਦੀ ਹਾਲਤ ਬਿਆਨਣ ਲਈ ਕੁਲ ਸੱਤ ਸ਼ਬਦ ਬਹੁਤ ਹਨ: "ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ!"

ਮੇਰੇ ਤੇ ਪਾਤਰ ਦੇ ਦਿਲੀ ਸਾਹਿਤਕ ਰਿਸ਼ਤੇ ਦਾ ਆਧਾਰ ਪੰਜਾਬ ਦੀ ਸਮਾਜਕ ਹਾਲਤ ਵੱਲ ਤੇ ਪੰਜਾਬੀ ਬੋਲੀ ਦੀ ਹੋ ਰਹੀ ਦੁਰਦਸ਼ਾ ਵੱਲ ਸਾਡਾ ਮਿਲਦਾ-ਜੁਲਦਾ ਨਜ਼ਰੀਆ ਸੀ। ਇਸੇ ਸਾਂਝ ਸਦਕਾ ਇਕ ਦਿਨ ਫ਼ਤਿਹਗੜ੍ਹ ਸਾਹਿਬ ਤੋਂ ਉਹਦਾ ਫੋਨ ਆਇਆ ਕਿ ਮੈਂ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਪੰਜਾਬੀ ਦੀ ਅਸਲ ਸਮਰੱਥਾ ਤੇ ਇਹਦੀ ਅਜੋਕੀ ਹਾਲਤ ਬਾਰੇ ਆਪਣੇ ਵਿਚਾਰ ਸਾਂਝੇ ਕਰਾਂ। ਪ੍ਰਸਿੱਧ ਭਾਵੇਂ ਕਵੀ ਵਜੋਂ ਹੋਇਆ, ਉਹ ਵਾਰਤਿਕ ਵੀ ਖ਼ੂਬਸੂਰਤ ਲਿਖਦਾ ਸੀ। ਉਹਦੀ ਪੁਸਤਕ 'ਸੂਰਜ ਮੰਦਰ ਦੀਆਂ ਪੌੜੀਆਂ' ਪੜ੍ਹਨ ਪਿੱਛੋਂ ਇਕ ਸਾਹਿਤਕ ਸਮਾਗਮ ਵਿਚ ਮੇਲ ਹੋਇਆ ਤਾਂ ਮੈਂ ਆਪਣੀ ਗੱਲ ਦਾ ਪਿਛੋਕੜ ਦੱਸ ਕੇ ਆਖਿਆ ਕਿ ਉਹ ਕਵਿਤਾ ਦੇ ਨਾਲ-ਨਾਲ ਵਾਰਤਿਕ ਵੀ ਲਿਖਿਆ ਕਰੇ। ਉਹ ਕੁਛ ਕਹੇ ਬਿਨਾਂ ਮੁਸਕਰਾ ਪਿਆ। ਮੇਰੀ ਗੱਲ ਦਾ ਸਭ ਤੋਂ ਜਚਵਾਂ ਤੇ ਸੋਹਣਾ ਜਵਾਬ ਮੁਸਕਰਾਹਟ ਹੀ ਹੋ ਸਕਦਾ ਸੀ। ਇਹ ਵੀ 'ਪੰਜਾਬ ਕਲਾ ਪਰਿਸ਼ਦ' ਦੀ ਉਹਦੀ ਪ੍ਰਧਾਨਗੀ ਸਮੇਂ ਹੀ ਸੀ ਕਿ ਮੈਨੂੰ 'ਪੰਜਾਬ ਦਾ ਗੌਰਵ' ਆਖ ਕੇ ਸਨਮਾਨਿਆ ਗਿਆ। ਅਸਹਿਣਸ਼ੀਲਤਾ ਦੀ ਹਨੇਰੀ ਦੇ ਪਹਿਲੇ ਵਰੋਲਿਆਂ ਸਮੇਂ ਹੀ ਦੇਸ ਵਿਚ ਚੱਲੀ ਇਨਾਮ-ਵਾਪਸੀ ਦੀ ਲਹਿਰ ਵਿਚ ਜਦੋਂ ਮੈਂ ਸਾਹਿਤ ਅਕਾਦਮੀ ਦਾ ਇਨਾਮ ਮੋੜਨ ਦੀ ਪੰਜਾਬੀ ਵਿਚ ਪਹਿਲ ਕੀਤੀ ਤਾਂ ਇਸ ਰੋਸ ਦਾ ਅੰਗ ਬਣਨ ਵਾਲੇ ਦਰਜਨ ਦੇ ਕਰੀਬ ਪੰਜਾਬੀ ਲੇਖਕਾਂ ਵਿਚ ਪਾਤਰ ਵੀ ਸ਼ਾਮਲ ਸੀ।

ਇਕ ਮਿੱਤਰ ਨੇ ਦੱਸਿਆ, "ਰਾਤੀਂ ਉਹ ਨਿੱਤ ਵਾਂਗ ਸੁੱਤਾ ਸੀ, ਸਵੇਰੇ ਜਾਗਿਆ ਨਹੀਂ।" ਅਜਿਹੀ ਮੌਤ ਨੂੰ ਲੋਕ 'ਸੰਤਾਂ ਵਾਲੀ ਮੌਤ' ਆਖਦੇ ਹਨ। ਪਰ ਸੰਤਾਂ ਵਾਲੀ ਮੌਤ ਵੀ ਵੇਲੇ-ਸਿਰ ਆਈ ਹੀ ਠੀਕ ਰਹਿੰਦੀ ਹੈ। ਅੱਜ ਉਹਦੀ 79 ਸਾਲ, ਮੈਥੋਂ ਕੁੱਲ 8-9 ਸਾਲ ਘੱਟ ਉਮਰ ਜਾਣ ਕੇ ਮੈਨੂੰ ਸੱਚਮੁੱਚ ਅਸਚਰਜ ਹੋਇਆ। ਉਹਦੀ ਦਾੜ੍ਹੀ ਜ਼ਰੂਰ ਰੰਗ ਬਦਲ ਕੇ ਕਾਲੀ ਤੋਂ ਚਿੱਟੀ ਹੁੰਦੀ ਗਈ ਪਰ ਸਰੀਰ ਤੋਂ ਸਾਲਾਂ ਦੇ ਲੇਪ ਨੂੰ ਉਹ ਵਿਚਾਰਾਂ ਦੀ ਬੁਲੰਦੀ ਤੇ ਪੰਜਾਬ ਦੀ ਚੜ੍ਹਦੀ ਕਲਾ ਦੇ ਭਰੋਸੇ ਨਾਲ ਧੋਂਦਾ-ਲਾਹੁੰਦਾ ਰਿਹਾ। ਮੈਨੂੰ ਉਹ ਰਚਨਾਕਾਰੀ ਦੇ ਪੱਖੋਂ ਵੱਡਾ ਪਰ ਉਮਰ ਦੇ ਪੱਖੋਂ ਆਪਣੇ ਨਾਲੋਂ ਬਹੁਤ ਛੋਟਾ ਲਗਦਾ ਰਿਹਾ। ਇਸੇ ਕਰਕੇ ਉਮਰ ਦੀ ਗਿਣਤੀ ਦੇ ਬਾਵਜੂਦ ਉਹਦਾ ਜਾਣਾ ਬਹੁਤ ਕੁਵੇਲੇ ਦੀ ਮੌਤ ਹੈ। ਅਜੇ ਉਹ ਮੌਕਾ ਨਹੀਂ ਸੀ ਆਇਆ ਤੇ ਉਹਦੀ ਸਰੀਰਕ ਹਾਲਤ ਵੀ ਉਹ ਬਿਲਕੁਲ ਨਹੀਂ ਸੀ ਹੋਈ ਜਦੋਂ ਉਹਦੇ ਸ਼ੁਭ-ਚਿੰਤਕ ਆਖ ਸਕਦੇ, ਹੁਣ ਉਹਦਾ ਜਾਣਾ ਹੀ ਠੀਕ ਸੀ। ਪਰ ਹਰ ਵਿਛੋੜਾ ਪਿਛਲਿਆਂ ਲਈ ਸਿਰਫ਼ ਇਕੋ ਰਾਹ ਛਡਦਾ ਹੈ, ਸਬਰ ਦਾ ਰਾਹ, ਜੀਹਨੂੰ ਲੋਕ ਭਾਣਾ ਮੰਨਣਾ ਆਖਦੇ ਹਨ।

ਉਹ ਤਿਉੜੀ-ਮੁਕਤ ਮੱਥੇ ਤੇ ਮੁਸਕਰਾਉਂਦੇ ਚਿਹਰੇ ਵਾਲਾ ਸ਼ਾਂਤ-ਸਹਿਜ ਸੁਭਾਅ ਦਾ ਬੰਦਾ ਸੀ। ਕਦੀ ਕਿਸੇ ਨੇ ਉਹਨੂੰ, ਲੜਨਾ-ਖਹਿਬੜਨਾ ਤਾਂ ਦੂਰ, ਕਿਸੇ ਨਾਲ ਉੱਚਾ ਬੋਲਦਾ, ਰੁੱਖਾ ਬੋਲਦਾ, ਗੁੱਸੇ ਹੁੰਦਾ ਨਹੀਂ ਸੀ ਦੇਖਿਆ। ਕਹਿੰਦੇ ਹਨ, ਅਜਿਹੇ ਸ਼ਾਂਤ ਸੁਭਾਅ ਨੂੰ ਦਿਲ ਦਾ ਰੋਗ ਨਹੀਂ ਹੁੰਦਾ। ਅਜਿਹਾ ਆਖਣ ਵਾਲੇ ਮਾਸ ਦੇ ਟੁਕੜੇ ਦਿਲ ਦੀ ਗੱਲ ਕਰ ਰਹੇ ਹੁੰਦੇ ਹਨ। ਪਰ ਮਨੁੱਖ ਦੇ ਇਸ ਦਿਲ ਦੇ ਅੰਦਰ ਇਕ ਦਿਲ ਹੋਰ ਲੁਕਿਆ ਹੋਇਆ ਹੁੰਦਾ ਹੈ, ਅਦਿੱਖ ਦਿਲ, ਜਜ਼ਬਿਆਂ ਤੇ ਅਨੁਭਵਾਂ, ਰੀਝਾਂ ਤੇ ਪਿਆਸਾਂ, ਪਰਾਪਤੀਆਂ-ਅਪਰਾਪਤੀਆਂ ਤੇ ਸੰਤੁਸ਼ਟੀਆਂ-ਅਸੰਤੁਸ਼ਟੀਆਂ ਦੇ ਅਹਿਸਾਸ ਦਾ ਦਿਲ। ਇਸੇ ਨੂੰ ਸਿਆਣੇ ਦਰਿਆਉਂ-ਸਮੁੰਦਰੋਂ ਡੂੰਘਾ ਦਿਲ ਆਖਦੇ ਹਨ ਜਿਸ ਦੀਆਂ ਕੋਈ ਨਹੀਂ ਜਾਣਦਾ! ਉਸ ਦਿਲ ਦੀ ਨਬਜ਼ ਕਿਸੇ ਵੈਦ-ਹਕੀਮ ਦੇ ਹੱਥ ਨਹੀਂ ਆਉਂਦੀ। ਪਾਤਰ ਆਪਣੇ ਇਕੋ ਸ਼ਿਅਰ "ਜੇ ਦਿਲ ਫੋਲ ਲੈਂਦੇ ਯਾਰਾਂ ਦੇ ਨਾਲ, ਦਿਲ ਫੋਲਣਾ ਨਾ ਪੈਂਦਾ ਔਜ਼ਾਰਾਂ ਦੇ ਨਾਲ" ਵਿਚ ਇਹਨਾਂ ਦੋਵਾਂ ਦਿਲਾਂ ਦਾ ਜ਼ਿਕਰ ਬੜੀ ਖ਼ੂਬਸੂਰਤੀ ਨਾਲ ਕਰਦਾ ਹੈ। ਪਹਿਲੇ ਮਿਸਰੇ ਵਿਚ ਉਹ ਅਦਿੱਖ ਦਿਲ ਦੇ ਜਜ਼ਬੇ ਤੇ ਅਹਿਸਾਸ ਯਾਰਾਂ ਨਾਲ ਸਾਂਝੇ ਕਰ ਕੇ ਮਨ ਦਾ ਭਾਰ ਹੌਲ਼ਾ ਨਾ ਕੀਤੇ ਹੋਣ ਦਾ ਝੋਰਾ ਕਰਦਾ ਹੈ ਤੇ ਦੂਜੇ ਮਿਸਰੇ ਵਿਚ ਦੂਜੇ, ਮਾਸ ਦੇ ਦਿਲ ਨੂੰ ਔਜ਼ਾਰਾਂ ਦੇ ਵੱਸ ਇਸੇ ਕਾਰਨ ਪਿਆ ਦਸਦਾ ਹੈ।


ਸਾਹਿਤਕ ਕਹਾਵਤ ਹੈ ਕਿ ਦੁਨੀਆ ਵਿਚ ਕੋਈ ਲੇਖਕ ਅਜਿਹਾ ਨਹੀਂ ਹੋਇਆ ਜੋ ਉਹ ਸਭ ਕੁਛ ਕਹਿ ਸਕਿਆ ਹੋਵੇ ਜੋ ਸਮਾਜ ਨੂੰ ਕਹਿਣ ਲਈ ਉਹਦੇ ਕੋਲ ਸੀ। ਪਾਤਰ ਨੇ ਵੀ ਔਝੜ ਵਿਚ ਭਟਕ ਰਹੇ ਦੇਸ ਅਤੇ ਬੇਮੰਜ਼ਲੇ ਰਾਹ ਉਤੇ ਤੁਰੇ ਹੋਏ ਪੰਜਾਬ ਬਾਰੇ ਅਜੇ ਬਹੁਤ ਕੁਛ ਕਹਿਣਾ ਸੀ। ਪਰ ਸਾਥੋਂ ਖੁੱਸ ਗਏ ਬਹੁਤ ਕੁਛ ਦੇ ਝੋਰੇ ਦੀ ਥਾਂ ਸਾਨੂੰ ਉਸ ਲਈ ਉਹਦੇ ਦੇਣਦਾਰ ਹੋਣਾ ਚਾਹੀਦਾ ਹੈ ਜੋ ਉਹ ਸਾਨੂੰ ਦੇ ਗਿਆ। ਖਰਾ ਲੇਖਕ ਉਹੋ ਹੁੰਦਾ ਹੈ ਜੋ ਮਾਣ ਕਰਨ ਦੇ ਜੋਗ ਰਚਨਾ ਕਰੇ ਤੇ ਉਸ ਦਾ ਮਾਣ ਵੀ ਕਰੇ। ਪਾਤਰ ਕਹਿੰਦਾ ਸੀ, "ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ, ਪਾਣੀ ਨੇ ਮੇਰੇ ਗੀਤ ਮੈਂ ਪਾਣੀ 'ਤੇ ਲੀਕ ਹਾਂ!" ਦੇਹ ਪਾਣੀ ਦੀ ਲਕੀਰ ਵਾਂਗ ਮਿਟ ਜਾਂਦੀ ਹੈ, ਪਰ ਦੇਹ ਵਿਚੋਂ ਉਪਜੇ-ਨਿੱਸਰੇ ਵਿਚਾਰ ਰੂਪ ਬਦਲ ਕੇ ਅਮਰ ਰਹਿੰਦੇ ਪਾਣੀ ਵਾਂਗ ਮਿਟਦੇ ਨਹੀਂ।

ਵੀਰ ਪਾਤਰ, ਮੇਰੇ ਸਮੇਤ ਤੇਰੇ ਅਨਗਿਣਤ ਪਾਠਕ ਕੁਵੇਲੇ ਤੇ ਅਚਾਨਕ ਤੇਰੇ ਤੁਰ ਜਾਣ ਸਦਕਾ ਬਹੁਤ ਉਦਾਸ ਹਨ!

---

# ਲਾਲੋ-ਲਾਲ ਤਰਬੂਜ (ਵਾਟਰਮੈਲਨ) ਖਾਓ-ਪਿਆਸ ਬੁਝਾਓ

"ਕੜਾਕੇ ਦੀ ਗਰਮੀ 'ਚ ਠੰਢਕ, ਤਾਜ਼ਗੀ ਮਹਿਸੂਸ ਕਰਨ ਲਈ ਹਰ ਉਮਰ ਦੇ ਵਿਅਕਤੀ ਨੂੰ ਡੇਲੀ ਤਰਬੂਜ ਫਲ ਦਾ ਅਨੰਦ ਲੈਣਾ ਚਾਹੀਦਾ ਹੈ। ਵਿਆਹ ਤੋਂ ਬਾਅਦ ਬੱਚੇ ਦੇ ਚਾਹਵਾਨ ਰਸੀਲਾ ਫਲ ਤਰਬੂਜ਼ ਦਾ ਜੂਸ ਅਤੇ ਸਲਾਦ ਦੀ ਸ਼ਕਲ 'ਚ ਟੁਕੜੇ ਗਰਮੀ ਭਰ ਖਾ ਸਕਦੇ ਹਨ। ਪੁਰਾਣੀ ਬਿਮਾਰੀ ਦੀ ਹਾਲਤ



**ਅਨਿਲ ਧੀਰ**

'ਚ ਸੇਵਨ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਜ਼ਰੂਰ ਲਵੋ"- ਅਨਿਲ ਧੀਰ।

ਹੈਲਥ ਮੀਡੀਆ ਕੈਨੇਡਾ: ਗਰਮ ਮੌਸਮ ਵਿਚ ਸਰੀਰ-ਮਨ ਨੂੰ ਠੰਡਕ ਦੇਣ ਵਾਲਾ ਲਾਲ, ਰਸੀਲਾ ਅਤੇ ਮਿੱਠਾ ਫਲ ਤਰਬੂਜ ਹਰ ਪਾਸੇ ਦੇਖਣ ਨੂੰ ਮਿਲ ਰਿਹਾ ਹੈ। ਛੋਟੇ ਬੱਚੇ, ਨੌਜਵਾਨ, ਮੱਧ ਉਮਰ, ਬਜ਼ੁਰਗਾਂ ਦੇ ਨਾਲ-ਨਾਲ ਪਾਲਤੂ ਪੈਟਸ ਵੀ ਬੜੇ ਚਾਅ ਨਾਲ ਖਾਣਾ ਪਸੰਦ ਕਰਦੇ ਹਨ। ਹਰ ਹਿੱਸੇ 'ਚ ਇਸਨੂੰ ਵੱਖ-ਵੱਖ ਨਾਂ: ਹਦਵਾਣਾ, ਤਰਬੂਜ, ਮਤੀਰਾ, ਤੋਂ ਵੀ ਮਸ਼ਹੂਰ ਹੈ। ਤਰਬੂਜ ਦੇ 100 ਗ੍ਰਾਮ ਟੁਕੜੇ ਤੋਂ : ਐਨਰਜੀ-127 ਕੇਜੀ (30 ਕੇਸੀਐਲ), ਕਾਰਬੋਹਾਈਡ੍ਰੇਟ-7.55 ਗ੍ਰਾਮ, ਸ਼ੂਗਰ-6.2 ਗ੍ਰਾਮ, ਫਾਈਬਰ-0.4 ਗ੍ਰਾਮ, ਚਰਬੀ-0.15 ਗ੍ਰਾਮ, ਪ੍ਰੋਟੀਨ-0.61 ਗ੍ਰਾਮ, 'ਤੇ ਵਿਟਾਮਿਨ ਮਾਤਰਾ- % ਡੀ.ਵੀ: ਵਿਟਾਮਿਨ-ਏ ਸਮਤੋਲ, ਬੀਟਾ-ਕੈਰੋਟੀਨ-3%, 28 ਯੂਜੀ, ਥਿਆਮੀਨ-3%, ਰਿਬੋਫਲੇਵਿਨ- ਬੀ2-2%, ਨਿਆਸੀਨਬੀ 3-1%, ਪੈਂਟੋਥੈਨਿਕ ਐਸਿਡ ਬੀ5-4%, ਵਿਟਾਮਿਨ ਬੀ6-3%, ਚੋਲੀਨ-1, ਵਿਟਾਮਿਨ ਸੀ-9%, ਖਣਿਜ, ਮਾਤਰਾ, ਕੈਲਸ਼ੀਅਮ-1%, ਲੋਹਾ-1%, ਮੈਗਨੀਸ਼ੀਅਮ-2%, ਮੈਂਗਨੀਜ਼-2%, ਫਾਸਫੋਰਸ-1%, ਪੋਟਾਸ਼ੀਅਮ-4%, ਸੋਡੀਅਮ-0%, ਜ਼ਿੰਕ-1%, ਪਾਣੀ-91.5%, ਅਤੇ ਲਾਈਕੋਪੀਨ-4532 ਯੂਜੀ ਵਗੈਰਾ ਪੋਸ਼ਟਿਕ ਤੱਤ ਮਿਲ ਜਾਂਦੇ ਹਨ।

ਮੌਸਮ ਦੇ ਮੁਤਾਬਿਕ ਹੈਲਦੀ ਰਹਿਣ ਲਈ ਸਰੀਰ ਦਾ ਹਾਈਡਰੇਟਿਡ ਰਹਿਣਾ ਜ਼ਿਆਦਾ ਮਹੱਤਵਪੂਰਨ ਹੈ। ਸਰੀਰ ਦੇ ਤਾਪਮਾਨ ਦਾ ਨਿਯਮ, ਅੰਗਾਂ ਦਾ ਆਮ ਕੰਮ, ਸੈੱਲਾਂ ਨੂੰ ਪੋਸ਼ਟਿਕ ਤੱਤਾਂ ਦੀ ਸਪੁਰਦਗੀ, ਅਤੇ ਸੁਚੇਤਤਾ ਕੇਵਲ ਕੁੱਝ ਸਰੀਰਕ ਪ੍ਰਕਿਰਿਆਵਾਂ ਹਨ ਜੋ ਭਰੋਸੇਯੋਗ ਸਾਧਨ ਦੀ ਲੋੜੀਂਦੀ ਹਾਈਡਰੇਸ਼ਨ 'ਤੇ ਨਿਰਭਰ ਕਰਦੀਆਂ ਹਨ। ਉੱਚ ਪਾਣੀ ਦੀ ਸਮੱਗਰੀ ਵਾਲੇ ਭੋਜਨ ਖਾਣ ਨਾਲ ਤੁਹਾਡੇ ਸਰੀਰ ਨੂੰ ਸਹੀ ਢੰਗ ਨਾਲ ਕੰਮ ਕਰਨ ਲਈ ਲੋੜੀਂਦਾ ਪਾਣੀ ਦੇਣ 'ਚ ਮਦਦ ਮਿਲ ਸਕਦੀ ਹੈ। ਕਿਉਂਕਿ ਤਰਬੂਜ਼ ਜ਼ਿਆਦਾਤਰ ਪਾਣੀ ਭਰੋਸੇਮੰਦ ਸਾਧਨ ਹੈ, ਇਹ ਰੋਜ਼ਾਨਾ ਪਾਣੀ ਦੇ ਸੇਵਨ ਲਈ ਵਧੀਆ ਵਿਕਲਪ ਵਜੋਂ ਕੰਮ ਕਰ ਸਕਦਾ ਹੈ। ਪਾਣੀ ਦੀ ਸਮੱਗਰੀ ਦਾ ਇਹ ਮਤਲਬ ਹੈ ਕਿ ਇਸ ਤਰਬੂਜ਼ 'ਚ ਘੱਟ ਕੈਲੋਰੀ ਘਣਤਾ ਹੈ- ਦੂਜੇ ਸ਼ਬਦਾਂ 'ਚ, ਇਸਦੇ ਕੁੱਲ ਭਾਰ ਲਈ ਬਹੁਤ ਘੱਟ ਕੈਲੋਰੀਆਂ ਹਨ। ਤਰਬੂਜ਼ ਵਰਗੇ ਘੱਟ ਕੈਲੋਰੀ ਘਣਤਾ ਵਾਲੇ ਭੋਜਨ ਖਾਣ ਨਾਲ ਤੁਹਾਨੂੰ ਜ਼ਿਆਦਾ ਦੇਰ ਤੱਕ ਭਰਿਆ ਮਹਿਸੂਸ ਕਰਦੇ ਹੋਏ ਭਾਰ ਪ੍ਰਬੰਧਨ 'ਚ ਹੈਲਪ ਮਿਲ ਸਕਦੀ ਹੈ।

**ਨੋਟ: ਡਾਇਬਟੀਜ਼ ਦੇ ਰੋਗੀ, ਪੁਰਾਨੀ ਖੰਘ, ਗਰਭਵਤੀ ਔਰਤਾਂ ਜਾਂ ਕਿਸੇ ਚੱਲ ਰਹੇ ਰੋਗ ਦੀ ਹਾਲਤ 'ਚ ਆਪਣੇ ਡਾਕਟਰ ਦੀ ਸਲਾਹ ਜ਼ਰੂਰ ਲਵੋ।**

# 'ਪੰਜਾਬ ਟਾਈਮਜ਼' ਦੀ 25ਵੀਂ ਵਰ੍ਹੇਗੰਢ ਮੌਕੇ ਭਰਿਆ ਮੇਲਾ ਯਾਦਗਾਰੀ ਹੋ ਨਿੱਬੜਿਆ

## ਵੱਖ-ਵੱਖ ਖੇਤਰਾਂ ਦੀਆਂ ਉਘੀਆਂ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ; 'ਪੰਜਾਬ ਟਾਈਮਜ਼' ਦੀ ਨਿਵੇਕਲੀ ਪੱਤਰਕਾਰੀ ਨੂੰ ਹੱਲਾਸ਼ੇਰੀ

ਸ਼ਿਕਾਗੋ: ਪੱਤਰਕਾਰੀ ਦੇ ਖੇਤਰ ਵਿਚ ਨਿਵੇਕਲੀਆਂ ਅਤੇ ਗੂੜ੍ਹੀਆਂ ਪੈੜਾਂ ਪਾਉਣ, ਬੇਲਾਗ ਰਿਪੋਰਟਿੰਗ, ਸਚਾਈ ਲਈ ਅਟੱਲ ਵਚਨਬੱਧਤਾ ਅਤੇ ਸੱਭਿਆਚਾਰਕ ਜਾਗਰੂਕਤਾ 'ਤੇ ਜ਼ੋਰ ਦੇਣ ਵਾਲੇ 'ਪੰਜਾਬ ਟਾਈਮਜ਼' ਦੀ 25ਵੀਂ ਵਰ੍ਹੇਗੰਢ ਲੰਘੇ ਦਿਨੀਂ ਇਥੋਂ ਦੀ ਸਬਰਬ ਆਰਲਿੰਗਟਨ ਹਾਈਟਸ ਦੇ ਅਟਲਾਂਟਿਸ ਬੈਂਕੁਇਟ ਹਾਲ ਵਿਚ ਮਨਾਈ ਗਈ। 'ਪੰਜਾਬ ਟਾਈਮਜ਼' ਦੇ ਕਰਤਾ-ਧਰਤਾ, ਪੱਤਰਕਾਰੀ ਦੇ ਖੇਤਰ ਵਿਚ ਨਵੀਆਂ ਲੀਹਾਂ ਪਾਉਣ ਵਾਲੇ ਸਾਡੇ ਸਭ ਦੇ ਪਿਆਰੇ ਮਰਹੂਮ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ ਅਤੇ ਅਯੋਧਿਆ ਸਲਵਾਨ ਨੂੰ ਸਮਰਪਿਤ ਇਹ ਸਮਾਗਮ ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਅਤੇ ਕੈਨੇਡਾ ਤੋਂ ਪੁੱਜੀਆਂ ਅਦਬੀ ਸ਼ਖਸੀਅਤਾਂ ਦੀ ਹਾਜ਼ਰੀ ਨਾਲ ਯਾਦਗਾਰੀ ਹੋ ਨਿੱਬੜਿਆ। ਹਰ ਹਫਤੇ ਪਾਠਕਾਂ ਦੇ ਦਰਾਂ 'ਤੇ ਦਸਤਕ ਦੇਣ ਵਾਲੇ 'ਪੰਜਾਬ ਟਾਈਮਜ਼' ਨੂੰ ਇਹ ਮਾਣ ਹਾਸਿਲ ਹੈ ਕਿ ਅਨੇਕ ਔਕੜਾਂ ਅਤੇ ਦੁਸ਼ਵਾਰੀਆਂ ਦੇ ਬਾਵਜੂਦ ਇਸ ਨੂੰ ਇਸ ਲੰਮੇ ਸਫ਼ਰ ਦੌਰਾਨ ਅਜਿਹੇ ਜਿਊੜਿਆਂ ਦਾ ਸਾਥ ਮਿਲਿਆ ਹੈ ਜਿਨ੍ਹਾਂ ਦੀ ਬਦੌਲਤ ਅੱਜ ਇਹ ਇਸ ਮੁਕਾਮ 'ਤੇ ਪੁੱਜਾ ਹੈ।

ਇਸ ਪ੍ਰੋਗਰਾਮ ਦੀ ਰੌਣਕ ਵਧਾਉਣ ਲਈ ਮੁਅਜ਼ਜ਼ ਸ਼ਖਸੀਅਤਾਂ ਵਿਚ ਮੁੱਖ ਮਹਿਮਾਨ ਵਜੋਂ ਉਘੇ ਬਿਜ਼ਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਸੁੰਨੜ ਤੇ ਕੈਨੇਡਾ ਤੋਂ ਸੁੱਖੀ ਬਾਠ ਅਤੇ ਗੈਸਟ ਆਫ ਆਨਰ ਮੇਜਰ ਸ. ਗੁਰਚਰਨ ਸਿੰਘ ਝੱਜ, ਡਾ. ਵਿਕਰਮ ਸਿੰਘ ਗਿੱਲ, ਏ ਜੇ ਸੰਧੂ, ਲਵ ਮਿਨਹਾਸ ਅਤੇ ਅਰਕਨਸਾਂਸ ਤੋਂ ਹਰਮਨ ਥਿੰਦ ਪਹੁੰਚੇ ਹੋਏ ਸਨ।

ਪ੍ਰੋਗਰਾਮ ਦੇ ਸ਼ੁਰੂ ਵਿਚ ਗੁਰਮੁਖ ਸਿੰਘ ਭੁੱਲਰ ਨੇ ਸਰੋਤਿਆਂ ਨੂੰ 'ਜੀ ਆਇਆਂ' ਆਖਦਿਆਂ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੀ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਬਿਰਤੀ ਨੂੰ ਯਾਦ ਕੀਤਾ ਤੇ 'ਪੰਜਾਬ ਟਾਈਮਜ਼' ਦੀ ਹਰਮਨ-ਪਿਆਰਤਾ ਦੀ ਗੱਲ ਵੀ ਕੀਤੀ। ਪ੍ਰੋਗਰਾਮ ਦੀ ਕਾਰਵਾਈ ਸੁਚੱਜੇ ਢੰਗ ਨਾਲ ਅੱਗੇ ਤੋਰਦਿਆਂ ਉਘੇ ਨਾਟਕਕਾਰ ਸ. ਆਤਮਜੀਤ ਸਿੰਘ ਨੇ ਦੱਸਿਆ,"ਅਮੋਲਕ ਨਾਲ ਮੇਰੀ ਸਾਂਝ ਪੁਰਾਣੀ ਹੈ ਤੇ ਉਨ੍ਹਾਂ ਦੇ ਜਾਣ ਮਗਰੋਂ ਮੈਂ ਸੋਚਦਾ ਸੀ ਕਿ ਹੁਣ ਇਸ ਅਖਬਾਰ ਦਾ ਕੀ ਬਣੇਗਾ ਪਰ ਮੈਂ ਭੈਣ ਜਸਪ੍ਰੀਤ ਨੂੰ ਸਲੂਟ ਕਰਦਾ ਹਾਂ ਜੋ 'ਪੰਜਾਬ ਟਾਈਮਜ਼' ਨੂੰ ਚਾਰ ਕਦਮ ਹੋਰ ਅਗਾਂਹ ਲੈ ਗਏ।" ਉਨ੍ਹਾਂ ਉਘੇ ਸ਼ਾਇਰ ਸੁਰਜੀਤ ਪਾਤਰ ਨੂੰ ਯਾਦ ਕੀਤਾ ਅਤੇ ਸਭ ਨੇ ਇਕ ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਪਾਤਰ ਦੀ ਰਚਨਾ 'ਦਿਲ ਹੀ ਉਦਾਸ ਹੈ ਜੀ ਬਾਕੀ ਸਭ ਖੈਰ ਹੈ', 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ" ਦਾ ਉਚੇਚਾ ਜ਼ਿਕਰ ਕੀਤਾ। ਸ਼ਿਅਰੋ-ਸ਼ਾਇਰੀ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਦਿਆਂ ਉਨ੍ਹਾਂ ਦੱਸਿਆ ਕਿ ਅੱਜ ਦੀ ਇਸ ਸ਼ਾਮ ਵਿਚ ਭਾਰਤ ਤੋਂ ਲਖਵਿੰਦਰ ਜੌਹਲ ਨੇ ਵੀ ਹਾਜ਼ਰੀ ਲਵਾਉਣੀ ਸੀ ਪਰ ਪਾਸਪੋਰਟ ਦੀ ਦੇਰੀ ਕਾਰਨ ਉਹ ਨਾ ਪੁੱਜ ਸਕੇ ਜਿਨ੍ਹਾਂ ਦੀ ਹਾਜ਼ਰੀ ਡਾ. ਆਤਮਜੀਤ ਨੇ ਉਨ੍ਹਾਂ ਦੇ ਦੋ ਦੋਹਿਆਂ

'ਜੁਗਨੂੰ ਆਇਆ ਚੀਰ ਕੇ ਕਾਲੀ ਬੋਲੀ ਰਾਤ,
ਸੁੱਤਾ ਸੂਰਜ ਸੋਚਦਾ ਮੇਰੀ ਕੀ ਔਕਾਤ'
ਅਤੇ
'ਹੇਠਾਂ ਜੰਡ ਦੇ ਅਣਖ ਹੈ ਉਤੇ ਬੇਵਸ ਪੌਣ,
ਪੰਜ ਨਦੀਆਂ ਦੇ ਦੇਸ ਦੀ ਇਹੀ ਬਚੀ ਪਛਾਣ'

ਨਾਲ ਲੁਆਈ।

ਪ੍ਰੋਗਰਾਮ ਦੇ ਮੁੱਖ ਬੁਲਾਰੇ ਵਜੋਂ ਪੁੱਜੇ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਸਰੋਤਿਆਂ ਨੂੰ ਮੁਖ਼ਾਤਿਬ ਹੁੰਦਿਆਂ ਜਿੱਥੇ ਸ. ਅਮੋਲਕ ਸਿੰਘ ਜੰਮੂ ਨੂੰ ਯਾਦ ਕੀਤਾ, ਉਥੇ ਪਿਛਲੇ ਦਿਨੀਂ ਵਿਛੋੜਾ ਦੇ ਗਏ ਪੰਜਾਬੀ ਦੇ ਉਘੇ ਸ਼ਾਇਰ ਡਾ. ਸੁਰਜੀਤ ਪਾਤਰ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ-"ਸਾਡੀ ਸਾਹਿਤ ਸਭਾ ਦੀ ਇਕ ਇਕੱਤਰਤਾ ਵਿਚ ਜੋਗਿੰਦਰ ਕੈਰੋਂ ਕਹਿੰਦਾ, ਇਕ ਨਵਾਂ ਮੁੰਡਾ ਲਿਖਣ ਲੱਗੈ, ਤੁਸੀਂ ਦੇਖੋਗੇ ਕੁਝ ਸਮੇਂ ਬਾਅਦ ਉਹ ਸ਼ਿਵ ਕੁਮਾਰ ਨੂੰ ਪਿੱਛੇ ਛੱਡ ਦੇਵੇਗਾ। ਅਸੀਂ ਹੱਸ ਪਏ ਕਿਉਂਕਿ ਉਦੋਂ ਸ਼ਿਵ ਦੀ ਤੂਤੀ ਬੋਲਦੀ ਸੀ। ਜਦੋਂ ਉਸ ਨੇ ਪਾਤਰ ਦਾ ਸ਼ਿਅਰ ਪੜ੍ਹਿਆ ਤਾਂ ਮੈਂ ਕਿਹਾ ਕਿ ਹਾਂ, ਇਸ ਮੁੰਡੇ ਵਿਚ ਗੱਲ ਤਾਂ ਹੈ ਤੇ ਉਹਦੇ ਵਿਚ ਗੱਲ ਹੈ ਸੀ ਇਸ ਅੰਦਾਜ਼ ਵਿਚ ਕਿ ਉਹ ਪੰਜਾਬੀ ਕਵਿਤਾ ਦੇ ਅਸਮਾਨ ਉਤੇ ਛਾ ਗਿਆ। ਕਦੀ ਸੰਤ ਸਿੰਘ ਸੇਖੋਂ ਨੇ ਕਿਹਾ ਸੀ ਕਿ ਵੀਹਵੀਂ ਸਦੀ ਵਿਚ ਪੰਜਾਬੀ ਕਵਿਤਾ ਦੀਆਂ ਸੱਤ ਚੋਟੀਆਂ ਨੇ ਜਿਨ੍ਹਾਂ ਵਿਚ ਸੁਰਜੀਤ ਪਾਤਰ ਦਾ ਨਾਂ ਵੀ ਸ਼ਾਮਲ ਸੀ। ਬਾਕੀ ਸਾਰੀਆਂ ਚੋਟੀਆਂ 20ਵੀਂ ਸਦੀ ਵਿਚ ਡੂੰਘੇ ਸਮੁੰਦਰ ਵਿਚ ਲੋਪ ਹੋ ਗਈਆਂ ਪਰ ਸੁਰਜੀਤ ਪਾਤਰ ਇਕੱਲਾ ਸੀ ਜੋ 21ਵੀਂ ਸਦੀ ਵਿਚ ਮਾਊਂਟ ਐਵਰੈਸਟ ਬਣ ਕੇ ਸਾਡੇ ਸਾਹਮਣੇ ਖੜ੍ਹਾ ਸੀ ਪਰ ਅਫਸੋਸ ਅੱਜ ਉਹ ਚੋਟੀ ਵੀ ਢਹਿ ਗਈ।" ਪਾਤਰ ਦੀ ਤਾਰੀਫ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਉਰਦੂ ਵਾਲਿਆਂ ਕੋਲ ਗਾਲਿਬ ਹੈ, ਹਿੰਦੀ ਵਾਲਿਆਂ ਕੋਲ ਦੁਸ਼ਯੰਤ ਕੁਮਾਰ ਹੈ ਤਾਂ ਪੰਜਾਬੀ ਵਾਲਿਆਂ ਕੋਲ ਸੁਰਜੀਤ ਪਾਤਰ ਹੈ।

ਉਨ੍ਹਾਂ ਪਾਤਰ ਦੇ ਸ਼ਿਅਰ

'ਆਦਮੀ ਮੌਤ ਵੱਲ ਜਾਂਦਾ ਹੈ ਹੌਲੀ ਹੌਲੀ,
ਚੰਦ ਮੁਖ ਰੇਤ ਵਿਚ ਰਲ ਜਾਂਦਾ ਹੈ ਹੌਲੀ ਹੌਲੀ'




ਰਾਹੀਂ ਮੌਤ ਦੀ ਅਟੱਲ ਸੱਚਾਈ ਦਾ ਜ਼ਿਕਰ ਕੀਤਾ।

ਉਨ੍ਹਾਂ ਦੱਸਿਆ, "ਐਤਕੀਂ 'ਪੰਜਾਬ ਟਾਈਮਜ਼' ਨਾਈਟ ਵਿਚ ਮੈਂ ਨਹੀਂ ਸੀ ਆਉਣਾ, ਸੁਰਜੀਤ ਪਾਤਰ ਨੇ ਆਉਣਾ ਸੀ। ਜਸਪ੍ਰੀਤ ਨੇ ਇਸ ਕੰਮ ਲਈ ਮੇਰੀ ਡਿਊਟੀ ਲਾਈ ਸੀ। ਮੈਂ ਪਾਤਰ ਨੂੰ ਫੋਨ ਮਿਲਾਇਆ ਤੇ ਕਿਹਾ ਕਿ 'ਪੰਜਾਬ ਟਾਈਮਜ਼' ਖੂਬਸੂਰਤ ਤੇ ਜਾਨਦਾਰ ਪਰਚਾ ਹੈ। ਇਹ ਪੰਜਾਬੀ ਦਾ ਸਾਰੀ ਦੁਨੀਆ ਵਿਚ ਇਕੋ ਇਕ ਅਜਿਹਾ ਅਖਬਾਰ ਹੈ ਜਿਸ ਵਿਚ ਜ਼ਿੰਦਗੀ ਦੇ ਵਿਭਿੰਨ ਪਹਿਲੂ ਇੰਨੀ ਬੇਬਾਕੀ, ਪ੍ਰਮਾਣਿਕਤਾ ਤੇ ਇੰਨੀ ਸੂਰਮਗਤੀ ਨਾਲ ਪੇਸ਼ ਹੁੰਦੇ ਨੇ। ਉਸ ਬੀਬੀ ਨੇ ਕਿਹਾ ਹੈ ਤੇ ਤੈਨੂੰ ਜਾਣਾ ਪਵੇਗਾ ਪਰ ਪਾਤਰ ਨੇ ਨਹੀਂ ਸੀ ਆ ਸਕਣਾ। ਮੈਂ ਪਾਕਿਸਤਾਨ ਸਾਂ ਤਾਂ ਉਸ ਨੇ ਫੋਨ ਕੀਤਾ ਤੇ ਕਿਹਾ ਕਿ ਜਾਇਆ ਨਹੀਂ ਜਾਣਾ ਪਾਸਪੋਰਟ ਦੀ ਮਿਆਦ ਖਤਮ ਹੋ ਗਈ ਹੈ ਪਰ ਜਦੋਂ ਪਾਸਪੋਰਟ ਮਿਲਿਆ, ਤਰੀਕਾਂ ਮਿੱਥੀਆਂ ਗਈਆਂ ਸਨ ਤੇ ਜਸਪ੍ਰੀਤ ਨੇ ਕਿਹਾ ਕਿ ਭਾਅ ਜੀ ਤੁਸੀਂ ਅਗਲੀ ਵਾਰ ਆਉਣੈ'।"

ਸ. ਅਮੋਲਕ ਸਿੰਘ ਜੰਮੂ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, "ਪਾਤਰ ਨੇ ਲਿਖ ਕੇ ਜਿਊਂਦੇ ਰਹਿਣਾ ਹੈ ਤੇ ਅਮੋਲਕ ਨੇ 'ਪੰਜਾਬ ਟਾਈਮਜ਼' ਨੂੰ ਸ਼ੁਰੂ ਕਰਨ ਦੇ ਹਵਾਲੇ ਨਾਲ। ਜਿਵੇਂ ਪਾਤਰ ਨੇ ਜਿਊਂਦੇ ਰਹਿਣਾ ਹੈ, ਉਸੇ ਤਰ੍ਹਾਂ ਇਸ ਅਖਬਾਰ ਨੇ ਜਿਊਂਦੇ ਰਹਿਣਾ ਹੈ, ਇਸ ਦੇ ਨਾਂ ਨੇ ਜਿਊਂਦੇ ਰਹਿਣਾ ਹੈ।" ਉਨ੍ਹਾਂ ਸ. ਜੰਮੂ ਨਾਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਯਾਦਾਂ ਵੀ ਤਾਜ਼ਾ ਕੀਤੀਆਂ। ਉਨ੍ਹਾਂ ਕਿਹਾ ਕਿ ਅੱਜ 'ਪੰਜਾਬ ਟਾਈਮਜ਼' ਪੰਜਾਬੀ ਜ਼ੁਬਾਨ ਦੀ ਅਮੀਰੀ, ਨਫਾਸਤ, ਸਭਿਆਚਾਰ ਦੀ ਆਵਾਜ਼ ਬੁਲੰਦ ਕਰ ਰਿਹਾ ਹੈ।"

ਵਰਿਆਮ ਸੰਧੂ ਦੀ ਤਕਰੀਰ ਇੰਨੀ ਬਾਦਲੀਲ ਅਤੇ ਜਜ਼ਬਾਤੀ ਸੀ ਕਿ ਸਰੋਤੇ ਇਸ ਤਰ੍ਹਾਂ ਸੁੰਨ ਹੋਏ ਸੁਣ ਰਹੇ ਸਨ ਜਿਵੇਂ ਉਨ੍ਹਾਂ ਨੂੰ ਮੰਤਰ ਮੁਗਧ ਕਰ ਲਿਆ ਗਿਆ ਹੋਵੇ। ਉਨ੍ਹਾਂ ਕਿਹਾ, "ਅਮੋਲਕ ਸਚਮੁਚ ਪੰਜਾਬੀ ਪੱਤਰਕਾਰੀ ਦੇ ਖੇਤਰ ਦਾ ਅਮੋਲਕ ਹੀਰਾ ਸੀ। ਉਸ ਦੀ ਜ਼ਮੀਰ ਦੀ ਹੱਡੀ ਕਾਇਮ ਸੀ ਤੇ ਉਸ ਨੇ ਇਸ ਹੱਡੀ ਨੂੰ ਕਾਇਮ ਰੱਖਦਿਆਂ ਪੱਤਰਕਾਰੀ ਦਾ ਮਿਆਰ ਸਾਡੇ ਸਾਹਮਣੇ ਸਿਰਜ ਦਿੱਤਾ।" ਆਪਣੀ ਤਕਰੀਰ ਜਾਰੀ ਰਖਦਿਆਂ ਉਨ੍ਹਾਂ ਕਿਹਾ, "ਸੰਵਾਦ ਦੀ ਬਿਰਤੀ ਪੱਤਰਕਾਰੀ ਵਿਚ 'ਪੰਜਾਬ ਟਾਈਮਜ਼' ਨੇ ਸ਼ੁਰੂ ਕੀਤੀ ਹੈ। ਇਹ ਸਾਡੇ ਅੰਦਰ ਦੀ ਬੰਦਿਆਈ ਨੂੰ ਜਗਾਉਣ ਦਾ ਮੁਜੱਸਮਾ ਹੈ।... ਮੈਂ ਜਸਪ੍ਰੀਤ ਨੂੰ


(ਬਾਕੀ ਸਫਾ 25'ਤੇ)










ਵਰਿਆਮ ਸਿੰਘ ਸੰਧੂ, | ਸੁੱਖੀ ਬਾਠ | ਸੁਰਿੰਦਰ ਸਿੰਘ ਸੁੰਨੜ | ਹਰਜਿੰਦਰ ਕੰਗ | ਗੁਰਬਖਸ਼ ਸਿੰਘ ਭੰਡਾਲ | ਐੱਸ ਅਸ਼ੋਕ ਭੌਰਾ | ਜਸਵੰਤ ਸਿੰਘ ਸ਼ਾਦ











ਮਨਦੀਪ ਸਿੰਘ ਜੰਮੂ | ਸੁਰਿੰਦਰ ਸੋਹਲ | ਰਵਿੰਦਰ ਸਹਿਰਾਅ | ਡਾ. ਆਤਮਜੀਤ | ਇਕਬਾਲ ਜੱਬੋਵਾਲੀਆ | ਭਾਈ ਮਹਿੰਦਰ ਸਿੰਘ | ਜੈਰਾਮ ਸਿੰਘ ਕਾਹਲੋਂ










ਅਵਤਾਰ ਸਿੰਘ | ਗੁਰਮੁਖ ਭੁੱਲਰ | ਡਾ. ਹਰਜਿੰਦਰ ਖਹਿਰਾ | ਰਾਜ ਲਾਲੀ ਬਟਾਲਾ | ਕਸ਼ਿਸ਼ ਹੁਸ਼ਿਆਰਪੁਰੀ | ਸਾਜਿਦ ਚੌਧਰੀ | ਗੁਲਾਮ ਮੁਸਤਫਾ ਅੰਜੁਮ | ਆਬਿਦ ਰਸ਼ੀਦ




# ਪੰਜਾਬ ਟਾਈਮਜ਼ ਸਿਲਵਰ ਜੁਬਲੀ – ਤਸਵੀਰਾਂ ਦੀ ਜ਼ੁਬਾਨੀ





















































(ਹੋਰ ਤਸਵੀਰਾਂ ਸਫਾ 24-25 ਉਤੇ)

# ਜੂਝਣ ਦੀ ਖਾਹਿਸ਼ ਵਾਲਾ ਸਫ਼ਰ 'ਧਰਤ ਵਿਹੂਣੇ'

**ਨਾਵਲਕਾਰ ਅਜੋਕੇ ਸੰਘਰਸ਼ ਨੂੰ ਨਵੇਂ ਅਰਥ ਮੁਹੱਈਆ ਕਰਨ ਲਈ ਸ਼ਿਵ ਦੇ ਸਜੀਵ ਪੱਖ ਨੂੰ ਉਭਾਰ ਕੇ ਲੋਕ ਚੇਤਨਾ ਪੈਦਾ ਕਰਨ ਦੀ ਚਾਹਤ ਰੱਖਦਾ ਹੈ। ਨਾਵਲ ਦੀ ਸਰਲ ਭਾਸ਼ਾ ਪੋਂਹਦੀ ਹੈ। ਨਾਵਲ ਦੇ ਅੰਤ ਵਾਲਾ ਸੰਵਾਦ ਗੌਲਣਯੋਗ ਹੈ: ਇਹ ਮੇਰੀ ਐਨਕ ਨਹੀਂ, ਇਹ ਮੇਰੀ ਦੁਨੀਆ ਨੂੰ ਆਪਣੇ ਹੀ ਢੰਗ ਨਾਲ ਦੇਖਣ ਦੀ ਨਜ਼ਰ ਤੇ ਨਜ਼ਰੀਆ ਹੈ...**

ਕਲਾ ਪਰਿਕਰਮਾ


ਕਿਤਾਬ 'ਧਰਤ ਵਿਹੂਣੇ' ਸੁਖਵਿੰਦਰ ਪੱਪੀ ਦਾ ਪਹਿਲਾ ਨਾਵਲ ਹੈ। ਇਸ ਤੋਂ ਪਹਿਲਾਂ ਉਹ ਦੋ ਕਾਵਿ ਸੰਗ੍ਰਹਿ ਵੀ ਛਪਵਾ ਚੁੱਕਾ ਹੈ। ਉਸ ਦੀ ਪਛਾਣ ਕਵੀ ਤੇ ਸੰਪਾਦਕ (ਮੈਗਜ਼ੀਨ 'ਸਰੋਕਾਰ') ਵਜੋਂ ਵੀ ਹੈ। ਨਾਵਲ 34 ਕਾਂਡਾਂ ਵਿਚ ਵੰਡਿਆ ਗਿਆ ਹੈ। ਨਾਵਲ ਦਾ ਵਿਸ਼ਾ ਦੱਸਣ ਦੀ ਜ਼ਰੂਰਤ ਨਹੀਂ ਪਰ ਇਹ ਗੱਲ ਜ਼ਰੂਰ ਸਾਂਝੀ ਕਰਾਂਗਾ ਕਿ ਨਾਵਲ ਦੀ ਕਹਾਣੀ ਨੂੰ ਲੇਖਕ ਨੇ ਨੇੜੇ ਹੋ ਕੇ ਜਾਣਿਆ ਹੈ ਜਾਂ ਇਉਂ ਵੀ ਕਹਿ ਸਕਦੇ ਹਾਂ ਕਿ ਉਹ ਵੀ ਇਸ ਕਹਾਣੀ ਦਾ ਹੀ ਇੱਕ ਪਾਤਰ ਹੋ ਕੇ ਵਿਚਰਦਾ ਹੈ। ਨਾਵਲ ਦਾ ਆਰੰਭ ਬਹੁਤ ਦਿਲਚਸਪ ਹੈ: ਜਿਉਂ ਹੀ ਸ਼ਿਵ ਭੋਲੇ ਦਾ ਡਮਰੂ ਵੱਜਿਆ, ਤੀਨ ਲੋਕ 'ਚ ਹਾਹਾਕਾਰ ਮੱਚ ਗਈ। ਤ੍ਰਿਲੋਕ ਵਾਸੀ ਸੰਸਿਆਂ 'ਚ ਪੈ ਗਏ। ਇਹ ਕਿਸ ਦੀ ਔਧ ਆਉਣ ਵਾਲੀ ਐ ਬਈ? ਤੇਤੀ ਕਰੋੜ

**ਸੁਖਮਿੰਦਰ ਸੇਖੋਂ**
**ਫੋਨ: +91-98145-07693**

ਦੇਵੀ-ਦੇਵਤੇ, ਗਿਆਰਾਂ ਰੁਦਰ, ਬਾਰਾਂ ਸੂਰਜ, ਕਾਲ, ਜਮ, ਸਭ ਸੋਚੀਂ ਪੈ ਗਏ। ਹਰੇਕ ਦੀਆਂ ਅੱਖਾਂ 'ਚ ਜਲਦਾ ਸਵਾਲ ਇਹੀ ਸੀ ਕਿ ਆਖਿਰ ਸ਼ਿਵ ਨੇ ਡਮਰੂ ਵਜਾਇਆ ਕਿਉਂ?

ਨਾਵਲ ਵਿਚ ਵੀਰਾਂ ਨਾਉਂ ਦਾ ਕਿਰਦਾਰ ਬਹੁਤ ਅਹਿਮ ਹੈ। ਵੀਰਾਂ ਵਿਦਿਆਰਥੀ ਯੂਨੀਅਨ ਵਿਚ ਕਾਫ਼ੀ ਸਰਗਰਮ ਹੈ। ਉਹ ਹੌਲੀ-ਹੌਲੀ ਯੂਨੀਅਨ ਵਿਚ ਆਪਣਾ ਭਰਵਾਂ ਮੁਕਾਮ ਹਾਸਲ ਕਰਦੀ ਹੈ ਅਤੇ ਸੈਮੀਨਾਰਾਂ ਤੇ ਇਕੱਠਾਂ ਵਿਚ ਵਧ ਚੜ੍ਹ ਕੇ ਭਾਗ ਲੈਂਦੀ ਹੈ। ਨਾਵਲ ਵਿਚ ਹੋਰ ਵੀ ਖ਼ਾਸ ਪਾਤਰ ਹਨ: ਸੰਦੀਪ, ਮੋਹਕਮ, ਦੀਪਕ, ਅਜੈਬ ਪਰ ਵੀਰਾਂ ਮੁੱਖ ਪਾਤਰ ਹੈ ਅਤੇ ਸਾਰੀ ਕਹਾਣੀ ਉਸ ਦੀ ਸਰਗਰਮ ਭੂਮਿਕਾ ਨਾਲ ਹੀ ਅੱਗੇ ਤੁਰਦੀ ਹੈ। ਵੀਰਾਂ ਆਪਣੇ ਨੇਕ ਇਰਾਦੇ ਤਹਿਤ ਸਵਾਲ ਕਰਦੀ ਹੈ: ਬੜੀ ਹੈਰਾਨੀ ਹੋਈ ਸੰਦੀਪ, ਤੂੰ ਕਿਹੈ ਕਿ ਬਿਨਾਂ ਵਜ੍ਹਾ ਜੇਲ੍ਹ 'ਚ ਬੈਠੇ ਨੇ? ਕੀ ਮੋਹਕਮ ਹੋਰੀਂ ਜੇਲ੍ਹ 'ਚ ਬਿਨਾਂ ਵਜ੍ਹਾ ਬੈਠੇ ਨੇ? ਕੀ ਬਾਕੀ ਜ਼ਿਲ੍ਹਿਆਂ 'ਚ ਇਸ ਅੰਦੋਲਨ ਨੂੰ ਫੈਲਾਏ ਬਿਨਾਂ ਇਸ ਐਨੇ ਕੁ ਟੁਕੜੇ ਨੂੰ ਬਚਾਇਆ ਜਾ ਸਕਦੈ? ਕੀ ਸਟੇਟ ਜਲਦੀ ਹੀ ਇਹ ਸਭ ਕੁਝ ਨੂੰ ਕੁਚਲ ਨਹੀਂ ਦੇਵੇਗੀ?

ਵੀਰਾਂ ਸੰਦੀਪ ਦੇ ਕਥਨ ਨੂੰ ਚੁਣੌਤੀ ਵੀ ਦਿੰਦੀ ਹੈ ਤੇ ਨਾਲ ਹੁੰਦਿਆਂ ਸਟੇਟ ਦੇ ਖ਼ੌਫ਼ ਦਾ ਮੁਜ਼ਾਹਰਾ ਵੀ ਕਰਦੀ ਹੈ। ਇੱਕ ਪਾਸੇ ਵਿਦਿਆਰਥੀ ਅੰਦੋਲਨ ਤੇ ਦੂਸਰੇ ਪਾਸੇ ਸਟੇਟ। ਨਾਵਲ ਦਾ ਥੀਮ ਤੇ ਨਾਵਲਕਾਰ ਦਾ ਨਾਵਲ



*ਸੁਖਵਿੰਦਰ ਪੱਪੀ ਦੇ ਨਾਵਲ 'ਧਰਤ ਵਿਹੂਣੇ' ਦਾ ਮੁਖੜਾ।*


ਸੁਖਵਿੰਦਰ ਪੱਪੀ

ਲਿਖਣ ਦਾ ਭੇਤ ਜਾਣਨ ਲਈ ਇਹ ਪ੍ਰਵਚਨ ਦੇਣਾ ਕੁਥਾਂ ਨਹੀਂ ਹੋਵੇਗਾ: ਸ਼ਿਵ ਦੇ ਜੀਵਨ ਮੁੱਲ, ਉਸ ਦੀ ਨੈਤਿਕਤਾ, ਉਸ ਦੇ ਸੱਭਿਆਚਾਰ, ਯੁੱਧ ਕਲਾ, ਸਭ ਤੋਂ ਵੱਡੀ ਗੱਲ ਉਸ ਦੀ ਯੁੱਧ ਕਰਨ ਦੀ ਖਾਹਿਸ਼ ਹੀ ਲੋਕ-ਮਨਾਂ 'ਚੋਂ ਮਿਟਾ ਦਿੱਤੀ ਗਈ ਹੈ।


ਨਾਵਲਕਾਰ ਅਜੋਕੇ ਸੰਘਰਸ਼ ਨੂੰ ਨਵੇਂ ਅਰਥ ਮੁਹੱਈਆ ਕਰਨ ਲਈ ਸ਼ਿਵ ਦੇ ਸਜੀਵ ਪੱਖ ਨੂੰ ਉਭਾਰ ਕੇ ਲੋਕ ਚੇਤਨਾ ਪੈਦਾ ਕਰਨ ਦੀ ਚਾਹਤ ਰੱਖਦਾ ਹੈ। ਨਾਵਲ ਵਿਚ ਹੋਰ ਵੀ ਬਹੁਤ ਕੁਝ ਅਜਿਹਾ ਹੈ ਜਿਸ ਨੂੰ ਪੜ੍ਹ ਕੇ ਹੀ ਜਾਣਿਆ ਜਾ ਸਕਦਾ ਹੈ। ਨਾਵਲ ਦੀ ਸਰਲ ਭਾਸ਼ਾ ਪੋਂਹਦੀ ਹੈ ਤੇ ਪਾਤਰ ਆਪੋ-ਆਪਣੇ ਢੰਗ ਨਾਲ ਆਪਣਾ ਮੂੰਹ ਹਿਲਾਉਂਦੇ ਤੇ ਬੋਲਦੇ ਹਨ ਪਰ ਨਾਵਲ ਕੋਈ ਸੰਘਣਾ ਬਿਰਤਾਂਤ ਸਿਰਜਦਾ ਨਹੀਂ ਜਾਪਦਾ। ਇਸ ਦੇ ਬਾਵਜੂਦ ਨਾਵਲਕਾਰ ਜੋ ਕਹਿਣਾ ਚਾਹੁੰਦਾ ਹੈ, ਉਹ ਕਹਿਣ ਵਿਚ ਸਫਲ ਰਿਹਾ ਹੈ। ਨਾਵਲ ਦੇ ਅੰਤ ਵਿਚ ਚਿਹਨਕ ਅੰਦਾਜ਼ ਵਿਚ ਮਨਬਚਨੀ ਨਾਲ ਬੁਲਵਾਇਆ ਸੰਵਾਦ ਗੌਲਣਯੋਗ ਬਣਦਾ ਹੈ: ਇਹ ਮੇਰੀ ਐਨਕ ਨਹੀਂ, ਇਹ ਮੇਰੀ ਦੁਨੀਆ ਨੂੰ ਆਪਣੇ ਹੀ ਢੰਗ ਨਾਲ ਦੇਖਣ ਦੀ ਨਜ਼ਰ ਤੇ ਨਜ਼ਰੀਆ ਹੈ। ਇਸ ਨੂੰ ਧਰਤੀ ਤੋਂ ਚੁੱਕ ਕੇ ਆਸਮਾਨ ਤਕ ਮੈਂ ਖ਼ੁਦ ਲੈ ਕੇ ਜਾਣਾ ਹੈ। ਇਸ ਨੂੰ ਕਿਸੇ ਸਹਾਰੇ ਦੀ ਜ਼ਰੂਰਤ ਨਹੀਂ।


ਕਵੀ ਤੇ ਸੰਪਾਦਕ ਤੋਂ ਨਾਵਲਕਾਰੀ ਦੇ ਖੇਤਰ ਵਿਚ ਦਾਖ਼ਲ ਹੋਏ ਸੁਖਵਿੰਦਰ ਪੱਪੀ ਨੇ ਆਪਣੀ ਸੱਚੀ-ਸੁੱਚੀ ਭਾਵਨਾ ਨਾਲ ਇਹ ਨਾਵਲ ਲਿਖਿਆ ਤੇ ਪਾਠਕਾਂ ਤੱਕ ਅੱਪੜਦਾ ਕੀਤਾ ਹੈ ਜਿਸ ਨੂੰ ਪੜ੍ਹਨਾ ਤੇ ਵਿਚਾਰਨਾ ਬਣਦਾ ਹੈ।


### ਨਾਵਲ ਦੀ ਪਿੱਠ 'ਤੇ ਲਿਖੇ ਸ਼ਬਦ

*ਆਪਾਂ ਮੱਧ-ਵਰਗੀ ਔਰਤ ਦੇ ਉਸ ਬਿਆਨ ਨੂੰ ਤਾਂ ਬਹੁਤ ਧਿਆਨ ਨਾਲ ਸੁਣਦੇ ਹਾਂ ਜਿਸ ਵਿਚ ਉਹ 'ਆਸਮਾਨ' ਵਿਚ ਉੱਡਣਾ ਚਾਹੁੰਦੀ ਹੈ ਪਰ ਆਪਾਂ ਦਲਿਤ ਔਰਤ ਦੇ ਉਸ ਬਿਆਨ ਨੂੰ ਕਦੇ ਨਹੀਂ ਸੁਣਦੇ ਜਿਸ ਵਿਚ ਉਹ 'ਜ਼ਮੀਨ' 'ਤੇ ਤੁਰਨਾ ਚਾਹੁੰਦੀ ਹੈ। 'ਆਸਮਾਨ' 'ਚ ਉੱਡਣ ਦੀ 'ਇੰਸਪਾਇਰ ਸਟੋਰੀ' ਰੋਜ਼ ਅਖ਼ਬਾਰਾਂ, ਨਿਊਜ਼ ਚੈਨਲਾਂ ਦੀ ਸੁਰਖੀ ਬਣਦੀ ਹੈ ਪਰ 'ਜ਼ਮੀਨ' 'ਤੇ ਤੁਰਨ ਦੀ ਕਹਾਣੀ ਰੋਜ਼ ਗੁਨਾਹ ਤੇ ਅਮਨ-ਕਾਨੂੰਨ ਲਈ ਖ਼ਤਰੇ ਦਾ ਪਰਚਮ ਬਣ ਜਾਂਦੀ ਹੈ।*

*ਉਨ੍ਹਾਂ ਲਈ ਨਾ ਜ਼ਮੀਨ ਹੈ, ਨਾ ਸਵਰਗ ਤੇ ਨਾ ਹੀ ਮੋਕਸ਼। ਇਹ ਸਨਾਤਨੀ ਨੈਤਿਕਤਾ ਦਾ ਬਹੁਤ ਗਜ਼ਬ ਚਿਹਰਾ ਹੈ।*








*ਸੁਖਵਿੰਦਰ ਪੱਪੀ ਦੀ ਸੰਪਾਦਨਾ ਹੇਠ ਨਿੱਕਲਦੇ ਤ੍ਰੈਮਾਸਿਕ 'ਸਰੋਕਾਰ' ਦੇ ਕੁਝ ਅੰਕਾਂ ਦੇ ਮੁਖੜੇ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਜੂਨ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-641



*ਹਾੜ੍ਹ ਮਹੀਨੇ ਗਰਮੀ ਹੋਈ, ਟਿਕੀ ਹੈ ਤਿੱਖੜ ਦੁਪਹਿਰ,*
*ਸਾਹ ਨਾ.ਲ ਸਾਹ ਨ ਰਲਦੇ, ਹਵਾਵਾਂ ਰ.ਲ .ਗਏ ਜ਼ਹਿਰ।*
*ਵੱਢ ਕੇ ਜੰਗਲ ਬੇਲੇ ਮੁਕਾਏ, ਜੀਵਾਂ 'ਤੇ ਢਾਹੁੰਦੇ ਕਹਿਰ,*
*ਰੁੱਸੀਆਂ ਛਾਵਾਂ ਬੱਦਲ ਰੁੱਸੇ, ਤੇ ਰੋਡੇ ਭੋਡੇ ਪਿੰਡ ਸ਼ਹਿਰ।*

### ਕੈਪਸ਼ਨ ਮੁਕਾਬਲਾ-639



ਰੋੜੇ ਇੱਟਾਂ ਚਿਣ-ਚਿਣਾ ਕੇ
ਗੋਹੇ ਮਿੱਟੀ ਦਾ ਪੋਚਾ ਲਾਇਆ।
ਘਾਹ ਫੂਸ ਦੀ ਛੱਤ ਬਣਾ ਕੇ
ਮਸਾਂ ਸੀ ਸਿਰ ਢਕਣ ਕਰਾਇਆ।
ਮੀਂਹ ਆਇਆ ਤਾਂ ਖੁਰਦਾ ਜਾਵੇ
ਚਿੰਤਾ ਨੇ ਹੈ ਬਹੁਤ ਸਤਾਇਆ।
ਰਹਿੰਦੇ ਨੇ ਜੋ ਮਹਿਲਾਂ ਅੰਦਰ
ਉਨ੍ਹਾਂ ਨੂੰ ਹੈ ਮੌਸਮ ਭਾਇਆ।
***-ਜਗਮੀਤ ਸਿੰਘ ਪੰਧੇਰ***

---

ਫੁੱਲਾਂ ਦੀ ਫੁਲਵਾੜੀ,
ਗੇਟ 'ਤੇ ਪਾਈ ਛੱਪਰੀ।
ਸਰਕੰਡੇ ਦੀ ਛੱਤ, ਲਿਪੀ-ਪੋਚੀ,
ਕੋਨ 'ਤੇ ਪਾਈ ਮਾਲਾ,
ਬਚਾਉ ਦੀ ਛਿਕੜੀ।
ਬਰਸਾਤ ਪਾਇਆ,
ਚਾਰੇ ਪਾਸੇ ਤੋਂ ਘੇਰਾ,
ਮਮਤਾ ਨੂੰ ਚਿੰਬੜੀ,
ਬੱਚਿਆਂ ਦੀ ਤਿਕੜੀ।
ਰਾਮ ਰਾਮ ਕਰਦੀ,
ਜਿਵੇਂ ਕੂੰਜ ਡਾਰ ਤੋਂ ਵਿਛੜੀ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 9878469639***

---

ਗੋਹੇ, ਗਾਰੇ-ਮਿੱਟੀ ਦਾ ਇਹ ਢਾਰਾ
ਕਈ ਗੁੱਝੇ ਭੇਤ
ਕੁਝ ਕਰਨ ਲਈ ਰਾਹ ਵੀ ਹੈ ਦਰਸਾ ਰਿਹਾ
ਕੋਈ ਗੜੀ ਗੈਬੀ ਸ਼ਕਤੀ ਦਾ ਹੱਥ ਨਹੀਂ
ਤੁਸੀਂ ਹੀ ਹੋ ਜੋ ਤਖ਼ਤੇ ਪਲਟ ਸਕਦੇ ਹੋ
ਗੁਆਉਣ ਲਈ ਤੁਹਾਡੇ ਕੋਲ ਕੁਝ ਨਹੀਂ
ਕੁਰਬਾਨੀ ਦੇ ਬੀਜ ਜੇ ਬੀਜੋਗੇ ਤੁਸੀਂ
ਕੋਈ ਹੋਰ ਵਧੇ ਫੁੱਲੇ ਬੂਟੇ ਦਾ ਅਨੰਦ ਮਾਣੂ
ਆਉਣ ਲਈ ਨਿਝੱਕ ਅੱਗੇ
ਸਿਦਕ, ਸਿਰੜ ਰਾਹ ਚੁੰਮ ਤੁਹਾਡੇ।
***-ਦਰਸ਼ਨ ਪਾਲ ਦੋਸਾਂਝ***

## ਵੋਟਾਂ ਨੇ ਆਈਆਂ

ਵੋਟਾਂ ਨੇ ਆਈਆਂ ਲੀਡਰ, ਡਮਰੂ ਵਜਾ ਰਹੇ ਨੇ
ਧੂਮਧਾਮ ਨਾਲ ਲੋਕਤੰਤਰ ਦਾ, ਜਨਾਜ਼ਾ ਸਜਾ ਰਹੇ ਨੇ।

ਦਲਬਦਲੂਆਂ ਦੇ ਟੋਲੇ, ਸ਼ਰੇਆਮ ਓਹ ਧੂਮ ਧੜੱਕੇ
ਜ਼ਮੀਰਾਂ ਦੇ ਗਲੇ ਘੁੱਟ ਕੇ, ਗੰਗਾ ਨਹਾ ਰਹੇ ਨੇ।

ਵਾਹ ਵਾਹ ਹੈ ਕੀ ਤਮਾਸ਼ਾ, ਆਪਣੇ ਹੀ ਮੂੰਹ ਤਮਾਚਾ
ਮਾਰ ਕੇ ਖੁਦ ਹੀ ਖੁਦ ਨੂੰ, ਹੱਸ ਹੱਸ ਕੇ ਵਿਖਾ ਰਹੇ ਨੇ

ਵਾਅਦਿਆਂ ਦੀਆਂ ਪੰਡਾਂ ਬੰਨ੍ਹ ਕੇ, ਸਿਰਾਂ 'ਤੇ ਚਕਾਈ ਜਾਂਦੇ
ਦੇਸ਼ ਦੀ ਉੱਨਤੀ ਦੀਆਂ ਵਾਰਾਂ, ਬੇਸ਼ਰਮੀ ਨਾ ਗਾ ਰਹੇ ਨੇ।

ਬੋਦਲਾਂ ਦੇ ਸੁੱਖਵਿੰਦਰਾ ਸੱਚ ਹੈ, ਜਨਤਾ ਵੀ ਅੰਨ੍ਹੀ ਬੋਲੀ
ਰਾਜਨੀਤਕ ਘਰਾਣਿਆਂ ਨੂੰ ਵੋਟਾਂ, ਵਾਰ ਵਾਰ ਜੋ ਪਾ ਰਹੇ ਨੇ।
***-ਸੁੱਖਵਿੰਦਰ ਬੋਦਲਾਂਵਾਲਾ***


# ਜੂਨ ਚੁਰਾਸੀ: ਹੱਡ ਬੀਤੀ

***ਚਾਲੀ ਵਰ੍ਹੇ ਪਹਿਲਾਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਫੌਜ ਵੜਨ ਅਤੇ ਉਸ ਤੋਂ ਬਾਅਦ ਬਣੇ ਹਾਲਾਤ ਅੱਜ ਵੀ ਲੂ-ਕੰਡੇ ਖੜ੍ਹੇ ਕਰ ਦਿੰਦੇ ਹਨ। ਉਨ੍ਹਾਂ ਔਖੇ ਵੇਲਿਆਂ ਦੀਆਂ ਅਮੁੱਕ ਕਹਾਣੀਆਂ ਅੱਜ ਵੀ ਪੰਜਾਬ ਦੀ ਮਾਨਸਿਕਤਾ ਦਾ ਹਿੱਸਾ ਬਣੀਆਂ ਹੋਈਆਂ ਹਨ ਅਤੇ ਗਾਹੇ-ਬਗਾਹੇ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਅਜਿਹੇ ਹੀ ਕੁਝ ਵਾਕਿਆਤ 'ਪੰਜਾਬ ਟਾਈਮਜ਼' ਨਾਲ ਲੰਮੇ ਸਮੇਂ ਤੋਂ ਜੁੜੇ ਉਘੇ ਵਿਦਵਾਨ ਸ. ਹਰਪਾਲ ਸਿੰਘ ਪੰਨੂ ਨੇ ਆਪਣੇ ਇਸ ਲੇਖ ਵਿਚ ਸਾਂਝੇ ਕੀਤੇ ਹਨ। ਇਸ ਲੇਖ ਦਾ ਦੂਜਾ ਹਿੱਸਾ ਅਗਲੇ ਅੰਕ ਵਿਚ ਨਸ਼ਰ ਕੀਤਾ ਜਾਵੇਗਾ।***

31 ਅਕਤੂਬਰ 1983 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਲੈਕਚਰਾਰ ਭਰਤੀ ਹੋਇਆ ਸਾਂ। ਅਜੇ ਪ੍ਰੋਬੇਸ਼ਨ ਦਾ ਸਮਾਂ ਲੰਘ ਰਿਹਾ ਸੀ। ਮਈ ਦੇ ਅਖੀਰਲੇ ਹਫਤੇ ਵਿਦਿਆਰਥੀ ਮੇਰੇ ਕੋਲ ਆਏ ਕਹਿੰਦੇ ਸਰ ਜੂਨ ਦਾ ਮਹੀਨਾ ਛੁੱਟੀਆਂ ਵਿਚ ਘਰ ਜਾਵਾਂਗੇ। ਅਸੀਂ ਤਾਂ ਛਬੀਲ ਲਾਉਣੀ ਸੀ। ਮੈਂ ਕਿਹਾ- ਸੇਵਾ ਹੀ ਕਰਨੀ ਹੈ ਪਹਿਲਾਂ ਕਰ ਲੈਨੇ ਆਂ। ਫੌਜੀ ਗੱਡੀਆਂ ਪੰਜਾਬ ਵੱਲ ਆ ਰਹੀਆਂ ਸਨ। ਅਸੀਂ ਰੋਕ ਰੋਕ ਫੌਜੀਆਂ ਨੂੰ ਸ਼ਰਬਤ ਪਿਲਾਉਂਦੇ।

ਇਕ ਜੂਨ 1984 ਤੋਂ ਲੋਕਾਂ ਨੇ ਰੇਡੀਓ ਸੁਣਨੇ, ਟੀਵੀ ਦੇਖਣੇ ਸ਼ੁਰੂ ਕਰ ਦਿੱਤੇ ਸਨ ਕਿ ਦਰਬਾਰ ਸਾਹਿਬ ਦੁਆਲੇ ਫੌਜ ਨੇ ਘੇਰਾ ਪਾ ਲਿਆ ਹੈ। ਪੰਜਾਬ ਵਿਚ ਕਰਫਿਊ। ਆਖਰ ਖ਼ਬਰ ਸੁਣੀ - ਫੌਜ ਨੇ ਮੁਕੰਮਲ ਸਫਾਇਆ ਕਰ ਦਿਤਾ। ਸੰਤ ਜਰਨੈਲ ਸਿੰਘ, ਜਨਰਲ ਸ਼ੁਬੇਗ ਸਿੰਘ, ਭਾਈ ਅਮਰੀਕ ਸਿੰਘ, ਭਾਈ ਰਛਪਾਲ ਸਿੰਘ ਦੀਆਂ ਲਾਸ਼ਾਂ ਦੀ ਸ਼ਨਾਖਤ ਹੋ ਗਈ ਹੈ।

ਸੁਖਦਿਆਲ ਦਾ ਫੋਨ ਆਇਆ- ਕੀ ਕੀਤਾ ਏਸ ਸਾਧ ਨੇ? ਨਾਲੇ ਆਪ ਮਰ ਗਿਆ, ਨਾਲੇ ਸਾਥੀਆਂ ਨੂੰ ਮਰਵਾ ਗਿਆ। ਹੁਣ ਆਪਣੀ ਵਾਰੀ ਆਈ ਸਮਝ। ਮੈਂ ਘਰੋਂ ਭੱਜ ਗਿਆ। ਕਿੱਥੇ ਜਾਣਾ ਹੈ, ਪਤਾ ਨਹੀਂ। ਇਕ ਦੋਸਤ ਦੇ ਪਿੰਡ ਵਿਚਲੇ ਘਰ ਗਿਆ। ਮੈਨੂੰ ਦੇਖ ਕੇ ਦੋਸਤ ਭੱਜ ਗਿਆ। ਉਸਦੀ ਮਾਂ ਨੇ ਕੇਵਲ ਇੰਨਾ ਕਿਹਾ - ਏਥੋਂ ਚਲਾ ਜਾਹ। ਕੰਧ ਨਾਲ ਟੇਢੀ ਕੀਤੀ ਮੰਜੀ ਮੈਂ ਆਪੇ ਰੁੱਖ ਦੀ ਛਾਂ ਹੇਠ ਡਾਹ ਕੇ ਬੈਠ ਗਿਆ ਤੇ ਕਿਹਾ, ਮਾਂ ਪਾਣੀ ਪਿਲਾ। ਉਹ ਫਟਾਫਟ ਪਾਣੀ ਦਾ ਗਿਲਾਸ ਲੈ ਆਈ। ਮੇਰੇ ਪੈਰੀਂ ਪਾਈਆਂ ਚੱਪਲਾਂ ਵਿਚ ਰੇਤ ਅਤੇ ਪਸੀਨੇ ਕਾਰਨ ਚਿੱਕੜ ਹੋ ਗਿਆ ਸੀ। ਮੈਂ ਕਿਹਾ - ਪੈਰ ਧੋਣੇ ਹਨ, ਪਾਣੀ? ਉਹ ਤੇਜ਼ੀ ਨਾਲ ਬਾਲਟੀ ਵਿਚ ਦੋ ਕੁ ਸੇਰ ਪਾਣੀ ਪਾ ਲਿਆਈ ਤੇ ਮੇਰੇ ਪੈਰ ਆਪੇ ਧੋ ਦਿੱਤੇ। ਚੱਪਲਾਂ ਧੋ ਦਿੱਤੀਆਂ। ਉਸਨੂੰ ਲੱਗਾ ਪੈਰ ਧੋਣ ਵਿਚ ਮੈਂ ਦੇਰ ਲਾ ਦੇਵਾਂਗਾ। ਫਿਰ ਕਹਿੰਦੀ- ਹੁਣ ਤੂੰ ਜਾਹ।



**ਪ੍ਰੋ. ਹਰਪਾਲ ਸਿੰਘ ਪੰਨੂ**
**ਫੋਨ: +91-94642-51454**

ਹਰ ਪਾਸਿਉਂ ਅਜਿਹਾ ਸਲੂਕ ਦੇਖ ਕੇ ਮੈਂ ਥੱਕ ਗਿਆ ਤੇ 24 ਜੂਨ ਨੂੰ ਘਰ ਆ ਗਿਆ। ਮੇਰੀ ਬੀਵੀ ਨੇ ਦੱਸਿਆ- ਸੁਖਦਿਆਲ ਆਇਆ ਸੀ। ਕਹਿੰਦਾ ਮੈਨੂੰ ਫੜ ਕੇ ਲੈ ਗਏ ਸਨ ਫੌਜੀ। ਦੋ ਕੁ ਘੰਟੇ ਪੁੱਛ-ਗਿੱਛ ਕਰ ਕੇ ਛੱਡ ਦਿੱਤਾ। ਮੈਂ ਪੰਨੂੰ ਦੀ ਗੱਲ ਕਰ ਆਇਆ ਹਾਂ। ਕਹਿੰਦੇ ਭੇਜ ਦੇਹ, ਕੁਝ ਨਹੀਂ ਕਹਿੰਦੇ। ਦੂਖ ਨਿਵਾਰਨ ਸਾਹਿਬ ਲਾਗੇ ਮਾਡਲ ਸਕੂਲ ਵਿਚ ਬ੍ਰਿਗੇਡੀਅਰ ਚੌਧਰੀ ਦਾ ਕੈਂਪ ਹੈ।

ਮੈਂ ਚਲਾ ਗਿਆ। ਸਖ਼ਤ ਪਹਿਰਿਆਂ ਵਿਚੋਂ ਲੰਘਦਾ ਹੋਇਆ ਚੌਧਰੀ ਕੋਲ ਪੁੱਜਾ। ਉਸਨੇ ਡਾਇਰੀ ਫਰੋਲੀ। ਕਿਧਰੇ ਫੋਨ ਮਿਲਾਏ। ਮੇਰਾ ਹੁਲੀਆ ਨੋਟ ਕੀਤਾ। ਘਰ ਦਾ ਸਿਰਨਾਵਾਂ ਲਿਖਿਆ ਤੇ ਘੰਟੇ ਕੁ ਬਾਅਦ ਕਹਿੰਦਾ- ਮੇਰੇ ਕੋਲ ਤੁਹਾਡੇ ਖ਼ਿਲਾਫ਼ ਕੋਈ ਸੂਚਨਾ ਨਹੀਂ ਹੈ। ਪਰ ਘਰ ਰਹਿਓ। ਲੋੜ ਪੈਣ 'ਤੇ ਬੁਲਾ ਸਕਦੇ ਹਾਂ।

ਮੈਂ ਕਿੱਥੇ ਜਾਣਾ ਸੀ? ਘਰ ਆ ਗਿਆ। ਪੱਚੀ-ਛੱਬੀ ਜੂਨ ਦੀ ਵਿਚਕਾਰਲੀ ਅੱਧੀ ਰਾਤ ਨੂੰ ਘੰਟੀ ਵੱਜੀ। ਬਾਹਰ ਸਰਚ ਲਾਈਟਾਂ। ਬਖਤਰਬੰਦ ਗੱਡੀਆਂ। ਮੈਂ ਦਰਵਾਜ਼ਾ ਖੋਲ੍ਹ ਦਿੱਤਾ। ਕਿਸੇ ਅਫ਼ਸਰ ਨੇ ਪੁੱਛਿਆ- ਪ੍ਰੋਫੈਸਰ ਪੰਨੂੰ? ਮੈਂ ਕਿਹਾ- ਹਾਂ। ਮੇਰੇ ਦੁਆਲੇ ਚਾਰ ਫੌਜੀਆਂ ਨੇ ਘੇਰਾ ਪਾ ਲਿਆ, ਬਾਕੀ ਤਲਾਸ਼ੀ ਲੈਣ ਲੱਗੇ। ਮੈਂ ਪੀਐਚ.ਡੀ, ਕਰ ਰਿਹਾ ਸਾਂ। ਹਜ਼ਾਰ ਕੁ ਹੱਥ ਲਿਖਤ ਪੰਨੇ ਚੁੱਕੇ, ਸ਼ਾਇਦ ਖਾਲਿਸਤਾਨ ਦੀ ਵਿਉਂਤਬੰਦੀ ਲਿਖੀ ਹੋਵੇ। ਛਪੀ ਕਿਤਾਬ ਨਹੀਂ ਚੁੱਕੀ। ਟੇਪ ਰਿਕਾਰਡ ਅਤੇ ਸਾਰੀਆਂ ਕੈਸਟਾਂ ਲੈ ਗਏ।

ਮੈਨੂੰ ਕਹਿੰਦੇ- ਇਸ ਗੱਡੀ ਵਿਚ ਬੈਠ। ਮੈਂ ਥ੍ਰੀਟੱਨਰ ਗੱਡੀ ਦੇ ਅਗਲੇ ਪਾਸੇ ਨੂੰ ਹੋਇਆ ਤਾਂ ਫੌਜੀ ਕਹਿੰਦਾ- ਉਧਰ। ਮੈਂ ਪਿਛਲੇ ਪਾਸਿਉਂ ਚੜ੍ਹ ਕੇ ਸਾਈਡ ਵਾਲੇ ਬੈਂਚ ਉੱਤੇ ਬੈਠ ਗਿਆ ਤਾਂ ਇਕ ਫੌਜੀ ਨੇ ਧੱਕਾ ਮਾਰ ਕੇ ਕਿਹਾ - ਬਹਿਨ ਚੋ... ਨਿਚੇ ਬੈਠ। ਹਮਾਰੇ ਬਰਾਬਰ ਬੈਠੇਗਾ?

ਮੈਂ ਹੇਠ ਫਰਸ਼ 'ਤੇ ਬੈਠ ਗਿਆ। ਰਾਜਪੁਰਾ ਰੋਡ ਚੜ੍ਹ ਗਏ ਤਾਂ ਇਕ ਫੌਜੀ ਨੇ ਪਹਿਲਾਂ ਮੇਰੇ ਹੱਥ ਪਿੱਠ ਪਿੱਛੇ ਕਰ ਕੇ ਬੰਨ੍ਹ ਦਿੱਤੇ, ਫਿਰ ਅੱਖਾਂ ਉੱਪਰ ਗੰਦਾ ਤੌਲੀਆ ਲਪੇਟ ਕੇ ਬੰਨ੍ਹ ਦਿੱਤਾ ਜਿਸ ਵਿਚੋਂ ਪਸੀਨੇ ਦੀ ਬੂ ਆ ਰਹੀ ਸੀ। ਮੈਂ ਕਿਹਾ- ਨੱਕ ਉਪਰੋਂ ਕੱਪੜਾ ਉੱਪਰ ਕਰ ਦਿਓ? ਇਹ ਸੁਣਦਿਆਂ ਫੌਜੀਆਂ ਨੇ ਘਸੁੰਨ ਅਤੇ ਠੁੱਡੇ ਮਾਰਨੇ ਸ਼ੁਰੂ ਕਰ ਦਿੱਤੇ। ਗਾਲਾਂ ਦੀ ਵਾਛੜ।

ਅੱਧੇ ਕੁ ਘੰਟੇ ਬਾਅਦ ਗੱਡੀ ਕਿਤੇ ਰੁਕੀ। ਡਾਲਾ ਖੁੱਲ੍ਹਿਆ, ਚੁੱਕ ਕੇ ਹੇਠਾਂ ਪਟਕ ਦਿੱਤਾ। ਕੁਝ ਹੋਰ ਲੋਕ ਵੀ ਹੌਲੀ-ਹੌਲੀ ਪੰਜਾਬੀ ਬੋਲ ਰਹੇ ਸਨ। ਪਤਾ ਲੱਗਾ ਤਿੰਨ ਜੂਨ ਨੂੰ ਦੂਖ ਨਿਵਾਰਨ ਸਾਹਿਬ ਦੀ ਸਰਾਂ ਵਿਚੋਂ ਫੜੇ ਮੁੰਡੇ ਸਨ। ਫੌਜੀ ਆਪਸ ਵਿਚ ਗੱਲਾਂ ਕਰ ਰਹੇ ਸਨ - ਬੜੀ ਮਛਲੀ ਪਕੜੀ ਹੈ। ਖੂਬ ਭੇਦ ਖੁਲੇਂਗੇ। ਮੈਂ ਮੁੰਡਿਆਂ ਨੂੰ ਪੁੱਛਿਆ - ਕੌਣ ਫੜਿਆ ਗਿਆ ਹੈ? ਉਹ ਕਹਿੰਦੇ - ਤੁਸੀਂ, ਹੋਰ ਕੌਣ? ਤੁਹਾਨੂੰ ਖੂੰਖਾਰ ਸਮਝ ਰਹੇ ਹਨ।

ਤਨ 'ਤੇ ਕੋਈ ਕੱਪੜਾ ਨਹੀਂ, ਅਲਫ ਨੰਗੇ। ਹੱਥ ਪਿੱਛੇ ਹਥਕੜੀ ਨਾਲ ਬੰਨ੍ਹੇ। ਅੱਖਾਂ 'ਤੇ ਕੱਪੜਾ। ਸਾਰਾ ਦਿਨ ਇੰਟੈਰੋਗੇਸ਼ਨ। ਰਾਤ ਨੂੰ ਹਰ ਅੱਧੇ ਘੰਟੇ ਬਾਅਦ ਵਿਸਲ ਵੱਜਣ 'ਤੇ ਸਾਰੇ ਖਲੋ ਜਾਣਗੇ, ਫਿਰ ਬੈਠ ਜਾਣ। ਹੱਥ, ਪਿੱਛੇ ਬੰਨ੍ਹੇ ਹੋਣ, ਬੰਦਾ ਲੇਟ ਨਹੀਂ ਸਕਦਾ। ਕਰੰਟ ਲਾਉਂਦੇ, ਫਰਸ਼ 'ਤੇ ਬਜਰੀ ਖਲਾਰ ਕੇ ਗੋਡਣੀਆਂ ਭਾਰ ਰਿੜ੍ਹਨ ਲਈ ਆਖਦੇ। ਜਖ਼ਮ ਹੋਏ, ਮੱਖੀਆਂ ਨਾ ਉਡਾ ਸਕਦੇ, ਕਈਆਂ ਦੇ ਜ਼ਖ਼ਮਾਂ ਵਿਚ ਕੀੜੇ ਪੈ ਗਏ। ਮੈਨੂੰ ਵਧੀਕ ਟਾਰਚਰ ਇਸ ਲਈ ਕਰਦੇ ਰਹੇ ਕਿ ਹੰਢਿਆ ਹੋਇਆ ਅਪਰਾਧੀ ਹੈ, ਭੇਦ ਨਹੀਂ ਖੋਲ੍ਹਦਾ। ਮਿੰਨਤ ਕਰਦੇ ਜ਼ਖਮ ਉਤੇ ਰੇਤ ਦੀ ਮੁੱਠੀ ਪਾ ਦਿਓ ਮੱਖੀਆਂ ਨਾ ਖਾਣ। ਜ਼ਖਮ 'ਤੇ ਠੁੱਡਾ ਮਾਰਦੇ।

ਕੋਈ ਕੈਪਟਨ ਮਹਿਰਾ ਇਸ ਤਸੀਹਾ ਕੇਂਦਰ ਦਾ ਇੰਚਾਰਜ ਸੀ ਜੋ ਅਕਸਰ ਫੌਜੀਆਂ ਨੂੰ ਹਦਾਇਤ ਦਿੰਦਾ - ਇਨ ਹਰਾਮਜ਼ਾਦੋਂ ਸੇ ਬਾਤ ਮਤ ਕਰੋ। ਤੁਮ੍ਹਾਰੀ ਆਵਾਜ਼ ਇਨ ਕੇ ਕਾਨੋਂ ਮੇਂ ਰਜਿਸਟਰ ਹੋ ਗਈ ਤੋ ਆਵਾਜ਼ ਸੇ ਤੁਮੇ ਪਹਿਚਾਨ ਕੇ ਕਤਲ ਕਰ ਦੇਂਗੇ। ਬਹੁਤ ਸਾਰੀਆਂ ਵਾਰਦਾਤਾਂ ਹੱਲ ਹੋ ਗਈਆਂ ਪਰ ਪਤਾ ਨਹੀਂ ਲੱਗਦਾ ਸੀ ਪ੍ਰੋ. ਵਿਸ਼ਵਨਾਥ ਤਿਵਾੜੀ ਦਾ ਕਤਲ ਕਿਸ ਨੇ ਕੀਤਾ ਹੈ। ਮੈਥੋਂ ਪੁੱਛਣ ਲੱਗੇ- ਉਏ ਪ੍ਰੋਫੈਸਰ, ਤੂ ਬਤਾ। ਮੈਂ ਕਿਹਾ- ਮੈਂ ਕੀਤਾ ਸੀ। ਪੁੱਛਿਆ ਬੰਦੂਕ ਕਹਾਂ ਸੇ ਲਾਇਆ ਥਾ? ਮੈਂ ਕਿਹਾ- ਅੰਬਰਸਰੋਂ ਭਾਈ ਅਮਰੀਕ ਸਿੰਘ ਕੋਲੋਂ। ਕਤਲ ਕਰ ਕੇ ਫਿਰ ਬੰਦੂਕ ਕਹਾਂ ਛਿਪਾਈ? ਮੈਂ ਕਿਹਾ - ਭਾਈ ਅਮਰੀਕ ਸਿੰਘ ਨੂੰ ਵਾਪਸ ਫੜਾ ਆਇਆ ਸਾਂ। ਦਰਾਮਦਗੀ ਤੋਂ ਖਹਿੜਾ ਛੁੱਟਿਆ। ਸਮਾਣੇ ਤੋਂ ਤਿੰਨ ਭੈਣਾਂ ਫੜੀਆਂ, ਕਹਿਰ ਦੇ ਤਸੀਹੇ ਦਿੱਤੇ। ਉਨ੍ਹਾਂ ਵਿਚੋਂ ਦੋ ਹੁਣ ਪ੍ਰੋਫੈਸਰ ਰਿਟਾਇਰ ਹੋ ਚੁੱਕੀਆਂ ਹਨ। ਤਸੀਹਿਆਂ ਤੋਂ ਨਹੀਂ, ਇਸ ਗੱਲੋਂ ਡਰ ਰਿਹਾ ਸਾਂ ਕਿ ਪ੍ਰੋਬੇਸ਼ਨ 'ਤੇ ਹਾਂ। ਕਾਂਗਰਸ ਦਾ ਲਾਇਆ ਵੀਸੀ ਜੌਹਲ ਬਿਨਾ ਨੋਟਿਸ ਨੌਕਰੀ ਵਿਚੋਂ ਕੱਢ ਕੇ ਅਹੁ ਮਾਰੇਗਾ।

ਖੁੱਲ੍ਹੀ ਛੱਤ ਵਾਲੀਆਂ ਗੱਡੀਆਂ ਧੁੱਪੇ ਖਲਾਰ ਕੇ 12 ਕੁ ਵਜੇ ਦੁਪਹਿਰ ਉਨ੍ਹਾਂ ਵਿਚ ਸੁੱਟ ਦਿੰਦੇ। ਨੰਗੇ ਜਿਸਮ ਭੱਠੀ ਵਿਚਲੇ ਦਾਣਿਆਂ ਵਾਂਗ ਭੁੱਜਦੇ।

ਲਗਦਾ ਸੀ ਜਿਉਂਦੇ ਨਹੀਂ ਛੱਡਣਗੇ। ਇਸ ਲਈ ਦਰਦ ਹੋਣੋਂ ਹਟ ਗਿਆ ਸੀ। ਜਦ ਪਤਾ ਲੱਗਾ ਅਦਾਲਤ ਵਿਚ ਪੇਸ਼ ਕਰ ਕੇ ਜੇਲ੍ਹ ਭੇਜਣਗੇ, ਮਰਾਂਗੇ ਨਹੀਂ, ਪੋਟਾ ਪੋਟਾ ਦਰਦ ਕਰਨ ਲੱਗਾ। ਜੁਲਾਈ ਦੇ ਅਖੀਰਲੇ ਦਿਨੀਂ ਜਦੋਂ ਅਦਾਲਤ ਵਿਚ ਪੇਸ਼ ਕੀਤੇ, ਸਾਡੇ ਜਿਸਮਾਂ ਵਿਚੋਂ ਬਦਬੂ ਆ ਰਹੀ ਸੀ। ਇੰਨੇ ਦਿਨ ਨਾ ਨਹਾਤੇ ਨਾ ਦਾਤਣ ਕੀਤੀ। ਸੌ ਵਕੀਲ ਸਾਡੇ ਮੁਕੱਦਮੇ ਫਰੀ ਲੜਨ ਲਈ ਅਦਾਲਤ ਵਿਚ ਹਾਜ਼ਰ ਹੋਏ। ਜਦੋਂ ਸੈਂਟਰਲ ਜੇਲ੍ਹ ਪਟਿਆਲਾ ਵਿਚ ਲੈ ਕੇ ਗਏ, ਜੇਲ੍ਹ ਸੁਪਰਡੰਟ ਨੇ ਇਹ ਕਹਿ ਕੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਜ਼ਖ਼ਮੀ ਹਨ, ਦੂਜੇ ਇਹੋ ਜਿਹੇ ਖਤਰਨਾਕ ਮੁਜਰਿਮਾਂ ਵਾਸਤੇ ਇਹ ਜੇਲ੍ਹ ਠੀਕ ਨਹੀਂ। ਫਿਰ ਸਖ਼ਤ ਸੁਰੱਖਿਆ ਜੇਲ੍ਹ ਨਾਭੇ ਵਿਚ ਛੱਡ ਆਏ ਜਿੱਥੇ ਹਰੇਕ ਨੂੰ ਕੱਲਿਆਂ ਕੱਲਿਆਂ ਕਾਲ ਕੋਠੜੀ ਵਿਚ ਬੰਦ ਕਰ ਦਿੱਤਾ। ਕਿਤੇ ਜ਼ਮਾਨਤਾਂ ਨਾ ਕਰਾ ਲੈਣ, ਨੈਸ਼ਨਲ ਸਕਿਉਰਟੀ ਐਕਟ ਤਹਿਤ ਬੰਦੀ ਬਣਾ ਦਿੱਤੇ।

ਹਰਵਿੰਦਰ ਸਿੰਘ ਖਾਲਸਾ ਦਾ ਐਮ.ਫਿਲ. ਦਾ ਵਾਈਵਾ ਲੈਣ ਵਾਸਤੇ ਪੰਜਾਬੀ ਵਿਭਾਗ ਦੇ ਤਿੰਨ ਪ੍ਰੋਫੈਸਰ ਜੇਲ੍ਹ ਵਿਚ ਆ ਗਏ। ਡਾ. ਤ੍ਰਲੋਕ ਸਿੰਘ ਅਨੰਦ, ਡਾ. ਕਰਤਾਰ ਸਿੰਘ ਸੂਰੀ ਅਤੇ ਡਾ. ਦਲੀਪ ਕੌਰ ਟਿਵਾਣਾ। ਡਾ. ਟਿਵਾਣਾ ਨੇ ਕਿਹਾ - ਪੰਨੂੰ ਨੂੰ ਵੀ ਸੱਦੋ। ਮੇਰੀ ਕੋਠੜੀ ਦਾ ਦਰਵਾਜ਼ਾ ਖੁੱਲ੍ਹਿਆ। ਮੈਂ ਵੀ ਸੁਪਰਡੰਟ ਦੇ ਕਮਰੇ ਵਿਚ ਚਲਾ ਗਿਆ। ਡਾ. ਟਿਵਾਣਾ ਨੇ ਮੈਨੂੰ ਦੱਸਿਆ- ਪੰਨੂੰ, ਵੀ.ਸੀ. ਡਾ. ਜੌਹਲ ਤਿੰਨ ਗਵਰਨਰਾਂ ਨੂੰ ਮਿਲੇ, ਪਾਂਡੇ ਨੂੰ, ਸਤਾਰਾਵਾਲਾ ਨੂੰ ਤੇ ਅਰਜਣ ਸਿੰਘ ਨੂੰ ਕਿ ਤੇਰੀ ਰਿਹਾਈ ਹੋਵੇ, ਸਭ ਨੇ ਕਿਹਾ ਸਾਡੇ ਵਸ ਵਿਚ ਨਹੀਂ। ਫਿਰ ਸਿੱਖ ਵਿਸ਼ਵਕੋਸ਼ ਦੀ ਪਹਿਲੀ ਜਿਲਦ ਰਿਲੀਜ਼ ਕਰਵਾਉਣ ਲਈ ਗਿਆਨੀ ਜੈਲ ਸਿੰਘ ਰਾਸ਼ਟਰਪਤੀ ਨੂੰ ਮਿਲੇ ਤੇ ਕਿਹਾ ਸਾਡਾ ਇਕ ਪ੍ਰੋਫੈਸਰ ਨਾਜਾਇਜ਼ ਨਜ਼ਰਬੰਦ ਹੈ, ਰਿਹਾਅ ਕਰੋ। ਗਿਆਨੀ ਜੀ ਹੱਥ ਖੜ੍ਹੇ ਕਰ ਗਏ, ਕਹਿੰਦੇ ਮੈਂ ਪੰਜਾਬ ਬਾਰੇ ਕੋਈ ਫੈਸਲਾ ਨਹੀਂ ਲੈ ਸਕਦਾ। ਮੇਰੇ ਤਾਂ ਟੈਲੀਫੋਨ ਕੱਟ ਦਿੱਤੇ ਹਨ।

ਇੰਨੇ ਨੂੰ ਚਾਹ ਆ ਗਈ। ਡਾ. ਸੂਰੀ ਕਹਿੰਦੇ - ਕਮਾਲ ਐ, ਜੇਲ੍ਹ ਵਿਚ ਇੰਨੀ ਸੋਹਣੀ ਕਰਾਕਰੀ? ਕਮਾਲ ਐ, ਏ.ਸੀ. ਚੱਲ ਰਿਹਾ। ਮੈਂ ਪਹਿਲੀ ਵਾਰ ਜੇਲ੍ਹ ਆਇਆ, ਮੈਨੂੰ ਪਤਾ ਨਹੀਂ ਸੀ ਜੇਲ੍ਹ ਇੰਨੀ ਸੋਹਣੀ ਹੋਇਆ ਕਰਦੀ ਐ। ਮੈਂ ਕਿਹਾ- ਜਿੱਥੇ ਤੁਸੀਂ ਬੈਠੇ ਹੋ ਸੂਰੀ ਸਾਹਿਬ ਇਹ ਜੇਲ੍ਹ ਨਹੀਂ, ਜੇਲ੍ਹ ਸੁਪਰਡੰਟ ਦਾ ਦਫ਼ਤਰ ਹੈ। ਜੇਲ੍ਹ ਨਾ ਤੁਸੀਂ ਕਦੀ ਦੇਖੀ, ਰੱਬ ਕਰੇ ਨਾ ਦੇਖੋ।

# ਯੂਨੀਵਰਸਿਟੀ ਆਫ ਕੈਲੀਫੋਰਨੀਆ ਵਿਚ ਮਹਾਰਾਣੀ ਜਿੰਦਾਂ ਦੀ ਯਾਦ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮੁਕਤਸਰ ਦੇ ਇਲਾਕੇ ਤੋਂ ਕੈਲੀਫੋਰਨੀਆਂ ਜਾ ਵਸੇ ਪੰਜਾਬੀ ਕਵੀ ਅਵਤਾਰ ਸਿੰਘ ਪਰੇਮ ਨੇ 1986 ਵਿਚ 'ਮਰਸੀਏ' ਨਾਂ ਦਾ ਕਾਵਿ-ਸੰਗ੍ਰਹਿ ਛਾਪਿਆ ਸੀ। ਇਹਦੇ ਵਿਚਲੇ 'ਮਹਾਰਾਣੀ ਜਿੰਦਾਂ' ਦੇ ਬੋਲਾਂ ਨੂੰ ਯੂਨੀਵਰਸਿਟੀ ਆਫ ਕੈਲੀਫੋਰਨੀਆ ਨੇ ਆਪਣੇ ਫਾਊਲਰ ਅਜਾਇਬ ਘਰ ਦੀ ਇੱਕ ਕੰਧ ਦਾ ਸ਼ਿੰਗਾਰ ਬਣਾਇਆ ਹੈ।

ਯਾਦ ਉਹਨੂੰ ਪੰਜਾਬ ਦੀ ਸੀ ਪਿਆਰੀ,
ਮੋਤੀ ਹੰਝੂਆਂ ਨਾਲ ਸ਼ਿੰਗਾਰਦੀ ਰਹੀ।
ਬਹਿ ਕੇ ਕੋਲ ਦਲੀਪ ਦੇ ਸੁਬ੍ਹਾ ਸ਼ਾਮੀ,
ਸਿੱਖੀ ਜਜ਼ਬੇ ਨੂੰ ਉਹਦੇ ਉਭਾਰਦੀ ਰਹੀ।

ਇਹ ਹੋਰ ਵੀ ਖ਼ੁਸ਼ੀ ਵਾਲੀ ਗੱਲ ਹੈ ਕਿ ਮਹਾਰਾਣੀ ਜਿੰਦਾਂ ਵਾਲੇ ਮਰਸੀਏ ਦਾ ਅੰਗਰੇਜ਼ੀ ਅਨੁਵਾਦ ਇੰਟਰਨੈੱਟ 'ਤੇ ਪਾ ਦਿੱਤਾ ਗਿਆ ਹੈ।

**ਉੱਚੀ ਕੁਰਸੀ ਨੀਵੀਂ ਸੋਚ**

ਅਗਾਮੀ ਲੋਕ ਸਭਾ ਚੋਣਾਂ ਦੇ ਸਨਮੁਖ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਤਾਜ਼ਾ ਟਿੱਪਣੀ ਹੈਰਾਨੀਜਨਕ ਹੈ। ਉਨ੍ਹਾਂ ਦਾ ਇਹ ਕਹਿਣਾ ਕਿ ਬੀ ਆਰ ਅਬੰਦੇਕਰ ਨਾ ਹੁੰਦੇ ਤਾਂ ਪ੍ਰਧਾਨ ਮੰਤਰੀ ਨਹਿਰੂ ਨੇ ਪਛੜੀਆਂ ਸ਼੍ਰੇਣੀਆਂ ਦੀ ਰਿਜ਼ਰਵੇਸ਼ਨ ਦਾ ਕਾਨੂੰਨ ਪਾਸ ਨਹੀਂ ਸੀ ਕਰਨਾ, ਅਤਿਅੰਤ ਹਾਸੋਹੀਣਾ ਹੈ। ਕੀ ਅੰਬੇਦਕਰ ਨੂੰ ਕਾਨੂੰਨ ਮੰਤਰੀ ਤੇ ਕਾਂਸਟੀਚੂਐਂਟ ਅਸੰਬਲੀ ਦਾ ਚੇਅਰਮੈਨ ਪੰਡਤ ਨਹਿਰੂ ਦੀ ਸਰਕਾਰ ਨੇ ਨਹੀਂ ਸੀ ਬਣਾਇਆ? ਰਾਖਵੇਂਕਰਨ ਦਾ ਬਿੱਲ ਪੇਸ਼ ਕਰਨਾ ਅੰਬੇਦਕਰ ਦੇ ਕੰਮਾਂ ਵਿਚ ਸ਼ਾਮਲ ਸੀ ਤੇ ਇਸਨੂੰ ਪ੍ਰਵਾਨ ਕਰਨਾ ਨਹਿਰੂ ਦੇ ਕੰਮ ਵਿਚ। ਜਾਪਦਾ ਹੈ ਮੋਦੀ ਸਾਹਬ ਨੂੰ ਪੈਰਾਂ ਥੱਲਿਓਂ ਜ਼ਮੀਨ ਖਿਸਕਦੀ ਜਾਪਦੀ ਹੈ। ਭਾਰਤ ਵਾਸੀਆਂ ਨੇ ਸੱਤ ਸਾਲਾਂ ਦੇ ਰਾਜ ਨੂੰ ਸੱਤਰ ਸਾਲ ਤੋਂ ਵੱਧ ਪ੍ਰਾਪਤੀਆਂ ਵਾਲਾ ਹੋਣ ਦੀ ਟਿੱਪਣੀ ਤਾਂ ਸੁਣ ਲਈ ਸੀ, ਕੱਚਾਥੀਵੂ ਟਾਪੂ ਵਾਲੀ ਵੀ; ਪਰ ਕਾਨੂੰਨੀ ਸੱਚ 'ਤੇ ਪੋਚਾ ਫਿਰਦਾ ਵੇਖਣਾ ਅਸੰਭਵ ਹੈ ਵੇਖੋ ਕੀ ਬਣਦਾ ਹੈ।

ਸ੍ਰੀਮਤੀ ਸੁੰਦਰ ਦਿੱਲ ਬਣੀ ਸਿਮਰ ਢਿੱਲੋਂ

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਪੜ੍ਹਨ ਗਈ ਮੇਰੀ ਭਾਣਜੀ ਸਿਮਰ ਢਿੱਲੋਂ ਦੀ ਝੋਲੀ ਵਿਚ ਪਿਛਲੇ ਹਫ਼ਤੇ ਮਿਸਿਜ਼ ਬੀਊਟੀਫੁੱਲ ਹਾਰਟ ਦਾ ਟਾਈਟਲ ਆ ਪਿਆ ਹੈ। ਮਿਸਿਜ਼ ਇੰਡੀਆ ਵਰਲਡਵਾਈਡ ਨਾਂ ਦੀ ਸੰਸਥਾ ਨੇ ਏਸ ਵਾਰੀ ਦਾ ਮੁਕਾਬਲਾ ਡੁਬਈ ਵਿਚ ਰਖਿਆ ਸੀ। ਕੈਨੇਡਾ ਤੋਂ ਭਾਗ ਲੈਣ ਆਈਆਂ ਮੁਟਿਆਰਾਂ ਵਿਚੋਂ ਸਿਮਰ ਦੂਜੇ ਨੰਬਰ 'ਤੇ ਆਈ ਹੈ। ਖੂਬੀ ਇਹ ਕਿ ਇਸ ਫੇਰੀ ਵਿਚੋਂ ਸਮਾਂ ਕੱਢ ਕੇ ਉਹ ਆਪਣੀ ਮਾਂ ਨੂੰ ਕੋਟ ਫਤੂਹੀ (ਜ਼ਿਲ੍ਹਾ ਹੁਸ਼ਿਆਰਪੁਰ) ਵੀ ਮਿਲਣ ਆਈ ਤੇ ਚੰਡੀਗੜ੍ਹ ਵਿਖੇ ਮੈਨੂੰ ਤੇ ਮੇਰੀ ਪਤਨੀ ਨੂੰ ਵੀ।



ਸਿਮਰ ਢਿੱਲੋਂ ਤੇ ਉਸਦੇ ਟਾਈਟਲ

ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਉਸਦੇ ਪਿਤਾ ਪਰਮਜੀਤ ਸਿੰਘ ਲਾਲੀ ਦੀ ਸਿਮਰ ਦੇ ਬਚਪਨ ਵਿਚ ਹੀ ਮੌਤ ਹੋ ਗਈ ਸੀ, ਪਰ ਉਸਦੀ ਮਾਂ ਪ੍ਰੋ. ਬਲਵਿੰਦਰ ਕੌਰ, (ਬੀ ਐਡ ਕਾਲਜ, ਨਵਾਂ ਸ਼ਹਿਰ) ਨੇ ਆਪਣੇ ਬੱਚਿਆਂ ਨੂੰ ਪੜ੍ਹਾ ਲਿਖਾ ਕੇ ਚੰਗੇਰੇ ਜੀਵਨ ਦੇ ਯੋਗ ਬਣਾਇਆ। ਐੱਸ ਸਿਮਰ ਦੀ ਛੋਟੀ ਭੈਣ ਕਿਰਨਦੀਪ ਵੀ ਵੈਨਕੂਵਰ ਹੈ ਤੇ ਦੋਨਾਂ ਦਾ ਭਰਾ ਅਮਰਪ੍ਰੀਤ ਸਿੰਘ ਲਾਲੀ ਰਾਜਨੀਤੀ ਵਿਚ ਕੁੱਦ ਪਿਆ ਹੈ। ਸਿਮਰ ਦੇ ਦੁਬਈ ਤੋਂ ਕੋਟ ਫਤੂਹੀ ਆਉਣ ਸਮੇਂ ਉਹ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਵਿਜੇ ਇੰਦਰ ਸਿੰਗਲਾ ਦੀ ਪ੍ਰਚਾਰ ਮੁਹਿੰਮ ਵਿਚ ਏਨਾ ਰੁੱਝਿਆ ਹੋਇਆ ਸੀ ਕਿ ਦੂਰੋਂ ਆਈ ਭੈਣ ਲਈ ਚੋਣਵੇਂ ਪਲ ਹੀ ਕੱਢ ਸਕਿਆ।

ਰੋਜ਼ੀ ਰੋਟੀ ਲਈ ਸਿਮਰ ਨੇ ਕੈਨੇਡਾ ਜਾ ਕੇ ਕੈਨੇਡੀਅਨ ਇੰਪੀਰੀਅਲ ਬੈਂਕ ਆਫ ਕਾਮਰਸ ਵਿਚ ਨੌਕਰੀ ਸ਼ੁਰੂ ਕੀਤੀ ਸੀ। ਤੇ ਅੱਜ ਦੇ ਦਿਨ ਉਹ ਇਕ ਸ਼ਾਖਾ ਦੀ ਬਰਾਂਚ ਮੈਨੇਜਰ ਹੈ। ਫੈਸ਼ਨ ਤੇ ਬੀਊਟੀ ਉਸਦਾ ਸ਼ੁਗਲ ਹੈ। ਮਿਸਿਜ਼ ਇੰਡੀਆ ਵਰਲਡਵਾਈਡ ਦੀ ਸੱਜਰੀ ਫੇਰੀ ਵੀ ਉਸਦੇ ਸ਼ੁਗਲ ਦੀ ਪਾਲਣਾ ਦਾ ਹਿੱਸਾ ਸੀ। ਪਰ ਇਸ ਫੇਰੀ ਵਿਚ ਉਸਨੇ ਸਵਾ ਚਾਰ ਲੱਖ ਰੁਪਏ ਦੀ ਮਾਇਆ ਵੀ ਇਕੱਠੀ ਕੀਤੀ ਜਿਸਨੂੰ ਉਹ ਸ਼ਾਂਤੀ ਸੱਜਲ ਰਿਸਰਚ ਐਂਡ ਚੈਰੀਟੇਬਲ ਟਰੱਸਟ ਰਾਹੀਂ ਲੋੜਵੰਦ ਬੱਚਿਆਂ ਦੀ ਵਿਦਿਆ ਤੇ ਡਾਕਟਰੀ ਸਹਾਇਤਾ ਲਈ ਵਰਤੇਗੀ।

ਸਿਮਰ ਦੀ ਅਜੋਕੀ ਭਾਵਨਾ ਦੀਆਂ ਜੜ੍ਹਾਂ ਉਸਦੇ ਪਿਤਾ ਦੀ ਮੌਤ ਉਪਰੰਤ ਉਸਦੀ ਮਾਤਾ ਦੀ ਉਦਾਸੀ ਵਿਚ ਹਨ ਤੇ ਅੱਜ ਦੇ ਦਿਨ ਇਹ ਭਾਵਨਾ ਪੂਰੀ ਦੁਨੀਆਂ ਦੇ ਲੋੜਵੰਦਾਂ ਵਿਚ ਦਸਤਕ ਦੇ ਚੁੱਕੀ ਹੈ। ਮੂਲ ਮਨੋਰਥ ਇਸਤ੍ਰੀ ਜਾਤੀ ਨੂੰ ਉਸਦੇ ਹੱਕਾਂ ਤੋਂ ਜਾਣੂ ਕਰਵਾ ਕੇ ਉਨ੍ਹਾਂ ਨੂੰ ਸਵੈਨਿਰਭਰ ਤੇ ਸ਼ਕਤੀਵਾਨ ਕਰਨਾ ਹੈ। ਆਪਣੀ ਨੌਕਰੀ 'ਚੋਂ ਸਮਾ ਕੱਢ ਕੇ ਦੁਬਈ ਤੱਕ ਦੀ ਯਾਤਰਾ ਉਸਦੇ ਸ਼ੁਗਲ ਦਾ ਹਿੱਸਾ ਸੀ। ਸਜੱਲ ਟਰੱਸਟ ਲਈ ਮਾਇਆ ਇਕੱਠੀ ਕਰ ਕੇ ਸ੍ਰੀਮਤੀ ਸੁੰਦਰ ਦਿੱਲ ਦਾ ਟਾਈਟਲ ਜਿੱਤਣ ਸਮੇਤ।

**ਸੁਰਿੰਦਰ ਗਿੱਲ ਨੂੰ ਕਲਮ ਪੁਰਸਕਾਰ**

ਕੌਮਾਂਤਰੀ ਲੇਖਕ ਮੰਚ ਕਲਮ ਦੇ ਕਰਤੇ ਧਰਤਿਆਂ ਨੇ 20ਵੇਂ ਕਲਮ ਪੁਰਸਕਾਰਾਂ ਦਾ ਫੈਸਲਾ ਸੁਣਾ ਦਿੱਤਾ ਹੈ। ਬਾਪੂ ਜਗੀਰ ਸਿੰਘ ਕੰਬੋਜ ਪੁਰਸਕਾਰ ਲਈ ਉੱਚ ਕੋਟੀ ਦੇ ਕਵੀ ਸੁਰਿੰਦਰ ਗਿੱਲ ਤੇ ਦੂਜੇ ਪੁਰਸਕਾਰਾਂ ਲਈ ਡਾ. ਨਾਹਰ ਸਿੰਘ, ਗ਼ਜ਼ਲਗੋ ਅਮਰੀਕ ਡੋਗਰਾ ਤੇ ਅਤਰਜੀਤ ਦਾ ਚੁਣਿਆ ਜਾਣਾ ਚੋਣ ਕਮੇਟੀ ਦੀ ਸਹੀ ਤੇ ਨਿਰਪੱਖ ਸੋਚ ਦੀ ਪੁਸ਼ਟੀ ਕਰਦਾ ਹੈ। ਸੁਰਿੰਦਰ ਗਿੱਲ ਦੇ ਪੁਰਸਕਾਰ ਦੀ ਰਾਸ਼ੀ 31 ਹਜ਼ਾਰ ਹੈ ਤੇ ਬਾਕੀਆਂ ਦੀ ਥੋੜ੍ਹੀ ਘੱਟ। ਰਾਸ਼ੀ ਵਲੋਂ ਚੋਣ ਕਮੇਟੀ ਦੀ ਸੋਚ ਤੇ ਧਾਰਨਾ ਵਧਾਈ ਦੀ ਹੱਕਦਾਰ ਹੈ। ਪ੍ਰਬੰਧਕਾਂ ਤੇ ਜੇਤੂਆਂ ਦੇ ਮਿੱਤਰ ਪਿਆਰੇ ਆਉਣ ਵਾਲੇ ਸਾਲਾਨਾ ਸਮਾਗਮ ਦੀ ਉਡੀਕ ਵਿਚ ਹਨ ਜਦੋਂ ਇਹ ਵਾਲੇ ਸਨਮਾਨ ਅਰਪਿਤ ਕੀਤੇ ਜਾਣੇ ਹਨ।

**ਅੰਤਿਕਾ**

ਸੁਰਜੀਤ ਪਾਤਰ॥
ਯਾਰ ਮੇਰੇ ਜੁ ਇਸ ਆਸ ਤੇ ਮਰ ਗਏ
ਕਿ ਮੈਂ ਉਨ੍ਹਾਂ ਦੇ ਦੁੱਖ ਦਾ ਬਣਾਵਾਂਗਾ ਗੀਤ
ਜੇ ਮੈਂ ਚੁੱਪ ਹੀ ਰਿਹਾ ਜੇ ਮੈਂ ਕੁਝ ਨਾ ਕਿਹਾ
ਬਣ ਕੇ ਰੂਹਾਂ ਸਦਾ ਭਟਕਦੇ ਰਹਿਣਗੇ

ਇਹ ਵੀ ਸ਼ਾਇਦ ਮੇਰਾ ਅਪਣਾ ਵਹਿਮ ਹੈ
ਕੋਈ ਦੀਵਾ ਜਗੇਗਾ ਮੇਰੀ ਕਬਰ 'ਤੇ
ਜੇ ਹਵਾ ਇਹ ਰਹੀ ਕਬਰਾਂ ਉੱਤੇ ਤਾਂ ਕੀ
ਸਭ ਘਰਾਂ 'ਚ ਵੀ ਦੀਵੇ ਬੁਝੇ ਰਹਿਣਗੇ।

# ਆਜ਼ਾਦੀ ਬਾਰੇ ਇਕ ਕੈਦੀ ਦੀ ਹਾਕ ਅਤੇ ਹੋਕਾ

***ਹਾਲ ਹੀ ਵਿਚ ਜ਼ਮਾਨਤ 'ਤੇ ਰਿਹਾਅ ਹੋਏ ਨਾਗਰਿਕ ਆਜ਼ਾਦੀਆਂ ਦੇ ਕਾਰਕੁਨ ਗੌਤਮ ਨਵਲੱਖਾ ਨੂੰ ਅਗਸਤ 2018 ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੂੰ ਐਲਗਾਰ ਪ੍ਰੀਸ਼ਦ ਕੇਸ ਵਿਚ ਫਸਾਇਆ ਗਿਆ ਜਿਸ ਵਿਚ ਮਨੁੱਖੀ ਹੱਕਾਂ ਦੇ 16 ਕਾਰਕੁਨਾਂ, ਵਕੀਲਾਂ, ਲੇਖਕਾਂ ਅਤੇ ਸਿੱਖਿਆ ਸ਼ਾਸਤਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਹ ਲੇਖ ਗੌਤਮ ਨਵਲਖਾ ਨੇ ਕੈਦ ਦੇ ਸਮੇਂ ਦੌਰਾਨ ਲਿਖਿਆ। ਇਸ ਵਿਚ ਉਸ ਨੇ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਹਨ।***

*"... ਨਹੀਂ, ਆਜ਼ਾਦੀ ਇਕੱਲੀ ਨਹੀਂ ਮਰਦੀ। ਇਸ ਦੇ ਨਾਲ ਹੀ ਸਦਾ ਲਈ ਨਿਆਂ ਵੀ ਜਲਾਵਤਨ ਕਰ ਦਿੱਤਾ ਜਾਂਦਾ ਹੈ, ਕੌਮ ਸੰਤਾਪੀ ਜਾਂਦੀ ਹੈ ਅਤੇ ਬੇਗੁਨਾਹੀ ਨਿੱਤ ਨਵੇਂ ਸਿਰਿਓਂ ਸੂਲੀ 'ਤੇ ਟੰਗੀ ਜਾਂਦੀ ਹੈ।"*

*-ਐਲਬਰਟ ਕਾਮੂ ('ਪ੍ਰਤੀਰੋਧ, ਬਗਾਵਤ ਅਤੇ ਮੌਤ' ਕਿਤਾਬ ਵਿਚੋਂ)*

ਕਿਸੇ ਕੈਦੀ ਦੀ ਆਜ਼ਾਦੀ ਬਾਰੇ ਸਮਝ, ਇਸ ਨੂੰ ਖੋਹਣ ਨਾਲ ਹੀ ਤੀਬਰ ਹੋ ਜਾਂਦੀ ਹੈ। ਘੁੰਮਣ-ਫਿਰਨ ਅਤੇ ਗਤੀਸ਼ੀਲਤਾ 'ਤੇ ਸਖ਼ਤ ਰੋਕਾਂ, ਪ੍ਰਗਟਾਵੇ ਤੇ ਭਾਸ਼ਣ 'ਤੇ ਲਗਾਈਆਂ ਨਾਵਾਜਿਬ ਪਾਬੰਦੀਆਂ ਨਾਲ ਹੋਰ ਜਟਿਲ ਹੋ ਜਾਂਦੀਆਂ ਹਨ। ਇਹੀ ਨਹੀਂ, ਜੇਕਰ ਕੋਈ ਕੈਦੀ ਭੋਜਨ, ਪਾਣੀ, ਡਾਕਟਰੀ ਸਹਾਇਤਾ ਨਾਲ ਸਬੰਧਿਤ ਬੁਨਿਆਦੀ ਮੁੱਦੇ ਵੀ ਉਠਾਉਂਦਾ ਹੈ (ਜੋ ਜ਼ਿੰਦਗੀ ਦੇ ਅਧਿਕਾਰ ਦਾ ਮੂਲ ਹਨ) ਤਾਂ ਜੇਲ੍ਹ ਅਧਿਕਾਰੀਆਂ ਦਾ ਹੁੰਗਾਰਾ

**ਗੌਤਮ ਨਵਲਖਾ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**


ਇਹ ਹੁੰਦਾ ਹੈ: ਰੱਦ ਕਰ ਦੇਣਾ, ਇਨਕਾਰ ਕਰ ਦੇਣਾ ਜਾਂ ਇਸ ਦਾ ਬਿਹਤਰੀਨ ਰੂਪ ਹੁੰਦਾ ਹੈ- ਨਿਬੇੜੇ ਨੂੰ ਟਾਲਦੇ ਜਾਣਾ। ਜ਼ਰਾ ਕਲਪਨਾ ਕਰੋ ਕਿ ਕੈਦੀ ਨੂੰ ਤਾਜ਼ੀ ਹਵਾ ਵਿਚ ਸਾਹ ਲੈਣ, ਦਿਨ ਵਿਚ ਘੱਟੋ-ਘੱਟ ਇੱਕ ਘੰਟਾ ਧੁੱਪ 'ਚ ਬੈਠਣ, ਆਪਣੀ ਪਸੰਦ ਦੀਆਂ ਕਿਤਾਬਾਂ ਪੜ੍ਹਨ ਜਾਂ ਜੇਲ੍ਹ ਦੀ ਲਾਇਬ੍ਰੇਰੀ ਵਿਚ ਜਾਣ ਦੇ ਅਧਿਕਾਰ ਲਈ ਲੜਨਾ ਪੈਂਦਾ ਹੈ। ਜਿੱਥੋਂ ਤੱਕ ਮੇਰਾ ਸਵਾਲ ਹੈ, ਜਦੋਂ ਦੋ ਸਾਲ ਤੱਕ ਜੇਲ੍ਹ ਅਧਿਕਾਰੀਆਂ ਨੂੰ ਗੁਜ਼ਾਰਿਸ਼ ਕਰਨ ਤੋਂ ਬਾਅਦ ਵੀ ਮੇਰੀ ਸੁਣਵਾਈ ਨਹੀਂ ਹੋਈ ਤਾਂ ਮੈਨੂੰ ਕਸਟੋਡੀਅਨ ਕੋਰਟ (ਟਰਾਇਲ ਕੋਰਟ) ਦਾ ਰੁਖ ਕਰਨ ਲਈ ਮਜਬੂਰ ਹੋਣਾ ਪਿਆ ਜਿਸ ਨੇ ਮੈਨੂੰ ਹਰ ਰੋਜ਼ ਸਵੇਰੇ ਅੱਧੇ ਘੰਟੇ ਲਈ ਸੈਰ ਕਰਨ ਦੀ ਇਜਾਜ਼ਤ ਦੇ ਦਿੱਤੀ।

ਮੈਂ ਤਲੋਜਾ ਸੈਂਟਰਲ ਜੇਲ੍ਹ ਵਿਚ 3500 ਤੋਂ ਵੱਧ ਕੈਦੀਆਂ ਵਿਚੋਂ ਸੈਰ ਕਰਨ ਵਾਲਾ ਇਕੱਲਾ ਕੈਦੀ ਸੀ। ਬੰਬੇ ਹਾਈ ਕੋਰਟ ਨੇ ਵੀ ਮੈਨੂੰ ਆਪਣੀ ਪਸੰਦ ਦੀਆਂ ਕਿਤਾਬਾਂ ਹਾਸਲ ਕਰਨ ਦੀ ਇਜਾਜ਼ਤ ਦਿੱਤੀ; ਹਾਲਾਂਕਿ ਅਜਿਹੀਆਂ ਰਿਆਇਤਾਂ ਸਾਰੇ ਕੈਦੀਆਂ ਨੂੰ ਨਹੀਂ ਦਿੱਤੀਆਂ ਗਈਆਂ। ਇਸ ਵਿਚ ਜੇਲ੍ਹ ਦੇ ਅੰਦਰ ਦਰਜੇਬੰਦੀ ਅਤੇ ਨਾ-ਬਰਾਬਰੀ ਦੀ ਕਹਾਣੀ ਨਿਹਿਤ ਹੈ।

ਜਦੋਂ ਮੈਂ ਜੇਲ੍ਹ ਅੰਦਰ ਗਿਆ ਤਾਂ ਮੇਰਾ ਵਾਹ ਹਕੀਕਤ ਨਾਲ ਪਿਆ ਜਿੱਥੇ ਹਰ ਕੈਦੀ ਤੋਂ ਨਿਯਮਾਂ ਦੀ ਪਾਲਣਾ ਕਰਨ ਦੀ ਉਮੀਦ ਕੀਤੀ ਜਾਂਦੀ ਸੀ ਪਰ ਜੇਲ੍ਹ ਮੈਨੂਅਲ ਜਿਸ ਵਿਚ ਉਨ੍ਹਾਂ ਨਿਯਮਾਂ ਨੂੰ ਸੂਚੀਬੱਧ ਕੀਤਾ ਗਿਆ ਸੀ, 'ਰਾਸ਼ਟਰੀ ਸੁਰੱਖਿਆ ਮਾਮਲੇ' ਵਾਂਗ ਸੀ। ਸਿਰਫ਼ ਕੁਝ ਲੋਕਾਂ ਨੂੰ ਹੀ ਇਸ ਤੱਕ ਪਹੁੰਚਣ ਦੀ ਇਜਾਜ਼ਤ ਸੀ ਅਤੇ ਉਹ ਵੀ ਜੇਲ੍ਹ ਸੁਪਰਡੈਂਟ ਨੂੰ 'ਬੇਨਤੀ' ਕਰਨ ਤੋਂ ਬਾਅਦ। ਸਵਾਲ ਕਰਨਾ ਨਾਗਰਿਕ ਆਜ਼ਾਦੀਆਂ ਦੇ ਕਾਰਕੁਨ ਦੀ ਦੂਜੀ ਫ਼ਿਤਰਤ ਹੈ। ਰੂਸੀ-ਅਮਰੀਕੀ ਲੇਖਕ ਵਲਾਦੀਮੀਰ ਨਬੋਕੋਵ ਦੀ ਇਹ ਟਿੱਪਣੀ ਕਿ 'ਉਤਸੁਕਤਾ ਆਪਣੇ ਸ਼ੁੱਧ ਰੂਪ ਵਿਚ ਅਵੱਗਿਆ ਹੈ' ਨੇ ਮੈਨੂੰ ਡੂੰਘੀ ਸਮਝ ਦਿੱਤੀ ਅਤੇ ਜੇਲ੍ਹ ਮੈਨੂਅਲ ਤੱਕ ਪਹੁੰਚ ਕਰਨ ਲਈ ਮੇਰਾ ਸੰਘਰਸ਼ ਇਸ ਦੇ ਤੱਤ ਨੂੰ ਜਾਣਨ ਦੀ ਮੇਰੀ ਜਿਗਿਆਸਾ 'ਚੋਂ ਉਪਜਿਆ।

ਨਾਗਰਿਕ ਆਜ਼ਾਦੀਆਂ ਦਾ ਕਾਰਕੁਨ ਹੋਣ ਦੇ ਨਾਤੇ ਮੇਰਾ ਮੰਨਣਾ ਹੈ ਕਿ ਨਾਗਰਿਕਾਂ ਦਾ ਸ਼ਕਤੀਕਰਨ ਜੋ ਲੋਕਤੰਤਰ ਦੀ ਖ਼ਾਸੀਅਤ ਹੈ, ਇਹ ਜਾਣਕਾਰੀ ਹੋਣ ਨਾਲ ਆਉਂਦਾ ਹੈ ਕਿ ਜਬਰ-ਜ਼ੁਲਮ ਤੋਂ ਆਜ਼ਾਦੀ ਲਈ ਸੰਘਰਸ਼ ਓਨਾ ਮਾਇਨੇ ਨਹੀਂ ਰੱਖਦਾ ਜਿੰਨਾ ਸੰਘਰਸ਼ ਨੂੰ ਜਾਰੀ ਰੱਖਣ ਦਾ ਨਿਰਣਾ। ਸੰਘਰਸ਼ ਲਈ ਇਸ ਵਚਨਬੱਧਤਾ ਤੋਂ ਬਿਨਾਂ ਲੋਕ ਕੈਦ ਦੀ ਹਾਲਤ 'ਚ ਆ ਜਾਣਗੇ ਜਦੋਂ ਕਿ ਰੁਝੇਵਾਂ ਅਤੇ ਸੰਘਰਸ਼ ਵਿਅਕਤੀ ਨੂੰ ਬੇਵੱਸ ਮਹਿਸੂਸ ਕਰਨ ਤੋਂ ਮੁਕਤ ਕਰਦਾ ਹੈ। ਇਹ ਸੰਘਰਸ਼ ਪ੍ਰਤੀ ਸਾਡਾ ਜੁੜਾਓ ਹੀ ਹੈ ਜੋ ਸਾਨੂੰ ਏਜੰਸੀ/ਜ਼ਰੀਆ ਮੁਹੱਈਆ ਕਰਦਾ ਹੈ ਅਤੇ ਸਾਨੂੰ ਆਜ਼ਾਦੀ ਲਈ ਕੁਝ ਜਗ੍ਹਾ ਬਣਾਉਣ ਦੇ ਨਾਲ-ਨਾਲ ਮੁਸ਼ਕਿਲਾਂ ਤੇ ਨਾਕਾਮਯਾਬੀਆਂ ਵਿਰੁੱਧ ਡਟੇ ਰਹਿਣ ਦੇ ਕਾਬਲ ਬਣਾਉਂਦਾ ਹੈ।

ਆਪਣੀ ਗੱਲ ਕਰਾਂ ਤਾਂ ਮੇਰੇ ਕੋਲ ਕਿਤਾਬਾਂ ਪੜ੍ਹਨ, ਮਿਲਣ ਤੇ ਦੋਸਤੀ ਦੇ ਰਿਸ਼ਤੇ ਗੰਢਣ, ਹੋਰ ਕੈਦੀਆਂ ਦੀ ਦੇਖਭਾਲ ਕਰਨ ਅਤੇ ਉਨ੍ਹਾਂ ਨਾਲ ਦੁੱਖ-ਸੁੱਖ ਸਾਂਝਾ ਕਰਨ ਲਈ ਵਧੇਰੇ ਸਮਾਂ ਸੀ। ਮੈਂ ਆਪਣੇ ਸਹਿ-ਦੋਸ਼ੀਆਂ ਨੂੰ ਜਾਣਿਆ ਅਤੇ ਕੈਦ ਦੇ ਬਾਵਜੂਦ ਉਨ੍ਹਾਂ ਦੇ ਮਜ਼ਬੂਤ ਰਵੱਈਏ ਅਤੇ ਰਚਨਾਤਮਕ ਰੁਝੇਵਿਆਂ ਤੋਂ



ਤਾਕਤ ਹਾਸਲ ਕਰਨੀ ਸਿੱਖੀ। ਮੈਨੂੰ ਅਹਿਸਾਸ ਹੋਇਆ ਕਿ ਮੈਂ ਆਪਣੇ ਮਨ ਵਿਚ ਆਜ਼ਾਦ ਮਹਿਸੂਸ ਕਰ ਰਿਹਾ ਹਾਂ ਜਿਸ ਨੂੰ ਕੋਈ ਨਿਯਮ ਜਾਂ ਪਾਬੰਦੀ ਮੇਰੇ ਕੋਲੋਂ ਖੋਹ ਨਹੀਂ ਕਰ ਸਕਦੀ। ਨਵੇਂ ਲੋਕਾਂ ਨੂੰ ਜਾਣਨ, ਉਨ੍ਹਾਂ ਤੋਂ ਸਿੱਖਣ ਅਤੇ ਆਪਣੀਆਂ ਕੁਝ ਧਾਰਨਾਵਾਂ ਨੂੰ ਛੱਡਣ ਨਾਲ ਮੈਨੂੰ ਜੇਲ੍ਹ ਵਿਚ ਮਕਸਦ ਮਿਲ ਗਿਆ। ਮੈਨੂੰ ਇਹ ਵੀ ਅਹਿਸਾਸ ਹੋਇਆ ਕਿ ਆਜ਼ਾਦੀ ਮੌਕਿਆਂ ਦਾ ਫ਼ਾਇਦਾ ਉਠਾਉਣ 'ਚ ਨਿਹਿਤ ਹੈ, ਭਾਵੇਂ ਉਹ ਕਿੰਨੇ ਵੀ ਛੋਟੇ ਕਿਉਂ ਨਾ ਹੋਣ।


ਜੇਲ੍ਹ ਦੀ ਪਛਾਣ ਅਜਿਹੀ ਜਗ੍ਹਾ ਦੇ ਰੂਪ 'ਚ ਹੈ ਜਿੱਥੇ ਮੁਕੱਦਮੇ ਤੋਂ ਬਾਅਦ ਦੋਸ਼ੀ ਠਹਿਰਾਏ ਜਾਣ ਵਾਲੇ ਵਿਅਕਤੀਆਂ ਨੂੰ ਸਜ਼ਾ ਵਜੋਂ ਭੇਜਿਆ ਜਾਂਦਾ ਹੈ ਪਰ ਭਾਰਤੀ ਜੇਲ੍ਹਾਂ ਵਿਚ ਇਹ ਪਛਾਣ ਆਪਣਾ ਅਰਥ ਗੁਆ ਚੁੱਕੀ ਹੈ ਜਿੱਥੇ 80 ਆਬਾਦੀ ਵਿਚਾਰ-ਅਧੀਨ ਅਤੇ ਨਜ਼ਰਬੰਦ ਕੈਦੀਆਂ ਦੀ ਹੈ। ਭਾਰਤ ਦੀ ਹਕੂਮਤ ਅਤੇ ਨਿਆਂਪਾਲਿਕਾ ਲੋਕਾਂ ਨੂੰ ਬਿਨਾਂ ਮੁਕੱਦਮੇ ਚਲਾਏ ਜਾਂ ਦੋਸ਼ੀ ਠਹਿਰਾਏ ਜੇਲ੍ਹਾਂ ਵਿਚ ਭੇਜ ਦਿੰਦੀ ਹੈ। ਹਰ ਕੈਦੀ ਪ੍ਰਚਲਿਤ ਜੇਲ੍ਹ ਮੈਨੂਅਲ ਨਾਲ ਬੱਝਿਆ ਹੋਇਆ ਹੈ। ਮਹਾਰਾਸ਼ਟਰ ਜੇਲ੍ਹ ਮੈਨੂਅਲ ਕੈਦੀਆਂ ਨੂੰ ਗੀਤ ਗਾਉਣ ਜਾਂ ਉੱਚੀ-ਉੱਚੀ ਹੱਸਣ ਦੀ ਮਨਾਹੀ ਕਰਦਾ ਹੈ (ਅਧਿਆਇ 26, 'ਜੇਲ੍ਹ ਅਨੁਸ਼ਾਸਨ' - ਮਹਾਰਾਸ਼ਟਰ ਰਾਜ ਜੇਲ੍ਹ ਨਿਯਮਾਵਲੀ, ਨਿਯਮ 19 ਵਿਚ ਜੇਲ੍ਹ ਐਕਟ 1894 ਦੇ ਸੈਕਸ਼ਨ 45 ਦੇ ਅਰਥਾਂ ਤਹਿਤ ਜੇਲ੍ਹ ਦੇ ਅਪਰਾਧ ਮੰਨੇ ਜਾਣ ਵਾਲੇ ਕੰਮਾਂ ਨੂੰ ਸੂਚੀਬੱਧ ਕਰਦਾ ਹੈ ਅਤੇ ਨਿਯਮ 19(1) 'ਅਧਿਕਾਰੀ ਦੇ ਹੁਕਮ ਦੇਣ 'ਤੇ ਗੱਲ ਕਰਨ, ਗਾਉਣ, ਉੱਚੀ ਉੱਚੀ ਹੱਸਣ ਅਤੇ ਉੱਚੀ ਉੱਚੀ ਗੱਲਾਂ ਕਰਨ' ਦੀ ਮਨਾਹੀ ਕਰਦਾ ਹੈ)।

ਮੈਨੂੰ ਹੱਸਣ ਅਤੇ ਗੱਲ ਕਰਨ ਦੀ ਮਨਾਹੀ ਵਾਲਾ ਨਿਯਮ ਇਤਰਾਜ਼ਯੋਗ ਲੱਗਿਆ। ਜੇ ਕੋਈ ਹੱਸਣ ਵਾਲੀ ਗੱਲ ਹੈ ਤਾਂ ਮੈਂ ਜਾਂ ਕੋਈ ਹੋਰ ਕੈਦੀ ਉਸ ਭਾਵਨਾ ਨੂੰ ਦਬਾਉਣ ਜਾਂ ਚੁੱਪ ਹੋਣ ਲਈ ਮਜਬੂਰ ਕਿਉਂ ਹੋਈਏ? ਜਿੱਥੋਂ ਤੱਕ 'ਉੱਚੀ ਗੱਲ ਕਰਨ' ਦਾ ਸਵਾਲ ਹੈ, ਇਹ ਪ੍ਰਸੰਗ 'ਤੇ ਨਿਰਭਰ ਕਰਦਾ ਹੈ। ਆਂਡਾ ਸੈੱਲ (ਉੱਚ ਸੁਰੱਖਿਆ ਇਕਾਂਤ ਕੈਦ) ਵਿਚ 'ਬੰਦੀ' ਤੋਂ ਬਾਅਦ (ਜਦੋਂ ਕੈਦੀ ਬੰਦ ਹੋ ਜਾਂਦੇ ਹਨ), ਕੈਦੀਆਂ ਨੂੰ ਇੱਕ ਦੂਜੇ ਨਾਲ ਗੱਲ ਕਿਵੇਂ ਕਰਨੀ ਚਾਹੀਦੀ ਹੈ ਜਦੋਂ ਉਨ੍ਹਾਂ ਦੇ ਸੈੱਲ ਇੱਕ ਦੂਜੇ ਤੋਂ ਕਾਫ਼ੀ ਦੂਰੀ 'ਤੇ ਹੁੰਦੇ ਹਨ? ਜਦੋਂ 'ਬੰਦੀ' ਖੁੱਲ੍ਹਦੀ ਹੈ, ਉਦੋਂ ਅਸੀਂ ਸਹਿਜ ਹੋ ਕੇ ਗੱਲ ਕਰ ਸਕਦੇ ਹਾਂ ਪਰ ਜੇ ਕੋਈ ਇੱਕ ਦੂਜੇ ਦੀ ਸਿਹਤ ਜਾਂ ਆਮ ਰਾਜ਼ੀ-ਖ਼ੁਸ਼ੀ ਵਰਗੀਆਂ ਚੀਜ਼ਾਂ 'ਤੇ ਚਰਚਾ ਕਰਨਾ ਚਾਹੁੰਦਾ ਹੈ ਤਾਂ ਉੱਚੀ ਬੋਲਣ ਤੋਂ ਸਿਵਾਇ ਹੋਰ ਕੋਈ ਚਾਰਾ ਨਹੀਂ। ਜਿੱਥੋਂ ਤੱਕ ਗਾਉਣ ਦੀ ਗੱਲ ਹੈ, ਮੇਰੇ ਸਹਿ-ਮੁਲਜ਼ਮਾਂ ਵਿਚ ਸੱਭਿਆਚਾਰਕ ਕਲਾਕਾਰ ਵੀ ਸਨ ਜਿਨ੍ਹਾਂ ਨੇ ਗੀਤ ਲਿਖੇ, ਸੰਗੀਤ ਤਿਆਰ ਕੀਤਾ ਅਤੇ ਇਹ ਗੀਤ ਗਾਏ ਜਿਨ੍ਹਾਂ ਨੇ ਸਾਨੂੰ ਵੀ ਗਾਉਣ ਲਈ ਪ੍ਰੇਰਿਆ। ਇਹੀ ਕਾਰਨ ਹੈ ਕਿ ਬੇਮੇਲ ਨਿਯਮ ਆਮ ਹੀ ਤੋੜੇ ਜਾਂਦੇ ਸਨ।

ਜਦੋਂ ਕੋਈ ਅਧਿਕਾਰੀ ਸਾਡੇ ਅਹਾਤੇ ਦਾ ਦੌਰਾ ਕਰਦਾ ਸੀ ਤਾਂ ਅਸੀਂ ਆਪਣੇ ਮੁੱਦੇ ਉਠਾਉਣ ਤੋਂ ਕਤਰਾਉਂਦੇ ਨਹੀਂ ਸੀ। ਹਮੇਸ਼ਾ ਤਾਂ ਨਹੀਂ ਪਰ ਕਦੇ-ਕਦਾਈਂ ਆਵਾਜ਼ਾਂ ਉੱਚੀਆਂ ਹੋ ਜਾਂਦੀਆਂ ਹਨ ਅਤੇ ਗਾਣੇ ਗਾਏ ਜਾਂਦੇ ਹਨ। ਹੁਣ ਮੁੱਦਾ ਇਹ ਹੈ ਕਿ ਸਿਰਫ਼ ਇਸ ਲਈ ਕਿ ਨਿਯਮ ਹਨ, ਇਸ ਦਾ ਮਤਲਬ ਇਹ ਨਹੀਂ ਹੈ ਕਿ ਉਨ੍ਹਾਂ ਦੀ ਅੱਖਾਂ ਮੀਟ ਕੇ ਪਾਲਣਾ ਕਰਨੀ ਜ਼ਰੂਰੀ ਹੈ।

**ਧੀਮੀ ਸੁਰ**

ਅਜਿਹੇ ਤਜਰਬਿਆਂ ਤੋਂ ਜਾਣੂ ਹੋ ਕੇ ਬਾਹਰਲੀ ਦੁਨੀਆ ਦੀਆਂ ਘਟਨਾਵਾਂ ਅਤੇ ਵਿਕਾਸ ਬਾਰੇ ਮੇਰੀ ਧਾਰਨਾ ਬਹੁਤ ਸ਼ਿੱਦਤ ਭਰਪੂਰ ਹੋ ਗਈ। ਇੱਥੇ ਮੈਂ ਦੱਸ ਦਿਆਂ ਕਿ ਕੈਦੀਆਂ ਲਈ ਰੋਜ਼ਾਨਾ ਅਖ਼ਬਾਰ ਹੀ ਬਾਹਰੀ ਦੁਨੀਆ ਦੇਖਣ ਲਈ ਇੱਕੋ-ਇੱਕ ਝਰੋਖਾ ਹਨ। ਜੇ ਕੋਈ ਟਿੱਪਣੀ ਜਾਂ ਨਿਰੀਖਣ ਮੈਨੂੰ ਪਹਿਲਾਂ ਨਾਲੋਂ ਜ਼ਿਆਦਾ ਪਰੇਸ਼ਾਨ ਕਰਦਾ ਤਾਂ ਮੈਂ ਇਨ੍ਹਾਂ ਟਿੱਪਣੀਆਂ ਕਰ ਕੇ ਉਸ ਨੂੰ ਖਾਰਜ ਨਹੀਂ ਕਰ ਸਕਦਾ ਜੋ ਉਹ ਦਰਸਾਉਂਦੀਆਂ ਸਨ। ਮਿਸਾਲ ਲਈ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਨੇ 2 ਜਨਵਰੀ 2022 ਨੂੰ ਦਾਅਵਾ ਕੀਤਾ ਕਿ "ਆਜ਼ਾਦੀ ਤੋਂ ਬਾਅਦ ਫਰਜ਼ਾਂ ਨੂੰ ਪੂਰੀ ਤਰ੍ਹਾਂ ਭੁੱਲ ਕੇ ਅਧਿਕਾਰਾਂ ਨੂੰ ਪਹਿਲ ਦੇਣ ਨਾਲ ਮੁਲਕ ਕਮਜ਼ੋਰ ਹੋਇਆ ਹੈ" ਤਾਂ ਇਸ ਨੇ ਮੇਰੇ ਚੇਤਿਆਂ 'ਚ 1975-77 ਦੀ ਐਮਰਜੈਂਸੀ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ। ਇਹ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਸੀ ਜਿਸ ਨੇ ਅਧਿਕਾਰਾਂ ਤੋਂ ਵੱਧ ਕਰਤੱਵਾਂ ਦਾ ਪ੍ਰਚਾਰ ਕੀਤਾ ਅਤੇ ਨਾਗਰਿਕਾਂ ਦੇ ਕਰਤੱਵਾਂ ਨੂੰ ਸੂਚੀਬੱਧ ਕਰਨ



ਵਾਸਤੇ ਧਾਰਾ 51 ਨੂੰ ਸ਼ਾਮਲ ਕਰਨ ਲਈ ਸੰਵਿਧਾਨ ਵਿਚ ਸੋਧ ਕੀਤੀ। ਇਸ ਨੂੰ ਨਾਗਰਿਕਾਂ ਤੋਂ ਕਿੰਤੂ ਰਹਿਤ ਆਗਿਆਕਾਰੀ ਹੋਣ ਦੀ ਮੰਗ ਕਰਨ ਦੇ ਤਰੀਕੇ ਵਜੋਂ ਸਹੀ ਸਮਝਿਆ ਗਿਆ ਸੀ ਜਿਸ ਤਰ੍ਹਾਂ ਇਹ ਹੁਣ 'ਨਵੇਂ' ਇੰਡੀਆ, ਮੁਆਫ਼ ਕਰਨਾ, ਭਾਰਤ ਵਿਚ ਕੀਤਾ ਜਾ ਰਿਹਾ ਹੈ।

ਸੱਤਾ 'ਤੇ ਕਾਬਜ਼ ਲੋਕਾਂ ਦੁਆਰਾ ਫਰਜ਼ਾਂ ਦਾ ਉਪਦੇਸ਼ ਲਾਜ਼ਮੀ ਤੌਰ 'ਤੇ ਆਗਿਆਕਾਰੀ ਹੋਣ ਅਤੇ ਵਫ਼ਾਦਾਰੀ ਲਈ ਕੋਡ ਹੈ ਜੋ ਸੰਕੀਰਨਤਾ ਨੂੰ ਜਨਮ ਦਿੰਦਾ ਹੈ। ਜਦੋਂ ਅਧਿਕਾਰਾਂ ਦੀ ਗੱਲ ਕੀਤੀ ਜਾਂਦੀ ਹੈ ਕਿ ਫਰਜ਼ ਵੀ ਸਾਹਮਣੇ ਆਉਂਦੇ ਹਨ; ਮੇਰਾ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਅੰਦਰੂਨੀ ਤੌਰ 'ਤੇ ਦੂਜਿਆਂ ਦਾ ਸਨਮਾਨ ਕਰਨ ਦੇ ਮੇਰੇ ਫਰਜ਼ ਨਾਲ ਜੁੜਿਆ ਹੋਇਆ ਹੈ; ਨਹੀਂ ਤਾਂ ਅਧਿਕਾਰਾਂ ਦਾ ਕੋਈ ਮਤਲਬ ਨਹੀਂ ਰਹਿ ਜਾਵੇਗਾ। ਜਦੋਂ ਹੁਕਮਰਾਨ ਫਰਜ਼ ਦੀ ਮੰਗ ਕਰਦੇ ਹਨ ਤਾਂ ਇਹ ਲੋਕਾਂ ਨੂੰ ਆਪਣੇ ਇਸ਼ਾਰਿਆਂ 'ਤੇ ਨੱਚਣ ਲਈ ਮਜਬੂਰ ਕਰਨਾ ਹੁੰਦਾ ਹੈ- ਜੋ ਕੁਝ ਵੀ ਉਨ੍ਹਾਂ ਅੱਗੇ ਪਰੋਸਿਆ ਜਾਂਦਾ ਹੈ, ਉਸ ਨੂੰ ਬਿਨਾਂ ਕਿੰਤੂ-ਪ੍ਰੰਤੂ ਕੀਤੇ ਮੰਨਣਾ।

ਜਿਹੜੀ ਗੱਲ ਮੈਨੂੰ ਰੜਕੀ ਉਹ ਇਹ ਸੀ ਕਿ ਅਖ਼ਬਾਰਾਂ ਨੇ ਨਾਗਰਿਕਾਂ ਦੇ ਅਧਿਕਾਰਾਂ ਬਾਰੇ ਪ੍ਰਧਾਨ ਮੰਤਰੀ ਮੋਦੀ ਦੀ ਕਪਟ ਭਰੀ ਟਿੱਪਣੀ 'ਤੇ ਕੋਈ ਸੰਪਾਦਕੀ ਟਿੱਪਣੀ ਕੀਤੀ ਹੀ ਨਹੀਂ। ਇਹ ਚੁੱਪ ਮੈਨੂੰ ਪ੍ਰਧਾਨ ਮੰਤਰੀ ਦੀ ਆਲੋਚਨਾ ਕਰਨ ਤੋਂ ਡਰ ਦੀ ਨਿਸ਼ਾਨੀ ਜਾਪੀ। ਅਧਿਕਾਰਾਂ ਨੂੰ ਛਾਂਗਣ ਵੱਲ ਮੋਦੀ ਦਾ ਨਿਹਿਤ ਝੁਕਾਅ ਜਿੰਨਾ ਮਨਹੂਸ ਸੀ, ਬਾਅਦ ਵਿਚ ਮੈਨੂੰ ਉਸ ਦੀ ਇੱਕ ਹੋਰ ਟਿੱਪਣੀ ਮਿਲੀ ਜਿਸ ਤੋਂ ਪਤਾ ਲੱਗਿਆ ਹੈ ਕਿ ਉਸ ਨੂੰ ਇਸ ਮਾਮਲੇ ਵਿਚ ਜਾਣਬੁੱਝ ਕੇ ਸ਼ਾਮਲ ਕੀਤਾ ਜਾ ਰਿਹਾ ਸੀ।

26 ਨਵੰਬਰ 2023 ਨੂੰ ਪ੍ਰਧਾਨ ਮੰਤਰੀ ਨੇ ਆਪਣੇ ਰੇਡੀਓ ਭਾਸ਼ਣ 'ਮਨ ਕੀ ਬਾਤ' ਵਿਚ ਦਾਅਵਾ ਕੀਤਾ ਕਿ ਇਹ 'ਮੰਦਭਾਗਾ' ਸੀ ਕਿ ਭਾਰਤੀ ਸੰਵਿਧਾਨ ਵਿਚ ਪਹਿਲੀ ਸੋਧ (ਮਈ 1951) ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਨੂੰ 'ਛਾਂਗਣ' ਲਈ ਕੀਤੀ ਗਈ ਸੀ। ਜਿਵੇਂ ਉਸ ਦੀ ਖ਼ੂਬੀ ਹੈ, ਉਸ ਨੇ ਇਹ ਨਹੀਂ ਦੱਸਿਆ ਕਿ ਇਹ ਸੋਧ 'ਜ਼ਿਮੀਂਦਾਰੀ' ਪ੍ਰਣਾਲੀ ਖ਼ਤਮ ਕਰਨ ਅਤੇ ਦਲਿਤਾਂ ਨੂੰ ਜਾਤੀ ਦੇ ਜ਼ੁਲਮ ਤੋਂ ਬਚਾਉਣ ਲਈ ਵੀ ਸੀ। ਇਸ ਦੀ ਬਜਾਇ ਪ੍ਰਧਾਨ ਮੰਤਰੀ ਨੇ ਸੰਕੇਤ ਦਿੱਤਾ ਕਿ ਉਹ ਤੇ ਉਸ ਦੀ ਸਰਕਾਰ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ 'ਚ ਡਟ ਕੇ ਖੜ੍ਹੇ ਹਨ। ਉਸ ਦੇ ਰੇਡੀਓ ਭਾਸ਼ਣ ਦੇ 24 ਘੰਟਿਆਂ ਦੇ ਅੰਦਰ ਹੀ ਜੰਮੂ ਕਸ਼ਮੀਰ ਪੁਲਿਸ ਜੋ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਹੈ, ਨੇ ਵੰਨ ਡੇ ਇੰਟਰਨੈਸ਼ਨਲ ਵਰਲਡ ਕੱਪ ਫਾਈਨਲ ਵਿਚ ਭਾਰਤ ਉੱਤੇ ਆਸਟਰੇਲੀਆ ਦੀ ਜਿੱਤ ਦਾ ਜਸ਼ਨ ਮਨਾਉਣ ਲਈ ਦਹਿਸ਼ਤਵਾਦ ਵਿਰੋਧੀ ਕਾਲੇ ਕਾਨੂੰਨ- ਗੈਰ-ਕਾਨੂੰਨੀ ਕਾਰਵਾਈਆਂ (ਰੋਕੂ) ਐਕਟ (ਯੂ.ਏ.ਪੀ.ਏ.) ਤਹਿਤ ਸੱਤ ਵਿਦਿਆਰਥੀਆਂ ਵਿਰੁੱਧ ਦੋਸ਼ ਲਗਾਏ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ।

ਪੁਲਿਸ ਨੇ ਦਾਅਵਾ ਕੀਤਾ ਕਿ ਗ੍ਰਿਫਤਾਰੀਆਂ ਦਾ ਨਿਸ਼ਾਨਾ 'ਭਾਰਤ ਪੱਖੀ ਜਾਂ ਪਾਕਿਸਤਾਨ ਵਿਰੋਧੀ ਭਾਵਨਾਵਾਂ ਰੱਖਣ ਵਾਲਿਆਂ ਜਾਂ ਆਪਣੇ ਨਾਲ ਅਸਹਿਮਤ ਲੋਕਾਂ ਨੂੰ ਦਹਿਸ਼ਤਜ਼ਦਾ ਕਰਨ ਵਾਲੇ ਸਨ' ਹਾਲਾਂਕਿ ਵਿਆਪਕ ਆਲੋਚਨਾ ਕਾਰਨ ਪੁਲਿਸ ਨੂੰ ਛੇਤੀ ਹੀ ਪਿੱਛੇ ਹਟਣਾ ਪਿਆ। ਨੁਕਤਾ ਇਹ ਹੈ ਕਿ ਪੁਲਿਸ ਦਾ ਸੁਭਾਵਕ ਪ੍ਰਤੀਕਰਮ ਉਨ੍ਹਾਂ ਲੋਕਾਂ 'ਤੇ ਸ਼ਿਕੰਜਾ ਕੱਸਣਾ ਸੀ ਜਿਨ੍ਹਾਂ ਨੇ ਸਿੱਧੇ ਅਤੇ ਸੌੜੇ ਅੰਧਰਾਸ਼ਟਰਵਾਦੀ ਰਾਸ਼ਟਰਵਾਦ ਦੀ ਪੈੜ 'ਚ ਪੈੜ ਧਰਨ ਤੋਂ ਇਨਕਾਰ ਕਰ ਦਿੱਤਾ ਸੀ।

ਜੰਮੂ ਕਸ਼ਮੀਰ ਪੁਲਿਸ ਅਤੇ ਉਨ੍ਹਾਂ ਦੀ ਹਮਰੁਤਬਾ ਯੂ.ਪੀ. ਪੁਲਿਸ ਦੀ ਉਦੋਂ ਬਦਨਾਮੀ ਹੋਈ ਜਦੋਂ 2021 ਵਿਚ ਉਨ੍ਹਾਂ ਕ੍ਰਿਕਟ ਮੈਚ ਵਿਚ ਪਾਕਿਸਤਾਨ ਦੀ ਭਾਰਤ 'ਤੇ ਜਿੱਤ ਦਾ ਜਸ਼ਨ ਮਨਾਉਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ। ਪੁਲਿਸ ਨੂੰ ਇਸ ਜਸ਼ਨ ਵਿਚ 'ਦੇਸ਼ਧ੍ਰੋਹ' ਦੀ ਬੋਅ ਆਈ ਸੀ। ਮਹਾਰਾਸ਼ਟਰ ਵਿਚ ਪੁਣੇ ਪੁਲਿਸ ਨੇ ਲੋੜੀਂਦੀ ਇਜਾਜ਼ਤ ਲਈ ਹੋਣ ਦੇ ਬਾਵਜੂਦ 'ਨਿਰਭੈ ਬਾਨੋ ਅੰਦੋਲਨ' ਨੂੰ ਇੱਕ ਮੀਟਿੰਗ ਦੀ ਮੇਜ਼ਬਾਨੀ ਕਰਨ ਤੋਂ ਧੱਕੇ ਨਾਲ ਰੋਕਣ ਦੀ ਕੋਸ਼ਿਸ਼ ਕੀਤੀ ਜਿੱਥੇ ਉੱਘੇ ਪੱਤਰਕਾਰ ਨਿਖਿਲ ਵਾਗਲੇ ਨੇ ਬੋਲਣਾ ਸੀ। ਕਿਉਂ? ਕਿਉਂਕਿ ਸੱਜੇ ਪੱਖੀ ਖ਼ਰੂਦੀਆਂ ਨੇ ਮੀਟਿੰਗ ਦਾ ਵਿਰੋਧ ਕੀਤਾ ਸੀ ਅਤੇ ਇਸ ਵਿਚ ਖ਼ਲਲ ਪਾਉਣ ਦੀ ਧਮਕੀ ਦਿੱਤੀ ਸੀ। ਹੋਰ ਦੇਖੋ, ਪੁਣੇ ਪੁਲਿਸ ਨੇ ਮੀਟਿੰਗ ਦੇ ਪ੍ਰਬੰਧਕਾਂ ਵਿਰੁੱਧ ਆਈ.ਪੀ.ਸੀ. ਦੀ ਧਾਰਾ 153-ਏ (ਭਾਈਚਾਰਿਆਂ ਵਿਚਕਾਰ ਦੁਸ਼ਮਣੀ ਭੜਕਾਉਣ) ਦੇ ਤਹਿਤ ਐਫ.ਆਈ.ਆਰ. ਦਰਜ ਕੀਤੀ।

ਭਾਜਪਾ ਦੀ ਹਕੂਮਤ ਵਾਲੇ ਰਾਜਾਂ ਵਿਚ ਪੁਲਿਸ ਨਫ਼ਰਤ ਫੈਲਾਉਣ ਵਾਲਿਆਂ ਦੀ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਲਈ ਇੰਨੀ ਸੁਹਿਰਦ ਹੋ ਗਈ ਹੈ ਕਿ ਬੰਬਈ ਹਾਈ ਕੋਰਟ ਨੇ ਹਾਲ ਹੀ ਵਿਚ ਹੈਰਾਨੀ ਪ੍ਰਗਟ ਕੀਤੀ ਕਿ ਮੀਰਾ-ਭਾਇੰਦਰ ਅਤੇ ਵਸਈ-ਵਿਰਾਰ ਦੇ ਪੁਲਿਸ ਕਮਿਸ਼ਨਰ ਦੇ ਅਹਾਤਿਆਂ ਨੂੰ ਅਜਿਹੀ ਪ੍ਰੈੱਸ ਕਾਨਫਰੰਸ ਕਰਨ ਲਈ ਵਰਤਿਆ ਗਿਆ ਸੀ ਜਿੱਥੇ ਭਾਜਪਾ ਦੇ 'ਸਟਾਰ ਪਰਫਾਰਮਰਾਂ' ਵੱਲੋਂ ਕਥਿਤ ਤੌਰ 'ਤੇ ਨਫ਼ਰਤ ਭਰੇ ਭਾਸ਼ਣ ਦਿੱਤੇ ਗਏ।

ਵੱਖਰੇ ਵਿਚਾਰਾਂ, ਵੰਨ-ਸਵੰਨਤਾ ਅਤੇ ਅਸਹਿਮਤੀ ਪ੍ਰਤੀ ਅਸਹਿਣਸ਼ੀਲਤਾ ਹੁਣ ਵਿਆਪਕ ਹੈ। 10 ਅਪਰੈਲ 2023 ਨੂੰ ਬੰਬੇ ਹਾਈ ਕੋਰਟ ਨੇ ਆਪਣੇ ਹੁਕਮ ਵਿਚ ਦਾਅਵਾ ਕੀਤਾ ਕਿ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਜਾਵੇਦ ਅਹਿਮਦ ਹਜਾਮ ਦੀ ਵਟਸਐਪ ਪੋਸਟ ਵਿਚ 'ਲੋਕਾਂ ਦੇ ਸਮੂਹ ਦੀਆਂ ਭਾਵਨਾਵਾਂ ਨੂੰ ਭੜਕਾਉਣ ਦੀ ਸੰਭਾਵਨਾ' ਸੀ ਜਿਸ ਵਿਚ ਉਸ ਨੇ ਧਾਰਾ 370 ਨੂੰ ਰੱਦ ਕਰਨ ਦਾ ਜ਼ਿਕਰ 'ਕਾਲਾ ਦਿਨ' ਕਹਿ ਕੇ ਕੀਤਾ ਸੀ ਅਤੇ ਪਾਕਿਸਤਾਨ ਨੂੰ 'ਸੁਤੰਤਰਤਾ ਦਿਵਸ ਦੀਆਂ ਮੁਬਾਰਕਾਂ' ਦੀ ਸ਼ੁਭ ਕਾਮਨਾ ਭੇਜੀ ਸੀ - ਇਸ ਤਰ੍ਹਾਂ ਅਦਾਲਤ ਨੇ ਕੋਲਹਾਪੁਰ ਪੁਲਿਸ ਦੀ ਦਲੀਲ ਨੂੰ ਬਰਕਰਾਰ ਰੱਖਿਆ।

ਇਤਫ਼ਾਕ ਨਾਲ ਇਹ ਕੇਸ ਸੁਣਵਾਈ ਲਈ ਜਸਟਿਸ ਅਭੈ ਐੱਸ. ਓਕਾ ਅਤੇ ਉਜਵਲ ਭੂਈਆਂ ਦੇ ਸੁਪਰੀਮ ਕੋਰਟ ਬੈਂਚ ਕੋਲ ਚਲਾ ਗਿਆ ਜਿਨ੍ਹਾਂ ਨੇ 7 ਮਾਰਚ 2024 ਨੂੰ ਹਾਈ ਕੋਰਟ ਦਾ ਹੁਕਮ ਇਹ ਦੁਹਰਾਉਂਦਿਆਂ ਰੱਦ ਕਰ ਦਿੱਤਾ ਕਿ 'ਉਚਿਤ' ਭਾਸ਼ਣ ਲਈ ਮਾਪਦੰਡ 1947 'ਚ ਜਸਟਿਸ ਵਿਵੀਅਨ ਬੋਸ ਦੁਆਰਾ ਸਥਾਪਤ ਕੀਤਾ ਗਿਆ ਸੀ ਜਦੋਂ ਉਨ੍ਹਾਂ ਨੇ ਕਿਹਾ ਕਿ: "... ਸ਼ਬਦਾਂ ਦੇ ਪ੍ਰਭਾਵ ਨੂੰ ਉਚਿਤ, ਮਜ਼ਬੂਤ ਦਿਮਾਗ ਵਾਲੇ, ਦ੍ਰਿੜ੍ਹ ਅਤੇ ਦਲੇਰ ਆਦਮੀਆਂ (ਇਸੇ ਤਰ੍ਹਾਂ ਲਿਖਿਆ ਗਿਆ ਹੈ) ਦੇ ਮਾਪਦੰਡਾਂ ਦੁਆਰਾ ਅੰਗਿਆ ਜਾਣਾ ਚਾਹੀਦਾ ਹੈ, ਨਾ ਕਿ ਉਨ੍ਹਾਂ ਲੋਕਾਂ ਦੁਆਰਾ ਜਿਨ੍ਹਾਂ ਨੂੰ ਹਰ ਵਿਰੋਧੀ ਨਜ਼ਰੀਏ ਵਿਚ ਖ਼ਤਰੇ ਦੀ ਬੋਅ ਆਉਂਦੀ ਹੈ।"

ਮੈਂ 'ਇਤਫ਼ਾਕ ਨਾਲ' ਸ਼ਬਦ ਵਰਤਿਆ ਹੈ ਕਿਉਂਕਿ ਮੈਨੂੰ ਸ਼ੱਕ ਹੈ ਕਿ ਜੇਕਰ ਮਾਮਲਾ ਸੁਪਰੀਮ ਕੋਰਟ ਦੇ ਕਿਸੇ ਹੋਰ ਬੈਂਚ ਕੋਲ ਚਲਿਆ ਜਾਂਦਾ ਤਾਂ ਨਤੀਜਾ ਇਹੀ ਹੁੰਦਾ। ਫਿਰ ਵੀ, ਭਾਰਤੀ ਰਾਜਨੀਤੀ ਵਿਚ ਆਜ਼ਾਦੀ ਅਤੇ ਆਪਣੇ

*(ਬਾਕੀ ਅਗਲੇ ਸਫੇ 'ਤੇ)*

ਅਧਿਕਾਰਾਂ ਦੀ ਵਰਤੋਂ ਕਰਨ ਦੀ ਥਾਂ ਸਪਸ਼ਟ ਤੌਰ 'ਤੇ ਸੁੰਗੜੀ ਹੈ।

### ਹੋਰ ਨਿਵਾਣਾਂ ਵੱਲ ਲਿਜਾਣ ਦਾ ਸਿਲਸਿਲਾ

ਮੈਨੂੰ ਸ਼ੱਕ ਹੈ ਕਿ ਉਸ ਹਾਲਤ 'ਚ ਪੁਲਿਸ ਅਧਿਕਾਰੀ ਕੀ ਆਪਣੇ ਕੰਮ ਵਿਚ ਇਸ ਮਾਪਦੰਡ ਦਾ ਸਤਿਕਾਰ ਕਰਨਗੇ ਅਤੇ ਇਸ ਦੀ ਪਾਲਣਾ ਕਰਨਗੇ? ਖ਼ਾਸ ਕਰ ਕੇ ਜਦੋਂ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਇਹ ਗੱਲ ਕਹੀ ਸੀ ਜੋ ਕਾਫ਼ੀ ਚਰਚਿਤ ਹੋਈ ਕਿ "ਸਿਵਲ ਸੁਸਾਇਟੀ ਯੁੱਧ ਦੀ ਚੌਥੀ ਪੀੜ੍ਹੀ ਦਾ ਲੜਾਈ ਦਾ ਮੈਦਾਨ ਬਣ ਗਿਆ ਹੈ।" ਉਸ ਨੇ ਦਾਅਵਾ ਕੀਤਾ ਕਿ ਸਿਵਲ ਸੁਸਾਇਟੀ ਨੂੰ "ਰਾਸ਼ਟਰ ਹਿੱਤਾਂ ਨੂੰ ਠੇਸ ਪਹੁੰਚਾਉਣ ਲਈ ਵਿਗਾੜਿਆ, ਵੰਡਿਆ ਅਤੇ ਹੇਰਫੇਰੀ ਨਾਲ ਵਰਤਿਆ ਜਾ ਸਕਦਾ ਹੈ।" ਕੋਈ ਜੀਵੰਤ ਸਿਵਲ ਸੁਸਾਇਟੀ ਅਤੇ ਇਸ ਦੀ ਸਰਗਰਮੀ ਨੂੰ 'ਚੌਥੀ ਪੀੜ੍ਹੀ ਦੇ ਯੁੱਧ' ਦੇ ਰੂਪ ਵਿਚ ਚਿਤਰਿਤ ਕਰਦੇ ਹੋਏ ਕੌਮੀ ਸੁਰੱਖਿਆ ਸਲਾਹਕਾਰ ਅਸਹਿਮਤੀ ਅਤੇ ਸੁਤੰਤਰ ਗੈਰ-ਸਰਕਾਰੀ ਅਗਵਾਈ ਵਾਲੀਆਂ ਸਰਗਰਮੀਆਂ ਪ੍ਰਤੀ ਸਰਕਾਰ ਦੀ ਘੋਰ ਅਸਹਿਣਸ਼ੀਲਤਾ ਦਾ ਸੰਕੇਤ ਦੇ ਰਿਹਾ ਸੀ।

ਜਾਪਦਾ ਸੀ ਕਿ 'ਤੋੜ-ਫੋੜ ਅਤੇ ਹੇਰ-ਫੇਰ' ਨੂੰ ਐਨਾ ਵਧਾ-ਚੜ੍ਹਾ ਕੇ ਪੇਸ਼ ਕਰਨਾ ਉਨ੍ਹਾਂ ਲੋਕਾਂ ਉੱਪਰ ਪੁਲਿਸ ਦਾ ਸ਼ਿਕੰਜਾ ਕੱਸਣ ਦਾ ਸੱਦਾ ਦੇਣਾ ਸੀ ਜੋ ਸਰਕਾਰੀ ਹੁਕਮਾਂ ਦੀ ਪਾਲਣਾ ਕਰਨ ਤੋਂ ਇਨਕਾਰੀ ਹਨ। ਸਿਵਲ ਸੁਸਾਇਟੀ ਦੇ ਅਹਿੰਸਕ ਸਰਗਰਮੀਆਂ ਕਰਨ ਨੂੰ 'ਯੁੱਧ' ਦੇ ਪੱਧਰ ਤੱਕ ਪੇਸ਼ ਕਰਨਾ ਦੂਜੀ ਭਿਆਨਕ ਵਿਸ਼ੇਸ਼ਤਾ ਹੈ। ਸ਼ਾਂਤੀ ਦੇ ਉਲਟ, ਯੁੱਧ ਵਿਰੋਧੀਆਂ ਨੂੰ ਦੁਸ਼ਮਣਾਂ ਵਿਚ ਬਦਲ ਦਿੰਦਾ ਹੈ। ਨਰਮ ਸ਼ਬਦ ਵਰਤੀਏ ਤਾਂ ਯੁੱਧ ਵਿਚ ਦੁਸ਼ਮਣ ਨੂੰ 'ਬੇਅਸਰ ਬਣਾਉਣਾ' ਹੁੰਦਾ ਹੈ। ਇਸ ਦੇ ਉਲਟ, ਅਮਨ-ਸ਼ਾਂਤੀ ਦੇ ਸਮੇਂ ਵਿਰੋਧੀ ਸੰਭਾਵੀ ਸਹਿਯੋਗੀ ਹੁੰਦਾ ਹੈ ਜਿਸ ਨਾਲ ਦੋਸਤੀ ਕੀਤੀ ਜਾਣੀ ਚਾਹੀਦੀ ਹੈ ਜਾਂ ਘੱਟੋ-ਘੱਟ ਉਸ ਨੂੰ ਦੁਸ਼ਮਣ ਬਣਨ ਵੱਲ ਨਹੀਂ ਧੱਕਿਆ ਜਾਂਦਾ। ਜੇਕਰ ਸਿਵਲ ਸੁਸਾਇਟੀ ਯੁੱਧ ਦੇ ਮੋਰਚੇ ਵਿਚ ਬਦਲ ਜਾਂਦੀ ਹੈ ਤਾਂ 'ਕੌਮੀ ਸੁਰੱਖਿਆ' ਨਾਗਰਿਕਾਂ ਦੀਆਂ ਸੰਵਿਧਾਨਕ ਆਜ਼ਾਦੀਆਂ ਅਤੇ ਅਧਿਕਾਰਾਂ ਨੂੰ ਦਰੜ ਦੇਵੇਗੀ।

ਇਹ ਚੇਤੇ ਰੱਖਣ ਵਾਲੀ ਗੱਲ ਹੈ ਕਿ ਸਿਵਲ ਸੁਸਾਇਟੀ ਦੀ ਸਰਗਰਮੀ ਜ਼ਰੂਰੀ ਹੈ ਕਿਉਂਕਿ ਕਾਨੂੰਨ ਘਾੜੇ, ਕਾਨੂੰਨ ਲਾਗੂ ਕਰਨ ਵਾਲੇ ਜਾਂ ਨਿਆਂ ਦੇਣ ਵਾਲੇ, ਕੋਈ ਵੀ ਗ਼ਲਤੀਆਂ ਤੋਂ ਮੁਕਤ ਨਹੀਂ ਹੈ; ਸਾਰੇ ਇਨਸਾਨਾਂ ਵਾਂਗ ਉਹ ਵੀ ਗ਼ਲਤੀਆਂ ਕਰਦੇ ਹਨ, ਕਈ ਵਾਰ ਤਾਂ ਬਹੁਤ ਗੰਭੀਰ ਵੀ। ਸਿਵਲ ਸੁਸਾਇਟੀ ਦੀ ਸਰਗਰਮੀ ਅਤੇ ਦਲੀਲ ਰਾਜਨੀਤੀ ਤੇ ਸਮਾਜ ਨੂੰ ਨੁਕਸਾਨ ਪਹੁੰਚਾਉਣ ਤੋਂ ਬਚਾਉਣ, ਟਕਰਾਅ ਖੜ੍ਹੇ ਕਰਨ ਤੋਂ ਰੋਕਣ ਅਤੇ ਹੁਕਮਰਾਨਾਂ ਨੂੰ ਤਾਨਾਸ਼ਾਹ ਬਣਨ ਤੋਂ ਡੱਕਣ ਵਿਚ ਮਦਦ ਕਰਦੀ ਹੈ।

ਜਦੋਂ ਭੀਮਾ ਕੋਰੇਗਾਓਂ-16 (ਬੀ.ਕੇ.-16) ਨੂੰ ਚਿੱਠੀ-ਪੱਤਰ ਦੇ ਮੁੱਦੇ ਦਾ ਸਾਹਮਣਾ ਕਰਨਾ ਪਿਆ ਜਿਸ ਨੂੰ ਜੇਲ੍ਹ ਪ੍ਰਸ਼ਾਸਨ ਵੱਲੋਂ ਜਾਂਚ ਏਜੰਸੀਆਂ ਨੂੰ ਦਿਖਾਇਆ ਜਾ ਰਿਹਾ ਸੀ ਤਾਂ ਅਸੀਂ ਵਿਰੋਧ ਕੀਤਾ ਅਤੇ ਮੇਰੇ ਕੁਝ ਸਾਥੀ ਮੁਲਜ਼ਮਾਂ ਨੇ ਬੰਬੇ ਹਾਈ ਕੋਰਟ ਅਤੇ ਮਹਾਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਤੱਕ ਪਹੁੰਚ ਕੀਤੀ। ਨਤੀਜੇ ਵਜੋਂ ਜੇਲ੍ਹ ਸੁਪਰਡੈਂਟ ਨੇ ਸਾਨੂੰ ਕਿਸੇ ਹੋਰ ਜੇਲ੍ਹ ਵਿਚ ਤਬਦੀਲ ਕਰਨ ਬਾਰੇ ਸੋਚਿਆ। ਉਸ ਨੇ ਸਾਨੂੰ ਭਾਵੇਂ ਕਿਸੇ ਹੋਰ ਜੇਲ੍ਹ ਵਿਚ ਚਲੇ ਜਾਣ ਲਈ ਮਨਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਅਸੀਂ ਇਨਕਾਰ ਕਰ ਦਿੱਤਾ। ਸਾਰੇ ਬੀ.ਕੇ.-16 ਨੇ ਇਸ ਨੂੰ ਰੱਦ ਕਰ ਦਿੱਤਾ। ਕੀ ਸੁਪਰਡੈਂਟ ਨੂੰ ਸਾਡੇ ਨਾਲ ਗੱਲ ਕਰਨ ਲਈ ਐਨੇ ਵੱਡੇ ਕਦਮ ਦਾ ਸਹਾਰਾ ਲੈਣਾ ਪਿਆ? ਇਹ ਮਿਸਾਲ ਦਰਸਾਉਂਦੀ ਹੈ ਕਿ ਕਿਵੇਂ ਜੇਲ੍ਹ ਦੇ ਬੌਸਾਂ ਨੂੰ ਬਹੁਤ ਸਾਰੀਆਂ ਮਨਮਾਨੀਆਂ ਤਾਕਤਾਂ ਪ੍ਰਾਪਤ ਹਨ ਅਤੇ ਸ਼ਾਇਦ ਹੀ ਕਦੇ ਸੱਤਾ ਦੇ ਉੱਚ ਪੱਧਰ ਦੇ ਲੋਕ (ਪੁਲਿਸ ਤੇ ਗ੍ਰਹਿ ਵਿਭਾਗ) ਉਨ੍ਹਾਂ ਦੇ ਫ਼ੈਸਲਿਆਂ ਦਾ ਵਿਰੋਧ ਕਰਦੇ ਹਨ।

ਜੇਲ੍ਹ ਸੁਪਰਡੈਂਟ ਨੂੰ ਸਾਨੂੰ ਕਿਸੇ ਹੋਰ ਜੇਲ੍ਹ ਵਿਚ ਤਬਦੀਲ ਕਰਨ ਦਾ ਇਹ ਰਾਹ ਅਪਣਾਉਣ ਲਈ ਮਜਬੂਰ ਹੋਣਾ ਪਿਆ ਕਿਉਂਕਿ ਜੇਲ੍ਹ ਅਧਿਕਾਰੀਆਂ ਦੀ ਮੁਜਰਮਾਨਾ ਅਣਗਹਿਲੀ ਕਾਰਨ ਫਾਦਰ ਸਟੈਨ ਸਵਾਮੀ ਦੀ ਮੌਤ ਸਮੇਤ ਕਈ ਕਾਰਨਾਂ ਕਰਕੇ ਉਸ ਨੂੰ ਅਦਾਲਤਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇੰਝ ਲੱਗਦਾ ਹੈ ਕਿ ਅਜਿਹੀ ਮਨਮਾਨੀ ਹਾਲ ਹੀ ਵਿਚ ਫੈਲੀ ਹੈ ਜਦੋਂ ਹਾਕਮ ਨਾਗਰਿਕਾਂ ਦੇ ਅਧਿਕਾਰਾਂ ਨੂੰ ਸੀਮਤ ਕਰਨ ਅਤੇ ਆਪਣੇ ਆਪ ਨੂੰ ਹੋਰ ਤਾਕਤਵਰ ਬਣਾਉਣ 'ਚ ਲੱਗੇ ਹੋਏ ਹਨ। ਉਹ ਉਦੋਂ ਹੀ ਪਿੱਛੇ ਹਟਦੇ ਹਨ ਜਦੋਂ ਉਨ੍ਹਾਂ ਨੂੰ ਲੋਕ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ - ਜਿਵੇਂ ਕਿਸਾਨਾਂ ਦੇ ਵਿਰੋਧ ਨੇ ਦਿਖਾਇਆ ਅਤੇ ਮਹਾਮਾਰੀ ਦੇ ਦੌਰਾਨ ਸੰਸਦ ਵਿਚ ਕਾਹਲੀ-ਕਾਹਲੀ ਪੇਸ਼ ਕੀਤੇ ਤਿੰਨ ਕਿਸਾਨ ਵਿਰੋਧੀ ਬਿੱਲ ਵਾਪਸ ਲੈਣੇ ਪਏ। ਵਿਆਪਕ ਆਲੋਚਨਾ ਅਤੇ ਵਿਰੋਧ ਦਾ ਸਾਹਮਣਾ ਕਰਨ 'ਤੇ ਜੇਲ੍ਹ ਸੁਪਰਡੈਂਟ ਵੀ ਰਾਜ਼ੀਨਾਮਾ ਕਰਦਾ ਪ੍ਰਤੀਤ ਹੋਇਆ। ਇਹ ਸਾਡੇ ਜ਼ਮਾਨੇ ਦੀ ਇੱਕ ਹੋਰ ਵਿਸ਼ੇਸ਼ਤਾ ਹੈ ਜੋ ਮੇਰੇ ਜ਼ਿਹਨ 'ਚ ਆਉਂਦੀ ਹੈ।

ਹੈਦਰਾਬਾਦ ਵਿਚ ਐੱਸ.ਵੀ.ਪੀ. ਨੈਸ਼ਨਲ ਅਕੈਡਮੀ ਵਿਚ ਆਈ.ਪੀ.ਐੱਸ. ਪ੍ਰੋਬੇਸ਼ਨਰਾਂ ਦੇ 2020 ਬੈਚ ਨੂੰ ਸੰਬੋਧਨ ਕਰਦਿਆਂ (12 ਨਵੰਬਰ 2021) ਕੌਮੀ ਸੁਰੱਖਿਆ ਸਲਾਹਕਾਰ ਨੇ ਕਿਹਾ ਕਿ ਲੋਕਤੰਤਰ 'ਚੁਣੇ ਹੋਏ ਨੁਮਾਇੰਦਿਆਂ ਦੁਆਰਾ ਬਣਾਏ ਗਏ ਕਾਨੂੰਨ ਹਨ।' ਇਹੀ ਉਹ ਚੀਜ਼ ਹੈ ਜੋ 'ਕਾਨੂੰਨ ਦੇ ਰਾਜ' ਨੂੰ 'ਕਾਨੂੰਨ ਦੁਆਰਾ ਰਾਜ' ਤੋਂ ਵੱਖ ਕਰਦੀ ਹੈ; ਪਹਿਲਾ ਲੋਕਤੰਤਰ ਦੀ ਜ਼ਰੂਰੀ ਵਿਸ਼ੇਸ਼ਤਾ ਹੈ ਅਤੇ ਮਗਰਲਾ ਤਾਨਾਸ਼ਾਹੀ ਦੀ। ਜਿਹੜੇ ਕਾਨੂੰਨ ਚੁਣੇ ਹੋਏ ਨੁਮਾਇੰਦਿਆਂ ਦੁਆਰਾ ਬਣਾਏ ਜਾਂਦੇ ਹਨ, ਉਨ੍ਹਾਂ ਦਾ ਕੋਈ ਮਹੱਤਵ ਨਹੀਂ ਸਮਝਿਆ ਜਾਂਦਾ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੀ 17ਵੀਂ ਪਾਰਲੀਮੈਂਟ ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਲੋਕ ਸਭਾ ਵਿਚ 222 ਵਿਚੋਂ 45 ਬਿੱਲ ਇੱਕੋ ਬੈਠਕ ਵਿਚ ਪਾਸ ਕਰ ਦਿੱਤੇ ਗਏ ਸਨ। ਹੋਰ 20 ਬਿੱਲ ਸੰਸਦ ਦੇ ਦੋਵਾਂ ਸਦਨਾਂ ਵਿਚ ਇੱਕੋ ਦਿਨ ਵਿਚ ਪਾਸ ਕਰ ਦਿੱਤੇ ਗਏ ਸਨ। ਇਸ ਵਿਚ ਧਾਰਾ 370 ਨੂੰ ਰੱਦ ਕਰਨ ਦਾ ਬਿੱਲ ਵੀ ਸ਼ਾਮਲ ਹੈ ਜਿਸ ਨੇ ਵਿਸ਼ੇਸ਼ ਦਰਜੇ ਵਾਲੇ ਰਾਜ ਦਾ ਦਰਜਾ ਘਟਾ ਕੇ ਉਸ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡ ਦਿੱਤਾ। ਇਹ ਗੱਲ ਪਾਰਲੀਮੈਂਟ ਵਿਚ ਨਿਰੰਕੁਸ਼ ਬਹੁਮਤ ਨੂੰ ਜਨਮ ਦਿੰਦੀ ਹੈ ਜਿੱਥੇ ਸੱਤਾਧਾਰੀ ਬਹੁਗਿਣਤੀ ਮਹੱਤਵਪੂਰਨ ਬਿੱਲਾਂ ਨੂੰ ਘੋਖੇ-ਪਰਖੇ ਅਤੇ ਬਹਿਸ ਕੀਤੇ ਬਿਨਾਂ ਹੀ ਪਾਸ ਕਰ ਦਿੰਦੀ ਹੈ। ਸੁਪਰੀਮ ਕੋਰਟ ਨੇ ਪਿੱਛੇ ਜਿਹੇ ਸਰਕਾਰ ਨੂੰ ਇਸ ਤਰੀਕੇ ਨਾਲ ਫਟਾਫਟ ਬਿੱਲਾਂ ਨੂੰ ਪਾਸ ਕਰਨ ਵਿਰੁੱਧ ਸਾਵਧਾਨ ਕੀਤਾ ਸੀ ਕਿਉਂਕਿ ਖਰੜਾ ਤਿਆਰ ਕਰਨ ਵਿਚ ਗ਼ਲਤੀਆਂ ਦੇ ਨਤੀਜੇ ਵਜੋਂ ਵੱਡੇ ਪੱਧਰ 'ਤੇ ਮੁਕੱਦਮਿਆਂ ਦੀ ਭਰਮਾਰ ਹੋ ਜਾਂਦੀ ਹੈ ਜਿਸ ਨਾਲ ਪਹਿਲਾਂ ਹੀ ਵਾਧੂ ਬੋਝ ਹੇਠ ਦਬੀ ਨਿਆਂ ਪ੍ਰਣਾਲੀ ਹੋਰ ਜਾਮ ਹੋ ਦਿੰਦੀ ਹੈ।

ਅਜੀਬ ਗੱਲ ਹੈ ਕਿ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੂੰ ਧਾਰਾ 370 ਨੂੰ ਰੱਦ ਕਰਨ ਵਿਚ ਕੁਝ ਵੀ ਗ਼ਲਤ ਨਹੀਂ ਦਿਸਿਆ ਅਤੇ ਜੰਮੂ ਕਸ਼ਮੀਰ ਦਾ ਦਰਜਾ ਘਟਾਏ ਜਾਣ ਨੂੰ ਪੂਰੀ ਤਰ੍ਹਾਂ ਵਾਜਬ ਕਰਾਰ ਦੇ ਦਿੱਤਾ ਗਿਆ। ਵਿਸ਼ੇਸ਼ ਦਰਜਾ ਰੱਦ ਕਰਨ ਨਾਲ ਜਾਬਰ ਹਮਲਾ ਵੀ ਕੀਤਾ ਗਿਆ ਜਿਸ ਵਿਚ ਪੂਰੇ ਜੰਮੂ ਕਸ਼ਮੀਰ ਵਿਚ 7000 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਜੰਮੂ-ਕਸ਼ਮੀਰ ਹਾਈ ਕੋਰਟ ਨੇ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਦੀ ਕਿਸੇ ਵੀ ਹਾਬੀਅਸ-ਕਾਰਪਸ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰਦੇ ਹੋਏ ਮੂੰਹ ਫੇਰ ਲਿਆ।

ਏਡੀਆਰ ਨੇ ਇਹ ਵੀ ਦੱਸਿਆ ਕਿ 15ਵੀਂ ਸੰਸਦ (2009-2014) ਦੇ ਉਲਟ, ਜਿਸ ਨੇ ਆਪਣੇ ਸਾਹਮਣੇ ਪੇਸ਼ ਕੀਤੇ ਗਏ 71 ਬਿੱਲਾਂ ਦੀ ਘੋਖ-ਪਰਖ ਕੀਤੀ, 16ਵੀਂ ਸੰਸਦ (2014-2019) ਸਿਰਫ਼ 26 ਬਿੱਲਾਂ ਦੀ ਘੋਖ-ਪਰਖ ਕਰਨ ਵਿਚ ਸਫ਼ਲ ਹੋਈ। ਨਤੀਜਾ ਇਹ ਹੋਇਆ ਕਿ ਘੋਖ-ਪਰਖ ਨੂੰ ਦਰਕਿਨਾਰ ਕਰਕੇ ਕਾਨੂੰਨ ਦੇ ਰਾਜ ਨੂੰ ਕਮਜ਼ੋਰ ਕੀਤਾ ਗਿਆ। ਯਾਦ ਕਰੋ ਕਿ ਨਵੇਂ ਅਪਰਾਧਿਕ ਕਾਨੂੰਨ ਕੋਡਾਂ ਨੂੰ ਮਨਜ਼ੂਰੀ ਇੱਕ ਸੰਸਦੀ ਕਮੇਟੀ ਵੱਲੋਂ ਲੰਗੜੀ-ਲੂਲੀ ਜਾਂਚ ਦੁਆਰਾ ਦਿੱਤੀ ਗਈ ਸੀ ਅਤੇ ਸਰਕਾਰ ਦੇਸ਼ ਲਈ ਬਿੱਲਾਂ 'ਤੇ ਬਹਿਸ ਕਰਨ ਤੋਂ ਝਿਜਕ ਰਹੀ ਸੀ।

'ਭਾਰਤ ਕੋਡ' ਦੀ ਕਮਾਲ ਦੀ ਗੱਲ ਇਹ ਹੈ ਕਿ ਇਹ ਵਾਸਤਵ ਵਿਚ ਬਸਤੀਵਾਦੀ ਯੁੱਗ ਦੇ ਭਿਆਨਕ 'ਪੁਲਿਸ ਰਾਜ' ਨੂੰ ਵਾਪਿਸ ਲਿਆਉਂਦੇ ਹਨ। ਭਾਰਤ ਵਿਚ ਪੁਲਿਸ ਦਾ ਸੰਚਾਲਨ ਅਜੇ ਵੀ ਬਸਤੀਵਾਦੀ ਐਕਟ (ਭਾਰਤੀ ਪੁਲਿਸ ਐਕਟ-1861) ਕਰਦਾ ਹੈ ਅਤੇ ਇਸ ਨੂੰ ਕਮਿਊਨਿਟੀ ਪੁਲਿਸ ਦੇ ਰੂਪ ਵਿਚ ਨਹੀਂ ਬਲਕਿ ਨੀਮ-ਫ਼ੌਜੀ ਬਣਤਰ ਦੇ ਰੂਪ 'ਚ ਬਣਾਇਆ ਗਿਆ ਹੈ। ਭਾਜਪਾ ਦੀ ਹਕੂਮਤ ਵਾਲੇ ਰਾਜਾਂ ਵਿਚ ਇਹ ਹੁਣ ਬਿਨਾਂ ਕਿਸੇ ਅਦਾਲਤੀ ਆਦੇਸ਼ ਦੇ ਬਾਕਾਇਦਾ ਕਾਰਵਾਈ ਦੇ ਰੂਪ 'ਚ 'ਬੁਲਡੋਜ਼ਰ ਨਿਆਂ' ਕਰਦੀ ਹੈ। ਨਵੇਂ ਕੋਡ ਵਿਚ, ਅਪਰਾਧ ਦੇ ਅਧਾਰ 'ਤੇ, ਆਮ ਅਪਰਾਧਿਕ ਕਾਨੂੰਨ ਲਈ ਪੁਲਿਸ ਹਿਰਾਸਤ ਮੌਜੂਦਾ 15 ਦਿਨਾਂ ਤੋਂ ਵਧਾ ਕੇ 90 ਦਿਨ ਤੱਕ ਕਰ ਦਿੱਤੀ ਗਈ ਹੈ। ਇਹ ਪੁਲਿਸ ਨੂੰ ਅਦਾਲਤ ਦੇ ਵਾਰੰਟ ਤੋਂ ਬਿਨਾਂ ਗ੍ਰਿਫ਼ਤਾਰ ਕਰਨ, ਤਲਾਸ਼ੀ ਲੈਣ ਅਤੇ ਜ਼ਬਤ ਕਰਨ ਦੀਆਂ ਮਨਮਾਨੀਆਂ ਤਾਕਤਾਂ ਦਿੰਦਾ ਹੈ। ਭਾਰਤੀ ਨਿਆਇ ਸੰਹਿਤਾ ਦੇ ਅਧਿਆਇ 7 ਵਿਚ ਰਾਜ ਦੇ ਵਿਰੁੱਧ ਵਿਸਤਾਰੀ ਭਾਸ਼ਾ ਅਤੇ ਰਾਜ ਦੇ ਵਿਰੁੱਧ ਅਪਰਾਧਾਂ ਦੀ ਅਸਪਸ਼ਟ ਪਰਿਭਾਸ਼ਾ ਦੇ ਨਾਲ ਦੇਸ਼ਧ੍ਰੋਹ ਕਾਨੂੰਨ ਦਾ ਧੋਖੇਬਾਜ਼ ਰੂਪ ਸ਼ਾਮਲ ਕੀਤਾ ਗਿਆ ਹੈ। ਇਸ ਤਰ੍ਹਾਂ ਫ਼ੌਜਦਾਰੀ ਕਾਨੂੰਨ ਕੋਡਾਂ ਨੂੰ ਬਸਤੀਆਨਾ ਵਿਰਾਸਤ ਤੋਂ ਮੁਕਤ ਕਰਨ ਅਤੇ ਨਾਗਰਿਕਾਂ ਦੇ ਹਿੱਤਾਂ ਤੇ ਅਧਿਕਾਰਾਂ ਨੂੰ ਕੇਂਦਰ ਵਿਚ ਰੱਖਣ ਦੀ ਬਜਾਇ ਨਵੇਂ ਕੋਡ ਨਾਗਰਿਕਾਂ ਨੂੰ ਅਧਿਕਾਰਾਂ ਦੇ ਅਧੀਨ ਕਰਦੇ ਹਨ।

ਮੈਨੂੰ ਜੁਲਾਈ 2020 ਵਿਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ.ਆਈ.ਏ.) ਦੁਆਰਾ ਆਪਣੀ 11 ਦਿਨ ਲੰਮੀ ਪੁੱਛਗਿੱਛ ਚੇਤੇ ਹੈ ਜਿਸ ਦੌਰਾਨ ਮੈਨੂੰ ਦੱਸਿਆ ਗਿਆ ਕਿ ਇੱਕ ਵਾਰ ਸੰਸਦ ਨੇ ਕੋਈ ਕਾਨੂੰਨ ਪਾਸ ਕਰ ਦਿੱਤਾ ਹੈ ਅਤੇ ਜੇ ਮੈਨੂੰ ਇਸ ਬਾਰੇ ਕੋਈ ਇਤਰਾਜ਼ ਹੈ ਤਾਂ ਇਸ ਦਾ ਵਿਰੋਧ ਕਰਨ ਦੀ ਬਜਾਇ ਮੈਨੂੰ ਅਦਾਲਤ ਵਿਚ ਜਾਣਾ ਚਾਹੀਦਾ ਹੈ। ਮੈਂ ਇਸ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਕਿਉਂਕਿ ਨਾਗਰਿਕ ਆਪਣੇ ਨੁਮਾਇੰਦਿਆਂ ਨੂੰ ਚੁਣਦੇ ਹਨ, ਇਸ ਦਾ ਮਤਲਬ ਇਹ ਨਹੀਂ ਹੈ ਕਿ ਉਨ੍ਹਾਂ ਨੇ ਪੰਜ ਸਾਲਾਂ ਲਈ ਆਪਣੀ ਪ੍ਰਭੂਸੱਤਾ ਗਹਿਣੇ ਧਰ ਦਿੱਤੀ ਹੈ ਅਤੇ ਨਾ ਹੀ ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਜੋ ਪਰੋਸਿਆ ਜਾਂਦਾ ਹੈ, ਉਸ ਦੀ ਲਾਜ਼ਮੀ ਪਾਲਣਾ ਕਰਨ। ਮੈਂ ਜ਼ੋਰ ਦਿੱਤਾ ਕਿ ਨਾਗਰਿਕਾਂ ਨੂੰ ਉਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ ਦਾ ਆਪਣਾ ਅਧਿਕਾਰ ਬਰਕਰਾਰ ਰੱਖਣਾ ਚਾਹੀਦਾ ਹੈ ਜੋ ਅਨਿਆਂਕਾਰੀ ਨਰੋਕੇ ਅਤੇ ਪਾਟਕ-ਪਾਊ ਹਨ।

ਐਨ.ਆਈ.ਏ. ਦੇ ਤਫ਼ਤੀਸ਼ੀ ਅਧਿਕਾਰੀ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਪੀ.ਯੂ.ਡੀ.ਆਰ.) ਵਰਗੀਆਂ ਨਾਗਰਿਕ ਆਜ਼ਾਦੀਆਂ ਦੀਆਂ ਜਥੇਬੰਦੀਆਂ ਜਿਸ ਦਾ ਮੈਂ ਮੈਂਬਰ ਹਾਂ, ਵੱਲੋਂ ਯੂ.ਏ.ਪੀ.ਏ. ਦੀ ਆਲੋਚਨਾ ਕੀਤੇ ਜਾਣ ਦੇ ਨਾਲ-ਨਾਲ ਹਿੰਦੂਤਵੀ ਦਹਿਸ਼ਤ ਨਾਲ ਜੁੜੇ ਕੇਸਾਂ ਵਿਚ ਐਨ.ਆਈ.ਏ. ਦੇ ਵਾਰ-ਵਾਰ ਅਸਫ਼ਲ ਹੋਣ ਦੀ ਆਲੋਚਨਾ ਕਰਨ ਕਰ ਕੇ ਨਾਖ਼ੁਸ਼ ਸਨ। ਤਫ਼ਤੀਸ਼ੀ ਅਧਿਕਾਰੀ ਇਸ ਗੱਲੋਂ ਹੈਰਾਨ ਸੀ ਕਿ ਨਾਗਰਿਕ ਆਜ਼ਾਦੀਆਂ ਦੀਆਂ ਜਥੇਬੰਦੀਆਂ ਨੇ ਜੀ.ਐਨ. ਸਾਈਬਾਬਾ ਅਤੇ ਪੰਜ ਹੋਰਾਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਦੇ ਹੇਠਲੀ ਅਦਾਲਤ ਦੇ ਆਦੇਸ਼ ਦਾ ਵਿਰੋਧ ਕੀਤਾ। ਹੁਣ ਜਦੋਂ ਬੰਬੇ ਹਾਈ ਕੋਰਟ ਨੇ ਉਨ੍ਹਾਂ ਸਾਰਿਆਂ ਨੂੰ ਬਰੀ ਕਰ ਦਿੱਤਾ ਹੈ ਤਾਂ ਮੈਨੂੰ ਸ਼ੱਕ ਹੈ ਕਿ ਮੇਰੇ ਤੋਂ ਤਫ਼ਤੀਸ਼ ਕਰਨ ਵਾਲੇ ਨੂੰ ਸਾਡੇ ਵਿਰੋਧ ਕਰਨ ਵਿਚ ਵਾਜਬੀਅਤ ਦਿਸੇਗੀ। ਮੈਨੂੰ ਇੱਥੇ ਜ਼ਰੂਰ ਹੀ ਇਹ ਜੋੜ ਦੇਣਾ ਚਾਹੀਦਾ ਹੈ ਕਿ ਇਹ ਆਦਾਨ-ਪ੍ਰਦਾਨ ਮੁਕਾਬਲਤਨ ਸ਼ਿਸ਼ਟਾਚਾਰੀ ਢੰਗ ਨਾਲ ਕੀਤੇ ਗਏ ਸਨ ਹਾਲਾਂਕਿ ਉਨ੍ਹਾਂ ਦੀ ਹਿਰਾਸਤ ਵਿਚ ਹੋਣ ਕਰ ਕੇ ਇਹ ਮਨਹੂਸ ਰੰਗ 'ਚ ਰੰਗਿਆ ਹੋਇਆ ਸੀ ਪਰ ਮੈਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਮੈਨੂੰ ਡਰ ਮਹਿਸੂਸ ਨਹੀਂ ਹੋਇਆ।

### ਸਿੱਟਾ

ਪ੍ਰਧਾਨ ਮੰਤਰੀ ਦੀ ਫਰਜ਼ ਦੀ ਸਰਵਉੱਚਤਾ ਦੀ ਵਕਾਲਤ ਨੂੰ 'ਕਾਨੂੰਨ ਦੇ ਰਾਜ' ਨੂੰ ਅਸਲੋਂ ਹੀ ਖੋਖਲਾਪਣ ਦੇ ਨਾਲ ਮੇਲ ਕੇ ਪੜ੍ਹਨ 'ਤੇ ਇਸ ਦਾ ਮਤਲਬ ਇਹ ਹੈ ਕਿ ਨਾਗਰਿਕ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਗਿਆਕਾਰੀ ਬਣ ਕੇ ਖ਼ੁਦ ਨੂੰ ਆਪਣੀ ਆਜ਼ਾਦੀ ਅਤੇ ਅਧਿਕਾਰਾਂ ਦੀ ਘੇਰਾਬੰਦੀ ਕਰਨ ਵਾਲੀ ਅਥਾਰਟੀ ਦੇ ਅਧੀਨ ਕਰ ਦੇਣ। ਡਾਵਾਂਡੋਲ ਨਿਆਂਪਾਲਿਕਾ ਕਰ ਕੇ, ਤੇਜ਼ੀ ਨਾਲ ਨਿਆਂ ਅਤੇ ਨਿਰਪੱਖ ਅਮਲ ਕਾਰਜਪਾਲਿਕਾ ਦੀ ਹੱਦੋਂ ਵੱਧ ਪਹੁੰਚ ਦਾ ਸ਼ਿਕਾਰ ਹੋ ਜਾਂਦੇ ਹਨ ਜਿੱਥੇ ਮਨਮਾਨੀਆਂ ਅਤੇ ਅਣਉਚਿਤ ਕਾਰਵਾਈਆਂ ਨੂੰ ਖੁੱਲ੍ਹੀ ਛੁੱਟੀ ਮਿਲ ਜਾਂਦੀ ਹੈ।

ਵਿਡੰਬਨਾ ਇਹ ਹੈ ਕਿ ਜੋ ਲੋਕ ਜੇਲ੍ਹ 'ਚ ਹਨ ਅਤੇ ਜੋ ਜੇਲ੍ਹ ਵਿਚ ਨਹੀਂ ਹਨ, ਉਨ੍ਹਾਂ ਨੂੰ ਹੁਣ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿੱਥੇ ਨਾਗਰਿਕ ਦੀ ਜ਼ਿੰਦਗੀ ਖ਼ਤਰੇ 'ਚ ਹੈ। ਆਜ਼ਾਦੀਆਂ ਸੀਮਤ ਕਰ ਦਿੱਤੀਆਂ ਗਈਆਂ ਹਨ ਅਤੇ ਉਨ੍ਹਾਂ ਦੀਆਂ ਆਵਾਜ਼ਾਂ ਖ਼ਾਮੋਸ਼ ਕਰ ਦਿੱਤੀਆਂ ਗਈਆਂ ਹਨ। ਮੈਨੂੰ ਜੇਲ੍ਹ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਅਜਿਹਾ ਕਾਨੂੰਨ (ਯੂ.ਏ.ਪੀ.ਏ.) ਸੀ। ਮੈਨੂੰ ਐਸੇ ਗ਼ੈਰ-ਕਾਨੂੰਨੀ ਜੁਰਮ ਵਿਚ ਫਸਾਇਆ ਗਿਆ ਜਿਸ ਦਾ ਕੋਈ ਪੀੜਤ ਨਹੀਂ ਸੀ ਅਤੇ ਬਿਨਾਂ ਮੁਕੱਦਮਾ ਚਲਾਏ ਮੈਨੂੰ ਦੋਸ਼ੀ ਠਹਿਰਾਏ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਮੈਨੂੰ ਇੰਝ ਜਾਪਦਾ ਹੈ ਕਿ ਅਧਿਕਾਰਾਂ 'ਤੇ ਹਮਲਾ ਅਤੇ ਫਰਜ਼ ਦੀ ਮੰਗ ਨੂੰ ਸਿਵਲ ਸੁਸਾਇਟੀ ਨੂੰ ਚੌਥੀ ਪੀੜ੍ਹੀ ਦੇ ਯੁੱਧ ਲਈ ਨਵੇਂ ਯੁੱਧ ਖੇਤਰ ਦਾ ਰੂਪ ਦੇਣ ਦੀ ਦਲੀਲ ਨਾਲ ਜੋੜ ਕੇ ਦੇਖੀਏ ਤਾਂ ਇਹ ਉਨ੍ਹਾਂ ਲੋਕਾਂ 'ਤੇ ਸ਼ਿਕੰਜਾ ਕੱਸਣ ਦਾ ਸੰਕੇਤ ਹੈ ਜੋ ਸਰਕਾਰੀ ਬਿਰਤਾਂਤ ਨੂੰ ਸਵੀਕਾਰ ਨਹੀਂ ਕਰਦੇ। ਇਸ ਦੌਰਾਨ ਜੇ ਕੈਦੀ ਜਿਗਿਆਸੂ ਹੋਣ ਦੀ ਹਿੰਮਤ ਕਰਦਾ ਹੈ ਜਾਂ ਕੈਦੀ ਵਜੋਂ ਆਪਣੇ ਅਧਿਕਾਰਾਂ ਬਾਰੇ ਸਵਾਲ ਉਠਾਉਂਦਾ ਹੈ ਤਾਂ ਉਸ ਨੂੰ ਜੇਲ੍ਹ ਅਧਿਕਾਰੀਆਂ ਦੇ ਗੁੱਸੇ ਹੋਣ ਦਾ ਸਾਹਮਣਾ ਕਰਨਾ ਪੈਂਦਾ ਹੈ।

ਮੁੱਕਦੀ ਗੱਲ, ਮੈਂ ਕਾਮੂ (ਉਘਾ ਲੇਖਕ) ਦਾ ਮੁੜ ਹਵਾਲਾ ਦੇਣ ਤੋਂ ਬਿਹਤਰ ਹੋਰ ਕੁਝ ਨਹੀਂ ਕਰ ਸਕਦਾ: "ਮੈਂ ਸਿਰਫ਼ ਉਸ ਦੁੱਖ ਨੂੰ ਪ੍ਰਗਟਾਉਣਾ ਚਾਹੁੰਦਾ ਸੀ ਜੋ ਮੈਂ ਰੋਜ਼ਾਨਾ ਮਹਿਸੂਸ ਕਰਦਾ ਹਾਂ ਜਦੋਂ ਉਦਾਰ ਊਰਜਾ ਦੀ ਕਮੀ, ਸ਼ਬਦਾਂ ਦੇ ਵੇਸਵਾਪੁਣੇ, ਬਦਨਾਮ ਪੀੜਤਾਂ, ਜਬਰ-ਜ਼ੁਲਮ ਦੀ ਜ਼ੋਰਦਾਰ ਵਾਜਬੀਅਤ ਦਾ, ਤਾਕਤ ਦੀ ਪਾਗਲਾਨਾ ਤਾਰੀਫ਼ ਦਾ ਸਾਹਮਣਾ ਕਰਨਾ ਪੈਂਦਾ ਹੈ।"

ਇਹ ਅਜਿਹੇ ਸਮੇਂ ਬਾਰੇ ਟਿੱਪਣੀ ਹੈ ਜਦੋਂ ਕਿਸੇ ਨੂੰ ਨਾਜ਼ੁਕ ਚੋਣ ਦਾ ਸਾਹਮਣਾ ਕਰਨਾ ਪੈਂਦਾ ਹੈ: ਜਾਂ ਤਾਂ ਚੁੱਪ ਰਹਿਣਾ ਤੇ ਅਥਾਰਟੀਜ਼ ਦੀ ਈਨ ਮੰਨ ਲੈਣਾ, ਤੇ ਜਾਂ ਫਿਰ ਨਤੀਜਿਆਂ ਤੋਂ ਬੇਪ੍ਰਵਾਹ ਹੋ ਕੇ ਆਜ਼ਾਦੀ ਲਈ ਹੰਭਲਾ ਤੇ ਸੰਘਰਸ਼ ਜਾਰੀ ਰੱਖਣਾ। ਮੇਰੇ ਸਹਿ-ਦੋਸ਼ੀ, ਫਾਦਰ ਸਟੈਨ ਸਵਾਮੀ ਨੇ ਸਾਨੂੰ ਚੇਤੇ ਕਰਾਇਆ ਸੀ, ਅਸੀਂ 'ਮੂਕ ਦਰਸ਼ਕ' ਨਹੀਂ ਹਾਂ।

> **ਇਹ ਚੇਤੇ ਰੱਖਣ ਵਾਲੀ ਗੱਲ ਹੈ ਕਿ ਸਿਵਲ ਸੁਸਾਇਟੀ ਦੀ ਸਰਗਰਮੀ ਜ਼ਰੂਰੀ ਹੈ ਕਿਉਂਕਿ ਕਾਨੂੰਨ ਘਾੜੇ, ਕਾਨੂੰਨ ਲਾਗੂ ਕਰਨ ਵਾਲੇ ਜਾਂ ਨਿਆਂ ਦੇਣ ਵਾਲੇ, ਕੋਈ ਵੀ ਗ਼ਲਤੀਆਂ ਤੋਂ ਮੁਕਤ ਨਹੀਂ; ਸਾਰੇ ਇਨਸਾਨਾਂ ਵਾਂਗ ਉਹ ਵੀ ਗ਼ਲਤੀਆਂ ਕਰਦੇ ਹਨ, ਕਈ ਵਾਰ ਤਾਂ ਬਹੁਤ ਗੰਭੀਰ ਵੀ। ਸਿਵਲ ਸੁਸਾਇਟੀ ਦੀ ਸਰਗਰਮੀ ਅਤੇ ਦਲੀਲ, ਸਿਆਸਤ ਅਤੇ ਸਮਾਜ ਨੂੰ ਨੁਕਸਾਨ ਪਹੁੰਚਾਉਣ ਤੋਂ ਬਚਾਉਣ, ਟਕਰਾਅ ਖੜ੍ਹੇ ਕਰਨ ਤੋਂ ਰੋਕਣ ਅਤੇ ਹੁਕਮਰਾਨਾਂ ਨੂੰ ਤਾਨਾਸ਼ਾਹ ਬਣਨ ਤੋਂ ਡੱਕਣ ਵਿਚ ਮਦਦ ਕਰਦੀ ਹੈ।**

# ਮਿਲ ਵੀ ਜਾਵੇਂ...

ਜਗਦੀਪ ਸਿੱਧੂ
ਫੋਨ: +91-98762-22868

ਉਰਦੂ ਸ਼ੇਅਰ ਹੈ, ਤਰਤੀਬ ਯਾਦ ਨਹੀਂ ਪਰ ਉਸ ਦੇ ਭਾਵ ਅਰਥ ਨੇ: ਤੂੰ ਹੁਣ ਮਿਲ ਵੀ ਜਾਵੇਂ, ਤਾਂ ਤੂੰ ਮਿਲ ਨਹੀਂ ਸਕਣਾ। ਇਸ ਦਾ ਅਰਥ ਇਹ ਹੈ ਕਿ ਜੇ ਕਿਸੇ ਚੀਜ਼ ਨੂੰ ਤੁਸੀਂ ਇਕ ਸਮੇਂ ਬਾਅਦ ਦੁਬਾਰਾ ਹਾਸਲ ਕਰਦੇ ਹੋ, ਉਹ ਉਸੇ ਰੂਪ ਵਿਚ ਨਹੀਂ ਮਿਲਦੀ, ਕੁਝ ਨਾ ਕੁਝ ਛੁੱਟ ਜਾਂਦਾ ਹੈ; ਉਹ ਚਾਹੇ ਪਿਆਰ-ਮੁਹੱਬਤ ਹੋਵੇ ਜਾਂ ਕੁਝ ਹੋਰ। ਇਸੇ ਗੱਲ ਨੂੰ ਲੈ ਕੇ ਮੇਰੇ ਅਨੁਭਵ 'ਚੋਂ, ਮੇਰੇ ਕਹਿਣ-ਢੰਗ ਦਾ ਛੋਟਾ ਜਿਹਾ ਲੇਖ ਹੈ:

ਬਹੁਤ ਛੋਟਾ ਹੁੰਦਾ ਸਾਂ। ਪਿੰਡ ਵਿਚੋਂ ਆਵਾਜ਼ ਸੁਣਦੀ ਕਿੱਲਿਆਂ ਦੀ, ਬਿੱਘਿਆਂ ਦੀ, ਕਨਾਲਾਂ ਦੀ। ਫਿਰ ਮਾਨਸਾ ਮੰਡੀ ਵਿਚ ਘਰ ਬਣਾਇਆ ਤਾਂ ਕੰਨਾਂ ਨੂੰ ਬਿਸਵੇ ਸੁਣਨ ਲੱਗੇ। ਫਿਰ ਕਈ ਸ਼ਹਿਰਾਂ ਵਿਚ ਰਹਿਣ ਦਾ ਸਬਬ ਬਣਿਆ; ਉੱਥੇ ਗੱਲਾਂ 'ਚੋਂ ਗੱਲ ਮਰਲਿਆਂ ਬਾਰੇ ਨਿਕਲ ਆਉਂਦੀ।

ਚੰਡੀਗੜ੍ਹ ਵਾਲੇ ਪਾਸੇ ਪਹਿਲਾਂ ਫਲੈਟਾਂ ਵਿਚ ਰਹੇ ਤਾਂ ਸਕੁਏਅਰ ਫੁੱਟਾਂ ਨਾਲ ਵਾਹ ਪਿਆ, ਜਦ ਆਪਣਾ ਪਲਾਟ ਲਿਆ ਤਾਂ ਗਜ਼ਾਂ ਨਾਲ; ਇਹ ਸਾਰੇ ਮਾਪਣ-ਜ਼ਰੀਏ ਥਾਵਾਂ ਨੂੰ ਮਾਪਣ ਵਾਸਤੇ ਹਨ। ਮੇਰੇ ਲਈ ਇਹ ਦੁਨੀਆ ਨੂੰ ਮਾਪਣ ਵਾਸਤੇ ਰਹੇ ਹਨ। ਸੰਸਾਰ ਨੂੰ ਇਨ੍ਹਾਂ ਰਾਹੀਂ ਦੇਖਿਆ, ਘੋਖਿਆ।

ਬਚਪਨ ਦੇ ਪਿੰਡੋਂ ਚਾਚਿਆਂ, ਤਾਇਆਂ ਦੀ ਆਵਾਜ਼ ਸੁਣਦੀ: ਕਿੰਨੇ ਕੁ ਕਿੱਲੇ ਰਮ ਗਏ? ਕੱਸੀ ਵਿਚ ਕਿੰਨਾ ਕੁ ਪਾਣੀ ਆ ਰਿਹਾ? ਮੱਸੇ ਕਿਆਂ ਨਾਲ ਪਾਣੀ ਲਵਾਂ ਦੀਂ, ਉਨ੍ਹਾਂ ਦਾ ਸੀਰੀ 'ਕੱਲਾ ਈ ਆ ਅੱਜ। ਚਾਰ ਕੁ ਕਨਾਲਾਂ ਹਰੇ ਦੀਆਂ ਪਸ਼ੂਆਂ ਵਾਸਤੇ ਛੱਡ ਲੈਨੇ ਆਂ ਐਤਕੀਂ। ਵਿਹੜੇ ਕੇ ਸੀਤੇ ਨੂੰ ਦੇ ਦਿੰਨੇ ਹਾਂ ਬਿੱਘਾ ਏਸ ਵਾਰੀ... ਚੱਲ ਗ਼ਰੀਬ ਐ, ਮੁੰਗੀ ਬੀਜ ਲੂ। ਬਿੱਲੇ ਕੇ ਕਿਉਂ ਕੰਧ ਉੱਤੋਂ ਦੀ ਕੌਲੀ ਸਬਜ਼ੀ ਦੀ ਫੜ ਲਵੀਂ, ਦੇਖਦੇ ਹਾਂ ਕਾਹਦੀ ਬਣਾਈ ਆ ਅੱਜ...

ਲੱਗਦਾ ਕਿੰਨਾ ਕੁਝ ਬਾਹਾਂ ਖੋਲ੍ਹ ਕੇ ਮਿਲਿਆ, ਸਿਮਟਿਆ ਵੀ ਤਾਂ ਗਲਵਕੜੀ ਵਿਚ ਲੈ ਲਿਆ।

ਫਿਰ ਨੇੜੇ ਹੀ ਦਸ ਕੁ ਕਿਲੋਮੀਟਰ ਦੀ ਵਿੱਥ 'ਤੇ ਮਾਨਸਾ ਪਲਾਟ ਲੈ ਕੇ ਘਰ ਬਣਾਇਆ। ਪੰਜ ਬਿਸਵੇ ਦਾ ਸੀ ਪਲਾਟ। ਘਰਦੇ ਗੱਲਾਂ ਕਰਦੇ ਰਹਿੰਦੇ: ਚਲੋ ਅੱਗੇ ਪਿੱਛੇ ਘਰ ਨੇ। ਗਲੀਆਂ ਖੁੱਲ੍ਹੀਆਂ ਨੇ। ਕੰਧਾਂ ਸਾਂਝੀਆਂ ਨੇ। ਮੁਹੱਲੇਦਾਰੀ ਵੀ ਤਾਂ ਹੈ।

ਲੰਮਾ ਅਰਸਾ ਅਸੀਂ ਉੱਥੇ ਬੱਚਿਆਂ ਆਪਣੀਆਂ ਥਾਵਾਂ ਵਗਲੀਆਂ, ਇਹ ਬਿਸਵਿਆਂ ਮਰਲਿਆਂ ਵਿਚ ਨਹੀਂ ਸਨ; ਅਸੀਂ ਬਾਂਦਰ ਕਿੱਲੇ ਵਾਸਤੇ ਥਾਂ ਵਗਲੀ, ਕੋਟਲਾ ਛਪਾਕੀ ਖੇਡਦੇ ਜਦ ਘੇਰਾ ਬਣਾ ਕੇ ਬੈਠਦੇ, ਥਾਂ ਆਪੇ ਵਗਲੀ ਜਾਂਦੀ। ਪੀਚੋ ਭਾਵੇਂ ਕੁੜੀਆਂ ਦੀ ਖੇਡ ਹੈ ਪਰ ਅਸੀਂ ਖ਼ੂਬ ਖੇਡੇ। ਲੁਕਣ-ਮੀਚੀ ਖੇਡਣ ਦੇ ਬਿੰਬ ਕਿ ਥਾਵਾਂ ਉਹੀ ਹੋਣ ਕਾਰਨ ਕਿਵੇਂ ਇਕ-ਦੂਜੇ ਦੀ ਜਗ੍ਹਾ 'ਤੇ ਬਦਲ ਕੇ ਲੁਕਦੇ ਰਹਿੰਦੇ। ਫੜਨ-ਫੜਾਈ ਦਾ ਅਣ-ਵਗਲਿਆ ਘੇਰਾ ਬਚਪਨ ਵਿਚ ਹੀ ਹੋ ਸਕਦਾ ਸੀ।

ਕਿੱਲਿਆਂ, ਬਿੱਘਿਆਂ, ਕਨਾਲਾਂ, ਬਿਸਵਿਆਂ ਤੋਂ ਇਲਾਵਾਂ ਸੜਕਾਂ ਵੀ ਸਨ... ਸਾਨੂੰ ਉਡੀਕਦੀਆਂ। ਇੱਥੇ ਵੀ ਕਿਲੋਮੀਟਰ, ਮੀਲਾਂ, ਕੋਹਾਂ ਨੂੰ ਬਹੁਤ ਪਿੱਛੇ ਛੱਡ ਆਏ ਸਨ। ਪੜ੍ਹਨ-ਖੇਡਣ ਦੇ ਸਮੇਂ ਦੌਰਾਨ ਕੁਝ ਹੋਰ ਸ਼ਹਿਰਾਂ ਵਿਚ ਰਿਹਾ, ਜਿਵੇਂ ਪਟਿਆਲਾ ਜਲੰਧਰ। ਉੱਥੇ ਮਰਲਿਆਂ ਦੀਆਂ ਗੱਲਾਂ ਚੱਲਦੀਆਂ... ਅੱਗੇ ਸੜਕ ਕਿੰਨੀ ਚੌੜੀ ਹੈ, ਪੱਕੀ ਵੀ ਹੈ ਜਾਂ ਨਹੀਂ। ਖਾਮੋਸ਼ ਜਿਹਾ ਰੌਲਾ ਵੀ ਸੀ। ਕਿਤੇ ਮਰਲਾ ਛੋਟਾ ਕਿਤੇ ਵੱਡਾ; ਕਰਮਵਾਰ 25,30 ਗਜ਼ ਦਾ।

ਹੋਰ ਚੌੜੀਆਂ ਸੜਕਾਂ ਵੀ ਸਨ... ਉੱਥੋਂ ਵੀ ਲੰਘਣਾ ਸੀ। ਚੰਡੀਗੜ੍ਹ ਪਾਸੇ ਆਸਮਾਨ ਛੂੰਹਦੇ ਫਲੈਟ ਸਨ। ਉੱਥੇ ਗੁਆਂਢੀ ਉੱਪਰ-ਥੱਲੇ ਰਹਿੰਦੇ ਸਨ (ਹਨ)। ਸਾਰਾ ਹੀ ਕੁਝ ਸਕੁਏਅਰ ਫੁੱਟਾਂ ਵਿਚ ਫੈਲਿਆ ਹੋਇਆ ਸੀ।

ਕਈ ਵਰ੍ਹੇ ਤੇਰਾਂ ਬਾਈ ਤੇਰਾਂ ਬਾਈ ਵਿਚ ਰਹਿਣ ਤੋਂ ਬਾਅਦ ਜ਼ਮੀਨ 'ਤੇ ਆਏ ਪਰ ਹੁਣ ਕੀਮਤਾਂ ਉੱਪਰ ਜਾ ਬੈਠੀਆਂ ਸਨ... ਗਜ਼ਾਂ ਦੇ ਰੇਟ ਬੇਹਿਸਾਬ ਸਨ। ਹੁਣ ਇਹ ਨਜ਼ਰ ਹੇਠ ਸਨ: ਕਿੰਨਾ ਬਰਮ, ਮੇਨ ਰੋਡ ਅਪਰੋਚ, ਗੇਟਿਡ ਸੁਸਾਇਟੀ, ਪਾਣੀ ਪ੍ਰਬੰਧ।

ਅੱਗੇ ਜਾ ਸ਼ਹਿਰ ਵਿਚ 'ਸਲਿਪ' ਰੋਡ ਵੀ ਸਨ।... ਅਮੂਰਤਨ ਜਿਹਾ ਬਿੰਬ ਬਣਦਾ ਹੈ।

ਹੁਣ ਭਾਵੇਂ ਮੈਂ ਸਕੁਏਅਰ ਫੁੱਟਾਂ ਨੂੰ, ਗਜ਼ਾਂ ਨੂੰ, ਬਿਸਵਿਆਂ ਵਿਚ ਬੋਲੀ ਜਾਵਾਂ ਪਰ ਉਹ ਗੱਲ ਨਹੀਂ ਬਣਦੀ; ਜਾਂ ਇਹ ਕਹਿ ਲਵਾਂ: 'ਕਿੱਲੇ' ਦਾ ਇੰਨਵਾਂ ਹਿੱਸਾ ਹੈ। ਹੁਣ ਸਭ ਕੁਝ ਛੁੱਟ ਗਿਆ ਹੈ। ਸਮੇਂ ਦੀ ਧੂੜ ਵਿਚ ਗੁਆਚ ਗਿਆ ਹੈ।

ਗੱਲ ਤਾਂ ਉਨ੍ਹਾਂ 'ਕਿੱਲਿਆਂ' ਕਨਾਲਾਂ ਦੇ ਵਾਪਸ ਆਉਣ ਨਾਲ ਵੀ ਨਹੀਂ ਬਣੀ।

ਚੰਡੀਗੜ੍ਹ ਦੇ ਨੇੜੇ-ਤੇੜੇ ਅਸੀਂ ਲੋਕਾਂ ਨੇ 'ਫਾਰਮ' ਬਣਾਏ ਨੇ, ਕਈਆਂ ਨੇ 'ਫਾਰਮ ਹਾਊਸ' ਬਣਾਏ ਨੇ। ਸਭ 'ਆਪਣੇ ਆਪ' 'ਚ ਰਹਿੰਦੇ ਨੇ। ਸਾਂਝ ਕਿਤੇ ਘੱਟ ਹੀ ਹੈ। ਸਭ ਕੁਝ ਜ਼ਿਆਦਾਤਰ ਤਫਰੀਹ ਦਾ ਹਿੱਸਾ ਬਣ ਗਿਆ ਹੈ।

# ਤਹਿਸੀਲਾਂ ਵਿਚ ਰਿਸ਼ਵਤ ਬੰਦ?-2

*(ਲੜੀ ਜੋੜਨ ਲਈ ਪਿਛਲਾ ਅੰਕ ਮਈ 25 2024 ਦੇਖੋ)*

ਪਿਛਲੇ ਲੇਖ ਵਿਚ ਫਰਦ ਜਮਾਂਬੰਦੀ ਦੇ ਨਮੂਨੇ ਦਾ ਜ਼ਿਕਰ ਕੀਤਾ ਸੀ ਜੋ ਕਿਸੇ ਕਾਰਨ ਛਪ ਨਹੀਂ ਸੀ ਸਕਿਆ। ਹੁਣ ਹੇਠਾਂ ਉਸ ਦਾ ਨਮੂਨਾ ਦੇ ਕੇ ਉਸ ਦੇ ਨੁਕਤਿਆਂ 'ਤੇ ਵਿਚਾਰ ਕਰਾਂਗੇ ਪਰ ਇਸ ਤੋਂ ਪਹਿਲਾਂ ਇਹ ਦੇਖ ਲਈਏ ਕਿ ਕਿਵੇਂ ਸੱਚਮੁੱਚ ਤਹਿਸੀਲ ਦੇ ਕੰਮਾਂ ਦੀ ਆਨਲਾਈਨ ਅਪੁਆਇੰਟਮੈਂਟ ਆਪਣੇ ਫੋਨ ਜਾਂ ਕੰਪਿਊਟਰ ਜਾਂ ਸੁਵਿਧਾ ਸੈਂਟਰ ਤੋਂ ਲੈਣੀ ਹੈ। ਇਸ ਦੇ ਕੁਝ ਕਦਮ ਹਨ:

ਪਹਿਲਾਂ ਵੈੱਬਸਾਈਟ ਖੋਲ੍ਹੋ- revenue.punjab.gov.in

ਫਿਰ

Online Services, iPr Fard ਅਤੇ ਫਿਰ Registration of Documents.

ਜੇ ਤੁਸੀਂ ਫਰਦ ਕੱਢਣੀ ਹੈ ਤਾਂ 'ਅਰਦ ਦਬਾਓ, ਜੇ ਰਜਿਸਟਰਰੀ ਕਰਨੀ ਹੈ ਤਾਂ ਇਗਸਿ-ਟਰਅਟੋਨਿ ਦਬਾਓ। ਇਸ ਨਾਲ ਨਵੀਂ ਸਾਈਟ igr.punjab.gov.in ਖੁੱਲ੍ਹ ਜਾਵੇਗੀ।

ਇਸ ਸਾਈਟ ਦਾ ਕਮਾਲ ਦੇਖੋ ਕਿ ਇਸ 'ਤੇ ਕਾਗਜ਼ ਪਾਉਣ ਤੋਂ ਬਾਅਦ ਤੁਹਾਨੂੰ ਅਪਨੀ ਅਪੁਆਇੰਟਮੈਂਟ ਦੀ ਤਾਰੀਖ ਤੇ ਸਮਾਂ ਮਿਲੇਗਾ। ਜੇ ਤਹਿਸੀਲਦਾਰ ਜਿਸ ਨੂੰ ਸਬ-ਰਜਿਸਟਰਾਰ ਕਿਹਾ ਜਾਂਦਾ ਹੈ, ਨੂੰ ਤੁਹਾਡੇ ਕਾਗਜ਼ 'ਤੇ ਕੋਈ ਇਤਰਾਜ਼ ਹੋਵੇਗਾ ਤਾਂ ਉਸ ਦੀ ਡਿਊਟੀ ਮੁਤਾਬਕ ਉਹ ਇਸ ਨੂੰ ਪੋਰਟਲ 'ਤੇ ਪਾਵੇਗਾ।

ਜਾਂ ਫਿਰ ਤੁਸੀਂ ਆਪਣੀ ਅਪੁਆਇੰਟਮੈਂਟ 'ਤੇ ਜਾ ਸਕਦੇ ਹੋ।

ਇਸ ਸੰਬਧ ਵਿਚ ਵੈੱਬਸਾਈਟ ਦੀਆਂ ਹਦਾਇਤਾਂ ਵਿਚ ਸਾਫ਼ ਲਿਖਿਆ ਹੈ ਕਿ ਤੁਹਾਨੂੰ ਤਾਰੀਖ ਤੇ ਵਕਤ ਦਿੱਤਾ ਜਾਵੇਗਾ ਅਤੇ ਜੇ ਸਬ-ਰਜਿਸਟਰਾਰ ਨੂੰ ਤੁਹਾਡੇ ਕਾਗਜ਼ਾਂ 'ਤੇ ਕੋਈ ਇਤਰਾਜ਼ ਹੈ ਤਾਂ ਉਹ ਲਿਖਤੀ ਰੂਪ ਵਿਚ ਇਸ ਪੋਰਟਲ 'ਤੇ ਪਾਵੇਗਾ ਜਿਸ ਨੂੰ ਹਰ ਉਚ ਅਧਿਕਾਰੀ ਅਤੇ ਤੁਸੀਂ ਜਾਂ ਹੋਰ ਕੋਈ ਵੀ ਪੜ੍ਹ ਸਕੇਗਾ। ਜੇ ਤਹਿਸੀਲਦਾਰ ਫਜ਼ੂਲ ਇਤਰਾਜ਼ ਲਗਾਉਂਦਾ ਹੈ ਤਾਂ ਇਹ ਰਿਕਾਰਡ 'ਤੇ ਆ ਜਾਵੇਗਾ ਜਿਸ ਨੂੰ ਤੁਸੀਂ ਵੰਗਾਰ ਸਕਦੇ ਹੋ। ਹੁਣ ਜਦ ਤਹਿਸੀਲਦਾਰ ਨੂੰ ਪਤਾ ਹੋਵੇਗਾ ਕਿ ਉਸ ਦੇ ਇਤਰਾਜ਼ ਹਰ ਕੋਈ ਪੜ੍ਹ ਸਕਦਾ ਹੈ ਤਾਂ ਉਹ ਕਿਸੇ ਗਲਤ ਇਤਰਾਜ਼ ਤੋਂ ਗੁਰੇਜ਼ ਕਰੇਗਾ।

igr.punjab.gov.in

ਇਸ ਵੈੱਬਸਾਈਟ 'ਤੇ ਤਹਿਸੀਲਦਾਰ ਨੂੰ ਤੁਹਾਡੇ ਵਾਸਤੇ ਮਿਤੀ ਅਤੇ ਟਾਈਮ ਦੱਸਣਾ ਪਵੇਗਾ। ਜੇ ਤੁਸੀਂ ਤੁਰੰਤ ਆਪਣੀ ਮਰਜ਼ੀ ਦੀ ਤਾਰੀਖ ਲੈਣੀ ਚਾਹੁੰਦੇ ਹੋ ਤਾਂ ਹੋਰ 5 ਹਜ਼ਾਰ ਰੁਪਏ ਦੇ ਕੇ ਉਹ ਵੀ ਬੁਕ ਕਰ ਸਕਦੇ ਹੋ। ਇਸ ਦੀ ਇਕ ਝਲਕ ਹੇਠ ਦਿੱਤੀ ਜਾਂਦੀ ਹੈ।

Steps to Register Property Online

igr.punjab.gov.in

Steps to Register

ਇਥੇ ਪ੍ਰਾਪਰਟੀ ਦੀ ਰਜਿਸਟਰੇਸ਼ਨ ਹੀ ਨਹੀਂ ਬਲਕਿ ਹੋਰ ਸੈਂਕੜੇ ਸੇਵਾਵਾਂ ਲੈ ਸਕਦੇ ਹੋ। ਪੰਜਾਬ ਸਰਕਾਰ ਦੀ ਸਾਈਟ connect. punjab.gov.in ਪੰਜਾਬੀ ਅਤੇ ਅੰਗਰੇਜ਼ੀ, ਦੋਵਾਂ ਭਾਸ਼ਾਵਾਂ ਵਿਚ ਮੌਜੂਦ ਹੈ।

connect.punjab.gov.in

revenue.punjab.gov.in

ਤੁਸੀਂ ਆਪਣੀ ਸ਼ਿਕਾਇਤ ਵੀ ਦਰਜ ਕਰ ਸਕਦੇ ਹੋ ਤੇ ਟਰੈਕ ਕਰ ਸਕਦੇ ਹੋ। ਹੇਠ ਫਰਦ ਜਮਾਂਬੰਦੀ ਦਾ ਨਮੂਨਾ ਦੇ ਕੇ ਉਸ 'ਤੇ ਵਿਚਾਰ ਕੀਤਾ ਗਿਆ ਹੈ। ਦੇਖੋ ਕੰਪਿਊਟਰ ਕਿਵੇਂ ਤਹਿਸੀਲਦਾਰਾਂ ਗੋਚਰੇ ਕੰਮਾਂ ਨੂੰ ਕਾਲੀ ਚੋਰ ਕੋਠੜੀ ਵਿਚੋਂ ਕੱਢ ਕੇ ਘੁੱਪ ਹਨੇਰੇ ਵਿਚ ਖੜ੍ਹਾ ਦਿੰਦਾ ਹੈ।

**ਫਰਦ ਜਮਾਂਬੰਦੀ 1/2**

**ਫਰਦ ਜਮਾਂਬੰਦੀ ਦੇ 8 ਕਾਲਮ ਹਨ।**

**ਆਓ ਵਿਚਾਰ ਕਰੀਏ...**


ਇਹ ਸਰਕਾਰੀ ਰਿਕਾਰਡ ਦੀ ਨਕਲ ਹੈ ਜਿਸ ਵਿਚ ਪਿੰਡ ਵਿਚ ਜ਼ਮੀਨ ਦੀ ਹੋਲਡਿੰਗ ਦੇ ਵੇਰਵੇ ਦਿਖਾਉਂਦੇ ਹੋਏ ਖੇਵਟ ਨਾਮਕ ਖਾਤਾ ਦਰਸਾਇਆ ਜਾਂਦਾ ਹੈ। ਖੇਵਟ ਬੈਂਕ ਖਾਤੇ ਵਾਂਗ ਹੈ ਜੋ ਵਿਅਕਤੀਗਤ ਜਾਂ ਸਾਂਝੇ ਤੌਰ 'ਤੇ ਰੱਖਿਆ ਜਾ ਸਕਦਾ ਹੈ। ਹਰ ਖੇਵਟ ਦਾ ਆਪਣਾ ਨੰਬਰ ਹੁੰਦਾ ਹੈ; ਜਿਵੇਂ ਇੱਕ ਵਿਅਕਤੀ ਦੇ ਕਈ ਬੈਂਕ ਖਾਤੇ ਹੋ ਸਕਦੇ ਹਨ। ਇਹ ਇਕ ਵਿਅਕਤੀ ਦੇ ਨਾਂ 'ਤੇ ਹੋ ਸਕਦਾ ਹੈ ਅਤੇ ਦੂਜਾ ਆਪਣੀ ਪਤਨੀ ਨਾਲ ਅਤੇ ਆਪਣੀ ਪਤਨੀ, ਪੁੱਤਰ, ਧੀ ਆਦਿ ਨਾਲ ਮਿਲ ਕੇ ਹੋ ਸਕਦਾ ਹੈ। ਬੈਂਕ ਖਾਤੇ ਵਿਚ ਸਾਰੇ ਸੰਯੁਕਤ ਧਾਰਕਾਂ ਦਾ ਬੈਂਕ ਵਿਚਲੇ ਸਾਰੇ ਪੈਸੇ 'ਤੇ ਪੂਰਾ ਕੰਟਰੋਲ ਹੁੰਦਾ ਹੈ ਪਰ ਜ਼ਮੀਨ ਦਾ ਖਾਤਾ ਖੇਵਟ ਵਿਚ ਸੰਯੁਕਤ ਧਾਰਕਾਂ ਦੇ ਨਾਮ ਅਤੇ ਹਿੱਸੇ ਫਰਦ ਕਾਲਮ 3 ਵਿਚ ਦੱਸੇ ਹੁੰਦੇ ਹਨ ਅਤੇ ਕਾਲਮ 6 ਵਿਚ ਜ਼ਮੀਨ ਦੇ ਖਸਰਾ/ਪਲਾਟ ਦਾ ਨੰਬਰ ਦਿੱਤਾ ਹੁੰਦਾ ਹੈ।

ਉਦਾਹਰਨ: ਖੇਵਟ ਨੰਬਰ 1 = ਮਾਲਕ ਏ - ਖੇਤਰ 2 ਕਨਾਲ (ਖਸਰਾ/ਪਲਾਟ ਨੰਬਰ 1): ਇਸ ਲਈ ਏ ਦਾ ਖਸਰਾ ਨੰਬਰ 1 ਦੀ 2 ਕਨਾਲ 'ਤੇ ਪੂਰਾ ਕੰਟਰੋਲ ਹੈ।

ਖੇਵਟ ਨੰਬਰ 2=ਮਾਲਕ ਏ 1/2 ਬੀ 1/2 - ਖੇਤਰ 2 ਕਨਾਲ (ਖਸਰਾ/ਪਲਾਟ ਨੰਬਰ 1) : ਇੱਥੇ ਏ ਕੋਲ 1 ਅਤੇ ਬੀ ਕੋਲ 1 ਕਨਾਲ ਰਕਬਾ ਖਸਰਾ 1 ਨੰਬਰ ਵਿਚੋਂ ਹੈ।

ਖੇਵਟ ਨੰਬਰ 3=ਮਾਲਕ ਏ 1/12, ਬੀ 1/4, ਸੀ 1/4 (ਖਸਰਾ ਨੰਬਰ 2)

ਜੇਕਰ ਏ ਆਪਣੇ 1/2 ਵਿਚੋਂ 1/4 ਸ਼ੇਅਰ



ਬੀ ਨੂੰ ਵੇਚਦਾ ਹੈ ਤਾਂ ਇਸਨੂੰ ਏ 1/4, ਬੀ 1/2, ਸੀ 1/4 ਲਿਖਿਆ ਜਾਵੇਗਾ ਕਿਉਂਕਿ (ਏ 1/2-1/4=1/4; ਬੀ=1/4+1/4=1/2)

ਹੁਣ ਮੰਨ ਲਓ ਕਿ ਏ 1/4 ਆਪਣਾ ਪੂਰਾ ਹਿੱਸਾ ਡੀ ਨੂੰ ਵੇਚਦਾ ਹੈ ਤਾਂ ਬੀ 1/2, ਸੀ 1/4 ਅਤੇ ਡੀ 1/4 ਦਿਖਾਉਂਦੇ ਹੋਏ ਨਵਾਂ ਖੇਵਟ ਬਣਾਇਆ ਜਾਵੇਗਾ - ਇਸ ਤਰ੍ਹਾਂ ਏ ਨੂੰ ਡੀ ਨਾਲ ਬਦਲ ਦਿੱਤਾ ਜਾਵੇਗਾ।

ਇਸ ਲਈ ਸ਼ੇਅਰ 1/2, 1/4 ਆਦਿ ਜਾਂ ਮਾਲਕ ਏ, ਬੀ, ਸੀ, ਡੀ ਜਾਂ ਖਸਰਾ (ਨੰਬਰ 1,2 ਜਾਂ 3) ਵਿਚ ਤਬਦੀਲੀ ਨਾਲ ਨਵਾਂ ਖੇਵਟ/ਖਾਤਾ ਬਣਾਇਆ ਜਾਂਦਾ ਹੈ।

ਨਵਾਂ ਖੇਵਟ (ਖਾਤਾ) ਵੀ ਬਣਾਇਆ ਜਾਂਦਾ ਹੈ ਜੇਕਰ ਏ ਜਾਂ ਬੀ ਜਾਂ ਸੀ ਜ਼ਮੀਨ ਦਾ ਕੋਈ ਵੱਖਰਾ ਖਸਰਾ (ਟੁਕੜਾ) ਖਰੀਦਦਾ ਹੈ। ਖੇਵਟ ਖਾਤਾ ਮਾਲਕਾਂ ਦੇ ਨਾਮ ਅਤੇ ਖਸਰਾ ਨਾਮਕ ਜ਼ਮੀਨ ਦੇ ਖਾਸ ਹਿੱਸੇ ਨਾਲ ਸਬੰਧਿਤ ਹੈ।

ਜਿਵੇਂ ਤੁਹਾਡਾ ਇੱਕ ਬੈਂਕ ਵਿਚ ਖਾਤਾ ਹੋ ਸਕਦਾ ਹੈ ਅਤੇ ਦੂਜੇ ਬੈਂਕ ਵਿਚ। ਤੁਹਾਡੇ ਲਈ ਇੱਕੋ ਬੈਂਕ ਵਿਚ ਇੱਕ ਚੈਕਿੰਗ ਖਾਤਾ ਅਤੇ ਇੱਕ ਡੈਬਿਟ ਖਾਤਾ ਹੋ ਸਕਦਾ ਹੈ, ਤੁਹਾਡੇ ਲਈ 2 ਖਾਤੇ ਬਣਾਉਂਦੇ ਹਨ।

ਖੇਵਟ ਖਾਤਾ ਕੁਝ ਖਾਸ ਮਾਲਕਾਂ ਅਤੇ ਖਾਸ ਖਸਰਾ (ਜ਼ਮੀਨ ਦਾ ਟੁਕੜਾ) ਨਾਲ ਜੁੜਿਆ ਹੋਇਆ ਹੈ।

ਫਰਦ ਕਾਲਮ ਨੰਬਰ 1 ਵਿਚ ਖੇਵਟ ਨੰਬਰ ਅਤੇ ਕਾਲਮ ਨੰਬਰ 3 ਵਿਚ ਮਾਲਕਾਂ ਦੇ ਨਾਮ ਦਿਖਾਉਂਦਾ ਹੈ।

ਸੇਲ ਡੀਡ ਜਾਂ ਮਾਰਗੇਜ ਰਜਿਸਟਰ ਹੋਣ ਤੋਂ ਤੁਰੰਤ ਬਾਅਦ ਪਟਵਾਰੀ ਲਾਲ ਸਿਆਹੀ ਵਿਚ ਕਾਲਮ ਨੰਬਰ 8 (ਰੀਮਾਰਕਸ) ਵਿਚ ਮਾਲਕੀ ਵਿਚ ਤਬਦੀਲੀ ਦੀ ਐਂਟਰੀ ਕਰਦਾ ਹੈ।

ਅਗਲੀ ਜਮਾਂਬੰਦੀ ਵਿਚ ਹਰੇਕ ਮਾਲਕ ਅਤੇ ਖਸਰਾ ਵਿਚ ਅਸਲ ਜੋੜ ਘਟਾਓ ਕੀਤਾ ਜਾਂਦਾ ਹੈ ਅਤੇ ਨਵੇਂ ਖਰੀਦਦਾਰਾਂ ਦੇ ਨਾਮ ਕਾਲਮ 3 ਵਿਚ ਸ਼ਾਮਲ ਕੀਤੇ ਜਾਂਦੇ ਹਨ ਅਤੇ ਵਿਕਰੇਤਾ ਦਾ ਨਾਮ ਛੱਡਿਆ ਜਾਂਦਾ ਹੈ।

ਫਰਦ ਕਾਲਮ 3 ਨੂੰ ਪੜ੍ਹਨ ਤੋਂ ਪਹਿਲਾਂ ਹਮੇਸ਼ਾ ਫਰਦ ਦਾ ਕਾਲਮ 8 ਪੜ੍ਹੋ। ਜੇਕਰ 8 ਵਿਚ ਕੁਝ ਵਿਕਰੀ ਖਰੀਦਦਾਰੀ ਦਰਜ ਕੀਤੀ ਗਈ ਹੈ ਤਾਂ ਕਾਲਮ 8 ਦੀ ਰੋਸ਼ਨੀ ਵਿਚ ਕਾਲਮ 3 ਪੜ੍ਹੋ।

ਕਾਲਮ 1 ਖੇਵਟ ਨੰਬਰ ਅਤੇ ਪਿੰਡ ਦੇ ਪਾਸੇ ਨੂੰ ਵੀ ਦਰਸਾਉਂਦਾ ਹੈ। ਇਹ 3/12 ਦੇ ਰੂਪ ਵਿਚ ਲਿਖਿਆ ਗਿਆ ਹੈ, ਇਸ ਦਾ ਮਤਲਬ ਹੈ ਕਿ 3 ਇਸ ਖੇਵਟ (ਖਾਤੇ) ਨੂੰ ਦਿੱਤਾ ਗਿਆ ਨਵਾਂ ਨੰਬਰ ਹੈ ਅਤੇ 12 ਪੁਰਾਣਾ ਨੰਬਰ ਹੈ।

ਕਾਲਮ 2 ਖਤੌਨੀ ਹੈ = ਇਹ ਕਾਸ਼ਤਕਾਰਾਂ ਦਾ ਖਾਤਾ ਨੰਬਰ ਹੈ ਜਿਨ੍ਹਾਂ ਦੇ ਨਾਮ ਕਾਲਮ 4 ਵਿਚ ਹਨ। ਕਾਸ਼ਤਕਾਰਾਂ ਕੋਲ ਉਸ ਜ਼ਮੀਨ 'ਤੇ ਫਸਲਾਂ ਦੇ ਅਧਿਕਾਰ ਵੀ ਹਨ। ਨਾਲ ਹੀ ਉਹ ਵੱਖ-ਵੱਖ ਅਨੁਪਾਤਾਂ ਵਿਚ ਕਾਸ਼ਤ ਦੇ ਅਧਿਕਾਰ ਰੱਖ ਸਕਦੇ ਹਨ ਅਤੇ/ਜਾਂ ਉਹ ਮਾਰੂਸੀ (ਲੰਮੀ ਮਿਆਦ) ਜਾਂ ਗੈਰ-ਮਾਰੂਸੀ (ਛੋਟਾ ਅਤੇ ਅਧਿਕਾਰਾਂ ਤੋਂ ਬਿਨਾਂ); ਜਾਂ ਕਾਲਮ 3 ਵਿਚ ਜ਼ਮੀਨ ਦੇ ਮਾਲਕ, ਖੁਦ ਕਾਸ਼ਤਕਾਰ ਹੋ ਸਕਦੇ ਹਨ (ਖੁਦਕਾਸ਼ਤ)।

ਜੇ ਕੁਝ ਖਸਰਾ ਜਾਂ ਇਸ ਦੇ ਕੁਝ ਹਿੱਸੇ ਦੀ ਕਾਸ਼ਤ ਨਹੀਂ ਕੀਤੀ ਜਾਂਦੀ ਤਾਂ ਇਸ ਨੂੰ ਗੈਰ-ਮੁਮਕਿਨ ਕਿਹਾ ਜਾਂਦਾ ਹੈ ਜੋ ਇਮਾਰਤ, ਸੜਕ ਹੋ ਸਕਦੀ ਹੈ ਜਿਸ ਨੂੰ ਚਲਾਇਆ ਨਹੀਂ ਜਾ ਸਕਦਾ। ਜ਼ਮੀਨ ਦੇ ਇਸ ਹਿੱਸੇ ਦੀ ਵੰਡ ਕਰਨਾ ਤਹਿਸੀਲਦਾਰ ਦੀ ਡਿਊਟੀ ਨਹੀਂ ਹੈ।

ਕਾਲਮ 5. ਇਹ ਸਿੰਜਾਈ ਜਾਂ ਗੈਰ-ਸਿੰਜਾਈ ਪ੍ਰਬੰਧ ਦਰਸਾਉਂਦਾ ਹੈ।

ਕਾਲਮ 6. ਖਸਰਾ ਨੰਬਰ ਅਤੇ ਕਿੱਲਾ ਨੰਬਰ ਦਿਖਾਉਂਦਾ ਹੈ; ਜਿਵੇਂ 4//16 (4 ਮੁਰੱਬਾ ਨੰਬਰ ਹੈ ਅਤੇ 16 ਕਿੱਲਾ ਨੰਬਰ ਹੈ)।

ਕਾਲਮ 7. ਇਸ ਵਿਚ ਕਨਾਲ-ਮਰਲੇ ਜਾਂ ਬਿਸਵੇ-ਬਿਸਵਾਂਸੀ ਵਿਚ ਰਕਬਾ ਅਤੇ ਜ਼ਮੀਨ ਦੀ ਕਿਸਮ (ਚਾਹੀ, ਬਰਾਨੀ, ਬਾਗੀਚਾ, ਗੈਰ-ਮੁਮਕਿਨ ਆਬਾਦੀ) ਲਿਖੀ ਹੁੰਦੀ ਹੈ। ਕਨਾਲ ਮਰਲੇ ਦੇ ਹੇਠ ਮੀਟ੍ਰਿਕ ਸਿਸਟਮ ਵਿਚ ਖੇਤਰ ਹੁੰਦਾ ਹੈ; ਖੇਤਰ ਨੂੰ ਹੈਕਟੇਅਰ, ਏਅਰ ਅਤੇ ਸੈਂਟੇਅਰ (1) ਦੀ ਮੀਟਰਿਕ ਪ੍ਰਣਾਲੀ ਵਿਚ ਦਿਖਾਇਆ ਜਾਂਦਾ ਹੈ। ਸੈਂਟੇਅਰ =1 ਵਰਗ ਮੀਟਰ; 100 ਸੈਂਟਾਇਰ=1 ਏਅਰ; 100 ਏਅਰ=ਹੈਕਟੇਅਰ ਜਾਂ 10,000 ਵਰਗ ਮੀਟਰ।

ਕਾਲਮ 8. ਇਹ ਸਭ ਤੋਂ ਮਹੱਤਵਪੂਰਨ ਕਾਲਮ ਹੈ। ਮਲਕੀਅਤ, ਗਿਰਵੀਨਾਮਾ, ਅਦਾਲਤੀ ਹੁਕਮ, ਵਿਕਰੀ ਖਰੀਦ ਵਿਚ ਕੋਈ ਵੀ ਤਬਦੀਲੀ ਇਸ ਵਿਚ ਲਾਲ ਸਿਆਹੀ ਵਿਚ ਦਰਜ ਕੀਤੀ ਜਾਂਦੀ ਹੈ। ਪਹਿਲਾਂ ਕਾਲਮ 8 ਹੀ ਪੜ੍ਹੋ। ਕਾਲਮ 3 ਵਿਚੋਂ ਕਿਸੇ ਨੇ ਵੀ ਆਪਣਾ ਪੂਰਾ ਜਾਂ ਕੁਝ ਹਿੱਸਾ ਵੇਚਿਆ ਹੈ, ਉਸ ਨੂੰ ਕਾਲਮ 8 ਵਿਚ ਐਂਟਰੀ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

ਫਰਦ ਕਾਲਮ 6 ਦੇ ਹੇਠਾਂ 'kitey' ਲਿਖਿਆ ਹੈ ਜਿਸਦਾ ਮਤਲਬ ਹੈ ਕਿ ਇਸ ਉੱਪਰ ਕਿੰਨੇ ਖਸਰੇ ਹਨ।

ਕਾਲਮ 7 ਦੇ ਹੇਠਲੇ ਹਿੱਸੇ 'ਤੇ ਇਸ ਫਰਦ ਦਾ ਕੁੱਲ ਰਕਬਾ ਕਨਾਲ-ਮਰਲੇ ਜਾਂ ਬਿਸਵੇ ਵਿਚ ਹੈਕਟੇਅਰ—ਏਅਰ ਵਿਚ ਲਿਖਿਆ ਜਾਂਦਾ ਹੈ (1-02-10.5=10,210.5 ਸਕੁਏਅਰ ਮੀਟਰ)।

ਤੁਸੀਂ ਹਰੇਕ ਮਾਲਕ ਦੇ ਕੁੱਲ ਹਿੱਸੇ ਦੀ ਗਣਨਾ ਕਰ ਸਕਦੇ ਹੋ, ਉਸਦੇ ਹਿੱਸੇ 1/4 ਆਦਿ ਨੂੰ ਕਾਲਮ 7 ਦੇ ਹੇਠਲੇ ਹਿੱਸੇ ਦੇ ਕੁੱਲ ਖੇਤਰ ਨਾਲ ਜਾਂ ਹਰੇਕ ਖਸਰੇ ਵਿਚ ਉਸਦੇ ਹਿੱਸੇ ਲਈ ਕਾਲਮ 7 ਵਿਚ ਹਰੇਕ ਖਸਰਾ ਦੇ ਖੇਤਰ ਨਾਲ ਗੁਣਾ ਕਰਕੇ।

# ਅਮਰੀਕਾ ਦੇ ਦਰਜਨਾਂ ਸ਼ਹਿਰ ਦੀਵਾਲੀਆ ਹੋਣ ਕੰਢੇ

ਸਯੁੰਕਤ ਰਾਜ ਅਮਰੀਕਾ ਆਰਥਿਕ ਪੱਖੋਂ ਦੁਨੀਆਂ ਦੀ ਸਭ ਤੋਂ ਮਜ਼ਬੂਤ ਆਰਥਿਕਤਾ ਹੈ ਪਰ ਅੱਜ ਇਹ ਲਗਾਤਾਰ ਨਿਘਾਰ ਵੱਲ ਵਧ ਰਿਹਾ ਹੈ। ਇੱਕ ਪਾਸੇ ਜੰਗਾਂ ਵਿਚ ਅੰਨ੍ਹਾ ਪੈਸਾ ਝੋਕ ਰਿਹਾ ਹੈ ਤੇ ਦੂਸਰੇ ਪਾਸੇ ਦੇਸ਼ ਅੰਦਰ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਮੁਲਕ ਅਤੇ ਆਮ ਲੋਕਾਂ ਸਿਰ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੁੰਦੀ ਜਾ ਰਹੀ ਹੈ। ਇਸੇ ਨੂੰ ਉਜਾਗਰ ਕਰਦੀਆਂ ਖਬਰਾਂ ਪਿਛਲੇ ਸਮੇਂ ਵਿਚ ਆਈਆਂ ਜਿਸ ਵਿਚ ਇਹ ਗੱਲ ਸਾਹਮਣੇ ਆਈ

**ਪੁਸ਼ਪਿੰਦਰ**
**ਫੋਨ: +91-95305-33274**

ਕਿ ਅਮਰੀਕਾ ਨੇ ਇੱਕ ਪਾਸੇ ਤਾਂ ਸਾਲ 2023 ਵਿਚ ਤਕਰੀਬਨ 916 ਅਰਬ ਡਾਲਰ ਫੌਜੀ ਖਰਚਾ ਕੀਤਾ ਜਦਕਿ ਦੂਸਰੇ ਪਾਸੇ ਅਮਰੀਕਾ ਦੇ 38 ਸੂਬੇ ਫੰਡਾਂ ਦੀ ਘਾਟ ਨਾਲ ਜੂਝ ਰਹੇ ਹਨ ਤੇ ਅਮਰੀਕਾ ਦੇ ਸਭ ਤੋਂ ਪੁਰਾਣੇ ਤੇ ਆਰਥਿਕ ਪੱਖੋਂ ਮਜ਼ਬੂਤ ਸ਼ਹਿਰ ਵਿੱਤੀ ਘਾਟੇ ਦਾ ਸ਼ਿਕਾਰ ਹਨ, ਜਿਨ੍ਹਾਂ ਵਿਚ ਇਸ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ, ਨਿਊਯਾਰਕ, ਡੈਨਵਰ, ਸਿਆਟਲ, ਲਾਸ ਐਂਜਲਸ, ਬੋਸਟਨ ਆਦਿ ਸ਼ਾਮਲ ਹਨ। ਅਮਰੀਕਾ ਸਿਰ ਤਕਰੀਬਨ 34 ਖਰਬ ਡਾਲਰ ਦਾ ਕਰਜ਼ਾ ਹੈ। ਇਹ ਅਮਰੀਕਾ ਦੇ ਕੁੱਲ ਅਰਥਚਾਰੇ ਦਾ ਲਗਭਗ 100 ਫੀਸਦੀ ਹੈ। ਆਰਥਿਕ ਮਾਹਿਰਾਂ ਦੀ ਮੰਨੀਏ ਤਾਂ ਜਲਦੀ ਹੀ ਇਹ ਅੰਕੜਾ 100 ਫੀਸਦੀ ਤੋਂ ਪਾਰ ਹੋ ਜਾਵੇਗਾ ਜਿਹੜਾ ਅਮਰੀਕਾ ਨੂੰ ਹੋਰ ਨਿਘਾਰ ਵੱਲ ਲੈ ਜਾਵੇਗਾ। ਇਸ ਕੁੱਲ ਕਰਜ਼ੇ ਵਿਚੋਂ ਲਗਭਗ 25.5 ਖਰਬ ਡਾਲਰ ਦਾ ਕਰਜ਼ਾ ਫੈਡਰਲ ਸਰਕਾਰ ਦੇ ਸਿਰ ਹੈ ਜਦਕਿ ਬਾਕੀ ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਸਿਰ ਹੈ। ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰਾਂ ਵਿਚੋਂ ਤਕਰੀਬਨ 53 ਸ਼ਹਿਰ ਵਿੱਤੀ ਘਾਟੇ ਦਾ ਬੋਝ ਢੋਅ ਰਹੇ ਹਨ। ਇਨ੍ਹਾਂ ਵਿਚੋਂ ਜਿਹੜੇ ਪੰਜ ਸਭ ਤੋਂ ਵੱਡੇ ਵਿੱਤੀ ਘਾਟੇ ਦਾ ਸ਼ਿਕਾਰ ਹਨ ਉਨ੍ਹਾਂ ਵਿਚ ਨਿਊਯਾਰਕ ਪਹਿਲੇ ਨੰਬਰ 'ਤੇ ਹੈ। ਨਿਊਯਾਰਕ ਦੀ ਆਰਥਿਕਤਾ ਲਗਭਗ ਦੋ ਖਰਬ ਡਾਲਰ ਹੈ ਪਰ ਇਸ ਸ਼ਹਿਰ ਸਿਰ ਵੀ ਲਗਭਗ 96 ਅਰਬ ਡਾਲਰ ਦਾ ਕਰਜ਼ਾ ਹੈ। ਅੱਗੇ ਲਾਸ ਐਂਜਲਸ ਸ਼ਹਿਰ ਆਉਂਦਾ ਹੈ ਜਿਸਦੀ ਆਰਥਿਕਤਾ ਇਕ ਖਰਬ ਡਾਲਰ ਹੈ ਤੇ ਇਸ ਉਤੇ 37 ਅਰਬ ਡਾਲਰ ਦਾ ਕਰਜ਼ਾ ਹੈ; ਇਸ ਤੋਂ ਬਾਅਦ ਸ਼ਿਕਾਗੋ ਹੈ ਜਿਸਦੀ ਆਰਥਿਕਤਾ 765 ਅਰਬ ਡਾਲਰ, ਸਾਂਨ ਫਰਾਂਸਿਸਕੋ 670 ਅਰਬ ਡਾਲਰ ਤੇ ਵਾਸ਼ਿੰਗਟਨ ਡੀਸੀ ਦੀ 608 ਅਰਬ ਡਾਲਰ ਹੈ। ਇਨ੍ਹਾਂ ਸ਼ਹਿਰਾਂ ਸਿਰ ਕ੍ਰਮਵਾਰ 38 ਅਰਬ ਡਾਲਰ, 35 ਅਰਬ ਡਾਲਰ ਤੇ 25 ਅਰਬ ਡਾਲਰ ਦਾ ਕਰਜ਼ਾ ਹੈ। ਇਹ ਸਿਰਫ ਸਰਕਾਰੀ ਕਰਜ਼ਾ ਹੈ, ਜੇ ਇਸ ਵਿਚ ਨਿੱਜੀ ਕਰਜ਼ੇ ਨੂੰ ਜੋੜ ਲਿਆ ਜਾਵੇ ਤਾਂ ਇਨ੍ਹਾਂ ਸ਼ਹਿਰਾਂ ਦਾ ਕਰਜ਼ਾ ਹੋਰ ਵਧ ਜਾਂਦਾ ਹੈ। ਰੇਟਿੰਗ ਏਜੰਸੀ 'ਫਿਚ ਰੇਟਿੰਗ' ਦੀ ਰਿਪੋਰਟ ਮੁਤਾਬਕ ਸ਼ਿਕਾਗੋ ਦੇ ਹਰ ਵਸਨੀਕ ਉਪਰ ਲਗਭਗ 42 ਹਜ਼ਾਰ ਡਾਲਰ ਤੱਕ ਦਾ ਕਰਜ਼ਾ ਹੈ, ਇਸੇ ਤਰ੍ਹਾਂ ਸਾਂਨ ਫਰਾਂਸਿਸਕੋ ਦੇ ਹਰ ਵਸਨੀਕ ਉਪਰ 27,500 ਅਮਰੀਕੀ ਡਾਲਰ ਦਾ ਕਰਜ਼ਾ ਹੈ। ਇਹ ਕਰਜ਼ਾ ਲਗਾਤਾਰ ਵਧ ਰਿਹਾ ਹੈ ਤੇ ਅਮਰੀਕੀ ਲੋਕਾਂ ਦੇ ਭਵਿੱਖ ਨੂੰ ਹਨੇਰੇ ਵੱਲ ਧੱਕ ਰਿਹਾ ਹੈ।

**ਅਮਰੀਕੀ ਸ਼ਹਿਰਾਂ ਦੀ ਕੰਗਾਲੀ**

ਅਸਲ ਵਿਚ ਸਰਮਾਏਦਾਰਾ ਪ੍ਰਬੰਧ ਵਿਚ ਅਰਥਚਾਰੇ ਨੂੰ ਠੁੰਮ੍ਹਣਾ ਦੇਣ ਲਈ ਕਰਜ਼ੇ ਦੀ ਅਹਿਮ ਭੂਮਿਕਾ ਹੁੰਦੀ ਹੈ। ਸਰਮਾਏਦਾਰਾ ਅਰਥਚਾਰੇ ਵਿਚ ਆਉਂਦੀ ਸੁਸਤੀ ਤੋਂ ਪਾਰ ਪਾਉਣ ਲਈ ਸਰਕਾਰਾਂ ਵਿਆਜ ਦਰਾਂ ਸੁੱਟ ਕੇ ਖੁੱਲ੍ਹਾ ਕਰਜ਼ਾ ਲੈਣ ਨੂੰ ਉਤਸ਼ਾਹਿਤ ਕਰਦੀਆਂ ਹਨ ਜਿਵੇਂ ਕਿ ਅਮਰੀਕਾ ਵਿਚ ਵੀ ਕੀਤਾ ਗਿਆ। ਸਰਮਾਏਦਾਰਾ ਤਰਕ ਇਹ ਹੁੰਦਾ ਹੈ ਕਿ ਭਾਵੇਂ ਲੋਕਾਂ ਕੋਲ ਤਨਖਾਹ ਐਨੀ ਨਾ ਵੀ ਹੋਵੇ ਫਿਰ ਵੀ ਉਹ ਕਰਜ਼ਾ ਚੁੱਕ ਕੇ ਖਰੀਦਦਾਰੀ ਕਰਨ - ਘਰ ਖਰੀਦਣ, ਗੱਡੀ ਖਰੀਦਣ ਤੇ ਰੋਜ਼ਮਰ੍ਹਾ ਖਰੀਦਦਾਰੀ ਕਰਨ। ਦੂਜੇ ਪਾਸੇ ਸਰਮਾਏਦਾਰ ਕਰਜ਼ਾ ਲੈ ਕੇ ਨਿਵੇਸ਼ ਵਿਚ ਲਾਉਂਦੇ ਨੇ ਜਿਸ ਤੋਂ ਅਰਥਚਾਰੇ ਨੂੰ ਕੁਝ ਹੁਲਾਰਾ ਮਿਲਦਾ ਹੈ। ਇਸ ਨੂੰ ਮੋਟੇ ਰੂਪ ਵਿਚ ਕਰਜ਼ ਵਿਸਥਾਰ ਦੀਆਂ ਨੀਤੀਆਂ ਕਿਹਾ ਜਾਂਦਾ ਹੈ ਪਰ ਇਹ ਸਭ ਜੁਗਾੜਬਾਜ਼ੀ ਵਕਤੀ ਹੀ ਹੁੰਦੀ ਹੈ ਕਿਉਂ ਜੋ ਲਿਆ ਕਰਜ਼ਾ ਇੱਕ ਨਾ ਇੱਕ ਦਿਨ ਮੋੜਨਾ ਤਾਂ ਪੈਣਾ ਹੀ ਹੈ। ਇਸ ਤਰ੍ਹਾਂ ਹੌਲੀ-ਹੌਲੀ ਵਧਦਾ ਕਰਜ਼ੇ ਦਾ ਇਹ ਭੁਕਾਨਾ ਫਟਦਾ ਹੈ ਤੇ ਪੂਰੇ ਅਰਥਚਾਰੇ ਨੂੰ ਆਪਣੇ ਨਾਲ ਲੈ ਡੁੱਬਦਾ ਹੈ।

ਅਮਰੀਕਾ ਵੀ 2008 ਦੀ ਸਬਪ੍ਰਾਈਮ ਮੰਦੀ ਤੋਂ ਬਾਅਦ ਤੇਜ਼ੀ ਨਾਲ ਕਰਜ਼ ਵਿਸਥਾਰ ਦੀਆਂ ਨੀਤੀਆਂ ਉਤੇ ਵਧਿਆ। ਸਰਕਾਰ ਨੇ ਵਿਆਜ ਦਰਾਂ ਸੁੱਟ ਕੇ ਅੰਨ੍ਹਾ ਕਰਜ਼ਾ ਆਰਥਿਕਤਾ ਵਿਚ ਝੋਕਿਆ। ਲੌਕਡਾਊਨ ਤੋਂ ਬਾਅਦ ਵੀ ਤੇਜ਼ੀ ਨਾਲ ਅਮਰੀਕੀ ਹਕੂਮਤ ਨੇ ਕਰਜ਼ਾ ਚੁੱਕ ਕੇ ਸਰਮਾਏਦਾਰਾਂ ਨੂੰ ਵੱਡੇ ਗੱਫੇ ਦਿੱਤੇ ਜਿਸ ਸਦਕਾ ਅੱਜ ਅਮਰੀਕਾ ਸਿਰ ਕਰਜ਼ਾ 2002 ਦੇ 6 ਖਰਬ ਡਾਲਰ ਤੋਂ ਵਧ ਕੇ ਵੀਹ ਸਾਲਾਂ ਵਿਚ ਹੀ 34 ਖਰਬ ਡਾਲਰ ਹੋ ਚੁੱਕਾ ਹੈ ਜਾਣੀ ਲਗਭਗ ਛੇ ਗੁਣਾ! ਕਰਜ਼ੇ ਦੇ ਵਧਣ ਪਿੱਛੇ ਫੌਰੀ ਕਾਰਨ ਅਮਰੀਕਾ ਵੱਲੋਂ ਇਰਾਕ, ਅਫ਼ਗਾਨਿਸਤਾਨ, ਸੀਰੀਆ ਆਦਿ 'ਤੇ ਥੋਪੀਆਂ ਸਾਮਰਾਜੀ ਜੰਗਾਂ ਤੇ 2007-08 ਦੀ ਮੰਦੀ ਵੇਲੇ ਤੇ ਲੌਕਡਾਊਨ ਵੇਲੇ ਅਮਰੀਕੀ ਸਰਮਾਏਦਾਰਾਂ ਨੂੰ ਦਿੱਤੇ ਵੱਡੇ-ਵੱਡੇ ਬੇਲਆਊਟ ਗੱਫੇ ਹਨ। ਪਰ ਪਿੱਛੇ ਮੂਲ ਕਾਰਨ ਇਸ ਸਰਮਾਏਦਾਰੀ ਦਾ ਵਜੂਦ ਸਮੋਇਆ ਮੁਨਾਫੇ ਦੀ ਦਰ ਡਿੱਗਣ ਦਾ ਨੇਮ ਹੈ ਜਿਸ ਤੋਂ ਪਾਰ ਪਾਉਣ ਲਈ ਇਹ ਸਭ ਤਿਕੜਮ ਕੀਤੇ ਜਾਂਦੇ ਹਨ।

**ਕਿਸ ਉੱਤੇ ਪਵੇਗਾ ਕਰਜ਼ੇ ਦਾ ਬੋਝ?**

ਬਿਨਾਂ ਸ਼ੱਕ ਅਮਰੀਕਾ ਦੇ ਸਿਰ ਜਾਂ ਅਮਰੀਕੀ ਸ਼ਹਿਰਾਂ ਦੇ ਸਿਰ ਜੋ ਕਰਜ਼ਾ ਹੈ ਇਸ ਦਾ ਬੋਝ ਆਮ ਲੋਕਾਂ ਸਿਰ ਪਾਇਆ ਜਾਵੇਗਾ। ਹਾਕਮ ਜਮਾਤੀ ਵਿੱਤੀ ਸਲਾਹਕਾਰਾਂ ਨੇ ਸਰਕਾਰ ਅੱਗੇ ਇਹ ਤਜਵੀਜ਼ ਪੇਸ਼ ਕੀਤੀ ਹੈ ਕਿ ਸਰਕਾਰ ਜਨਤਕ ਖਰਚਿਆਂ ਵਿਚ ਕਟੌਤੀ ਕਰੇ ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਪਿਛਲੇ ਤਿੰਨ ਸਾਲਾਂ ਵਿਚ ਹੀ ਸਰਕਾਰ ਨੇ ਸਿਹਤ ਬਜਟ ਵਿਚ 7 ਫੀਸਦੀ ਤੱਕ ਦੇ ਕੱਟ ਲਾਏ ਹਨ। ਇਸ ਤੋਂ ਬਿਨਾਂ ਲੋਕਾਂ ਦੀਆਂ ਬੱਚਤਾਂ ਵੀ ਪਿਛਲੇ ਦਹਾਕੇ ਦੇ ਸਭ ਤੋਂ ਹੇਠਲੇ ਪੱਧਰ 'ਤੇ ਹਨ। ਅਮਰੀਕੀ ਸਰਕਾਰ ਦੇ ਵਿੱਤੀ ਸਲਾਹਕਾਰ, ਨੀਤੀਵਾਨ, ਦਰਬਾਰੀ ਅਰਥ-ਸ਼ਾਸਤਰੀ ਅਜਾਰੇਦਾਰ ਸਰਮਾਏਦਾਰਾਂ ਨੂੰ ਤੇ ਸਾਮਰਾਜੀ ਜੰਗਾਂ 'ਤੇ ਕੀਤੇ ਖਰਚੇ ਨੂੰ ਅੱਖੋਂ ਓਹਲੇ ਕਰਦਿਆਂ ਕਹਿ ਰਹੇ ਹਨ ਕਿ ਸਰਕਾਰ ਸਿਰ ਕਰਜ਼ਾ ਮੁੱਖ ਤੌਰ ਉਤੇ ਜਨਤਕ ਖੇਤਰ ਵਿਚ ਖਰਚ ਕਰਨ ਨਾਲ ਵਧਿਆ ਹੈ ਅਤੇ ਇਸ ਨੀਤੀ 'ਤੇ ਵਿਚਾਰ ਕਰ ਰਹੇ ਹਨ ਕਿ ਸਰਕਾਰ ਜਨਤਕ ਸੇਵਾਵਾਂ ਦੇ ਹਰ ਖੇਤਰ ਵਿਚ ਕੱਟ ਲਗਾਵੇ ਅਤੇ ਉਸ ਵਿਚੋਂ ਮਾਲੀਆ ਇਕੱਠਾ ਕਰ ਕੇ ਕਰਜ਼ਾ ਮੋੜਨ ਦੀਆਂ ਨੀਤੀਆਂ ਤੈਅ ਕਰੇ, ਜਿਸ ਦਾ ਨਤੀਜਾ ਇਹ ਨਿਕਲੇਗਾ ਕਿ ਲੋਕ ਜਿਹੜੇ ਪਹਿਲਾਂ ਹੀ ਰਿਕਾਰਡ ਮਹਿੰਗਾਈ, ਖੜ੍ਹੌਤ ਮਾਰੀਆਂ ਤਨਖਾਹਾਂ ਆਦਿ ਦੀ ਮਾਰ ਝੱਲ ਰਹੇ ਹਨ ਹੋਰ ਹੇਠਾਂ ਧੱਕੇ ਜਾਣਗੇ। ਲੋਕਾਂ ਨੂੰ ਮਿਲਣ ਵਾਲੀਆਂ ਸਰਕਾਰੀ ਸਹੂਲਤਾਂ ਵਿਚ ਵੱਡੇ ਪੱਧਰ 'ਤੇ ਕੱਟ ਲਾਏ ਜਾਣਗੇ ਜਿਸ ਨਾਲ ਜਨਤਕ ਸਹੂਲਤਾਂ ਦਾ ਪੱਧਰ ਹੋਰ ਹੇਠਾਂ ਡਿੱਗੇਗਾ ਜਿਸਦਾ ਸਿੱਧਾ ਅਸਰ ਆਮ ਆਬਾਦੀ 'ਤੇ ਪਵੇਗਾ। ਇੱਕ ਸਰਕਾਰੀ ਰਿਪੋਰਟ ਮੁਤਾਬਕ ਵਿੱਤੀ ਸਲਾਹਕਾਰਾਂ ਨੇ ਇਹ ਵੀ ਸਲਾਹ ਦਿੱਤੀ ਹੈ ਕਿ ਅਮਰੀਕਾ ਵਿਚ ਬਜ਼ੁਰਗਾਂ ਨੂੰ ਮਿਲਣ ਵਾਲੀ ਪੈਨਸ਼ਨ ਵਿਚੋਂ ਕਟੌਤੀ ਕਰ ਕੇ ਕਰਜ਼ੇ ਮੋੜਨ ਲਈ ਵਰਤਿਆ ਜਾਵੇ।

ਅੱਜ ਇੱਕ ਪਾਸੇ ਅਮਰੀਕਾ ਦੇ ਅਨੇਕਾਂ ਸ਼ਹਿਰ ਕਰਜ਼ੇ ਦੀ ਪੰਡ ਥੱਲੇ ਹਨ ਤੇ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਵਿਚ ਕਟੌਤੀ ਕਰਨ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ ਪਰ ਦੂਜੇ ਪਾਸੇ ਅਮਰੀਕੀ ਸਰਕਾਰ ਆਪਣੇ ਸਾਮਰਾਜੀ ਹਿੱਤਾਂ ਲਈ ਯੂਕਰੇਨ ਤੇ ਇਜ਼ਰਾਈਲ ਨੂੰ ਅਰਬਾਂ ਡਾਲਰ ਦੇ ਹਥਿਆਰ ਤੇ ਹੋਰ ਮਦਦ ਭੇਜ ਰਹੀ ਹੈ। ਅਮਰੀਕਾ ਦੇ ਕਿਰਤੀ ਲੋਕਾਂ ਨੂੰ ਇਹ ਗੱਲ ਸਮਝ ਜਾਣੀ ਚਾਹੀਦੀ ਹੈ ਕਿ ਜਿਸ ਕਰਜ਼ੇ ਦਾ ਬੋਝ ਉਨ੍ਹਾਂ ਦੇ ਸਿਰ ਪਾਇਆ ਜਾ ਰਿਹਾ ਹੈ ਇਹ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਹੋਰ ਹਨ੍ਹੇਰੇ ਵਿਚ ਲੈ ਜਾਵੇਗਾ। ਇਸ ਕਰਕੇ ਉਨ੍ਹਾਂ ਨੂੰ ਜਨਤਕ ਲਾਮਬੰਦੀ ਕਰ ਕੇ ਅਜਿਹੇ ਭਵਿੱਖ ਵੱਲ ਵਧਣਾ ਚਾਹੀਦਾ ਹੈ ਜਿੱਥੇ ਸਰਕਾਰ ਕਰਜ਼ੇ ਦਾ ਬੋਝ ਲੋਕਾਂ 'ਤੇ ਸੁੱਟਣ ਦੀ ਥਾਂ ਉਨ੍ਹਾਂ ਦੇ ਕੁੱਲ ਕਰਜ਼ੇ 'ਤੇ ਲੀਕ ਮਾਰੇ, ਵੱਡੇ ਸਰਮਾਏਦਾਰਾਂ 'ਤੇ ਮੋਟੇ ਟੈਕਸ ਲਾ ਕੇ ਲੋਕਾਂ ਦੀ ਭਲਾਈ ਲਈ ਖਰਚ ਕਰੇ ਆਦਿ। ਕਹਿਣ ਦੀ ਲੋੜ ਨਹੀਂ ਕਿ ਅੱਜ ਦੀਆਂ ਸਰਮਾਏਦਾਰਾਂ ਸਰਕਾਰਾਂ ਇਹ ਨਹੀਂ ਕਰ ਸਕਦੀਆਂ, ਇਸ ਲਈ ਅੱਜ ਇਸ ਲੋਟੂ ਢਾਂਚੇ ਨੂੰ ਬਦਲਣ ਲਈ ਲੋਕਾਂ ਨੂੰ ਲਾਮਬੰਦ ਕਰਨ ਦੀ ਲੋੜ ਹੈ।

# ਚੀਨ-ਅਮਰੀਕਾ ਦਾ ਵਪਾਰਕ ਪੇਚਾ ਤੇ ਸੰਸਾਰ ਸਿਆਸਤ

ਟੀ.ਐੱਨ. ਨੈਨਾਨ

ਪੱਛਮ ਅਤੇ ਬਾਕੀ ਦੁਨੀਆ ਵਿਚਕਾਰ ਤਣਾਤਣੀ ਤਿੱਖੀ ਹੋ ਰਹੀ ਹੈ। ਹੁਣ ਸਪਸ਼ਟ ਹੋ ਗਿਆ ਹੈ ਕਿ ਪੱਛਮ ਭਾਵੇਂ ਜ਼ੋਰਦਾਰ ਢੰਗ ਨਾਲ ਮੁੱਕੇ ਜੜ ਰਿਹਾ ਹੈ ਪਰ ਇਹ ਛਿੱਥਾ ਪੈ ਰਿਹਾ ਹੈ। ਕਿਸੇ ਵੇਲੇ ਏਸ਼ੀਆ ਪ੍ਰਸ਼ਾਂਤ ਖਿੱਤੇ ਅੰਦਰ ਅਮਰੀਕੀ ਜਲ ਸੈਨਾ ਦਾ ਦਬਦਬਾ ਸੀ, ਹੁਣ ਇਸ ਨੇ ਡਰਾਵੇ (ਡੈਟਰੈਂਸ) ਵਾਲਾ ਪੈਂਤੜਾ ਅਪਨਾ ਲਿਆ ਹੈ। ਆਰਥਿਕ ਖੇਤਰ ਵਿਚ ਹੀ ਅਮਰੀਕਾ ਨੇ ਹਮਲਾਵਰ ਰੁਖ਼ ਛੱਡ ਕੇ (ਪਾਬੰਦੀਆਂ) ਬਚਾਅ ਦੀ ਮੁਦਰਾ (ਅਮਰੀਕੀ ਮੰਡੀਆਂ ਦੁਆਲੇ ਮਹਿਸੂਲਾਂ ਦੀ ਕੰਧ ਖੜ੍ਹੀ ਕਰ ਕੇ) ਅਖ਼ਤਿਆਰ ਕਰ ਲਈ ਹੈ ਅਤੇ ਯੂਕਰੇਨ ਦੇ ਹੱਕ ਵਿਚ ਪੱਛਮ ਦੀ ਇਮਦਾਦ ਰੂਸ ਨੂੰ ਡੱਕ ਨਹੀਂ ਪਾਈ। ਮਾਓ ਜ਼ੇ ਤੁੰਗ ਨੇ ਕਾਫ਼ੀ ਚਿਰ ਪਹਿਲਾਂ ਕਿਹਾ ਸੀ ਕਿ ਪੂਰਬ ਦੀ ਪੌਣ ਪੱਛਮ 'ਤੇ ਭਾਰੂ ਹੋ ਗਈ ਹੈ, ਇਹ ਸ਼ਾਇਦ ਹੁਣ ਵਾਪਰਨਾ ਸ਼ੁਰੂ ਹੋ ਗਿਆ ਹੈ।

ਕਈ ਸਾਲਾਂ ਤੱਕ ਪੱਛਮੀ ਵਿਸ਼ਲੇਸ਼ਕ ਅਤੇ ਪੱਤਰਕਾਰ ਚੀਨ ਤੇ ਰੂਸ ਬਾਰੇ ਗਲਤ ਪੜ੍ਹਤ ਲੈਂਦੇ ਰਹੇ ਹਨ। ਰੂਸ ਨੂੰ ਇੰਝ ਪੇਸ਼ ਕੀਤਾ ਜਾਂਦਾ ਰਿਹਾ ਕਿ ਇਹ ਆਰਥਿਕ ਤੌਰ 'ਤੇ ਅਸਥਿਰ ਹੈ; ਵਲਾਦੀਮੀਰ ਪੂਤਿਨ ਨੂੰ ਸਿਆਸੀ ਚੁਣੌਤੀਆਂ ਵਿਚ ਘਿਰਿਆ ਅਤੇ ਸ਼ਾਇਦ ਗੰਭੀਰ ਰੂਪ 'ਚ ਬਿਮਾਰ ਆਗੂ ਆਖਿਆ ਜਾਂਦਾ ਰਿਹਾ। ਚੀਨ ਦੇ ਚੌਫਾਲ ਡਿੱਗਣ ਦੇ ਕਿਆਫ਼ੇ ਦੋ ਦਹਾਕਿਆਂ ਤੋਂ ਲਾਏ ਜਾ ਰਹੇ ਹਨ। ਕੁਝ ਸਮਾਂ ਪਹਿਲਾਂ ਕਿਹਾ ਗਿਆ ਸੀ ਕਿ ਇਹ ਬੁਰੀ ਤਰ੍ਹਾਂ ਘਿਰਿਆ ਹੋਇਆ ਹੈ। ਫਿਰ ਵੀ ਰੂਸ ਨੇ ਹੈਰਾਨਕੁਨ ਢੰਗ ਨਾਲ ਪੱਛਮੀ ਪਾਬੰਦੀਆਂ ਦਾ ਸਾਹਮਣਾ ਕੀਤਾ। ਇਸ ਨੇ ਯੂਕਰੇਨ ਵਿਚ ਆਪਣਾ ਹੱਥ ਉਤਾਂਹ ਕਰ ਲਿਆ ਅਤੇ ਪੂਤਿਨ ਨੂੰ ਇੱਕ ਹੋਰ ਕਾਰਜਕਾਲ ਲਈ ਚੁਣ ਲਿਆ ਗਿਆ। ਇਸ ਦੌਰਾਨ ਚੀਨ ਆਪਣੇ ਹਾਣੀ ਆਮਦਨ ਪੱਧਰਾਂ ਵਾਲੇ ਅਰਥਚਾਰਿਆਂ 'ਚੋਂ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਅਰਥਚਾਰਾ ਬਣਿਆ ਹੋਇਆ ਹੈ।

ਹਾਲ ਹੀ ਵਿਚ ਅਮਰੀਕਾ ਨੇ ਚੀਨ ਦੀਆਂ ਕੁਝ ਵਸਤਾਂ ਉਪਰ ਮਹਿਸੂਲ ਦਰਾਂ ਵਿਚ ਜੋ ਤਿੱਖਾ ਵਾਧਾ ਕਰਨ ਦਾ ਐਲਾਨ ਕੀਤਾ ਹੈ, ਉਹ ਕੋਈ ਮੁਕੰਮਲ ਵਪਾਰ ਯੁੱਧ ਦਾ ਸੰਕੇਤ ਨਹੀਂ ਕਿਉਂਕਿ ਉਨ੍ਹਾਂ ਦਾ ਨਿਸ਼ਾਨਾ ਉਨ੍ਹਾਂ ਚੀਜ਼ਾਂ 'ਤੇ ਹੈ ਜੋ ਚੀਨ ਅਮਰੀਕਾ ਵਿਚ ਬਹੁਤਾ ਵੇਚ ਹੀ ਨਹੀਂ ਰਿਹਾ।



ਇਸ ਕਿਸਮ ਦੇ ਬਚਾਓਵਾਦੀ ਹਥਕੰਡੇ ਪਹਿਲਾਂ ਵਾਲੀਆਂ ਜ਼ਾਹਿਰਾਨਾ ਪੇਸ਼ਕਦਮੀਆਂ 'ਤੇ ਦਿੱਤੇ ਜਾਂਦੇ ਜ਼ੋਰ ਨਾਲ ਮੇਲ ਨਹੀਂ ਖਾਂਦੇ। ਉਮੀਦ ਕੀਤੀ ਜਾਂਦੀ ਸੀ ਕਿ ਉਨ੍ਹਾਂ ਜ਼ਾਹਿਰਾਨਾ ਪੇਸ਼ਕਦਮੀਆਂ ਨਾਲ ਅਮਰੀਕਾ ਦੇ ਦੁਸ਼ਮਣਾਂ ਨੂੰ ਹੱਥਾਂ ਪੈਰਾਂ ਦੀ ਪੈ ਜਾਵੇਗੀ। ਇਸ ਲਈ ਇਸ ਸੰਕੇਤ ਦਾ ਧੁਰਾ ਮੁੱਖ ਤੌਰ 'ਤੇ ਰਾਸ਼ਟਰਪਤੀ ਜੋਅ ਬਾਇਡਨ ਦਾ ਘਰੋਗੀ ਸਿਆਸੀ ਆਧਾਰ ਹੈ। ਇਸ ਦੇ ਹੁੰਦਿਆਂ-ਸੁੰਦਿਆਂ ਚੀਨ ਨਿਸ਼ਾਨੇ 'ਤੇ ਰੱਖੀਆਂ ਜ਼ਿਆਦਾਤਰ ਵਸਤੂਆਂ ਦਾ ਮੁੱਖ ਉਤਪਾਦਕ ਹੈ ਅਤੇ ਇਹ ਹੋਰ ਮੰਡੀਆਂ ਲੱਭ ਸਕਦਾ ਹੈ। ਇਸ ਦਾ ਖਮਿਆਜ਼ਾ ਅਮਰੀਕੀ ਦਰਾਮਦਕਾਰਾਂ ਨੂੰ ਭੁਗਤਣਾ ਪਵੇਗਾ ਜਿਨ੍ਹਾਂ ਨੂੰ ਕੁਝ ਆਈਟਮਾਂ ਦੀ ਸਪਲਾਈ ਦਾ ਬਦਲਵਾਂ ਸਰੋਤ ਨਹੀਂ ਮਿਲ ਸਕਣਾ। ਚੀਨ ਤੀਜੀ ਦੁਨੀਆ ਦੇ ਦੇਸ਼ਾਂ ਵਿਚਲੀਆਂ ਫੈਕਟਰੀਆਂ ਰਾਹੀਂ ਵੀ ਸਪਲਾਈ ਭੇਜ ਸਕਦਾ ਹੈ। ਇਸ ਦੌਰਾਨ ਅਮਰੀਕੀ ਖਪਤਕਾਰਾਂ ਨੂੰ ਮਹਿੰਗਾਈ ਦਰ ਦੀ ਕੀਮਤ ਤਾਰਨੀ ਪਵੇਗੀ। ਬਿਨਾਂ ਸ਼ੱਕ ਪਾਬੰਦੀਆਂ ਨੇ ਸੱਟ ਮਾਰੀ ਸੀ ਪਰ ਇਸ ਦਾ ਅਸਰ ਅੰਸ਼ਕ ਸਾਬਿਤ ਹੋਇਆ। ਰੂਸ ਨੇ ਆਪਣੇ ਤੇਲ ਤੇ ਗੈਸ ਦੇ ਨਵੇਂ ਗਾਹਕ ਲੱਭ ਲਏ; ਯੂਰਪ ਨੇ ਸਸਤੀ ਊਰਜਾ ਦਾ ਅਹਿਮ ਸਰੋਤ ਗੁਆ ਲਿਆ ਜਿਸ ਕਰ ਕੇ ਜਰਮਨੀ ਜਿਹੇ ਕਈ ਅਰਥਚਾਰੇ ਡਾਵਾਂਡੋਲ ਹੋ ਗਏ। ਇਸ ਦੌਰਾਨ ਰੂਸੀ ਅਰਥਚਾਰੇ ਅਜੇ ਵੀ ਪ੍ਰਫੁੱਲਤ ਹੋ ਰਿਹਾ ਹੈ।

ਰੂਸ ਅਤੇ ਚੀਨ ਨੇ ਅਜਿਹੀਆਂ ਅਦਾਇਗੀ ਪ੍ਰਣਾਲੀਆਂ ਵਿਕਸਤ ਕਰ ਲਈਆਂ ਜੋ ਡਾਲਰ (ਰੂਸ ਤੇ ਚੀਨ ਦਾ 95 ਫ਼ੀਸਦ ਵਪਾਰ ਇਸ ਵੇਲੇ ਮੁਕਾਮੀ ਕਰੰਸੀਆਂ ਵਿਚ ਹੋ ਰਿਹਾ ਹੈ) ਅਤੇ ਇੱਥੋਂ ਤੱਕ 'ਸਵਿਫਟ' ਜਿਹੀਆਂ ਬੈਂਕਿੰਗ ਸੰਚਾਰ ਪ੍ਰਣਾਲੀਆਂ ਨੂੰ ਵੀ ਬਾਈਪਾਸ ਕਰਦੀਆਂ ਹਨ। ਰੂਸ ਦੇ ਰਾਖਵੇਂ ਭੰਡਾਰਾਂ ਵਿਚ ਇਸ ਸਮੇਂ ਡਾਲਰ ਨਾਲੋਂ ਰੈਨਮਿਨਬੀਜ਼ (ਚੀਨੀ ਕਰੰਸੀ ਯੁਆਨ ਦਾ ਇੱਕ ਹੋਰ ਨਾਂ) ਜ਼ਿਆਦਾ ਹਨ ਤੇ ਚੀਨ ਨੇ ਪਿਛਲੇ ਅਠਾਰਾਂ ਕੁ ਮਹੀਨਿਆਂ ਤੋਂ ਭਾਰੀ ਮਾਤਰਾ ਵਿਚ ਸੋਨਾ ਖਰੀਦਿਆ ਹੈ। ਪੀਪਲਜ਼ ਬੈਂਕ ਆਫ ਚਾਈਨਾ ਕੋਲ ਪਿਆ 2250 ਟਨ ਸੋਨਾ ਆਪਣੇ ਉਚਤਮ ਪੱਧਰ 'ਤੇ ਹੈ, ਫਿਰ ਵੀ ਇਹ ਇਸ ਦੇ ਕੁੱਲ ਭੰਡਾਰਾਂ ਦੇ ਪੰਜ ਫ਼ੀਸਦ ਹਿੱਸੇ ਤੋਂ ਵੀ ਘੱਟ ਹੈ।

ਜਿੱਥੋਂ ਤੱਕ ਤਕਨਾਲੋਜੀ ਦਾ ਸਵਾਲ ਹੈ, ਚੀਨ ਪਹਿਲਾਂ ਅੱਗੇ ਚੱਲ ਰਿਹਾ ਹੈ ਅਤੇ ਇਹ ਹੋਰ ਮੁਲਕਾਂ ਨਾਲੋਂ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਇਸ ਨੇ ਬਿਜਲਈ ਵਾਹਨਾਂ, ਸੌਰ ਊਰਜਾ ਅਤੇ ਲਿਥੀਅਮ ਬੈਟਰੀਆਂ ਦੇ ਸਵੱਛ ਊਰਜਾ ਖੇਤਰ ਵਿਚ ਮੋਹਰੀ ਪੁਜ਼ੀਸ਼ਨ ਬਣਾ ਲਈ ਹੈ। ਚੀਨ ਇਨ੍ਹਾਂ ਸਨਅਤਾਂ ਲਈ ਵਿਸ਼ੇਸ਼ ਪਦਾਰਥਾਂ ਦੀ ਸਪਲਾਈ ਯਕੀਨੀ ਬਣਾਉਣ ਵਿਚ ਬਾਕੀਆਂ ਨਾਲੋਂ ਕਾਫ਼ੀ ਅੱਗੇ ਹੈ ਅਤੇ ਉਨ੍ਹਾਂ 'ਚੋਂ ਕੁਝ ਮੰਡੀਆਂ 'ਤੇ ਇਸ ਦੀ ਅਜਾਰੇਦਾਰੀ ਬਣ ਚੁੱਕੀ ਹੈ। ਇਹ ਹੁਣ ਇਲੈਕਟ੍ਰੌਨਿਕਸ, ਜੀਵ ਵਿਗਿਆਨਾਂ ਅਤੇ ਰੱਖਿਆ ਉਤਪਾਦਨ ਵਿਚ ਤਕਨੀਕੀ ਮਾਅਰਕੇ ਮਾਰਨ ਦੀ ਤਿਆਰੀ ਕਰ ਰਿਹਾ ਹੈ। ਮਿਸਾਲ ਦੇ ਤੌਰ 'ਤੇ ਹੁਆਵੇ ਨੇ ਹਾਲ ਹੀ ਵਿਚ 7-ਐੱਨ.ਐੱਮ. (ਨੈਨੋਮੀਟਰ) ਚਿੱਪਾਂ ਵਾਲਾ ਸਮਾਰਟਫੋਨ ਤਿਆਰ ਕਰ ਕੇ ਪੱਛਮ ਨੂੰ ਦੰਗ ਕਰ ਦਿੱਤਾ ਹੈ; ਇਹ ਹੁਣ 5 ਐੱਨ.ਐੱਮ. ਚਿੱਪਾਂ ਵਾਲਾ ਸਮਾਰਟਫੋਨ ਬਣਾਉਣ ਦੀ ਤਿਆਰੀ ਵਿਚ ਹੈ। ਚੀਨ ਨੇ ਅਗਲੇ ਸਾਲ ਤੱਕ ਚਿੱਪ ਨਿਰਮਾਣ ਵਿਚ 70 ਫ਼ੀਸਦੀ ਆਤਮ-ਨਿਰਭਰਤਾ ਹਾਸਲ ਕਰਨ ਦਾ ਟੀਚਾ ਰੱਖਿਆ ਹੈ। ਇਸ ਦੌਰਾਨ ਪੱਛਮੀ ਦੇਸ਼ਾਂ ਦੀਆਂ ਦਵਾ ਬਣਾਉਣ ਵਾਲੀਆਂ ਕੰਪਨੀਆਂ ਨੇ ਬਾਇਓਬੇਅ (ਸ਼ੰਘਾਈ ਨੇੜੇ ਸੁਚਾਓ ਵਿਖੇ ਨਵੀਨ ਕਾਢਾਂ ਲਈ ਬਣੀ ਮੈਗਾ ਹੱਬ) ਜਿਹੀਆਂ ਥਾਵਾਂ 'ਚ ਬਾਇਓਫਾਰਮਾ ਅਤੇ ਜੀਵ ਵਿਗਿਆਨਾਂ ਵਿਚ ਚੀਨ ਦੀ ਅਗਵਾਈ ਪ੍ਰਵਾਨ ਕਰ ਲਈ ਹੈ। ਰੱਖਿਆ ਖੇਤਰ ਵਿਚ ਚੀਨ ਚੌਥੇ ਵਿਮਾਨ ਵਾਹਕ ਬੇੜੇ ਦਾ ਨਿਰਮਾਣ ਕਰ ਰਿਹਾ ਹੈ ਜੋ ਪਰਮਾਣੂ ਊਰਜਾ ਨਾਲ ਚੱਲੇਗਾ। ਇਹ ਨਵੀਂ ਤਕਨਾਲੋਜੀ ਦਾ ਉਭਾਰ ਹੋਵੇਗਾ। ਹੁਣ ਤੱਥ ਇਹ ਹੈ ਕਿ ਚੀਨ ਲਈ ਤਕਨਾਲੋਜੀ ਦੇ ਬੂਹੇ ਭੇੜਨ ਵਿਚ ਹੁਣ ਬਹੁਤ ਦੇਰ ਹੋ ਚੁੱਕੀ ਹੈ।

ਸੁਰੱਖਿਆ ਮੁਹਾਜ਼ 'ਤੇ ਪੱਛਮੀ ਸਮੀਖਿਅਕਾਂ ਨੂੰ ਇਸ ਗੱਲ ਦੀ ਚਿੰਤਾ ਹੋ ਰਹੀ ਹੈ ਕਿ ਜੇ ਰੂਸ ਯੂਕਰੇਨ 'ਤੇ ਭਾਰੀ ਪੈ ਗਿਆ ਅਤੇ ਅੱਧਿਓਂ ਵੱਧ ਤਬਾਹ ਹੋ ਚੁੱਕੇ ਇਸ ਮੁਲਕ ਦਾ ਹੋਰ ਹਿੱਸਾ ਹੜੱਪ ਲੈਂਦਾ ਹੈ ਤਾਂ ਇਸ ਦੇ ਕਿਹੋ ਜਿਹੇ ਸਿੱਟੇ ਨਿਕਲਣਗੇ। ਜੇ ਡੋਨਲਡ ਟਰੰਪ ਅਮਰੀਕਾ ਵਿਚ ਰਾਸ਼ਟਰਪਤੀ ਬਣ ਕੇ ਵਾਪਸੀ ਕਰਦੇ ਹਨ ਅਤੇ 'ਨਾਟੋ' ਨੂੰ ਲੰਗੜਾ ਬਣਾ ਦੇਣ ਦੀ ਆਪਣੀ ਧਮਕੀ ਅਮਲ ਵਿਚ ਲਿਆਉਂਦੇ ਹਨ ਤਾਂ ਹਾਲਾਤ ਹੋਰ ਜ਼ਿਆਦਾ ਵਿਗੜ ਸਕਦੇ ਹਨ। ਯੂਰਪੀ ਰੱਖਿਆ ਦਸਤਿਆਂ ਕੋਲ ਮੌਜੂਦਾ ਨਫ਼ਰੀ, ਸਾਜ਼ੋ-ਸਾਮਾਨ, ਲੜਾਕੂ ਕੁੱਵਤਾਂ ਅਤੇ ਰੱਖਿਆ ਉਤਪਾਦਕ ਸਮਰੱਥਾਵਾਂ ਦੀਆਂ ਸ਼ਦੀਦ ਸੀਮਤਾਈਆਂ ਦੇ ਮੱਦੇਨਜ਼ਰ ਸਮੁੱਚਾ ਯੂਰਪ ਅਚਨਚੇਤ ਸਭ ਤੋਂ ਵੱਧ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਿਆ ਹੈ। ਯੂਰਪੀ ਰੱਖਿਆ ਬਜਟਾਂ ਵਿਚ ਵਾਧਾ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦੇ ਦੋ ਫ਼ੀਸਦ ਦੇ ਟੀਚੇ ਤੱਕ ਪਹੁੰਚ ਗਿਆ ਹੈ ਪਰ ਇਸ ਨੂੰ ਅਮਰੀਕੀ ਇਮਦਾਦ ਤੋਂ ਬਗ਼ੈਰ ਆਪਣੀ ਰੱਖਿਆ ਦੇ ਯੋਗ ਬਣਨ ਵਿਚ ਘੱਟੋ-ਘੱਟ ਇਕ ਦਹਾਕਾ ਲੱਗ ਜਾਵੇਗਾ।

ਦੂਜੇ ਬੰਨੇ, ਰੂਸ ਤੇ ਚੀਨ ਇਕ ਦੂਜੇ ਦੇ ਕਾਫ਼ੀ ਕਰੀਬ ਆ ਚੁੱਕੇ ਹਨ ਅਤੇ ਦੁਨੀਆ ਦੇ ਕਈ ਖੇਤਰਾਂ ਵਿਚ ਕੂਟਨੀਤਕ ਜਿੱਤਾਂ ਵੀ ਦਰਜ ਕਰ ਰਹੇ ਹਨ। ਰੂਸ ਨੇ ਸੀਰੀਆ ਵਿਚ ਆਪਣਾ ਪੱਤਾ ਬਾਖ਼ੂਬੀ ਵਰਤਿਆ ਹੈ ਅਤੇ ਹੁਣ ਇਸ ਨੂੰ ਇਰਾਨ ਤੋਂ ਡਰੋਨ ਮਿਲ ਰਹੇ ਹਨ। ਪਿਛਲੇ ਸਾਲ ਚੀਨ ਨੇ ਇਰਾਨ ਅਤੇ ਸਾਊਦੀ ਅਰਬ ਵਿਚਕਾਰ ਸੁਲ੍ਹਾ ਕਰਵਾ ਕੇ ਇਨ੍ਹਾਂ ਦੇ ਦੁਵੱਲੇ ਸਬੰਧ ਆਮ ਵਰਗੇ ਬਣਾ ਦਿੱਤੇ ਹਨ। ਅਫਰੀਕੀ ਮਹਾਂਦੀਪ ਵਿਚ ਇਸ ਵਕਤ ਚੀਨ ਅਮਰੀਕਾ ਨਾਲੋਂ ਜ਼ਿਆਦਾ ਖਰਚਾ ਕਰ ਰਿਹਾ ਹੈ ਅਤੇ ਉਸ ਨੂੰ ਇਸ ਦੀ ਲੋੜ ਵੀ ਹੈ; ਇੱਕ ਤੋਂ ਬਾਅਦ ਇੱਕ ਮੁਲਕ ਫਰਾਂਸੀਸੀ ਅਤੇ ਅਮਰੀਕੀ ਫ਼ੌਜੀਆਂ ਨੂੰ ਦੁਤਕਾਰ ਰਹੇ ਹਨ ਤੇ ਸੁਰੱਖਿਆ ਇਮਦਾਦ ਲਈ ਰੂਸੀ ਫ਼ੌਜੀਆਂ ਨੂੰ ਸੱਦਿਆ ਜਾ ਰਿਹਾ ਹੈ। ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਜਿਨ੍ਹਾਂ ਦੇ ਅਰਥਚਾਰੇ ਚੀਨ ਦੇ ਅਰਥਚਾਰੇ ਨਾਲ ਨੇੜਿਓਂ ਜੁੜੇ ਹੋਏ ਹਨ ਅਤੇ ਹੋਰ ਜ਼ਿਆਦਾ ਜੁੜ ਰਹੇ ਹਨ, ਵਿਚ ਵੀ ਹੁਣ ਅਮਰੀਕਾ ਤੇ ਚੀਨ 'ਚੋਂ ਕਿਸੇ ਇੱਕ ਦੀ ਚੋਣ ਨਹੀਂ ਕਰਨਾ ਚਾਹ ਰਹੇ। ਅਮਰੀਕਾ ਨੇ ਵਾਰ-ਵਾਰ ਦਿਖਾਇਆ ਹੈ ਕਿ ਉਹ ਇਮਦਾਦ ਲਈ ਗ਼ੈਰ-ਭਰੋਸੇਮੰਦ ਹੈ; ਜਿਵੇਂ ਹਾਲ ਹੀ ਵਿਚ ਯੂਕਰੇਨ ਨੂੰ ਹਥਿਆਰ ਮੁਹੱਈਆ ਕਰਾਉਣ ਤੋਂ ਜ਼ਾਹਿਰ ਹੋਇਆ ਹੈ; ਜਦੋਂ ਇਹ ਯੂਕਰੇਨ ਤੇ ਗਾਜ਼ਾ ਬਾਰੇ ਆਪਾ-ਵਿਰੋਧੀ ਪੈਂਤੜੇ ਅਖ਼ਤਿਆਰ ਕਰਦਾ ਹੈ, ਇਸ ਨਾਲ ਪੱਛਮ ਦੀ ਕੋਈ ਭਰੋਸੇਯੋਗਤਾ ਨਹੀਂ ਬਣਦੀ।

ਪੱਛਮੀ ਟਿੱਪਣੀਕਾਰਾਂ ਦੀ ਇਹ ਦਲੀਲ ਹੈ ਕਿ ਚੀਨ ਪਿਛਲੇ ਲੰਮੇ ਅਰਸੇ ਤੋਂ ਭਾਰੀ ਸਰਕਾਰੀ ਸਹਾਇਤਾ ਨਾਲ ਸਨਅਤਾਂ ਪ੍ਰਫੁੱਲਤ ਕਰ ਕੇ ਅਤੇ ਆਪਣੀ ਕਰੰਸੀ ਦਾ ਮੁੱਲ ਵਾਧਾ ਹੋਣ ਦੀ ਆਗਿਆ ਦਿੱਤੇ ਬਿਨਾਂ ਆਪਣੇ ਜ਼ਬਰਦਸਤ ਵਪਾਰਕ ਮੁਨਾਫ਼ਿਆਂ ਜ਼ਰੀਏ ਤਜਾਰਤੀ ਰਾਹ 'ਤੇ ਚਲ ਰਿਹਾ ਹੈ; ਤੇ ਇਹ ਵੀ ਕਿ ਚੀਨ ਪੱਛਮੀ ਦੇਸ਼ਾਂ ਨੂੰ ਮੋੜਵੇਂ ਉਪਰਾਲੇ ਕਰਨ ਲਈ ਉਕਸਾ ਰਿਹਾ ਹੈ। ਇੱਥੋਂ ਤੱਕ ਉਨ੍ਹਾਂ ਦੀ ਗੱਲ ਸਹੀ ਹੈ ਪਰ ਉਹ ਅਗਾਂਹ ਇਹ ਨਹੀਂ ਦੱਸਦੇ ਕਿ ਚੀਨ ਦੀਆਂ ਘਰੋਗੀ ਮੰਡੀਆਂ ਵਿਚ ਮੁਕਾਬਲੇ ਦਾ ਪੱਧਰ ਬਹੁਤ ਜ਼ਿਆਦਾ ਉੱਚਾ ਹੈ। ਮਸਲਨ, ਇਲੈਕਟ੍ਰਿਕ ਵਾਹਨਾਂ ਦੀਆਂ 139 ਦੇ ਕਰੀਬ ਕੰਪਨੀਆਂ ਉਭਰ ਆਈਆਂ ਹਨ ਪਰ ਇਨ੍ਹਾਂ 'ਚੋਂ ਕੁਝ ਕੁ ਸਭ ਤੋਂ ਵੱਧ ਯੋਗ ਕੰਪਨੀਆਂ ਹੀ ਮੈਦਾਨ ਵਿਚ ਟਿਕਣਗੀਆਂ, ਸੰਭਾਵੀ ਤੌਰ 'ਤੇ ਬੀਵਾਈਡੀ ਜਿਹੀਆਂ ਕੰਪਨੀਆਂ ਹੀ ਦੁਨੀਆ ਭਰ 'ਚ ਆਪਣਾ ਪਰਚਮ ਲਹਿਰਾ ਸਕਣਗੀਆਂ।

# ਬਜ਼ੁਰਗਾਂ ਦੀ ਸਿਹਤ ਸੰਭਾਲ ਦੇ ਮਸਲੇ

ਡਾ. ਅਰੁਣ ਮਿੱਤਰਾ
ਫੋਨ: +91-94170-00360

ਇੰਸ਼ੋਰੈਂਸ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਿਟੀ ਆਫ ਇੰਡੀਆ ਨੇ ਸਿਹਤ ਬੀਮਾ ਕੰਪਨੀਆਂ ਨੂੰ 65 ਸਾਲ ਦੀ ਉਮਰ ਸੀਮਾ ਖਤਮ ਕਰਨ ਅਤੇ ਇਹ ਸਹੂਲਤ ਹਰ ਕਿਸੇ ਨੂੰ ਦੇਣ ਲਈ ਕਿਹਾ ਹੈ। ਚਾਹੇ ਉਨ੍ਹਾਂ ਦੀ ਉਮਰ ਕੋਈ ਵੀ ਹੋਵੇ। ਇਹ ਚੰਗਾ ਫੈਸਲਾ ਜਾਪਦਾ ਹੈ ਹਾਲਾਂਕਿ ਸਵਾਲ ਹੈ: ਕੀ ਬੀਮਾ ਆਧਾਰਿਤ ਸਿਹਤ ਸੰਭਾਲ ਪ੍ਰਣਾਲੀ ਸਾਡੇ ਨਾਗਰਿਕਾਂ ਖਾਸ ਕਰ ਕੇ ਬਜ਼ੁਰਗਾਂ ਦੀਆਂ ਲੋੜਾਂ ਪੂਰੀਆਂ ਕਰਦੀ ਹੈ?

ਵੱਡੀ ਉਮਰ ਦਾ ਸਮਾਂ ਚੁਣੌਤੀਆਂ ਨਾਲ ਭਰਿਆ ਹੁੰਦਾ ਹੈ। ਸਰੀਰਕ ਅਤੇ ਮਾਨਸਿਕ ਦੋਵੇਂ ਸਮਰੱਥਾਵਾਂ ਵਿਚ ਗਿਰਾਵਟ ਆਉਣੀ ਸ਼ੁਰੂ ਹੋ ਜਾਂਦੀ ਹੈ। ਇਮਿਊਨ ਸਿਸਟਮ ਦੇ ਕਮਜ਼ੋਰ ਹੋਣ ਨਾਲ ਇਨਫੈਕਸ਼ਨਾਂ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਸਰੀਰ ਨੂੰ ਖੋਰਨ ਵਾਲੀਆਂ 'ਡੀਜੈਨੇਰੇਟਿਵ' ਬਿਮਾਰੀਆਂ ਸਿਹਤ ਦੀਆਂ ਸਮੱਸਿਆਵਾਂ ਵਧਾ ਦਿੰਦੀਆਂ ਹਨ। ਕੁਝ ਮਹੱਤਵਪੂਰਨ ਅਤੇ ਹੋਰ ਚੁਣੌਤੀਪੂਰਨ ਬਿਮਾਰੀਆਂ ਵਿਚ ਸ਼ਾਮਲ ਗਠੀਆ, ਦਿਲ ਦੀਆਂ ਬਿਮਾਰੀਆਂ, ਕੈਂਸਰ, ਸਾਹ ਦੀਆਂ ਬਿਮਾਰੀਆਂ, ਸੇਰੇਬਰੋਵੈਸਕੁਲਰ ਦੁਰਘਟਨਾਵਾਂ, ਪਾਰਕਿਨਸੋਨਿਜ਼ਮ ਅਲਜ਼ਾਈਮਰ ਰੋਗ, ਓਸਟੀਓਪੋਰੋਸਿਸ, ਡਾਇਬੀਟੀਜ਼, ਲਾਗ ਅਤੇ ਡਿਪਰੈਸ਼ਨ ਹਨ। ਜੀਵਨ ਦਾ ਇਹ ਸਮਾਂ ਉਹ ਸਮਾਂ ਹੁੰਦਾ ਹੈ ਜਦੋਂ ਸਮਾਜਿਕ ਸੰਪਰਕ ਘੱਟਦਾ ਹੈ ਅਤੇ ਇਕੱਲਾਪਨ ਪੈਦਾ ਹੋ ਜਾਂਦਾ ਹੈ।

ਇੰਡੀਆ ਏਜਿੰਗ ਰਿਪੋਰਟ 2023 ਨੋਟ ਕਰਦੀ ਹੈ ਕਿ 2050 ਤੱਕ 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜ਼ੁਰਗ ਨਾਗਰਿਕਾਂ ਦੀ ਆਬਾਦੀ ਕੁਲ ਆਬਾਦੀ ਦਾ 20.8 ਪ੍ਰਤੀਸ਼ਤ ਹੋ ਜਾਵੇਗੀ ਜੋ 34.7 ਕਰੋੜ ਦੇ ਕਰੀਬ ਹੈ। 2020 ਵਿਚ ਭਾਰਤ ਵਿਚ 70 ਸਾਲ ਤੋਂ ਵੱਧ ਦੀ ਉਮਰ ਦੀ ਆਬਾਦੀ 5.25 ਕਰੋੜ ਸੀ ਅਤੇ 75 ਸਾਲ ਤੋਂ ਵੱਧ ਉਮਰ ਦੀ ਆਬਾਦੀ 2.8 ਕਰੋੜ ਸੀ। ਇਸ ਲਈ ਭਾਰਤ ਨੂੰ ਆਬਾਦੀ ਦੇ ਇਸ ਸਮੂਹ ਦੇ ਆਰਥਿਕ ਅਤੇ ਸਿਹਤ ਮੁੱਦਿਆਂ ਨੂੰ ਪੂਰਾ ਕਰਨ ਲਈ ਰਣਨੀਤੀਆਂ ਬਣਾਉਣੀਆਂ ਪੈਣਗੀਆਂ। ਇਸ ਉਮਰ ਦੀ ਵੱਡੀ ਗਿਣਤੀ ਆਬਾਦੀ ਕੋਲ ਆਪਣੀ ਕਮਾਈ ਨਹੀਂ ਰਹਿੰਦੀ। ਚਟੋਪਾਧਿਆਏ ਆਦਿ ਨੇ 2022 ਵਿਚ ਪਾਇਆ ਕਿ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਵਿਚੋਂ ਸਿਰਫ 36 ਫੀਸਦ ਹੀ ਆਮਦਨ ਪੈਦਾ ਕਰਨ ਵਾਲੀਆਂ ਗਤੀਵਿਧੀਆਂ ਵਿਚ ਲੱਗੇ ਹੋਏ ਹਨ। ਉਨ੍ਹਾਂ ਵਿਚੋਂ ਸਿਰਫ 5% ਕੋਲ ਫੁੱਲ ਟਾਈਮ ਨੌਕਰੀਆਂ ਹਨ ਅਤੇ ਸਿਰਫ 25 ਫੀਸਦ ਕੋਲ ਆਪਣੇ ਮੌਜੂਦਾ ਕੰਮ ਦੇ ਦਸਤਾਵੇਜ਼ੀ ਸਬੂਤ ਹਨ। ਅਰਥਵਿਵਸਥਾ ਵਿਚ 92.4% ਗੈਰ-ਰਸਮੀ ਕਾਮੇ (ਬਿਨਾਂ ਲਿਖਤੀ ਇਕਰਾਰਨਾਮੇ, ਅਦਾਇਗੀ ਛੁੱਟੀ ਅਤੇ ਹੋਰ ਲਾਭਾਂ ਦੇ) ਹਨ। ਇਸ ਤਰ੍ਹਾਂ ਬਜ਼ੁਰਗ ਜਿਨ੍ਹਾਂ ਨੇ ਗੈਰ-ਰਸਮੀ ਖੇਤਰ ਵਿਚ ਕੰਮ ਕੀਤਾ ਅਤੇ ਹੁਣ ਕੰਮ ਕਰਨਾ ਛੱਡ ਦਿੱਤਾ ਹੈ, ਉਨ੍ਹਾਂ ਕੋਲ ਕੋਈ ਪੈਨਸ਼ਨ ਨਹੀਂ ਹੈ ਅਤੇ ਨਾ ਹੀ ਕੋਈ ਸਮਾਜਿਕ ਲਾਭ।

ਅਜਿਹੇ ਹਾਲਾਤ ਵਿਚ ਉਨ੍ਹਾਂ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੇ ਬੱਚਿਆਂ 'ਤੇ ਨਿਰਭਰ ਰਹਿਣਾ ਪੈਂਦਾ ਹੈ। ਕੁਝ ਮੰਦਭਾਗੀਆਂ ਸਥਿਤੀਆਂ ਵਿਚ ਹਾਲਾਤ ਹੋਰ ਵਿਗੜ ਜਾਂਦੇ ਹਨ, ਜੇਕਰ ਪਰਿਵਾਰ ਬੇਪਰਵਾਹ ਹੈ ਅਤੇ ਬਜ਼ੁਰਗਾਂ ਦੀ ਅਣਦੇਖੀ ਕਰਦਾ ਹੈ। ਬਜ਼ੁਰਗਾਂ ਨੂੰ ਹਮਦਰਦੀ ਦੀ ਲੋੜ ਹੁੰਦੀ ਹੈ। ਉਨ੍ਹਾਂ ਨੂੰ ਐਮਰਜੈਂਸੀ ਦੇਖਭਾਲ ਦੀ ਲੋੜ ਹੁੰਦੀ ਹੈ। ਬਜ਼ੁਰਗਾਂ ਲਈ ਸਿਹਤ ਸੇਵਾਵਾਂ ਨੂੰ ਉਸ ਅਨੁਸਾਰ ਤਿਆਰ ਕੀਤਾ ਜਾਣਾ ਚਾਹੀਦਾ ਹੈ ਜਿਸ ਵਿਚ ਉਪਚਾਰਕ ਅਤੇ ਮੁੜ ਵਸੇਬੇ ਦੀ ਦੇਖਭਾਲ ਦੇ ਨਾਲ-ਨਾਲ ਸਾਰੀਆਂ ਜੇਰੀਐਟਰਿਕ (ਵੱਡੀ ਉਮਰ ਦੀਆਂ) ਬਿਮਾਰੀਆਂ ਲਈ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਸਰਕਾਰ ਵੱਲੋਂ ਚਲਾਈਆਂ ਕਈ ਸਿਹਤ ਸਕੀਮਾਂ ਸਿਹਤ ਜ਼ਰੂਰਤਾਂ ਨੂੰ ਪੂਰਾ ਕਰਨ ਵਿਚ ਅਸਫਲ ਰਹੀਆਂ ਹਨ। ਸੀ.ਜੀ.ਐੱਚ.ਐੱਸ., ਈ.ਸੀ.ਐੱਚ.ਐੱਸ. ਅਤੇ ਈ.ਐੱਸ.ਆਈ.ਸੀ. ਨੂੰ ਛੱਡ ਕੇ ਬਾਕੀ ਸਾਰੀਆਂ ਸਕੀਮਾਂ ਕੇਵਲ ਪ੍ਰੀਮੀਅਮ ਆਧਾਰਿਤ ਸੀਮਤ ਕਵਰੇਜ ਦੀ ਪੇਸ਼ਕਸ਼ ਕਰਦੀਆਂ ਹਨ। ਆਯੂਸ਼ਮਾਨ ਸਣੇ ਇਹ ਸਕੀਮਾਂ ਸਿਰਫ਼ ਹਸਪਤਾਲ ਵਿਚ ਭਰਤੀ ਹੋਣ ਦੇ ਲਾਭ ਮੁਹੱਈਆ ਕਰਦੀਆਂ ਹਨ। ਓ.ਪੀ.ਡੀ. (ਦਾਖਲ ਹੋਏ ਬਿਨਾ ਡਾਕਟਰ ਕੋਲ ਜਾ ਕੇ ਸਲਾਹ ਮਸ਼ਵਰਾ ਲੈਣਾ ਜੋ ਅਕਸਰ ਵਾਰ-ਵਾਰ ਲੈਣਾ ਪੈਂਦਾ ਹੈ) ਦੇਖਭਾਲ ਕਵਰ ਨਹੀਂ ਕੀਤੀ ਜਾਂਦੀ ਹੈ। ਰੋਜ਼ਾਨਾ ਸਿਹਤ ਸੰਭਾਲ ਲਈ ਲੋਕਾਂ ਨੂੰ ਓ.ਪੀ.ਡੀ. ਵਿਚ ਡਾਕਟਰਾਂ ਕੋਲ ਜਾਣਾ ਪੈਂਦਾ ਹੈ ਅਤੇ ਦਵਾਈਆਂ ਤੇ ਜਾਂਚ 'ਤੇ ਆਪਣੀ ਜੇਬ ਵਿਚੋਂ ਖਰਚ ਕਰਨਾ ਪੈਂਦਾ ਹੈ।

ਆਯੂਸ਼ਮਾਨ ਕਾਰਡ ਪ੍ਰਾਪਤ ਕਰਨ ਲਈ ਯੋਗ ਹੋਣ ਲਈ ਕਈ ਸ਼ਰਤਾਂ ਹਨ। ਜਿਹੜੇ ਲੋਕ ਯੋਗ ਨਹੀਂ ਹਨ, ਉਨ੍ਹਾਂ ਵਿਚ ਉਹ ਲੋਕ ਸ਼ਾਮਲ ਹਨ ਜਿਨ੍ਹਾਂ ਕੋਲ ਦੋ, ਤਿੰਨ ਜਾਂ ਚਾਰ ਪਹੀਆ ਵਾਹਨ ਹਨ, ਖੇਤੀ ਦੇ ਮਸ਼ੀਨੀ ਸੰਦ ਹਨ, ਜੋ ਸਰਕਾਰੀ ਨੌਕਰੀ ਕਰਦੇ ਹਨ, 10000 ਰੁਪਏ ਪ੍ਰਤੀ ਮਹੀਨਾ ਕਮਾਉਂਦੇ ਹਨ, ਜਿਨ੍ਹਾਂ ਕੋਲ ਫਰਿੱਜ ਅਤੇ ਲੈਂਡਲਾਈਨ ਟੈਲੀਫੋਨ ਹੈ, ਵਧੀਆ ਘਰ ਹੈ, ਵਾਹੀਯੋਗ ਜ਼ਮੀਨ ਅਤੇ 50000 ਰੁਪਏ ਦੀ ਕਰੈਡਿਟ ਲਿਮਟ ਵਾਲਾ ਕਿਸਾਨ ਕਾਰਡ ਹੈ। ਇਹ ਸਾਰੇ ਲੋਕ ਕਾਨੂੰਨੀ ਤੌਰ 'ਤੇ ਆਯੂਸ਼ਮਾਨ ਕਾਰਡ ਦੇ ਹੱਕਦਾਰ ਨਹੀਂ ਹਨ।

ਨਤੀਜੇ ਵਜੋਂ ਵੱਡੀ ਗਿਣਤੀ ਆਬਾਦੀ ਨਿੱਜੀ ਜਾਂ ਸਰਕਾਰੀ ਮਾਲਕੀ ਵਾਲੀਆਂ ਕੰਪਨੀਆਂ ਤੋਂ ਸਿਹਤ ਬੀਮਾ ਖਰੀਦਦੀ ਹੈ। ਅਜਿਹੇ ਬੀਮੇ ਦੀ ਕਿਸ਼ਤ ਕਾਫੀ ਜ਼ਿਆਦਾ ਹੈ ਅਤੇ ਆਮ ਨਾਗਰਿਕਾਂ ਦੀ ਪਹੁੰਚ ਤੋਂ ਬਾਹਰ ਹੈ। ਉਦਾਹਰਨ ਲਈ 10 ਲੱਖ ਰੁਪਏ ਦੇ ਬੀਮਾ ਕਵਰ ਲਈ 71-75 ਸਾਲ ਦੀ ਉਮਰ ਦੇ ਇੱਕ ਵਿਅਕਤੀ ਨੂੰ ਨਿਊ ਇੰਡੀਆ ਮੈਡੀਕਲੇਮ ਪਾਲਿਸੀ ਦੇ ਤਹਿਤ ਮੂਲ ਕਵਰ ਲਈ 57024 ਰੁਪਏ ਤੋਂ ਇਲਾਵਾ 18% ਜੀ.ਐੱਸ.ਟੀ. ਦੇਣਾ ਪੈਂਦਾ ਹੈ। ਓ.ਪੀ.ਡੀ. ਦਾ ਇਲਾਜ ਇਸ ਪਾਲਿਸੀ ਦੇ ਅਧੀਨ ਨਹੀਂ ਆਉਂਦਾ। ਅਜਿਹੇ ਉੱਚ ਪ੍ਰੀਮੀਅਮ ਦਾ ਭੁਗਤਾਨ ਕਰਨਾ ਵੱਡੀ ਬਹੁਗਿਣਤੀ ਲਈ ਸੰਭਵ ਨਹੀਂ ਹੈ।

ਇਸ ਲਈ ਇਹ ਲਾਜ਼ਮੀ ਹੈ ਕਿ ਦੇਸ਼ ਦੇ ਲੋਕਾਂ ਨੂੰ ਸਰਵ ਵਿਆਪਕ ਸਿਹਤ ਸੇਵਾਵਾਂ ਮੁਹੱਈਆ ਕਰਨ ਦੀ ਜ਼ਿੰਮੇਵਾਰੀ ਸਰਕਾਰ ਨਿਭਾਏ। ਇਹ ਤਾਂ ਹੀ ਸੰਭਵ ਹੈ ਜੇਕਰ ਸਿਹਤ ਲਈ ਬਜਟ ਵਿਚ ਕੁੱਲ ਘਰੇਲੂ ਉਤਪਾਦ ਦੀ ਹਿੱਸੇਦਾਰੀ ਘੱਟੋ ਘੱਟ 6% ਕੀਤੀ ਜਾਵੇ। ਇਹ ਮੰਦਭਾਗਾ ਹੈ ਕਿ ਸਾਡੇ ਦੇਸ਼ ਵਿਚ ਸਿਹਤ 'ਤੇ ਜਨਤਕ ਖਰਚ ਕਈ ਦੇਸ਼ਾਂ ਨਾਲੋਂ ਬਹੁਤ ਘੱਟ ਹੈ। ਜਿੰਦਲ ਸਕੂਲ ਆਫ ਗਵਰਨਮੈਂਟ ਐਂਡ ਪਬਲਿਕ ਪਾਲਿਸੀ, ਓ.ਪੀ. ਜਿੰਦਲ ਗਲੋਬਲ ਯੂਨੀਵਰਸਿਟੀ ਸੋਨੀਪਤ (ਹਰਿਆਣਾ) ਦੇ ਪ੍ਰੋਫੈਸਰ ਇੰਦਰਨੀਲ ਦੇ 15 ਮਈ 2024 ਨੂੰ 'ਦਿ ਹਿੰਦੂ' ਵਿਚ ਪ੍ਰਕਾਸ਼ਿਤ ਲੇਖ ਮੁਤਾਬਕ ਸਾਲ 2021 ਵਿਚ ਭਾਰਤ ਵਿਚ ਸਿਹਤ 'ਤੇ ਪ੍ਰਤੀ ਵਿਅਕਤੀ ਜਨਤਕ ਖਰਚ ਸਿਰਫ (25 ਡਾਲਰ) 2045 ਰੁਪਏ ਹੈ। ਭੂਟਾਨ (69 ਡਾਲਰ) 5727 ਰੁਪਏ, ਬ੍ਰਾਜ਼ੀਲ (347 ਡਾਲਰ) 28800 ਰੁਪਏ, ਦੱਖਣੀ ਅਫਰੀਕਾ (352 ਡਾਲਰ) 29216 ਰੁਪਏ ਅਤੇ ਚੀਨ (363 ਡਾਲਰ) 30129 ਰੁਪਏ ਹੈ। ਸਾਡੇ ਦੇਸ਼ ਦੁਆਰਾ 1.24% ਦੇ ਮੁਕਾਬਲੇ ਬ੍ਰਾਜ਼ੀਲ ਦਾ ਸਿਹਤ ਖਰਚ ਜੀ.ਡੀ.ਪੀ. ਦਾ 13% ਹੈ। ਭਾਰਤ ਵਿਚ ਸਿਹਤ 'ਤੇ ਕੇਂਦਰ ਸਰਕਾਰ ਦਾ ਖਰਚ ਜੀ.ਡੀ.ਪੀ. ਦੀ ਪ੍ਰਤੀਸ਼ਤਤਾ ਦੇ ਰੂਪ ਵਿਚ ਰਾਜਾਂ ਦੁਆਰਾ 0.96% ਦੇ ਮੁਕਾਬਲੇ ਸਿਰਫ 0.28% ਹੈ; ਭਾਵ, ਸਿਹਤ 'ਤੇ ਮੁੱਖ ਖਰਚਾ ਸੂਬਾ ਸਰਕਾਰਾਂ ਦੁਆਰਾ ਕੀਤਾ ਜਾਂਦਾ ਹੈ ਨਾ ਕਿ ਕੇਂਦਰੀ ਸਰਕਾਰ ਦੁਆਰਾ।

ਵਿਸ਼ਵਵਿਆਪੀ ਤਜਰਬੇ ਨੇ ਦਿਖਾਇਆ ਹੈ ਕਿ ਜਿੱਥੇ ਕਿਤੇ ਵੀ ਰਾਜ ਨੇ ਸਰਵ ਵਿਆਪਕ (ਯੂਨੀਵਰਸਲ ਹੈਲਥਕੇਅਰ) ਪ੍ਰਤੀ ਆਪਣਾ ਫਰਜ਼ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਇਆ ਹੈ, ਉੱਥੇ ਨਿੱਜੀਕਰਨ ਅਤੇ ਬੀਮਾ ਆਧਾਰਿਤ ਸਿਹਤ ਸੰਭਾਲ ਪ੍ਰਣਾਲੀਆਂ ਦੇ ਮੁਕਾਬਲੇ ਨਤੀਜੇ ਬਿਹਤਰ ਰਹੇ ਹਨ। ਇਹ ਗੱਲ ਬਜ਼ੁਰਗ ਨਾਗਰਿਕਾਂ 'ਤੇ ਹੋਰ ਵੀ ਢੁੱਕਦੀ ਹੈ।

# ‘ਪੰਜਾਬ ਟਾਈਮਜ਼ ਨਾਈਟ’ ਦੇ ਯਾਦਗਾਰੀ ਪਲ



# ਪੰਜਾਬ ਟਾਈਮਜ਼ ਨਾਈਟ-2024

**ਤਸਵੀਰਾਂ: ਸ਼ਾਨ ਮੀਡੀਆ ਤੇ ਨਵਜੋਧ ਸਿੰਘ ਬਾਜਵਾ**





*(ਸਫਾ 15 ਦੀ ਬਾਕੀ)*

ਮੁਬਾਰਕਬਾਦ ਦਿੰਦਾ ਹਾਂ ਕਿ ਉਸ ਨੇ ਪਰਚੇ ਨੂੰ ਉਵੇਂ ਹੀ ਕਾਇਮ ਰੱਖਿਆ ਹੈ ਜਿਵੇਂ ਅਮੋਲਕ ਨੇ ਰੱਖਿਆ ਸੀ।" ਪੰਜਾਬ ਟਾਈਮਜ਼ ਬਾਰੇ ਉਨ੍ਹਾਂ ਕਿਹਾ-

ਹਮ ਫਕੀਰੋਂ ਸੇ ਜੋ ਚਾਹੇ ਦੁਆ ਲੇ ਜਾਏ
ਫਿਰ ਖੁਦਾ ਜਾਨੇ ਕਹਾਂ ਹਮ ਕੋ ਹਵਾ ਲੇ ਜਾਏ
ਹਮ ਤੋ ਸਰੇ ਰਾਹ ਲੇ ਬੈਠੇ ਚਿੰਗਾਰੀ
ਜਿਸ ਕਾ ਜੀ ਚਾਹੇ ਚਿਰਾਗੋਂ ਕੋ ਜਲਾ ਲੇ ਜਾਏ।

ਕੈਨੇਡਾ ਤੋਂ ਖਾਸ ਤੌਰ 'ਤੇ ਪੁੱਜੇ ਉਘੇ ਕਾਰੋਬਾਰੀ ਅਤੇ ਪੰਜਾਬੀ ਸਾਹਿਤ ਨੂੰ ਹੱਲਾਸ਼ੇਰੀ ਦੇਣ ਵਾਲੇ ਸੁੱਖੀ ਬਾਠ ਨੇ ਕਿਹਾ, "ਔਰਤ ਜਦੋਂ ਕੋਈ ਬਿਜ਼ਨੈਸ ਚਲਾ ਰਹੀ ਹੋਵੇ ਤਾਂ ਸਾਨੂੰ ਉਸ ਦੀ ਹੌਸਲਾ ਅਫਜ਼ਾਈ ਤੇ ਹਰ ਤਰ੍ਹਾਂ ਨਾਲ ਮਦਦ ਕਰਨੀ ਚਾਹੀਦੀ ਹੈ। ਪੰਜਾਬੀਆਂ ਨੇ ਹਰ ਮੁਲਕ ਵਿਚ ਬਹੁਤ ਤਰੱਕੀਆਂ ਕੀਤੀਆਂ ਨੇ, ਸਾਡੀ ਕੌਮ ਬਹਾਦਰਾਂ, ਦਾਨ ਪੁੰਨ ਕਰਨ ਵਾਲਿਆਂ ਦੀ ਕੌਮ ਹੈ, ਫਿਰ ਵੀ ਅਸੀਂ ਕਿਉਂ ਮੁਰਝਾਏ ਰਹਿੰਦੇ ਹਾਂ, ਹੱਸਣਾ ਭੁੱਲ ਗਏ ਹਾਂ, ਕਿਸੇ ਨੂੰ ਪਿਆਰ ਨਾਲ ਬੁਲਾਉਣਾ ਭੁੱਲ ਗਏ ਹਾਂ। ਹੋ ਅਸੀਂ ਕਰੋੜਪਤੀ ਗਏ ਹਾਂ, ਮੈਨੂੰ ਨਹੀਂ ਸਮਝ ਆਉਂਦੀ, ਅਸੀਂ ਕਿਹੜੀ ਅਮੀਰੀ ਦੀ ਗੱਲ ਕਰ ਰਹੇ ਹਾਂ। ਜਿੱਤ ਮਾੜੀ ਨਹੀਂ ਪਰ ਕੀ ਸਾਡੀਆਂ ਜਿੱਤਾਂ, ਵੱਡੀਆਂ ਕੋਠੀਆਂ ਕਾਰਾਂ ਹੀ ਰਹਿ ਗਈਆਂ ਨੇ? ਸੱਚਮੁੱਚ ਅਸੀਂ ਕਿੰਨੇ ਕੁ ਜੀਅ ਰਹੇ ਹਾਂ। ਜੇ ਲੋੜਵੰਦ ਨੂੰ ਦੇਖ ਕੇ ਤੁਹਾਡੀਆਂ ਅੱਖਾਂ ਵਿਚ ਹੰਝੂ ਨਹੀਂ ਆਉਂਦਾ, ਜੇ ਅਸੀਂ ਜ਼ਿੰਦਗੀ ਨੂੰ ਕੱਟਣ ਦੀ ਬਜਾਇ ਜਿਊਣ ਲਈ ਕੋਸ਼ਿਸ਼ ਨਹੀਂ ਕਰਾਂਗੇ, ਜਿਊਇਆ ਨਹੀਂ ਜਾਣਾ। ਜੇ ਅਸੀਂ ਖੁਦ ਨੂੰ ਪਿਆਰ ਨਹੀਂ ਕਰਾਂਗੇ ਤਾਂ ਕਿਸੇ ਨੂੰ ਵੀ ਪਿਆਰ ਕੀਤਾ ਨਹੀਂ ਜਾਣਾ।... ਮੇਰਾ ਕਿਸੇ ਨਾਲ ਵੈਰ-ਵਿਰੋਧ ਨਹੀਂ ਕਿਉਂਕਿ ਮੈਨੂੰ ਝੁਕਣਾ ਆਉਂਦੈ।" ਉਨ੍ਹਾਂ ਆਪਣੇ ਪ੍ਰੋਜੈਕਟ 'ਨਵੀਆਂ ਕਲਮਾਂ ਨਵੀਂ ਉਡਾਣ' ਬਾਰੇ ਜਾਣਕਾਰੀ ਵੀ ਦਿੱਤੀ।

ਲਾਸ ਏਂਜਲਸ (ਕੈਲੀਫੋਰਨੀਆ) ਤੋਂ ਪਹੁੰਚੇ ਇਸ ਸ਼ਾਮ ਦੇ ਮੁੱਖ ਮਹਿਮਾਨ ਸ. ਸੁਰਿੰਦਰ ਸਿੰਘ ਸੁੰਨੜ ਨੇ ਕਿਹਾ, "ਆਪਣੀ ਮਾਂ ਬੋਲੀ ਪੰਜਾਬੀ ਵਾਸਤੇ ਮੈਂ ਸ਼ੁਦਾਈ ਹਾਂ। ਮੈਨੂੰ ਜਨਮ ਦੇਣ ਵਾਲੀ ਮੇਰੀ ਪਹਿਲੀ ਮਾਂ 10-11 ਸਾਲ ਦਾ ਸਾਂ, ਜਦੋਂ ਚਲੀ ਗਈ। ਦੂਜੀ ਮਾਂ 'ਮਿੱਟੀ' ਵਿਦੇਸ਼ ਆਉਣ 'ਤੇ ਚਲੀ ਗਈ ਤੇ ਜਦੋਂ ਮੈਨੂੰ ਆਪਣੀ ਤੀਜੀ ਮਾਂ 'ਮਾਂ ਬੋਲੀ' ਖਿਸਕਦੀ ਦਿਸੀ ਤਾਂ ਮੈਂ ਪ੍ਰਣ ਕੀਤਾ ਕਿ ਮਾਂ ਬੋਲੀ ਦੀ ਸੇਵਾ ਜ਼ਰੂਰ ਕਰਨੀ ਏ। ਇਸੇ ਲਈ ਮੈਂ ਹੁਣ ਮਾਂ ਬੋਲੀ ਤੇ ਸੱਭਿਆਚਾਰ ਦੀ ਸੇਵਾ ਕਰ ਰਿਹਾਂ।" ਕੈਲੀਫੋਰਨੀਆ ਤੋਂ ਹੀ ਉਚੇਚੇ ਪੁੱਜੇ 'ਪੰਜਾਬ ਟਾਈਮਜ਼' ਦੇ ਕਾਲਮਨਵੀਸ, ਲੇਖਕ ਅਤੇ ਕਲਾਕਾਰ ਜਸਵੰਤ ਸਿੰਘ ਸ਼ਾਦ ਨੇ ਕਿਹਾ, "ਅੱਜ ਜ਼ਿੰਦਗੀ ਦਾ ਵੱਖਰਾ ਤਜਰਬਾ ਹੋਇਆ ਹੈ। ਅਸੀਂ ਮੂੰਹ ਮੁਲ੍ਹਾਜ਼ੇ ਵਿਚ ਪੈ ਗਏ ਹਾਂ ਤੇ ਸੱਚ ਬੋਲਣ ਤੋਂ ਝਿਜਕਦੇ ਹਾਂ। ਮੈਂ ਇੱਥੇ ਅਮੋਲਕ ਭਾਅ ਜੀ ਨਾਲ ਕੀਤਾ ਵਾਅਦਾ ਪੁਗਾਉਣ ਆਇਆਂ ਹਾਂ ਤੇ ਦਿਲੋਂ ਮਹਿਸੂਸ ਕਰਦਾਂ ਤੇ ਮਾਣ ਨਾਲ ਕਹਿੰਦਾਂ ਕਿ ਦੁਨੀਆ ਦੀ ਬਿਹਤਰੀਨ ਅਖਬਾਰ ਜੇ ਕੋਈ ਹੈ ਤਾਂ ਇਹ 'ਪੰਜਾਬ ਟਾਈਮਜ਼' ਹੀ ਹੈ। ਇਸ ਲਈ ਇਸ ਦੀ ਸਾਰੀ ਟੀਮ, ਪ੍ਰਸ਼ੰਸਕ, ਅਤੇ ਲੇਖਕ ਵਧਾਈ ਦੇ ਪਾਤਰ ਨੇ।" ਉਨ੍ਹਾਂ ਪੰਜਾਬੀ ਬੋਲੀ ਬਾਰੇ ਆਪਣੀ ਕਵਿਤਾ 'ਮੈਂ ਬੋਲੀ ਪੰਜਾਬ ਦੀ, ਮੇਰੀ ਜੱਗ ਵਿਚ ਵੱਖ ਪਛਾਣ' ਰਾਹੀਂ ਮਾਂ ਬੋਲੀ ਦਾ ਦਰਦ ਬਾਖੂਬੀ ਬਿਆਨ ਕੀਤਾ ਤੇ ਘਰਾਂ ਵਿਚ ਮਾਂ ਬੋਲੀ ਬੋਲਣ ਦਾ ਹੋਕਾ ਦਿੱਤਾ।

ਕੈਲੀਫੋਰਨੀਆ ਤੋਂ ਹੀ ਪੁੱਜੇ ਮਕਬੂਲ ਗੀਤ 'ਆਪਾਂ ਦੋਵੇਂ ਰੁਸ ਬੈਠੇ ਤਾਂ ਮਨਾਊ ਕੌਣ ਵੇ' ਦੇ ਰਚੇਤਾ ਉਘੇ ਗੀਤਕਾਰ ਹਰਜਿੰਦਰ ਕੰਗ ਨੇ ਕਿਹਾ, "ਅੱਜ ਮੈਨੂੰ ਇੰਝ ਲੱਗ ਰਿਹੈ ਜਿਵੇਂ ਸ਼ਬਦਾਂ ਦਾ ਬਗੀਚਾ ਹੋਵੇ ਤੇ ਇਨ੍ਹਾਂ ਸ਼ਬਦਾਂ ਦੀ ਮਹਿਕ ਸਾਡੇ ਤਕ ਪਹੁੰਚਦੀ ਕੀਤੀ ਹੈ 'ਪੰਜਾਬ ਟਾਈਮਜ਼' ਨੇ।"

ਉਨ੍ਹਾਂ 'ਪੰਜਾਬ ਟਾਈਮਜ਼' ਦੀ 25ਵੀਂ ਵਰ੍ਹੇਗੰਢ ਦੀ ਵਧਾਈ ਦਿੰਦਿਆਂ ਸ. ਅਮੋਲਕ ਸਿੰਘ ਜੰਮੂ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ, "ਅਮੋਲਕ ਸਿੰਘ ਜੰਮੂ ਨੇ ਇਸ ਅਖਬਾਰ ਨੂੰ ਪੜ੍ਹਨਯੋਗ ਬਣਾਇਆ ਤੇ ਜਦੋਂ ਸਟੋਰਾਂ 'ਤੇ ਅਖਬਾਰ ਆਉਂਦੀ ਤਾਂ ਲੋਕ ਆ ਕੇ ਪੁੱਛਦੇ ਕਿ 'ਪੰਜਾਬ ਟਾਈਮਜ਼' ਆ ਗਿਐ? ਹੁਣ ਵੀ ਅਖਬਾਰ ਨੂੰ ਨੀਝ ਨਾਲ ਪੜ੍ਹਿਆ ਜਾਂਦੈ।" ਉਨ੍ਹਾਂ ਦੱਸਿਆ ਕਿ ਸ. ਜੰਮੂ ਖੁਸ਼ਮਿਜ਼ਾਜ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਵਾਲੇ ਇਨਸਾਨ ਸਨ। ਉਨ੍ਹਾਂ

'ਇਸ ਵਾਰੀ ਜਦੋਂ ਪਿੰਡੋਂ ਹੋ ਕੇ ਆਇਆ ਹਾਂ,
ਆਪਣੇ ਹੀ ਗਲ ਲੱਗ ਲੱਗ ਰੋ ਕੇ ਆਇਆ ਹਾਂ'

ਸ਼ਿਅਰ ਨਾਲ ਪਰਦੇਸੀਂ ਬੈਠੇ ਪੰਜਾਬੀਆਂ ਨੂੰ ਪਿੰਡ ਦੀ ਯਾਦ ਤਾਜ਼ਾ ਕਰਵਾ ਦਿੱਤੀ। ਉਨ੍ਹਾਂ ਆਪਣੇ ਸ਼ਿਅਰ 'ਉਹ ਰੋਇਆ ਤਾਂ ਬਹੁਤ, ਮਗਰ ਮੈਥੋਂ ਮੁੱਖ ਮੋੜ ਕੇ ਰੋਇਆ' ਨਾਲ ਵੀ ਖੂਬ ਤਾੜੀਆਂ ਬਟੋਰੀਆਂ।

ਲੰਮੇ ਸਮੇਂ ਤੋਂ 'ਪੰਜਾਬ ਟਾਈਮਜ਼' ਨਾਲ ਜੁੜੇ ਕਲੀਵਲੈਂਡ, ਓਹਾਇਓ ਤੋਂ ਖਾਸ ਤੌਰ 'ਤੇ ਪਹੁੰਚੇ 'ਪੰਜਾਬ ਟਾਈਮਜ਼' ਦੇ ਕਾਲਮਨਵੀਸ ਡਾ. ਗੁਰਬਖਸ਼ ਸਿੰਘ ਭੰਡਾਲ ਨੇ 'ਪੰਜਾਬ ਟਾਈਮਜ਼' ਨਾਲ ਜੁੜੇ ਹਰੇਕ ਬਾਸ਼ਿੰਦੇ ਨੂੰ ਵਧਾਈ ਦਿੰਦਿਆਂ ਆਪਣੀ ਨਜ਼ਮ 'ਮਾਂ ਮੈਂ ਕਦੇ ਕਦੇ ਪਿੰਡ ਫੋਨ ਕਰਦਾਂ ਹਾਂ' ਸੁਣਾਈ। ਉਹ ਮਾਂ ਨੂੰ ਯਾਦ ਕਰ ਕੇ ਭਾਵੁਕ ਹੋ ਗਏ।

ਨਿਊਯਾਰਕ ਤੋਂ ਆਏ ਉਘੇ ਸ਼ਾਇਰ ਸੁਰਿੰਦਰ ਸੋਹਲ ਨੇ 'ਪੰਜਾਬ ਟਾਈਮਜ਼' ਦੀ ਸਿਲਵਰ ਜੁਬਲੀ ਦੀ ਮੁਬਾਰਕਬਾਦ ਦਿੰਦਿਆਂ ਆਪਣੀ ਰਚਨਾ

ਮੇਰਾ ਵਜੂਦ ਤੇਰੇ ਵੱਸ 'ਚ ਆ ਨਹੀਂ ਸਕਣਾ,
ਕਿਸੇ ਫਰੇਮ ਵਿਚ ਸੂਰਜ ਸਮਾ ਨਹੀਂ ਸਕਣਾ।
***
ਬਹੁਤ ਹੀ ਸ਼ਾਂਤ ਹੈ ਸਾਗਰ ਜਿਵੇਂ ਤੂਫਾਨ ਤੋਂ ਬਾਅਦ,
ਖਾਮੋਸ਼ ਇਉਂ ਹੈ ਅਦਾਲਤ ਮੇਰੇ ਬਿਆਨ ਤੋਂ ਬਾਅਦ।

ਨਾਲ ਹਾਜ਼ਰੀ ਲੁਆਈ।

ਪੰਜ ਪੁਸਤਕਾਂ ਦੇ ਰਚੇਤਾ ਉਘੇ ਸ਼ਾਇਰ ਰਵਿੰਦਰ ਸਹਿਰਾਅ ਨੇ ਆਪਣੀ ਰਚਨਾ 'ਨਾਬਰੀ ਦੀ ਸ਼ਾਇਰੀ', 'ਤੁਰਦਿਆਂ ਤੁਰਦਿਆਂ ਜਦ ਪੈਰ ਥੱਕੇ, ਪੈਰਾਂ 'ਚ ਪਏ ਛਾਲੇ ਛਲਕੇ ਤਾਂ ਮਰਦਾਨੇ ਕਿਹਾ ਚੱਲਾਂਗੇ ਭਲਕੇ' ਅਤੇ 'ਫਲਸਤੀਨੀ ਕੁੜੀ' ਸੁਣਾਈ ਤਾਂ ਜਿੱਥੇ ਉਹ ਖੁਦ ਭਾਵੁਕ ਹੋ ਗਏ, ਸਰੋਤਿਆਂ ਦੀਆਂ ਅੱਖਾਂ ਵੀ ਨਮ ਹੋ ਗਈਆਂ। ਤਿੰਨ ਪੁਸਤਕਾਂ ਦੇ ਲੇਖਕ ਕਸ਼ਿਸ਼ ਹੁਸ਼ਿਆਰਪੁਰੀ ਨੇ ਆਪਣੀਆਂ ਉਰਦੂ ਰਚਨਾਵਾਂ 'ਕਹੀਂ ਸ਼ੀਸ਼ਾ, ਕਹੀਂ ਖੰਜਰ, ਕਹੀਂ ਔਜ਼ਾਰ ਬਨਤੇ ਹੈਂ' ਅਤੇ 'ਜਬ ਸਖ਼ਤ ਮੁਸ਼ਕਿਲਾਤ ਸੇ ਦੋ ਚਾਰ ਹੋ ਗਏ, ਹਮ ਜ਼ਿੰਦਗੀ ਕੇ ਔਰ ਵਫ਼ਾਦਾਰ ਹੋ ਗਏ' ਨਾਲ ਵਾਹ-ਵਾਹ ਖੱਟੀ।

ਰਾਜ ਲਾਲੀ ਬਟਾਲਾ ਨੇ ਆਪਣੀਆਂ ਕਵਿਤਾਵਾਂ 'ਵੇਖਦੇ ਹੀ ਵੇਖਦੇ ਸਭ ਜਲ ਤੋਂ ਪੱਥਰ ਹੋ ਗਏ' ਅਤੇ 'ਦਿਲ ਦਾ ਕਾਸਾ ਖਾਲੀ ਖਾਲੀ, ਮੁੱਖ 'ਤੇ ਹਾਸਾ ਖਾਲੀ ਖਾਲੀ' ਨਾਲ ਅਤੇ ਲਹਿੰਦੇ ਪੰਜਾਬ ਦੇ ਸੂਫੀ ਸ਼ਾਇਰ ਤੇ 'ਗਲੋਬਲ ਪੰਜਾਬੀ ਮਿਲਾਪ' ਸੰਸਥਾ ਦੇ ਫਾਊਂਡਰ ਸਾਜਿਦ ਚੌਧਰੀ ਨੇ ਆਪਣੀ ਰਚਨਾ 'ਦੀਵਾ ਬਾਲ ਹਵਾ ਦਾ ਰੁਖ਼ ਨਾ ਪੁੱਛ, ਬੁੱਝਣ ਵਾਲੇ ਤੇ ਸਾਹ ਨਾਲ ਬੁੱਝ ਜਾਂਦੇ', ਅਤੇ 'ਰੂਹ ਦਾ ਸੌਦਾ ਕਰ ਬੈਠੇ ਹਾਂ ਹੁਣ ਜੁੱਸੇ ਦਾ ਕਰਨਾ ਕੀ ਏ', ਸੁਖਨਵਰ ਸੰਸਥਾ ਦੇ ਮੋਢੀ ਆਬਿਦ ਰਸ਼ੀਦ ਨੇ 'ਸਭ ਆਪਣੀ ਆਪਣੀ ਗੱਲ ਕਰਦੇ ਗੱਲ ਤੇਰੀ ਐ ਨਾ ਮੇਰੀ ਐ', 'ਮੈਂ ਪਰਦੇਸੀ ਕੀ ਹੋਇਆ ਸਾਰੇ ਪਰਦੇਸੀ ਬਣ ਗਏ' ਸੁਣਾ ਕੇ ਮਾਹੌਲ ਨੂੰ ਤਰੋਤਾਜ਼ਾ ਕੀਤਾ। ਉਰਦੂ ਤੇ ਫਾਰਸੀ ਦੇ ਕੌਮਾਂਤਰੀ ਪੱਧਰ ਦੇ ਸ਼ਾਇਰ ਗੁਲਾਮ ਮੁਸਤਫਾ ਅੰਜੁਮ ਨੇ ਆਪਣੇ ਵੱਖਰੇ ਅੰਦਾਜ਼ ਨਾਲ ਸਰੋਤਿਆਂ ਦੇ ਰੂਬਰੂ ਹੁੰਦਿਆਂ ਤੇ ਮਾਹੌਲ ਨੂੰ ਥੋੜ੍ਹਾ ਹਲਕਾ-ਫੁਲਕਾ ਕਰਦਿਆਂ ਆਪਣੀਆਂ ਮਜ਼ਾਹੀਆ ਗਜ਼ਲਾਂ 'ਬੀਵੀ ਜਦ ਦੀ ਲੋਕ ਸਭਾ ਵਿਚ ਖੜ੍ਹੀ ਹੋਈ ਐ, ਸਾਨੂੰ ਘਰਦਾਰੀ ਦੀ ਬਿਪਤਾ ਫੜੀ ਹੋਈ ਹੈ' ਅਤੇ 'ਕੁਛ ਨਈਂ ਹੁੰਦਾ ਕੁਛ ਨਈਂ ਹੁੰਦਾ, ਜਦ ਤਕ ਕੁਛ ਨਈਂ ਹੁੰਦਾ ਕੁਛ ਨਈਂ ਹੁੰਦਾ' ਸੁਣਾਈਆਂ।

ਪ੍ਰੋਗਰਾਮ ਵਿਚ ਖਾਸ ਤੌਰ 'ਤੇ ਸ਼ਿਰਕਤ ਕਰਨ ਪੁੱਜੇ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੇ ਬੋਲਣ ਦੇ ਤਿੰਨ ਸਿਧਾਂਤ 'ਥੋੜ੍ਹਾ ਬੋਲੋ, ਮਿੱਠਾ ਬੋਲੋ ਤੇ ਤੁਰਦੇ ਬਣੋ' ਬਾਰੇ ਗੱਲ ਕਰਦਿਆਂ 'ਪੰਜਾਬ ਟਾਈਮਜ਼' ਨੂੰ 25ਵੀਂ ਵਰ੍ਹੇਗੰਢ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਤੁਸੀਂ ਸਾਰੇ ਕਮਿਊਨਿਟੀ ਲਈ ਜੋ ਕਰ ਰਹੇ ਹੋ, ਉਸ ਲਈ ਵਧਾਈ ਦੇ ਪਾਤਰ ਹੋ। ਇੱਥੇ ਅਸੀਂ ਪੰਜਾਬੀ ਅਮਰੀਕਨਾਂ ਜਾਂ ਕਹਿ ਲਓ ਕਿ ਸਿੱਖ ਅਮਰੀਕਨਾਂ ਨੂੰ ਸੈਲੀਬ੍ਰੇਟ ਕਰ ਰਹੇ ਹਾਂ। ਇਸ ਮੌਕੇ ਉਨ੍ਹਾਂ ਦਲੀਪ ਸਿੰਘ ਸੌਂਧ ਨੂੰ ਵੀ ਯਾਦ ਕੀਤਾ। ਉਨ੍ਹਾਂ ਕਿਹਾ, "ਤੁਸੀਂ ਅਮਰੀਕਾ ਦੇ ਸਭ ਤੋਂ ਪੜ੍ਹੇ ਲਿਖੇ, ਖੁਸ਼ਹਾਲ ਤੇ ਸੋਹਣੇ ਲੋਕ ਹੋ ਤੇ ਇਸ ਕਰਕੇ ਮੈਂ ਤੁਹਾਡੇ ਨਾਲ ਖੜ੍ਹ ਕੇ ਮਾਣ ਮਹਿਸੂਸ ਕਰਦਾ ਹਾਂ।" ਇਸ ਦੌਰਾਨ 'ਪੰਜਾਬ ਟਾਈਮਜ਼' ਦੇ ਸੰਚਾਲਕਾਂ ਜਸਪ੍ਰੀਤ ਕੌਰ ਅਤੇ ਮਨਦੀਪ ਜੰਮੂ ਨੇ ਰਾਜਾ ਕ੍ਰਿਸ਼ਨਾਮੂਰਤੀ ਦਾ ਸਨਮਾਨ ਕੀਤਾ।

ਗੁਜਰਾਤੀ ਭਾਈਚਾਰੇ ਦੇ ਉਘੇ ਬਿਜ਼ਨਸਮੈਨ ਸੁਨੀਲ ਸ਼ਾਹ ਨੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦਾ ਜੈਕਾਰਾ ਲਾ ਕੇ ਆਪਣੀ ਗੱਲ ਸ਼ੁਰੂ ਕੀਤੀ ਤੇ 'ਪੰਜਾਬ ਟਾਈਮਜ਼' ਦੀ 25ਵੀਂ ਵਰ੍ਹੇਗੰਢ ਦੀ ਵਧਾਈ ਦਿੰਦਿਆਂ ਜਸਪ੍ਰੀਤ ਜੰਮੂ ਨੂੰ ਹਮੇਸ਼ਾ ਨਾਲ ਖੜ੍ਹੇ ਰਹਿਣ ਦਾ ਭਰੋਸਾ ਦਿੱਤਾ। ਐਫ.ਆਈ.ਏ. ਦੀ ਨਵੀਂ ਪ੍ਰਧਾਨ ਪ੍ਰਤਿਭਾ ਜੈਰਥ ਨੇ ਵੀ 25ਵੀਂ ਵਰ੍ਹੇਗੰਢ ਦੀਆਂ ਵਧਾਈਆਂ ਦਿੱਤੀਆਂ ਅਤੇ ਬੌਲੀਵੁੱਡ ਗੀਤ 'ਜਾਈਏ ਆਪ ਕਹਾਂ ਜਾਏਂਗੇ' ਅਤੇ 'ਓ ਮੇਰੇ ਸੋਨਾ ਰੇ ਸੋਨਾ' ਨਾਲ ਹਾਜ਼ਰੀ ਲਵਾਈ। 'ਪੰਜਾਬ ਟਾਈਮਜ਼' ਵਲੋਂ ਸੁਨੀਲ ਸ਼ਾਹ ਅਤੇ ਪ੍ਰਤਿਭਾ ਜੈਰਥ ਨੂੰ ਸਨਮਾਨਿਤ ਕੀਤਾ ਗਿਆ।

ਪ੍ਰੋਗਰਾਮ ਦੇ ਦੂਜੇ ਹਿੱਸੇ ਦਾ ਆਗਾਜ਼ ਕਰਦਿਆਂ ਗੁਰਦੁਆਰਾ ਪੈਲਾਟਾਈਨ ਦੇ ਮੁੱਖ ਸੇਵਾਦਾਰ ਸ. ਜੈਰਾਮ ਸਿੰਘ ਕਾਹਲੋਂ ਨੇ ਅਮੋਲਕ ਸਿੰਘ ਜੰਮੂ ਨਾਲ ਆਪਣੀ ਪਹਿਲੀ ਮੁਲਾਕਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੰਨ 2000 ਵਿਚ 'ਪੰਜਾਬ ਟਾਈਮਜ਼' ਦੇ ਸ਼ੁਰੂਆਤੀ ਦੌਰ ਤੋਂ ਹੀ ਇਸ ਨੂੰ ਭਰਵਾਂ ਹੁੰਗਾਰਾ ਮਿਲਿਆ। ਉਨ੍ਹਾਂ ਦੱਸਿਆ,"ਸ. ਜੰਮੂ ਨਾਲ ਮੇਰੀ ਬਹੁਤ ਨੇੜਤਾ ਸੀ। ਕੰਮ ਤੋਂ ਘਰ ਵਾਪਸ ਜਾਂਦਿਆਂ ਮੈਨੂੰ ਬੁਲਾਉਣ ਲਈ ਉਨ੍ਹਾਂ ਕਹਿਣਾ ਕਿ ਰਾਹ ਵਿਚ ਪੰਜਾਬ ਪੁਲਿਸ ਦਾ ਨਾਕਾ ਲੱਗਾ ਹੋਇਆ ਹੈ, ਤੇ ਤੁਸੀਂ ਆਪਣੀ ਗੱਡੀ ਇਧਰ ਮੋੜ ਲਵੋ।" ਅਮੋਲਕ ਭਾਜੀ ਦਾ ਇਹ ਅੰਦਾਜ਼ ਮੈਨੂੰ ਗੱਡੀ ਉਨ੍ਹਾਂ ਦੇ ਘਰ ਵੱਲ ਮੋੜਨ ਲਈ ਮਜਬੂਰ ਕਰ ਦਿੰਦਾ। ਉਨ੍ਹਾਂ ਕਿਹਾ, "ਬੀਬੀਆਂ ਨੂੰ ਘਟਾ ਕੇ ਨਹੀਂ ਦੇਖਣਾ ਚਾਹੀਦਾ, ਭੈਣ ਜੀ ਜਸਪ੍ਰੀਤ ਨੇ ਇਹ ਗੱਲ ਸਾਬਿਤ ਕਰ ਦਿੱਤੀ ਹੈ ਕਿ ਉਹ ਇਸ ਗੱਡੀ ਦੇ ਦੂਜੇ ਪਹੀਆ ਹਨ। ਅੱਜ ਅਸੀਂ 'ਪੰਜਾਬ ਟਾਈਮਜ਼' ਦੀ 25ਵੀਂ ਵਰ੍ਹੇਗੰਢ ਨਹੀਂ, ਅਮੋਲਕ ਸਿੰਘ ਦਾ 25ਵਾਂ ਜਨਮ ਦਿਨ ਮਨਾ ਰਹੇ ਹਾਂ। ਅਸੀਂ ਉਨ੍ਹਾਂ ਦੇ ਹੋਰ ਜਨਮ ਦਿਨ ਵੀ ਮਨਾਉਣੇ ਹਨ। ਆਓ ਸਾਰੇ ਰਲ ਕੇ ਭੈਣ ਜੀ ਦਾ ਸਾਥ ਦਈਏ।"

ਵ੍ਹੀਟਨ ਗੁਰਦੁਆਰੇ ਦੇ ਮੁੱਖ ਸੇਵਾਦਾਰ ਭਾਈ ਮਹਿੰਦਰ ਸਿੰਘ ਜੀ ਨੇ ਫਤਿਹ ਬੁਲਾਉਂਦਿਆਂ ਕਿਹਾ,"ਸ. ਅਮੋਲਕ ਸਿੰਘ ਜੰਮੂ ਦਾ ਇਸ ਅਖਬਾਰ ਲਈ ਬਹੁਤ ਵੱਡਾ ਸੰਘਰਸ਼ ਹੈ। ਛੋਟੇ ਜਿਹੇ ਆਕਾਰ ਤੋਂ ਸ਼ੁਰੂ ਕਰ ਕੇ ਉਨ੍ਹਾਂ ਨੇ ਇਸ ਨੂੰ ਜਿਸ ਬੁਲੰਦੀ 'ਤੇ ਪਹੁੰਚਾਇਆ, ਇਹ ਉਨ੍ਹਾਂ ਦੀ ਕਰੜੀ ਮਿਹਨਤ ਅਤੇ ਦ੍ਰਿੜਤਾ ਸੀ। ਹੁਣ ਉਨ੍ਹਾਂ ਦੇ ਜਾਣ ਮਗਰੋਂ ਭੈਣ ਜਸਪ੍ਰੀਤ ਨੇ ਇਸ ਨੂੰ ਸਾਂਭਿਆ ਹੈ, ਇਹ ਉਨ੍ਹਾਂ ਦੀ ਵੱਡੀ ਪ੍ਰਾਪਤੀ ਹੈ ਤੇ ਸ਼ਿਕਾਗੋ ਵਾਸੀਆਂ ਨੂੰ ਬੇਨਤੀ ਹੈ ਕਿ ਉਹ 'ਪੰਜਾਬ ਟਾਈਮਜ਼' ਦਾ ਹਮੇਸ਼ਾ ਸਾਥ ਦਿੰਦੇ ਰਹਿਣ।" ਨਿਊਯਾਰਕ ਤੋਂ ਪੁੱਜੇ ਇਕਬਾਲ ਸਿੰਘ ਜੱਬੋਵਾਲੀਆ ਨੇ ਕਿਹਾ, "ਮੈਂ ਖੁਸ਼ਕਿਸਮਤ ਹਾਂ ਕਿ ਉਨ੍ਹਾਂ ਨਾਲ ਜੁੜਿਆਂ 15 ਸਾਲ ਹੋ ਗਏ ਹਨ। ਅਮੋਲਕ ਭਾਜੀ ਨੂੰ ਮਿਲ ਕੇ ਲੱਗਿਆ, ਵੱਡਾ ਭਾਈ ਹੀ ਮਿਲ ਗਿਆ। 'ਪੰਜਾਬ ਟਾਈਮਜ਼' ਵਿਚ ਛਪਣ ਨਾਲ ਮੈਂ ਆਮ ਤੋਂ ਖਾਸ ਬਣ ਗਿਆ। ਉਨ੍ਹਾਂ ਦੇ ਜਾਣ ਬਾਅਦ ਮਨ ਉਦਾਸ ਸੀ ਕਿ ਭੈਣ ਜੀ ਇਕੱਲੇ ਕੀ ਕਰਨਗੇ ਪਰ ਅਖਬਾਰ ਬਹੁਤ ਵਧੀਆ ਚੱਲ ਰਿਹਾ ਹੈ। ਲੋਕਲ ਵੀਰਾਂ ਨੂੰ ਬੇਨਤੀ ਹੈ ਕਿ ਅਖਬਾਰ ਨੂੰ ਹਮੇਸ਼ਾ ਸਹਿਯੋਗ ਦੇਣ।" ਪ੍ਰੋਗਰਾਮ ਦੌਰਾਨ ਬਾਬਾ ਦਲਜੀਤ ਸਿੰਘ ਨੇ ਵੀ ਸੰਬੋਧਨ ਕੀਤਾ।

'ਪੰਜਾਬ ਟਾਈਮਜ਼' ਸਲਾਹਕਾਰ ਕਮੇਟੀ ਦੇ ਮੈਂਬਰ ਅਵਤਾਰ ਸਿੰਘ ਸਪਰਿੰਗਫੀਲਡ ਨੇ ਸਿਲਵਰ ਜੁਬਲੀ ਦੀ ਵਧਾਈ ਦਿੰਦਿਆਂ ਦੱਸਿਆ, "ਮੇਰਾ ਅਖਬਾਰ ਨਾਲ ਨਾਤਾ ਪੁਰਾਣਾ ਹੈ। ਹਰ ਲੇਖਕ 'ਪੰਜਾਬ ਟਾਈਮਜ਼' ਵਿਚ ਛਪਣ 'ਤੇ ਮਾਣ ਮਹਿਸੂਸ ਕਰਦਾ ਹੈ। ਪੰਜਾਬ ਟਾਈਮਜ਼ ਉਹ ਅਖਬਾਰ ਹੈ ਜੋ ਛਪ ਕੇ ਵਿਕਦਾ ਹੈ ਤੇ ਪੜ੍ਹਿਆ ਵੀ ਜਾਂਦਾ ਹੈ।"

ਉਘੇ ਲੇਖਕ ਐਸ. ਅਸ਼ੋਕ ਭੌਰਾ ਨੇ ਆਪਣੇ ਮਜ਼ਾਹੀਆ ਅੰਦਾਜ਼ ਵਿਚ ਕਿਹਾ, "ਮੈਨੂੰ ਅਖੀਰ ਵਿਚ ਬੁਲਾਇਆ ਏ ਪਰ ਰੱਬ ਕਰੇ ਕਿਸੇ 'ਤੇ ਆਖਰੀ ਵਕਤ ਨਾ ਆਵੇ।" ਉਨ੍ਹਾਂ 'ਪੰਜਾਬ ਟਾਈਮਜ਼' ਦਾ ਜ਼ਿਕਰ ਕਰਦਿਆਂ ਕਿਹਾ,"ਇਹ ਸਿਲਵਰ ਜੁਬਲੀ ਸਮਾਗਮ ਅਸਲ ਵਿਚ ਅਮਰੀਕਾ ਵਿਚ ਪੰਜਾਬੀ ਜ਼ਬਾਨ, ਪੰਜਾਬੀ ਸਾਹਿਤ ਤੇ ਪੰਜਾਬੀ ਬੋਲੀ ਦੀ 25ਵੀਂ ਵਰ੍ਹੇਗੰਢ ਹੈ। ਮੈਂ ਆਪਣੇ 45 ਸਾਲਾਂ ਦੇ ਪੱਤਰਕਾਰੀ ਕਰੀਅਰ ਵਿਚੋਂ 15 ਸਾਲ ਲਗਾਤਾਰ 'ਪੰਜਾਬ ਟਾਈਮਜ਼' ਵਿਚ ਛਪਿਆ ਹਾਂ ਤੇ ਅਮਰੀਕਾ ਵਿਚ ਮੇਰੀ ਪਛਾਣ ਇਸ ਅਖਬਾਰ ਕਾਰਨ ਹੀ ਬਣੀ ਹੈ।"

ਸੁਰਿੰਦਰ ਸਿੰਘ ਸੰਘਾ ਅਤੇ ਰਾਏ ਸੰਘਾ ਨੇ ਸਾਰੇ ਲੇਖਕਾਂ, ਸਮਰਥਕਾਂ ਨੂੰ ਵਧਾਈ ਦਿੰਦਿਆਂ ਕਿਹਾ, "ਸਾਡੇ ਪਾਪਾ ਨੇ ਸਭ ਤੋਂ ਪਹਿਲਾਂ ਸ. ਜੰਮੂ ਦੀ ਅਖਬਾਰ ਚਲਾਉਣ ਲਈ ਮਦਦ ਕੀਤੀ ਸੀ।" ਰਣਜੀਤ ਸਿੰਘ ਸੰਘਾ ਨੇ ਆਪਣੇ ਪਿਤਾ ਮਰਹੂਮ ਸ. ਹਰਜਾਪ ਸਿੰਘ ਸੰਘਾ ਨੂੰ ਯਾਦ ਕਰਨ 'ਤੇ 'ਪੰਜਾਬ ਟਾਈਮਜ਼' ਦਾ ਧੰਨਵਾਦ ਕੀਤਾ। ਰਾਜੇਸ਼ ਪਵਾਰ ਨੇ ਆਪਣਾ ਗੀਤ 'ਹਾਂ ਜੀ ਹਾਂ ਪੰਜਾਬੀ ਏ ਮੇਰੀ ਮਾਂ ਪੰਜਾਬੀ ਏ' ਗਾ ਕੇ ਦਰਸ਼ਕ ਝੂਮਣ ਲਾ ਦਿੱਤੇ।

ਪ੍ਰੋਗਰਾਮ ਦੇ ਚੀਫ ਗੈਸਟ ਤੇ ਉਘੇ ਕਾਰੋਬਾਰੀ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸੁਖੀ ਬਾਠ ਨੇ ਸਮਾਗਮ ਵਿਚ ਸ਼ਿਰਕਤ ਕਰਨ ਵਾਲੀਆਂ ਅਦਬੀ ਸ਼ਖਸੀਅਤਾਂ ਤੇ ਸਾਰੀਆਂ ਸੰਸਥਾਵਾਂ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ। ਪ੍ਰੋਗਰਾਮ ਵਿਚ ਸਰੋਤਿਆਂ ਦੇ ਸੁਹਜ-ਸੁਆਦ ਵਿਚ ਰੁਕਾਵਟ ਪੈਣ ਕਾਰਨ ਸ਼ੋਰ ਕਰਨ ਵਾਲਿਆਂ ਨੂੰ ਬੈਠ ਕੇ ਸੁਣਨ ਦੀ ਤਾਕੀਦ ਵੀ ਕਰਨੀ ਪਈ ਅਤੇ ਸ. ਵਰਿਆਮ ਸਿੰਘ ਸੰਧੂ ਨੇ ਵੀ ਸਾਰੰਗੀ ਵਾਦਕ ਤੇ ਰਾਜੇ ਦੀ ਉਦਾਹਰਨ ਦੇ ਕੇ 'ਸਾਰੰਗੀ ਵਜਾਉਣ ਵਾਲੇ ਨੂੰ ਸਾਰੰਗੀ ਵਜਾਉਣੀ ਹੀ ਨਹੀਂ ਸਗੋਂ ਸੁਣਨ ਵਾਲੇ ਨੂੰ ਸੁਣਨੀ ਵੀ ਆਉਣੀ ਚਾਹੀਦੀ ਹੈ' ਰਾਹੀਂ ਸਰੋਤਿਆਂ ਨੂੰ ਬੈਠ ਕੇ ਸੁਣਨ ਦਾ ਸੁਨੇਹਾ ਦਿੱਤਾ।

ਮਿਲਵਾਕੀ ਤੋਂ ਦਰਸ਼ਨ ਸਿੰਘ ਗਰੇਵਾਲ, ਪੂਜਾ ਤੇ ਕੁਲਵਿੰਦਰ ਧਾਲੀਵਾਲ ਨੇ ਵੀ ਪ੍ਰੋਗਰਾਮ ਵਿਚ ਸ਼ਮੂਲੀਅਤ ਕੀਤੀ। ਪ੍ਰੋਗਰਾਮ ਮਿਥੇ ਸਮੇਂ ਮੁਤਾਬਕ ਨਾ ਚਲਣ ਕਰਕੇ ਪੂਜਾ ਅਤੇ ਪੰਮੀ ਗਿੱਲ ਨੂੰ ਸਮਾਂ ਨਾ ਮਿਲ ਸਕਿਆ। ਪ੍ਰੋਜੈਕਟਰ 'ਤੇ ਪੰਜਾਬ ਟਾਈਮਜ਼ ਦੀ ਸ਼ੁਰੂਆਤ ਤੋਂ ਹੁਣ ਤੱਕ ਦੀਆਂ ਤਸਵੀਰਾਂ ਸਾਂਝੀਆਂ ਕਰਨ 'ਚ ਗੁਰਿੰਦਰ ਕਲੇਰ, ਬਨਿੰਦਰ ਕਲੇਰ ਅਤੇ ਇਮਾਨਪ੍ਰੀਤ ਕੌਰ ਨੇ ਸਹਿਯੋਗ ਦਿੱਤਾ।

ਸਮਾਗਮ ਵਿਚ 'ਪੰਜਾਬ ਟਾਈਮਜ਼' ਦੇ ਸਲਾਹਕਾਰ ਬੋਰਡ ਦੇ ਮੈਂਬਰ ਹਰਦਿਆਲ ਸਿੰਘ ਦਿਓਲ, ਡਾ. ਹਰਗੁਰਮੁਖਪਾਲ ਸਿੰਘ, ਜੈਦੇਵ ਸਿੰਘ ਭੱਠਲ, ਪਰਮਿੰਦਰ ਵਾਲੀਆ, ਦਰਸ਼ਨ ਸਿੰਘ ਦਰੜ, ਜਸਬੀਰ ਕੌਰ ਢਿੱਲੋਂ, ਇਨਕਲਾਬੀ ਥਾਂਦੀ, ਬਲਵਿੰਦਰ ਕੌਰ (ਨਿੱਕੀ) ਸੇਖੋਂ, ਜਗਦੀਸ਼ਰ ਸਿੰਘ ਕਲੇਰ, ਅੰਮ੍ਰਿਤਪਾਲ ਸਿੰਘ ਸੰਘਾ, ਅਮਰੀਕ ਸਿੰਘ (ਅਮਰ ਕਾਰਪੇਟ), ਭੁਪਿੰਦਰ ਸਿੰਘ ਧਾਲੀਵਾਲ, ਜਸਕਰਨ ਧਾਲੀਵਾਲ, ਅਵਤਾਰ ਸਿੰਘ ਸਪਰਿੰਗਫੀਲਡ, ਜਗਜੀਤ ਸਿੰਘ ਢੀਂਡਸਾ, ਸੁਖਮੇਲ ਸਿੰਘ ਅਟਵਾਲ ਅਤੇ ਹਰਵਿੰਦਰ ਪਾਲ ਸਿੰਘ ਲੈਲ ਹਾਜ਼ਰ ਸਨ। ਬਾਕੀ ਮੈਂਬਰ ਜ਼ਰੂਰੀ ਰੁਝੇਵਿਆਂ ਕਾਰਨ ਪਹੁੰਚ ਨਾ ਸਕੇ ਪਰ ਉਨ੍ਹਾਂ ਆਪਣੀਆਂ ਸ਼ੁਭ ਇਛਾਵਾਂ ਭੇਜੀਆਂ।

'ਪੰਜਾਬ ਟਾਈਮਜ਼' ਦੇ ਸਹਿਯੋਗੀ ਸੁਰਿੰਦਰ ਸਿੰਘ ਭਾਟੀਆ ਨੇ ਹਮੇਸ਼ਾ ਵਾਂਗ ਸਾਥ ਦਿੱਤਾ ਅਤੇ ਦੂਰੋਂ-ਨੇੜਿਓਂ ਆਏ ਮਹਿਮਾਨਾਂ ਦਾ ਸਵਾਗਤ ਕੀਤਾ।

ਹੋਰ ਮੁਅੱਜ਼ਜ ਸ਼ਖਸੀਅਤਾਂ ਵਿਚ ਇੰਡੀਅਨਐਪੋਲਿਸ ਤੋਂ ਗੁਰਬਖਸ਼ ਸਿੰਘ ਰਾਹੀ ਅਤੇ ਉਸ ਦੇ ਸਾਥੀ **ਕਮਲਦੀਪ ਬੈਂਸ, ਗੁਰਪ੍ਰੀਤ ਸਿੰਘ ਮੱਲ੍ਹੀ, ਪਰਮਜੀਤ ਸਿੰਘ ਪੀ ਜੇ, ਬਲਦੇਵ ਸਿੰਘ ਥਿੰਦ ਪੁੱਜੇ।** ਕਮਲਜੀਤ ਵਿਰਕ ਨਾਸਾਜ਼ ਸਿਹਤ ਕਾਰਨ ਪੁੱਜ ਨਾ ਸਕੇ ਪਰ ਰਾਣਾ ਵਿਰਕ, ਮੋਹਣਜੀਤ ਵਿਰਕ ਅਤੇ ਮਨਜੀਤ ਵਿਰਕ ਪੁੱਜੇ।

ਕੁਲਦੀਪ ਸਿੰਘ ਸਰਾਂ, ਠਾਕਰ ਸਿੰਘ ਬਸਾਤੀ, ਸੰਨੀ ਕੁਲਾਰ, ਰੋਨੀ ਕੁਲਾਰ, ਗੁਰਮੀਤ ਸਿੰਘ ਬੈਂਸ, ਨਿਰਮਲ ਸਿੰਘ ਸਿੰਘਾ, ਅਮਰੀਕ ਪਾਲ ਸਿੰਘ, ਪ੍ਰਦੀਪ ਕਾਹਲੋਂ, ਮਨਜੀਤ ਸਿੰਘ ਗਿੱਲ, ਸਰਵਨ ਸਿੰਘ ਰਾਜੂ ਤੋਂ ਇਲਾਵਾ ਕਾਰ ਸੇਵਾ ਜਥੇ ਦੇ ਪਾਲ ਧਾਲੀਵਾਲ, ਗੁਰਬਚਨ ਸਿੰਘ ਆਪਣੇ ਸਾਥੀਆਂ ਸਮੇਤ ਪ੍ਰੋਗਰਾਮ ਦੀ ਰੌਣਕ ਵਧਾਉਣ ਲਈ ਪਹੁੰਚੇ ਹੋਏ ਸਨ।

ਇਸ ਤੋਂ ਇਲਾਵਾ ਸਮਾਗਮ ਵਿਚ ਵੱਖ-ਵੱਖ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਖੇਡ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਇਨ੍ਹਾਂ ਸੰਸਥਾਵਾਂ ਵਿਚ ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਦੇ ਅਹੁਦੇਦਾਰ ਤਰਲੋਚਨ ਸਿੰਘ ਮੁਲਤਾਨੀ, ਅੱਛਰ ਸਿੰਘ, ਹਰਜੀਤ ਸਿੰਘ ਗਿੱਲ, ਸਤਿੰਦਰ ਸੁਸਾਣਾ; ਗੁਰੂ ਲਾਧੋ ਰੇ ਸੇਵਾ ਸੁਸਾਇਟੀ ਮਿਲਵਾਕੀ ਦੇ ਸੁਖਵਿੰਦਰ ਸਿੰਘ ਘੱਗਰ, ਜੱਗੀ ਸਿੰਘ ਘੋਤੜਾ, ਹਰਜਿੰਦਰ ਸਿੰਘ ਜਿੰਦੀ, ਜਰਨੈਲ ਸਿੰਘ ਮਿਆਣੀ, ਪਰਮਿੰਦਰ ਸਿੰਘ ਗੋਲਡੀ, ਨਰਿੰਦਰਪਾਲ ਸਿੰਘ ਸਲੇਮਪੁਰ, ਦਵਿੰਦਰ ਸਿੰਘ ਥਿੰਦ, ਅਰਵਿੰਦਰ ਸਿੰਘ ਬੂਟਾ, ਭੁਪਿੰਦਰ ਸਿੰਘ ਟਿੱਕਾ, ਕੁਲਜੀਤ ਸਿੰਘ ਗਿਲਜ਼ੀਆਂ, ਸਤਪਾਲ ਸਿੰਘ ਪਹਿਲਵਾਨ, ਗੁਰਿੰਦਰ ਸਿੰਘ ਗਿਲਜ਼ੀਆਂ, ਰਨਦੀਪ ਪਾਲ ਸਿੰਘ ਰਿੰਕੂ; ਪੀ ਸੀ ਓ ਮਿਲਵਾਕੀ ਦੇ ਲਾਲੀ ਸਿੱਧੂ, ਬਰੈਟੀ ਗਿੱਲ, ਸਤਵਿੰਦਰ ਸਿੰਘ, ਕੁਲਵਿੰਦਰ ਸਿੰਘ ਢਿਲੋਂ, ਪਵਨਜੀਤ ਹੋਠੀ; ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਦੇ ਰਾਜਿੰਦਰ ਸਿੰਘ ਮਾਗੋ, ਜਸਬੀਰ ਤੇ ਸੁਰਿੰਦਰ ਸਿੰਘ ਪਲੀਆ, ਭਿੰਦਰ ਪੰਮਾ, ਗੁਰਲਾਲ ਸਿੰਘ ਭੱਠਲ, ਬਲਵਿੰਦਰ ਸਿੰਘ ਗਿਰਨ, ਗੁਰਪ੍ਰੀਤ ਸਿੱਧੂ; ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ ਸ਼ਿਕਾਗੋ ਦੇ ਪ੍ਰਧਾਨ ਰਾਜ ਮਾਗੋ, ਪੰਮੀ ਸੰਘਾ, ਜੀਵਨ ਧਾਮੀ, ਜੋਤੀ ਖਹਿਰਾ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦੇ ਬਲਜੀਤ ਟਿਵਾਣਾ, ਪਿੰਦੀ ਛੀਨਾ, ਜਗਦੀਪ ਬਰਿਆਣਾ, ਕਮਲਜੀਤ ਘੁਮਾਣ, ਸੁਖਵੀਰ ਉੱਪਲ, ਜਗਜੀਤ ਨਾਹਲ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦੇ ਸਾਬਕਾ ਪ੍ਰਧਾਨ ਲੱਕੀ ਸਹੋਤਾ, ਡਾ. ਹਰਜਿੰਦਰ ਖਹਿਰਾ, ਜਿੰਦਰ ਦਿਆਲ, ਨਰਿੰਦਰ ਸਰਾਂ ਅਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਪ੍ਰਧਾਨ ਲਖਵਿੰਦਰ ਸਿੰਘ, ਸਾਬਕਾ ਪ੍ਰਧਾਨ ਅਮਰਦੇਵ ਸਿੰਘ ਬਦੇਸ਼ਾ, ਜਸਰੂਪ ਸਿੰਘ, ਅੰਮ੍ਰਿਤਪਾਲ ਸਿੰਘ ਮਾਂਗਟ; ਸਵੇਰਾ ਇੰਕ ਦੇ ਜਸਬੀਰ ਕੌਰ ਮਾਨ, ਰਾਜ ਧਾਲੀਵਾਲ ਸ਼ਾਮਲ ਸਨ। ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ, ਸ਼ਿਕਾਗੋ ਦੇ ਨੁਮਾਇੰਦਿਆਂ ਵੀ ਸ਼ਿਰਕਤ ਕੀਤੀ।

ਰਛਪਾਲ ਸਿੰਘ ਬਾਜਵਾ, ਰਾਘਵਿੰਦਰ ਸਿੰਘ ਮਾਹਲ; ਕੈਲੀਫੋਰਨੀਆ ਤੋਂ ਮੱਖਣ ਸਿੰਘ ਬੈਂਸ, ਜੱਸੀ ਗਿੱਲ, ਅਮੋਲਕ ਸਿੰਘ ਗਾਖਲ, ਗੁਰਚਰਨ ਸਿੰਘ ਮਾਨ, ਗੁਰਮੀਤ ਸਿੰਘ ਖਾਲਸਾ, ਕੁਲਜੀਤ ਸਿੰਘ, ਐਸ ਪੀ ਸਿੰਘ; ਇੰਡੀਆਨਾ ਤੋਂ ਬਲਦੇਵ ਥਿੰਦ, ਗੁਰਪਾਲ ਮੱਲ੍ਹੀ; ਸੰਤ ਬਲਬੀਰ ਸਿੰਘ, ਟੈਕਸਸ ਤੋਂ ਸੁਖਦੇਵ ਸਿੰਘ, ਗੁਲਸ਼ਨ ਸ਼ਰਮਾ, ਨਿਊ ਮੈਕਸੀਕੋ ਤੋਂ ਬਲਵਿੰਦਰ ਕੌਰ ਭਾਵੇਂ ਆਪਣੇ ਰੁਝੇਵਿਆਂ ਕਰਕੇ ਪਹੁੰਚ ਨਹੀਂ ਸਨ ਸਕੇ ਪਰ ਉਨ੍ਹਾਂ 'ਪੰਜਾਬ ਟਾਈਮਜ਼' ਦੀ 25ਵੀਂ ਵਰ੍ਹੇਗੰਢ 'ਤੇ ਆਪਣੀਆਂ ਸ਼ੁਭ ਇਛਾਵਾਂ ਭੇਜੀਆਂ। ਸ਼ਾਨ ਫੋਟੋਗਰਾਫੀ ਅਤੇ ਨਵਜੋਧ ਸਿੰਘ ਨੇ ਸਾਰੇ ਪ੍ਰੋਗਰਾਮ ਨੂੰ ਕੈਮਰੇ ਵਿਚ ਕੈਦ ਕੀਤਾ। ਸਵਾਦੀ ਖਾਣਾ ਕੇ.ਕੇ. ਪੰਮਾ ਨੇ ਪਰੋਸਿਆ।

# 'ਫਿਰਿ ਬਾਬਾ ਆਇਆ ਕਰਤਾਰ ਪੁਰਿ' -2

ਕਰਤਾਰਪੁਰ ਦਾ ਸਿੱਖ ਇਤਿਹਾਸ ਵਿਚ ਬਹੁਤ ਮਹੱਤਵ ਹੈ। ਇਸਤੋਂ ਪਹਿਲਾਂ ਗੁਰੂ ਸਾਹਿਬ ਉਦਾਸੀਆਂ ਦੌਰਾਨ ਸਾਰੇ ਜਗਤ ਵਿਚ ਘੁੰਮ ਚੁੱਕੇ ਸਨ। ਗੁਰੂ ਪਾਤਸ਼ਾਹ ਪਹਿਲੀ ਧਾਰਮਿਕ ਹਸਤੀ ਸਨ ਜਿਹੜੇ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਦੂਰ ਅਰਬ ਤੱਕ ਵੱਖ-ਵੱਖ ਦੇਸ਼ਾਂ ਵਿਚ ਗਏ। ਨਾ ਮਹਾਤਮਾ ਬੁੱਧ ਤੇ ਨਾ ਮਹਾਂਵੀਰ ਭਾਰਤ ਤੋਂ ਬਾਹਰ ਗਏ। ਸ਼ਾਇਦ ਉਹ ਆਪਣੇ ਰਾਜ ਬਿਹਾਰ ਤੋਂ ਵੀ ਬਾਹਰ ਨਹੀਂ ਸਨ ਗਏ। ਕੇਵਲ ਸ਼ੰਕਰਾਚਾਰੀਆ ਬਾਰੇ ਕਿਹਾ ਜਾਂਦਾ ਹੈ ਕਿ ਉਹਨੇ ਭਾਰਤ ਭਰ ਵਿਚ ਭ੍ਰਮਣ ਕੀਤਾ।

ਗੁਰੂ ਜੀ ਨਾਲ ਜੁੜੀਆਂ ਯਾਦਗਾਰਾਂ ਅੱਜ ਵੀ ਕਈ ਮੁਲਕਾਂ ਵਿਚ ਮੌਜੂਦ ਹਨ। ਖਾਸ ਤੌਰ 'ਤੇ ਉਹ ਭਾਰਤ ਵਿਚ ਤਾਂ ਅਨੇਕਾਂ ਥਾਵਾਂ 'ਤੇ ਧਰਮਸਾਲਾਵਾਂ ਕਾਇਮ ਕਰ ਆਏ ਸਨ ਜਿੱਥੇ ਨਾਨਕ ਨਾਮ-ਲੇਵਾ ਸੰਗਤ ਇਕੱਠੀ ਹੋ ਕੇ ਗੁਰੂ ਜਸ ਗਾਉਂਦੀ, ਗੁਰ ਸਿੱਖਿਆ ਦਾ ਪ੍ਰਚਾਰ ਕਰਦੀ। ਹੁਣ ਕਰਤਾਰਪੁਰ ਸਭਨਾਂ ਥਾਵਾਂ 'ਤੇ ਬਣੀਆਂ ਧਰਮਸਾਲਾਵਾਂ ਤੇ ਵੱਖ ਵੱਖ ਖਿੱਤਿਆਂ ਵਿਚ ਵੱਸਣ ਵਾਲੀ ਸਿੱਖ ਸੰਗਤ ਲਈ ਕੇਂਦਰੀ ਸਥਾਨ ਬਣ ਗਿਆ। ਇੱਕ ਤਰ੍ਹਾਂ ਦਾ ਰੌਸ਼ਨ-ਮਿਨਾਰ! ਕਰਤਾਰਪੁਰ ਪਹੁੰਚ ਕੇ ਗੁਰੂ ਜੀ ਨੇ ਉਦਾਸੀ ਪਹਿਰਾਵਾ ਤਿਆਗ ਦਿੱਤਾ ਤੇ ਆਮ ਸੰਸਾਰੀ ਕੱਪੜੇ ਪਹਿਨ ਕੇ ਸਾਧਾਰਨ ਸਿੱਖ ਦਾ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿੱਤਾ। ਖੇਤੀ




**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296


ਕਰਨੀ ਸ਼ੁਰੂ ਕੀਤੀ। ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦਾ ਸਿਧਾਂਤ ਅਮਲੀ ਰੂਪ ਵਿਚ ਦ੍ਰਿੜ੍ਹ ਕਰਵਾਇਆ।

ਭਾਈ ਗੁਰਦਾਸ ਗਵਾਹੀ ਦਿੰਦੇ ਹਨ:-

ਫਿਰਿ ਬਾਬਾ ਆਇਆ ਕਰਤਾਰ ਪੁਰਿ ਭੇਖ ਉਦਾਸੀ ਸਗਲ ਉਤਾਰਾ॥
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ॥
ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ॥
ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ॥
ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ॥
ਗਿਆਨ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ॥
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥
ਗੁਰਮੁਖਿ ਭਾਰ ਅਥਰਬਣ ਧਾਰਾ॥ ੩੮॥

—

ਪਹਿਲਾਂ ਅਸੀਂ ਮਜ਼ਾਰ ਦੇ ਦਰਸ਼ਨ ਕੀਤੇ। ਗੁਰਦੁਆਰੇ ਦੇ ਦਰਵਾਜ਼ੇ ਦੇ ਸੱਜੇ ਹੱਥ ਵੱਡੇ ਬੋਰਡ 'ਤੇ ਇਸ ਸਥਾਨ ਬਾਰੇ ਜਾਣਕਾਰੀ ਲਿਖੀ ਹੋਈ ਸੀ, ਜਿਸਦੀ ਗੁਰਮੁਖੀ ਵਿਚ ਲਿਖੀ ਇਬਾਰਤ ਇਸ ਪ੍ਰਕਾਰ ਹੈ:-

ਗੁਰਦੁਆਰਾ ਦਰਬਾਰ ਸਾਹਿਬ ਸ੍ਰੀ ਕਰਤਾਰਪਰ ਸਾਹਿਬ

ਗੁਰਦੁਆਰਾ ਦਰਬਾਰ ਸਾਹਿਬ ਸ੍ਰੀ ਕਰਤਾਰਪਰ ਸਾਹਿਬ ਜ਼ਿਲ੍ਹਾ ਨਾਰੋਵਾਲ (ਪਾਕਿਸਤਾਨ) ਵਿਖੇ ਸ਼ਕਰਗੜ੍ਹ-ਨਾਰੋਵਾਲ ਸੜਕ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਸੁਭਾਇਮਾਨ ਹੈ। ਲਾਹੌਰ ਤੋਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ 120 ਕਿਲੋਮੀਟਰ, ਭਾਰਤ-ਪਾਕਿਸਤਾਨ ਸੀਮਾ ਤੋਂ ਰਾਵੀ ਪਾਰ ਤਕਰੀਬਨ ਸਾਢੇ ਤਿੰਨ ਕਿਲੋਮੀਟਰ ਅਤੇ ਦਰਬਾਰ ਸਾਹਿਬ ਸ੍ਰੀ ਡੇਰਾ ਬਾਬਾ ਨਾਨਕ ਸਾਹਿਬ ਤੋਂ ਪੰਜ ਕਿਲੋਮੀਟਰ ਦੀ ਦੂਰੀ 'ਤੇ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਜਦੋਂ ਪਰਿਵਾਰ ਨੂੰ ਮਿਲਣ ਲਈ ਤਲਵੰਡੀ ਰਾਇ-ਭੋਇ ਵਿਖੇ ਆਏ, ਪਰਿਵਾਰ ਨੂੰ ਮਿਲਣ ਉਪਰੰਤ ਤਲਵੰਡੀ ਤੋਂ ਦਰਿਆ ਰਾਵੀ ਵੱਲ ਚੱਲਦਿਆਂ ਗੁਰੂ ਜੀ ਨੇ ਰਾਵੀ ਦੇ ਸੱਜੇ ਕੰਢੇ ਪੱਖੋਕੇ ਨਗਰ ਨਜ਼ਦੀਕ ਇਸ ਰਮਣੀਕ ਅਸਥਾਨ 'ਤੇ ਨਿਵਾਸ ਕੀਤਾ ਤੇ 1521 ਨੂੰ ਇਸ ਅਸਥਾਨ ਦੀ ਨੀਂਹ ਰੱਖਦਿਆਂ ਇਸਦਾ ਨਾਮ ਕਰਤਾਰਪੁਰ ਰੱਖਿਆ। ਇਸ ਸਮੇਂ ਗੁਰੂ ਜੀ ਰਾਵੀ ਦੇ ਉਰਾਰ ਅਤੇ ਪਾਰ ਅਕਸਰ ਵਿਚਰਦੇ ਰਹਿੰਦੇ ਸਨ।

ਗੁਰੂ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਪੱਕੀ ਰਿਹਾਇਸ਼ ਉਦਾਸੀਆਂ ਤੋਂ ਬਾਅਦ ਰੱਖੀ ਤੇ ਇਸ ਪਵਿੱਤਰ ਸਥਾਨ ਨੂੰ ਆਬਾਦ ਕਰ ਕੇ ਇੱਥੇ ਧਰਮਸਾਲ ਬਣਵਾਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਵਨ ਦਾ ਅੰਤਮ ਸਮਾਂ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਬਤੀਤ ਕੀਤਾ। ਉਨ੍ਹਾਂ ਨੇ ਪਰਿਵਾਰ ਸਮੇਤ 1521 ਤੋਂ 1539 ਤੱਕ ਏਥੇ ਰਿਹਾਇਸ਼ ਰੱਖੀ ਅਤੇ ਸੰਗਤ ਨੂੰ ਹੱਥੀਂ ਕਿਰਤ ਕਮਾਈ ਵੱਲ ਤੋਰਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸਥਾਨ ਨੂੰ ਧਰਮ ਪ੍ਰਚਾਰ ਤੇ ਵਿਦਿਆ ਦੇ ਕੇਂਦਰ ਵਜੋਂ ਸਥਾਪਤ ਕੀਤਾ ਅਤੇ ਰੱਬੀ ਬਾਣੀ ਦਾ ਪ੍ਰਵਾਹ ਚਲਾਇਆ। ਇੱਥੇ ਰਹਿੰਦਿਆਂ ਗੁਰੂ ਜੀ ਨੇ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦਾ ਉਪਦੇਸ਼ ਵੀ ਸੰਗਤ ਨੂੰ ਦਿੱਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਦਾ ਉੱਤਰ ਅਧਿਕਾਰੀ ਚੁਣਨ ਲਈ ਇਸ ਪਵਿੱਤਰ ਸਥਾਨ 'ਤੇ ਹੀ ਆਪਣੇ ਪੁੱਤਰਾਂ ਤੇ ਸਿੱਖਾਂ ਦੀ ਪ੍ਰੀਖਿਆ ਲਈ ਤੇ ਭਾਈ ਲਹਿਣਾ ਜੀ ਨੂੰ ਪ੍ਰੀਖਿਆ ਅਨੁਸਾਰ ਯੋਗ ਪਾਇਆ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਹੀ ਭਾਈ ਲਹਿਣਾ ਜੀ ਨੂੰ ਗੁਰਿਆਈ ਦੀ ਦਾਤ ਬਖ਼ਸ਼ੀ ਗਈ ਅਤੇ ਆਪ ਭਾਈ ਲਹਿਣਾ ਤੋਂ ਗੁਰੂ ਅੰਗਦ ਦੇਵ ਜੀ ਅਖਵਾਏ।

ਸ੍ਰੀ ਗੁਰੂ ਨਾਨਕ ਦੇਵ ਜੀ 22 ਸਤੰਬਰ 1539 ਨੂੰ ਜਦੋਂ ਜੋਤੀ ਜੋਤਿ ਸਮਾਏ ਤਾਂ ਗੁਰੂ ਜੀ ਦੇ ਮੁਸਲਿਮ ਸ਼ਰਧਾਲੂਆਂ ਨੇ ਗੁਰੂ ਜੀ ਨੂੰ ਅਕੀਦਤ ਪੇਸ਼ ਕਰਦਿਆਂ ਜਿਸ ਅਸਥਾਨ 'ਤੇ ਗੁਰੂ ਜੀ ਦੀ ਚਾਦਰ ਨੂੰ ਸਪੁਰਦ-ਏ-ਖਾਕ ਕੀਤਾ, ਉਥੇ ਉਨ੍ਹਾਂ ਆਪਣੀ ਮਰਿਆਦਾ ਅਨੁਸਾਰ ਮਜ਼ਾਰ ਬਣਾਇਆ ਅਤੇ ਗੁਰੂ ਜੀ ਦੇ ਸਿੱਖ ਸ਼ਰਧਾਲੂਆਂ ਤੇ ਹਿੰਦੂ ਸ਼ਾਗਿਰਦਾਂ ਜਿਸ ਸਥਾਨ 'ਤੇ ਚਾਦਰ ਦਾ ਸਸਕਾਰ ਕੀਤਾ ਉਥੇ ਉਨ੍ਹਾਂ ਨੇ ਗੁਰੂ ਜੀ ਦੀ ਯਾਦ ਵਿਚ ਆਪਣੀ ਸ਼ਰਧਾ ਅਨੁਸਾਰ ਸਮਾਧ ਤਿਆਰ ਕਰਵਾਈ। ਇਹ ਦੋਵੇਂ ਯਾਦਗਾਰਾਂ ਅੱਜ ਵੀ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਹਨ। ਇਸ ਅਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਯਾਦ ਨਾਲ ਸੰਬੰਧਿਤ ਖੂਹ ਸਾਹਿਬ (ਜਿਸ ਦੀ ਵਰਤੋਂ ਗੁਰੂ ਜੀ ਖੇਤਾਂ ਨੂੰ ਪਾਣੀ ਲਾਉਣ ਲਈ ਕਰਦੇ ਸਨ) ਅਤੇ ਬਉਲੀ ਸਾਹਿਬ ਵੀ ਸੁਸ਼ੋਭਿਤ ਹਨ।

ਮਹਾਰਾਜਾ ਭੁਪਿੰਦਰ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਸੇਵਾ ਕਰਵਾਈ।

1947 ਦੀ ਵੰਡ ਸਮੇਂ ਜਿਨ੍ਹਾਂ ਗੁਰਧਾਮਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਸੀ, ਸ੍ਰੀ ਕਰਤਾਰਪੁਰ ਸਾਹਿਬ ਉਨ੍ਹਾਂ ਵਿਚੋਂ ਇੱਕ ਹੋਣ ਨਾਤੇ ਇਸ ਪਵਿੱਤਰ ਸਥਾਨ ਦੇ ਦਰ ਸੰਗਤ ਲਈ 2000 ਈ. ਤੱਕ ਬੰਦ ਰਹੇ। 1998 ਵਿਚ ਪਾਕਿਸਤਾਨ ਸਰਕਾਰ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਦੁਬਾਰਾ ਸੇਵਾ ਆਰੰਭ ਕਰਵਾਈ ਅਤੇ 2000 ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਦੇਸ਼ ਦੀ ਵੰਡ ਤੋਂ 53 ਸਾਲ ਬਾਅਦ ਸੰਗਤ ਲਈ ਗੁਰਦੁਆਰਾ ਸਾਹਿਬ ਦੇ ਦਰ ਫਿਰ ਤੋਂ ਖੋਲ੍ਹੇ ਗਏ।

ਸੰਨ 1947 ਦੀ ਵੰਡ ਉਪਰੰਤ ਪਿਛਲੇ 72 ਸਾਲ ਤੋਂ ਖ਼ਾਲਸਾ ਪੰਥ ਅਰਦਾਸ ਕਰਦਾ ਹੋਇਆ ਵਾਹਿਗੁਰੂ ਅੱਗੇ ਜੋਦੜੀ ਕਰਦਾ ਹੈ, 'ਹੇ ਅਕਾਲ ਪੁਰਖ, ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਉ! ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ-ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ!' ਸਮੂਹ ਖ਼ਾਲਸਾ ਪੰਥ ਵੱਲੋਂ ਕੀਤੀ ਜਾਂਦੀ ਅਰਦਾਸ ਦੇ ਪੂਰੇ ਹੋਣ ਦੇ ਆਸਾਰ 9 ਨਵੰਬਰ 2019 ਨੂੰ ਬਣੇ ਜਦੋਂ



ਪਾਕਿਸਤਾਨੀ ਸਰਕਾਰ ਤੇ ਪਾਕਿਸਤਾਨੀ ਫੌਜ ਵੱਲੋਂ 11 ਮਹੀਨਿਆਂ ਅੰਦਰ ਸ੍ਰੀ ਕਰਤਾਰਪਰ ਸਾਹਿਬ ਦੇ ਚੌਗਿਰਦੇ ਨੂੰ ਹੋਰ ਖੂਬਸੂਰਤ ਬਣਾਉਂਦਿਆਂ ਉਸਾਰੀ ਅਧੀਨ ਸਭ ਕਾਰਜ ਮੁਕੰਮਲ ਕਰਦਿਆਂ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਿਆ ਗਿਆ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਗੁਰੂ ਜੀ ਦੀ ਬਖ਼ਸ਼ਿਸ਼ ਰਾਹੀਂ ਪ੍ਰਾਪਤ ਖਾਸ ਸੌਗਾਤ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ

*****

ਰਾਗੀ ਸਿੰਘਾਂ ਦੀ ਆਵਾਜ਼ ਨੇ ਹਵਾਵਾਂ ਵਿਚ ਅੰਮ੍ਰਿਤ ਘੋਲਿਆ ਹੋਇਆ ਸੀ। ਬੋਰਡ 'ਤੇ ਲਿਖੀ ਜਾਣਕਾਰੀ ਪੜ੍ਹਨ ਤੋਂ ਬਾਅਦ ਗੁਰਦੁਆਰੇ ਦੇ ਦਰਵਾਜ਼ੇ ਵਿਚੋਂ ਅੰਦਰ ਦਾਖ਼ਲ ਹੋਏ। ਸੋਚਿਆ ਸੀ ਕਿ ਸਾਹਮਣੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੋਵੇਗੀ ਤੇ ਨੇੜੇ ਬੈਠੇ ਰਾਗੀ ਸਿੰਘ ਕੀਰਤਨ ਕਰ ਰਹੇ ਹੋਣਗੇ। ਆਸੇ ਪਾਸੇ ਸੰਗਤ ਸਜੀ ਹੋਵੇਗੀ। ਪਰ ਅਜਿਹਾ ਕੁੱਝ ਵੀ ਨਹੀਂ ਸੀ। ਦਰਵਾਜ਼ਾ ਲੰਘਣ ਸਾਰ ਹਾਲ ਵਿਚ ਕੇਵਲ ਇੱਕ ਸਮਾਧ-ਰੂਪੀ ਥੜ੍ਹਾ ਸੀ। ਥੜ੍ਹੇ ਦੇ ਸਿਰ ਉੱਤੇ ਚਹੁੰ ਸੰਗਮਰਮਰੀ ਸਤੰਭਾਂ ਦੇ ਸਿਰ ਉੱਤੇ ਸੰਗਮਰਮਰੀ ਪਾਲਕੀ ਦਾ ਗੁੰਬਦ ਸੋਹ ਰਿਹਾ ਸੀ, ਜਿਸ ਨੂੰ ਆਸੇ-ਪਾਸੇ ਫੁੱਲ ਰੱਖ ਕੇ ਸ਼ਿੰਗਾਰਿਆ ਹੋਇਆ ਸੀ। ਜ਼ਾਹਿਰ ਹੈ ਕਿ ਇਹ ਉਹੋ ਅਨੁਮਾਨਿਤ ਥਾਂ ਸੀ ਜਿਸ ਥਾਂ 'ਤੇ ਗੁਰੂ ਜੀ ਦਾ ਅੰਤਮ-ਸੰਸਕਾਰ ਕੀਤਾ ਗਿਆ ਸੀ। ਗੁਰੂ ਜੀ ਪ੍ਰਤੀ ਆਪਣੀ ਅਪਾਰ ਮੁਹੱਬਤ ਦੇ ਵੇਗ ਵਿਚ ਮੇਰਾ ਮਨ ਵੈਰਾਗਿਆ ਗਿਆ। ਮੈਂ ਥੜ੍ਹੇ ਦੇ ਨੇੜੇ ਬਹਿ ਕੇ ਉਹਨੂੰ ਆਪਣੇ ਕਲਾਵੇ ਵਿਚ ਘੁੱਟ ਲਿਆ। ਮਹਿਸੂਸ ਹੋਇਆ ਜਿਵੇਂ ਮੈਂ ਗੁਰੂ ਜੀ ਦੇ ਗਲ ਨੂੰ ਜੱਫ਼ੀ ਪਾ ਲਈ ਹੋਵੇ। ਆਪਣਾ ਆਪ ਗੁਰੂ ਜੀ ਦੇ ਸੀਨੇ ਨਾਲ ਘੁੱਟ ਲਿਆ ਹੋਵੇ।

ਪੜ੍ਹਨ ਵਾਲਿਆਂ ਨੂੰ ਲੱਗ ਰਿਹਾ ਹੋਵੇਗਾ ਕਿ ਮੈਂ ਭਾਵੁਕ ਹੋ ਗਿਆ ਹਾਂ। ਤਰਕ ਵਾਲੇ ਸੋਚਣਗੇ ਕਿ ਮੇਰੀ ਅੰਨ੍ਹੀ ਸ਼ਰਧਾ ਮੇਰੇ 'ਤੇ ਭਾਰੂ ਹੋ ਗਈ ਹੈ! ਨਹੀਂ, ਬਿਲਕੁਲ ਨਹੀਂ। ਮੈਨੂੰ ਗੁਰੂ ਸਾਹਿਬ ਨੇ ਅੱਖਾਂ ਮੀਟ ਕੇ ਅੰਨ੍ਹੀ ਸ਼ਰਧਾ ਕਰਨੀ ਨਹੀਂ ਸਿਖਾਈ। ਉਨ੍ਹਾਂ ਨੇ ਸਿਖਾਇਆ ਹੈ ਕਿ ਮੈਂ ਦੁਨਿਆਵੀ ਵਰਤਾਰਿਆਂ ਨੂੰ ਅੱਖਾਂ 'ਖੋਲ੍ਹ' ਕੇ ਵੇਖਾਂ। ਮੇਰੇ ਭਾਵੁਕ ਹੋਣ ਦਾ ਕਾਰਨ 'ਅੰਨ੍ਹੀ ਸ਼ਰਧਾ' ਨਹੀਂ ਸਗੋਂ ਗੁਰੂ ਸਾਹਿਬ ਲਈ ਮੇਰੀ ਅਪਾਰ ਮੁਹੱਬਤ ਹੈ। ਮੇਰੀ ਇਹ ਮੁਹੱਬਤ ਉਨ੍ਹਾਂ ਦੀ ਸੋਚ ਨਾਲ, ਉਨ੍ਹਾਂ ਦੇ ਅਮਲ ਨਾਲ, ਉਨ੍ਹਾਂ ਦੇ ਕਿਰਦਾਰ ਨਾਲ ਸੀ। ਮੇਰੇ ਭਾਵੁਕ ਹੋਣ ਦਾ ਕਾਰਨ ਤਾਂ ਇੰਞ ਹੈ ਜਿਵੇਂ ਕੋਈ ਚਿਰਾਂ ਦਾ ਵਿਛੜਿਆ ਬਾਲ ਆਪਣੇ ਬਾਪ ਦੇ ਮਿਲਣ 'ਤੇ ਉਹਦੇ ਗਲ ਨਾਲ ਲੱਗ ਕੇ ਆਨੰਦ-ਵਿਭੋਰ ਹੋ ਉੱਠਦਾ ਹੈ। ਉਹਦਾ ਚਾਅ ਉਹਦੇ ਆਪੇ 'ਚ ਮਿਉਂਦਾ ਨਹੀਂ। ਉਹਦੀ ਖੁਸ਼ੀ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਮੈਂ ਏਸੇ ਮਾਨਸਿਕ ਅਵਸਥਾ ਵਿਚ ਸਾਂ। ਮੇਰੇ ਲਈ ਸਾਰੇ ਚੌਗਿਰਦੇ ਵਿਚ ਗੁਰੂ ਜੀ ਦੇ ਬੋਲਾਂ ਦੀ ਮਹਿਕ ਘੁਲੀ ਮਹਿਸੂਸ ਹੋ ਰਹੀ ਸੀ। ਮੈਨੂੰ ਤਾਂ ਇਹੋ ਅਹਿਸਾਸ ਸਰਸ਼ਾਰ ਕਰ ਰਿਹਾ ਸੀ ਕਿ ਇਸ ਧਰਤੀ 'ਤੇ ਮੇਰੇ ਗੁਰਾਂ ਦੇ ਚਰਨ ਲੱਗੇ ਸਨ।

ਮੈਂ ਪਤਨੀ ਨੂੰ ਗੁਰੂ ਜੀ ਨਾਲ ਪਾਈ ਗਲਵੱਕੜੀ ਦੀ ਤਸਵੀਰ ਖਿੱਚਣ ਲਈ ਕਿਹਾ। ਫਿਰ ਅਸੀਂ ਦੋਵਾਂ ਨੇ ਇਕੱਠਿਆਂ ਬਹਿ ਕੇ ਕਿਸੇ ਸ਼ਰਧਾਲੂ ਨੂੰ ਬੇਨਤੀ ਕਰ ਕੇ ਆਪਣੀ ਤਸਵੀਰ ਬਣਵਾਈ। ਉੱਠ ਕੇ ਸਮਾਧ ਦੀ ਪਰਿਕਰਮਾ ਕੀਤੀ। ਹਾਲ ਵਿਚ ਦੋ ਚਾਰ ਸ਼ਰਧਾਲੂ ਹੀ ਬੈਠੇ ਸਨ। ਅਸੀਂ ਸੋਚਿਆ ਕਿ ਕਿਸੇ ਹੋਰ ਥਾਂ 'ਤੇ ਕੀਰਤਨ ਦੀ ਟੇਪ ਚੱਲ ਰਹੀ ਹੋਵੇਗੀ। ਮੱਥਾ ਟੇਕ ਕੇ ਅਸੀਂ ਬਾਹਰ ਨਿਕਲੇ ਤੇ ਕੰਪਲੈਕਸ ਦੇ ਚੜ੍ਹਦੇ ਪਾਸੇ ਬਣੀ ਉਸ ਯਾਦਗਾਰ ਵੱਲ ਚੱਲ ਪਏ ਜਿਥੇ ਪਾਕਿਸਤਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਸ ਕੰਪਲੈਕਸ ਦੀ ਉਸਾਰੀ ਲਈ ਨੀਂਹ ਪੱਥਰ ਰੱਖਿਆ ਸੀ। ਇੱਕ ਵੱਡੀ ਸੁਨਹਿਰੀ ਕਿਰਪਾਨ ਦੀ ਸ਼ਕਲ ਵਿਚ ਇਹ ਯਾਦਗਾਰ ਚੜ੍ਹਦੇ ਪਾਸੇ ਕੰਪਲੈਕਸ ਦੇ ਅਖ਼ੀਰ 'ਤੇ ਬਣੀ ਹੋਈ ਹੈ। ਉਸਤੋਂ ਅੱਗੇ ਥੋੜ੍ਹੀ ਜਿਹੀ ਢਲਵਾਣ 'ਤੇ ਬਣੇ ਸੰਗਮਰਮਰੀ ਥੜ੍ਹੇ ਤੋਂ ਅੱਗੇ ਗੁਰੂ ਸਾਹਿਬ ਦੇ ਖੇਤਾਂ ਵਾਲੀ ਜ਼ਮੀਨ ਹੈ, ਜਿਸ ਵਿਚ ਧਰਤੀ ਦੀ ਸਤਹ ਤੋਂ ਉੱਚਾ ਚੁੱਕ ਕੇ ਵੱਡ-ਅਕਾਰੀ ਖੰਡਾ ਬਣਾਇਆ ਗਿਆ ਹੈ। ਆਸੇ ਪਾਸੇ ਦੀ ਜ਼ਮੀਨ ਵਿਚ ਗੁਰਦੁਆਰੇ ਦੇ ਲੰਗਰ ਵਿਚ ਵਰਤੀਆਂ ਜਾਣ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਕੀਤੀ ਹੋਈ ਸੀ। ਵਿਚ ਵਿਚ ਖਜੂਰਾਂ ਦੇ ਪੌਦੇ ਲੱਗੇ ਹੋਏ ਸਨ।

ਇਸ ਯਾਦਗਾਰ ਅੱਗੇ ਖਲੋ ਕੇ ਵੀ ਬਹੁਤ ਸਾਰੇ ਲੋਕ ਤਸਵੀਰਾਂ ਖਿੱਚ/ਖਿਚਵਾ ਰਹੇ ਸਨ।

ਓਥੇ ਹੀ ਅਸੀਂ ਕਿਸੇ ਸ਼ਰਧਾਲੂ ਨੂੰ ਪੁੱਛਿਆ ਕਿ ਕੀਰਤਨ ਕਿਸ ਜਗ੍ਹਾ 'ਤੇ ਹੋ ਰਿਹਾ ਹੈ ਤਾਂ ਉਹਨੇ ਦੱਸਿਆ ਕਿ ਗੁਰਦੁਆਰੇ ਦੀ ਉਤਲੀ ਮੰਜ਼ਿਲ 'ਤੇ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਤੇ ਰਾਗੀ ਸਿੰਘ ਓਥੇ ਹੀ ਕੀਰਤਨ ਕਰ ਰਹੇ ਹਨ।

ਅਸੀਂ ਸ਼ਰਮਿੰਦੇ ਜਿਹੇ ਹੋ ਗਏ। ਦੋ-ਚਾਰ ਜਣਿਆਂ ਨੂੰ ਅੰਦਰ ਵੜ ਕੇ ਹਾਲ ਦੀ ਇੱਕ ਨੁੱਕਰ ਵੱਲ ਜਾਂਦਿਆਂ ਵੇਖਿਆ ਤਾਂ ਸੀ, ਪਰ ਮੁੜ ਕੇ ਉਹ ਦਿਸੇ ਨਹੀਂ ਸਨ। ਅਸਲ ਵਿਚ ਉਹ ਹਾਲ ਦੇ ਕੋਨੇ ਵਿਚ ਬਣੀਆਂ ਪੌੜੀਆਂ ਰਾਹੀਂ ਉੱਪਰ ਮੱਥਾ ਟੇਕਣ ਚਲੇ ਗਏ ਸਨ।

ਵਾਪਸ ਪਰਤ ਕੇ ਅਸੀਂ ਜਦੋਂ ਗੁਰਦੁਆਰੇ ਦੇ ਹਾਲ ਵਿਚ ਪਹੁੰਚੇ ਤਾਂ ਨੁੱਕਰ ਵਿਚ ਪੌੜੀਆਂ ਦਿਸ ਪਈਆਂ। ਸ਼ਰਧਾਲੂ ਉੱਪਰ ਹੇਠਾਂ ਜਾ ਆ ਰਹੇ ਸਨ। ਉੱਤੇ ਗਏ ਤਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ ਤੇ ਨੇੜੇ ਹੀ ਰਾਗੀ ਸਿੰਘ ਕੀਰਤਨ ਕਰ ਰਹੇ ਸਨ। ਲੋਕ ਵੱਡੀ ਗਿਣਤੀ ਵਿਚ ਹਾਜ਼ਰੀ ਭਰ ਰਹੇ ਸਨ, ਪ੍ਰਸ਼ਾਦ ਲੈ ਕੇ ਪਰਿਕਰਮਾ ਕਰ ਰਹੇ ਸਨ।

ਅਸੀਂ ਹੈਰਾਨ ਕਿ ਪਹਿਲਾਂ ਸਾਨੂੰ ਇਹ ਸੋਝੀ ਕਿਉਂ ਨਾ ਆਈ? ਮਿੱਥ ਕਥਾ ਯਾਦ ਆਈ। ਸ਼ਿਵ ਜੀ ਤੇ ਪਾਰਵਤੀ ਜਾ ਰਹੇ ਸਨ ਕਿ ਇੱਕ ਬਹੁਤ ਗ਼ਰੀਬ ਬੰਦਾ ਵੇਖ ਕੇ ਪਾਰਵਤੀ ਨੇ ਪਸੀਜ ਕੇ ਕਿਹਾ, "ਇਸ ਗ਼ਰੀਬ ਬੰਦੇ 'ਤੇ 'ਬਖ਼ਸ਼ਿਸ਼ ਕਰ ਕੇ ਇਹਦੀ ਗ਼ਰੀਬੀ ਕੱਟ ਦਿਉ।" ਸ਼ਿਵ ਜੀ ਕਹਿੰਦੇ, "ਮਾਇਆ ਇਹਦੇ ਕਰਮਾਂ ਵਿਚ ਨਹੀਂ।" ਪਾਰਵਤੀ ਨੇ ਜ਼ਿਦ ਕੀਤੀ ਤਾਂ ਸ਼ਿਵ ਜੀ ਨੇ ਉਸ ਬੰਦੇ ਦੇ ਰਾਹ ਵਿਚ ਮੁਹਰਾਂ ਵਿਛਾ ਦਿੱਤੀਆਂ। ਜਦੋਂ ਉਹ ਬੰਦਾ ਮੁਹਰਾਂ ਤੋਂ ਕੁੱਝ ਹੀ ਕਦਮ ਪਿੱਛੇ ਸੀ ਤਾਂ ਸੋਚਣ ਲੱਗਾ, 'ਰੱਬ ਨੇ ਕੋਈ ਐਸੀ ਮੁਸ਼ਕਿਲ ਜਾਂ ਦੁੱਖ ਨਹੀਂ, ਜਿਹੜਾ ਮੈਨੂੰ ਦਿੱਤਾ ਨਾ ਹੋਵੇ, ਸਿਰਫ਼ ਅੰਨ੍ਹਾ ਹੀ ਨਹੀਂ ਕੀਤਾ। ਚਲੋ! ਹੁਣ ਅੰਨ੍ਹਾ ਬਣ ਕੇ ਹੀ ਵੇਖ ਲੈਂਦੇ ਹਾਂ!" ਤੇ ਉਹਨੇ



ਅੱਖਾਂ ਮੀਟ ਲਈਆਂ ਤੇ ਜਿਸ ਥਾਂ 'ਤੇ ਮੁਹਰਾਂ ਵਿਛੀਆਂ ਹੋਈਆਂ ਸਨ, ਉਸ ਥਾਂ ਨੂੰ ਅਣਵੇਖੇ ਹੀ ਅੱਗੇ ਲੰਘ ਗਿਆ।

ਸਾਨੂੰ ਲੱਗਾ ਕਿ ਕੀ ਅਸੀਂ ਉਦੋਂ ਅੱਖਾਂ ਕਿਉਂ ਬੰਦ ਕਰ ਲਈਆਂ ਸਨ ਜਦ ਕਿ ਮੁਹਰਾਂ ਦਾ ਮੀਂਹ ਸਾਡੇ ਸਿਰਾਂ 'ਤੇ ਪੈ ਰਿਹਾ ਸੀ। ਸ਼ੁਕਰ ਸੀ ਕਿ ਅੱਖਾਂ ਛੇਤੀ ਖੁੱਲ੍ਹ ਗਈਆਂ।

ਜਦੋਂ ਵੀ ਅਸੀਂ ਕਦੀ ਕਿਸੇ ਵੀ ਗੁਰਦੁਆਰੇ ਜਾਈਏ ਤਾਂ ਮੇਰੀ ਪਤਨੀ ਆਖੇਗੀ, "ਤੁਸੀਂ ਵੀ ਅਰਦਾਸ ਕਰੋ। ਤੁਹਾਡੇ ਬੱਤੀ ਦੰਦ ਨੇ। ਕਹਿੰਦੇ ਬੱਤੀ ਦੰਦਾਂ ਵਾਲਿਆਂ ਦੀ ਅਰਦਾਸ ਛੇਤੀ ਸੁਣੀ ਜਾਂਦੀ ਹੈ।"

ਮੈਂ ਹੱਸਦਾ ਹੋਇਆ ਉਹਨੂੰ ਸੁਣਾ ਕੇ ਆਖ ਦਿੰਦਾ ਹਾਂ, "ਸੱਚੇ ਪਾਤਸ਼ਾਹ! ਮੇਰੀ ਘਰਵਾਲੀ ਦੀ ਅਰਦਾਸ ਸੁਣ ਲੈ ਤੇ ਮੰਨ ਲੈ। ਮੇਰੀ ਅਰਦਾਸ ਵਿਚੇ ਆ ਜਾਊਗੀ।"

ਉਹ ਗੁੱਸੇ ਨਾਲ ਘੂਰ ਕੇ ਮੇਰੇ ਵੱਲ ਵੇਖੇਗੀ ਤੇ ਅੱਖਾਂ ਮੁੰਦ ਕੇ ਅਰਦਾਸ ਵਿਚ ਜੁੜ ਜਾਏਗੀ। ਅੱਜ ਵੀ ਸਾਡਾ ਇਹੋ ਵਾਰਤਾਲਾਪ ਹੋਇਆ।

ਅਸੀਂ ਇਸ ਤਰ੍ਹਾਂ ਹੀ ਅਰਦਾਸ ਕੀਤੀ। ਮੱਥਾ ਟੇਕਿਆ, ਪ੍ਰਸ਼ਾਦ ਲਿਆ ਤੇ ਪਰਿਕਰਮਾ ਕੀਤੀ। ਸੱਚੀ ਗੱਲ ਤਾਂ ਇਹ ਹੈ ਕਿ ਦਹਾਕੇ ਬੀਤ ਗਏ ਹੋਣਗੇ ਜਦੋਂ ਮੈਂ ਕਿਸੇ ਧਾਰਮਿਕ ਸਥਾਨ 'ਤੇ ਮੱਥਾ ਟੇਕ ਕੇ ਅਰਦਾਸ ਕਰ ਕੇ ਕੋਈ ਸੁੱਖਣਾ ਸੁੱਖੀ ਹੋਵੇ ਜਾਂ ਕਿਸੇ ਰੱਬ ਅੱਗੇ ਕੋਈ ਮੰਗ ਰੱਖੀ ਹੋਵੇ। ਮੈਂ ਨਹੀਂ ਸਮਝਦਾ ਕਿ ਅਰਦਾਸ ਕੀਤਿਆਂ ਕੋਈ ਰੱਬ ਮੇਰੇ 'ਬਿਗੜੇ ਕਾਜ ਸਵਾਰ ਦੇਵੇਗਾ।' ਕਿਉਂਕਿ ਮੇਰੇ ਗੁਰੂ ਨੇ ਹੀ ਮੈਨੂੰ ਦੱਸਿਆ ਹੋਇਆ ਹੈ, "ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ"

ਅਰਦਾਸ ਬਾਰੇ ਵੀ ਗੁਰੂ ਜੀ ਨੇ ਹੀ ਦੱਸਿਆ ਹੈ:-

ਜੀਉ ਪਿੰਡੁ ਸਭੁ ਤਿਸ ਕਾ ਸਭੁ ਕਿਛੁ ਤਿਸ ਕੈ ਪਾਸਿ॥
ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥

ਮੇਰਾ ਮੰਨਣਾ ਹੈ ਕਿ ਅੱਵਲ ਤਾਂ ਕੋਈ ਅਜਿਹੀ ਸ਼ਕਤੀ ਹੈ ਨਹੀਂ, ਜੋ ਦਰਬਾਰ ਲਾ ਕੇ ਅਰਦਾਸਾਂ ਸੁਣ ਰਹੀ ਹੋਵੇਗੀ ਤੇ ਉਨ੍ਹਾਂ ਅਰਦਾਸਾਂ 'ਤੇ ਅਮਲ-ਦਰਾਮਦ ਕਰ ਰਹੀ ਹੋਵੇਗੀ। ਤੇ ਜੇ ਹੋਵੇ ਵੀ ਤਾਂ 'ਉਹ ਸਭ ਜਾਣੀ-ਜਾਣ ਹੈ'; 'ਘਟ ਘਟ ਕੇ ਅੰਤਰ ਦੀ ਜਾਣਦਾ ਹੈ'। ਉਸ ਅੱਗੇ ਬੋਲ ਕੇ ਅਰਦਾਸ ਕਿਉਂ ਕਰਨੀ ਹੋਈ!

ਉਤਲੀ ਮੰਜ਼ਿਲ ਤੋਂ ਅਸੀਂ ਦੂਰ ਤੱਕ ਚਾਰ-ਚੁਫ਼ੇਰੇ ਝਾਤ ਮਾਰ ਕੇ ਫ਼ੈਲੀ ਹਰਿਆਵਲ ਨੂੰ ਵੇਖਿਆ। ਦਿਲ ਤੇ ਅੱਖਾਂ ਨੂੰ ਠੰਢ ਪੈ ਗਈ। ਰੱਜੀ ਹੋਈ ਰੂਹ ਨਾਲ ਅਸੀਂ ਪੌੜੀਆਂ ਉੱਤਰ ਆਏ।

ਹੇਠਾਂ ਆ ਕੇ ਵੇਖਿਆ ਮਜ਼ਾਰ ਸਾਹਿਬ ਦੇ ਨਾਲ ਹੀ ਉਹ 'ਖੂਹ ਸਾਹਿਬ' ਹੈ ਜਿਸ ਬਾਰੇ ਜਾਣਕਾਰੀ ਦਿੰਦੇ ਬੋਰਡ 'ਤੇ ਲਿਖਿਆ ਹੋਇਆ ਸੀ, 'ਇਸ ਅਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਯਾਦ ਨਾਲ ਸੰਬੰਧਿਤ ਖੂਹ ਸਾਹਿਬ (ਜਿਸ ਦੀ ਵਰਤੋਂ ਗੁਰੂ ਜੀ ਖੇਤਾਂ ਨੂੰ ਪਾਣੀ ਲਾਉਣ ਲਈ ਕਰਦੇ ਸਨ) ਅਤੇ ਬਉਲੀ ਸਾਹਿਬ ਵੀ ਸੁਸ਼ੋਭਿਤ ਹਨ।

ਅਸੀਂ ਉਸ ਲੋਹੇ ਦੀਆਂ ਟਿੰਡਾਂ ਵਾਲੇ ਖੂਹ ਦੇ ਦਰਸ਼ਨ ਕੀਤੇ, ਜਿਸਦੇ ਜੰਗਾਲੇ ਹੋਏ ਪਾੜਛੇ ਵਿਚ ਸ਼ਰਧਾਲੂਆਂ ਵੱਲੋਂ ਸ਼ਰਧਾ ਵੱਸ ਮੱਥਾ ਟੇਕਣ ਲਈ ਸੁੱਟੇ ਸਿੱਕਿਆਂ ਦਾ ਢੇਰ ਲੱਗਾ ਹੋਇਆ ਸੀ। ਜ਼ਾਹਿਰ ਹੈ, ਪੁਰਾਣੇ ਖੂਹ ਦੀ ਇਮਾਰਤ ਨੂੰ ਨਵਿਆ ਕੇ ਪੱਕੀ ਮੌਣ, ਲੋਹੇ ਦੀਆਂ ਟਿੰਡਾਂ ਤੇ ਬੋੜ ਪਾਏ ਗਏ ਹੋਣਗੇ ਕਿਉਂਕਿ ਸੌ ਕੁ ਸਾਲ ਪਹਿਲਾਂ ਖੂਹਾਂ ਦੀਆਂ ਟਿੰਡਾਂ ਮਿੱਟੀ ਦੀਆਂ ਹੁੰਦੀਆਂ ਸਨ। ਜਗਿਆਸੂ ਮਨ ਮੁੜ ਸਵਾਲ ਕਰਦਾ ਹੈ, 'ਜੇ

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦੀ ਬਾਕੀ)*

ਸਮਾਧ ਅਤੇ ਮਜ਼ਾਰ ਕਾਇਮ ਹਨ, ਖੂਹ ਵੀ ਮੌਜੂਦ ਹੈ ਤਾਂ ਨਗਰ ਦੀਆਂ ਬਾਕੀ ਨਿਸ਼ਾਨੀਆਂ ਕਿਥੇ ਅਲੋਪ ਹੋ ਗਈਆਂ?

ਖੂਹ ਦੇ ਨਜ਼ਦੀਕ ਹੀ ਇੱਕ ਪੰਦਰਾਂ-ਵੀਹ ਫੁੱਟ ਉੱਚਾ ਸਤੰਭ ਹੈ, ਜਿਸ ਦੇ ਸਿਰੇ 'ਤੇ ਬਣਾਏ ਸ਼ੀਸ਼ੇ ਦੇ ਗੁੰਬਦ ਜਿਹੇ ਵਿਚ 1971 ਵਿਚ ਹੋਈ ਭਾਰਤ-ਪਾਕਿ ਜੰਗ ਵਿਚ ਭਾਰਤੀ ਹਵਾਈ ਫੌਜ ਵੱਲੋਂ ਸੁੱਟੇ ਬੰਬ ਨੂੰ ਯਾਦ-ਨਿਸ਼ਾਨੀ ਵਜੋਂ ਰੱਖਿਆ ਹੋਇਆ ਹੈ। ਇਸ ਬੰਬ ਬਾਰੇ ਉਥੇ ਲੱਗੇ ਬੋਰਡ 'ਤੇ ਗੁਰਮੁਖੀ, ਉਰਦੂ ਅਤੇ ਅੰਗਰੇਜ਼ੀ ਵਿਚ ਹੇਠ ਲਿਖੀ ਇਬਾਰਤ ਮੌਜੂਦ ਹੈ:-

ਆਕਾਲ ਪੁਰਖ਼ ਵਾਹਿਗੁਰੂ ਜੀ ਦੀ ਸੱਚੀ ਕਰਾਮਾਤ

ਇਹ ਗੋਲਾ (ਬੰਬ) ਭਾਰਤੀ ਹਵਾਈ ਸੈਨਾ ਨੇ 1971 ਵਿਚ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਨੂੰ ਨਸ਼ਟ ਕਰਨ ਲਈ ਸੁੱਟਿਆ ਸੀ। ਅਕਾਲ ਪੁਰਖ ਵਾਹਿਗੁਰੂ ਜੀ ਦੀ ਖਾਸ ਰਹਿਮਤ ਸਦਕਾ ਇਹ ਗੋਲਾ ਸ੍ਰੀ ਖੂਹ ਸਾਹਿਬ ਨੇ ਆਪਣੀ ਪਵਿੱਤਰ ਗੋਦ ਵਿਚ ਲੈ ਲਿਆ ਸੀ ਅਤੇ ਗੁਰਦੁਆਰਾ, ਸਮਾਧ, ਮਜ਼ਾਰ ਸਾਹਿਬ ਨੂੰ ਨਸ਼ਟ ਹੋਣ ਤੋਂ ਬਚਾ ਲਿਆ।

ਦੱਸਣ ਯੋਗ ਇਹ ਗੱਲ ਹੈ ਕਿ ਇਹ ਉਹ ਪਵਿੱਤਰ ਖੂਹ ਹੈ, ਜਿਸ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੇ ਖੇਤਾਂ ਨੂੰ ਪਾਣੀ ਲਾਇਆ ਕਰਦੇ ਸਨ।

...

ਗੁਰੂ ਨਾਨਕ ਪਾਤਸ਼ਾਹ ਦੀ ਸਿੱਖਿਆ ਵਿਚ ਕਿਸੇ ਕਿਸਮ ਦੀ ਕਰਾਮਾਤ ਲਈ ਕੋਈ ਥਾਂ ਨਹੀਂ। ਅਜਿਹੀਆਂ ਸਾਖੀਆਂ ਲੋਕ ਆਪਣੇ ਆਪ ਜੋੜ ਲੈਂਦੇ ਹਨ। ਜੇ ਅਜਿਹਾ ਹੋਣਾ ਸੰਭਵ ਹੁੰਦਾ ਤਾਂ ਅਕਾਲ ਤਖ਼ਤ ਜਿਹੀ ਇਮਾਰਤ ਗੋਲਿਆਂ ਦੀ ਮਾਰ ਨਾਲ ਕਦੀ ਢਹਿ-ਢੇਰੀ ਨਾ ਹੁੰਦੀ।

...

ਜਦੋਂ ਗੁਰਦੁਆਰੇ ਤੇ ਬਾਕੀ ਕੰਪਲੈਕਸ ਦੀ ਯਾਤਰਾ ਮੁਕੰਮਲ ਹੋ ਗਈ ਤਾਂ ਭੁੱਖ ਵੀ ਚਮਕ ਪਈ। ਸੋਚਿਆ, ਹੁਣ ਲੰਗਰ ਦਾ ਰੁਖ਼ ਕਰੀਏ। ਲੱਗੇ ਹੋਏ ਨਿਸ਼ਾਨਾਂ ਦੀ ਸੇਧ ਵਿਚ ਲੰਗਰ ਹਾਲ ਵਿਚ ਪਹੁੰਚੇ ਤਾਂ ਵੇਖਿਆ ਸੰਗਤ ਪੰਗਤਾਂ ਵਿਚ ਬੈਠੀ ਲੰਗਰ ਛਕ ਰਹੀ ਸੀ। ਅਸੀਂ ਵੀ ਮੁਨਾਸਬ ਜਿਹਾ ਥਾਂ ਵੇਖ ਕੇ ਕਤਾਰ ਵਿਚ ਬੈਠ ਗਏ। ਵਰਤਾਵੇ ਲੰਗਰ ਵਰਤਾ ਰਹੇ ਸਨ। ਚੌਲ, ਦਾਲ, ਸਬਜ਼ੀ ਤੇ ਦਹੀਂ। ਅਸੀਂ ਲੋੜ ਜੋਗਾ ਭੋਜਨ ਥਾਲੀਆਂ ਵਿਚ ਪਵਾ ਲਿਆ। ਜਿਹੜੇ ਨੌਜਵਾਨ ਲੰਗਰ ਵਰਤਾ ਰਹੇ ਸਨ, ਉਨ੍ਹਾਂ ਦੇ ਸਿਰਾਂ 'ਤੇ ਰੁਮਾਲੇ ਬੰਨ੍ਹੇ ਹੋਏ ਸਨ। ਜ਼ਾਹਿਰ ਸੀ ਕਿ ਉਹ ਪਾਕਿਸਤਾਨ ਦੇ ਸ਼ਹਿਰੀ ਹੀ ਸਨ। ਇੱਕ ਜਣਾ ਕੋਲ ਆਇਆ ਤਾਂ ਮੈਂ ਉਹਦਾ ਨਾਂ ਪੁੱਛਿਆ ਤਾਂ ਕਹਿੰਦਾ, "ਕਪਿਲ ਸ਼ਰਮਾ"

"ਇੰਡੀਆ ਤੋਂ ਏਂ?"

"ਨਹੀਂ ਜੀ, ਪਾਕਿਸਤਾਨ ਤੋਂ ਆਂ। ਨਾਰੋਵਾਲ ਤੋਂ।"

ਮੈਂ ਹੱਸ ਪਿਆ, "ਸਾਡੇ ਵਾਲੇ ਕਪਿਲ ਸ਼ਰਮਾ ਦਾ ਨਾਂ ਸੁਣਿਐਂ?"

ਉਹ ਵੀ ਹੱਸ ਪਿਆ, "ਹਾਂ ਜੀ, ਸੁਣਿਐਂ!"

ਉਹਦੀ ਡਿਊਟੀ ਲੰਗਰ ਵਰਤਾਉਣ ਦੀ ਸੀ ਤੇ ਅਸੀਂ ਲੰਗਰ ਛਕ ਰਹੇ ਸਾਂ। ਦੋਵਾਂ ਕੋਲ ਲੰਮੀ ਗੱਲ ਬਾਤ ਕਰਨ ਦੀ ਗੁੰਜਾਇਸ਼ ਨਹੀਂ ਸੀ। ਉਹ ਲੰਗਰ ਵਰਤਾਉਂਦਾ ਅੱਗੇ ਤੁਰ ਗਿਆ। ਤਾਂ ਦੂਜਾ ਜਵਾਨ ਦਾਲ ਦੀ ਬਾਲਟੀ ਲੈ ਕੇ ਦਾਲ ਵਰਤਾਉਂਦਾ ਕੋਲ ਆਇਆ ਤਾਂ ਮੈਂ ਉਹਨੂੰ ਵੀ ਉਹਦਾ ਨਾਂ ਪੁੱਛਿਆ, "ਤੇਰਾ ਕੀ ਨਾਂ ਹੈ ਗੱਭਰੂਆ!"

"ਜੀ ਰਾਮ ਲਾਲ!"

ਮੈਂ ਫੇਰ ਹੱਸ ਪਿਆ। ਹੌਲੀ ਜਿਹੀ ਆਪਣੇ ਆਪ ਨੂੰ ਸੁਣਾ ਕੇ ਕਿਹਾ, "'ਰਾਮ' ਦਾ ਕੀ ਕੰਮ ਹੈ ਪਾਕਿਸਤਾਨ ਵਿਚ!"

ਪਰ ਇਸ ਵਿਚ ਵੀ ਸ਼ੱਕ ਨਹੀਂ ਸੀ ਕਿ ਉਥੇ ਕਪਿਲ ਸ਼ਰਮਾ ਵੀ ਸੀ ਤੇ ਰਾਮ ਲਾਲ ਵੀ। ਲੱਗਦਾ ਹੈ ਕਿ ਪਾਕਿਸਤਾਨੀ ਇੰਤਜ਼ਾਮੀਆਂ ਨੇ ਸਿੱਖ ਸੰਗਤਾਂ ਵਿਚ ਵਰਤਾਏ ਜਾਣ ਵਾਲੇ ਲੰਗਰ ਲਈ ਹਿੰਦੂ ਵਰਤਾਵੇ ਉਚੇਚੇ ਤੌਰ 'ਤੇ ਮੁਲਾਜ਼ਮ ਰੱਖੇ ਹੋਏ ਸਨ। ਮੈਂ ਅਨੁਮਾਨ ਲਾਉਣ ਲੱਗਾ ਕਿ ਕੀ ਇਸ ਪਿੱਛੇ ਉਹੋ ਰਵਾਇਤੀ ਸੰਕੀਰਨ ਸੋਚ ਤਾਂ ਨਹੀਂ ਕੰਮ ਕਰ ਰਹੀ, ਜਿਸ ਮੁਤਾਬਕ ਹਿੰਦੂ-ਸਿੱਖਾਂ ਨੂੰ ਮੁਸਲਮਾਨਾਂ ਦੇ ਹੱਥੋਂ, ਖਾਣਾ ਖਾਣਾ ਵਰਜਿਤ ਸੀ। ਮੈਨੂੰ ਵੰਡ ਤੋਂ ਪਹਿਲਾਂ ਦੀਆਂ ਉਹ ਕਹਾਣੀਆਂ ਚੇਤੇ ਆਈਆਂ, ਜਦੋਂ ਰੇਲਵੇ ਸਟੇਸ਼ਨਾਂ 'ਤੇ ਹਿੰਦੂ-ਮੁਸਲਮਾਨਾਂ ਦੇ ਪਾਣੀ ਪੀਣ ਲਈ ਵੱਖ-ਵੱਖ ਘੜੇ ਰੱਖੇ ਹੁੰਦੇ ਸਨ, ਜਿਨ੍ਹਾਂ 'ਤੇ 'ਹਿੰਦੂ ਪਾਣੀ', 'ਮੁਸਲਿਮ ਪਾਣੀ' ਲਿਖਿਆ ਹੁੰਦਾ ਸੀ।

ਜੇ ਏਥੇ ਹਿੰਦੂ ਮੁਲਾਜ਼ਮ ਰੱਖਣ ਪਿੱਛੇ ਇਹੋ ਸੋਚ ਹੀ ਕੰਮ ਕਰ ਰਹੀ ਸੀ ਤਾਂ ਬੜੀ ਹੈਰਾਨੀ ਤੇ ਦੁੱਖ ਦੇਣ ਵਾਲੀ ਗੱਲ ਸੀ। ਗੁਰੂ ਬਾਬੇ ਦੇ ਸਥਾਨ 'ਤੇ ਹੀ ਇਹ ਕੀ ਵਾਪਰ ਰਿਹਾ ਸੀ! ਕਿੱਥੇ ਗਿਆ, "ਏਕ ਪਿਤਾ, ਏਕਿਸ ਹਮ ਬਾਰਿਕ' ਵਾਲਾ ਸਿਧਾਂਤ। ਗੁਰੂ ਦੇ ਘਰ ਵਿਚ ਗੁਰੂ ਦੇ ਸਿਧਾਂਤ ਦੀ ਅਵੱਗਿਆ?

ਪਰ ਦੂਜੇ ਪੱਖ ਤੋਂ ਇਹ ਗੱਲ ਚੰਗੀ ਵੀ ਲੱਗੀ ਕਿ ਪਾਕਿਸਤਾਨੀ ਇਤਜ਼ਾਮੀਆਂ ਨੇ ਹਿੰਦੂ-ਸਿੱਖ ਯਾਤਰੀਆਂ ਦੀ ਭਾਵਨਾ ਦਾ ਖ਼ਿਆਲ ਰੱਖਿਆ ਸੀ, ਭਾਵੇਂ ਕਿ ਇਹ ਭਾਵਨਾ ਗੁਰੂ ਜੀ ਦੇ ਫ਼ਲਸਫ਼ੇ ਦੀ ਵਿਰੋਧੀ ਹੈ। ਸਾਡੀ ਇਹੋ ਹੀ ਤਾਂ ਵਿਡੰਬਨਾਂ ਹੈ ਕਿ ਅਸੀਂ ਗੁਰੂ ਜੀ ਨੂੰ ਅੱਖਾਂ ਖੋਲ੍ਹ ਕੇ ਨਹੀਂ ਮਿਲਦੇ, ਅੱਖਾਂ ਮੁੰਦ ਕੇ ਮਿਲਦੇ ਹਾਂ। ਏਸੇ ਕਰਕੇ ਸਾਨੂੰ ਸੱਚੇ ਸਤਿਗੁਰ ਦੇ ਦੀਦਾਰ ਨਹੀਂ ਹੁੰਦੇ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਕਰਤਾਰਪੁਰ ਵਿਚ ਹੋ, ਨਨਕਾਣੇ ਹੋ ਜਾਂ ਦਰਬਾਰ ਸਾਹਿਬ ਅੰਬਰਸਰ ਵਿਚ।

ਲੰਗਰ ਛਕਣ ਤੋਂ ਬਾਅਦ ਅਸੀਂ ਦੋਵੇਂ ਜੀਅ ਉਧਰ ਗਏ ਜਿੱਥੇ ਲੰਗਰ ਤਿਆਰ ਹੋ ਰਿਹਾ ਸੀ। ਚਾਰ-ਪੰਜ ਬੀਬੀਆਂ ਵੱਡੀ ਲੋਹ 'ਤੇ ਰੋਟੀਆਂ ਪਕਾ ਰਹੀਆਂ ਸਨ। ਇੱਕ ਬੀਬੀ ਨੇ ਬੜੇ ਉਤਸ਼ਾਹ ਨਾਲ 'ਸਤਿ ਸ੍ਰੀ ਅਕਾਲ' ਕਿਹਾ। ਦੂਜੀਆਂ ਨੇ ਭਰਵੀਂ ਮੁਸਕਰਾਹਟ ਨਾਲ ਪਹਿਲੀ ਬੀਬੀ ਦੀ ਸ਼ੁਭ-ਇੱਛਾ ਨਾਲ ਹਾਮੀ ਭਰੀ। ਉਹੋ ਬੀਬੀ ਬੋਲੀ, "ਸੇਵਾ ਕਰਨੀ ਏਂ? ਕਰ ਲੌ!"

ਮੇਰੀ ਪਤਨੀ ਨੂੰ ਜਿਵੇਂ ਚਾਅ ਚੜ੍ਹ ਗਿਆ। ਆਪਣੇ ਗੁਰੂ ਦੇ ਲੰਗਰ ਵਿਚ ਸੇਵਾ ਕਰਨ ਦਾ ਪਵਿੱਤਰ ਫ਼ਰਜ਼ ਅਦਾ ਕਰਨ ਦਾ ਉਹਨੂੰ ਵਧੀਆ ਸਬੱਬ ਮਿਲ ਰਿਹਾ ਸੀ। ਉਸਨੇ ਆਪਣਾ ਪਰਸ ਮੈਨੂੰ ਫੜਾ ਕੇ ਹੱਥ ਧੋਤੇ ਤੇ ਆਟੇ ਦੀ ਤੌਣ ਵਿਚ ਹੱਥ ਪਾ ਕੇ ਪੇੜੇ ਕਰਨੇ ਸ਼ੁਰੂ ਕੀਤੇ। ਬਣਾਏ ਪੇੜਿਆਂ ਨੂੰ ਵਾਰੀ-ਵਾਰੀ ਫੜ ਕੇ ਰੋਟੀਆਂ ਵੇਲਣ ਲੱਗੀ। ਫਿਰ ਰੋਟੀਆਂ ਵੇਲ ਕੇ ਲੋਹ 'ਤੇ ਪਾਉਣ ਲੱਗੀ।

ਬੀਬੀ ਨੇ ਫਿਰ ਗੱਲ-ਬਾਤ ਦੀ ਵਾਗ-ਡੋਰ ਸੰਭਾਲੀ, "ਤੁਹਾਡੇ ਵਰਗੇ ਹੋਰ ਸਰਦਾਰ ਵੀ 'ਸੇਵਾ' ਕਰ ਕੇ ਜਾਂਦੇ ਨੇ। ਤੁਸੀਂ ਵੀ ਕਰ ਲੌ ਸੇਵਾ!"

'ਉਹ ਤੇਰੀ!' ਮੇਰੇ ਖ਼ਾਨੇ ਹੁਣ ਗੱਲ ਪਈ। ਮੈਂ ਆਪਣਾ ਬਟੂਆਂ ਖੋਲ੍ਹਿਆ ਤੇ ਪੰਜ ਸੌ ਦਾ ਨੋਟ ਕੱਢ ਕੇ ਆਪਣੇ ਨੇੜੇ ਬੈਠੀ ਬੀਬੀ ਵੱਲ ਵਧਾਇਆ ਤਾਂ ਉਹ ਕਹਿੰਦੀ, "ਓਸੇ ਨੂੰ ਫੜਾ ਦਿਉ। ਉਹੋ ਸਾਡੀ ਲੀਡਰ ਹੈ। ਤ੍ਰਿਕਾਲਾਂ ਨੂੰ ਅਸੀਂ ਵੰਡ-ਵੰਡਾਈ ਕਰ ਲੈਂਦੀਆਂ।"

ਜ਼ਾਹਿਰ ਸੀ, ਉਹ ਇੰਞ ਹੀ ਮੰਗ ਕੇ 'ਸੇਵਾ' ਲੈ ਲੈਂਦੀਆਂ ਸਨ।

ਸਾਡੀ ਅਗਲੀ ਗੱਲ-ਬਾਤ ਤੋਂ ਪਤਾ ਲੱਗਾ ਕਿ ਉਹ ਡਿਊਟੀ ਦੇਣ ਲਾਗਲੇ ਪਿੰਡਾਂ ਤੋਂ ਆਉਂਦੀਆਂ ਸਨ। ਲੰਗਰ ਵਰਤਾਉਣ ਵਾਲੇ ਮੁੰਡਿਆਂ ਵਾਂਗ ਲੰਗਰ ਪਕਾਉਣ ਲਈ ਇੰਤਜ਼ਾਮੀਆਂ ਨੇ ਉਨ੍ਹਾਂ ਨੂੰ ਮੁਲਾਜ਼ਮ ਰੱਖਿਆ ਹੋਇਆ ਸੀ ਤੇ ਉਹ ਇਸ ਸੇਵਾ ਦੀ ਬਾਕਾਇਦਾ ਤਨਖ਼ਾਹ ਲੈਂਦੀਆਂ ਸਨ।

"ਭਾਈ ਸਾਹਿਬ ਕੀ ਦੱਸੀਏ! ਮਹਿੰਗਾਈ ਹੀ ਏਨੀ ਹੈ ਕਿ ਟੱਬਰਾਂ ਦੇ ਗੁਜ਼ਾਰੇ ਬੜੇ ਮੁਸ਼ਕਿਲ ਚੱਲਦੇ ਨੇ! ਮਸਾਂ ਦੋ ਡੰਗ ਦੀ ਰੋਟੀ ਚੱਲਦੀ ਹੈ। ਤਨਖ਼ਾਹ ਬੜੀ ਥੋੜ੍ਹੀ ਮਿਲਦੀ ਹੈ। ਕੀ ਕਰੀਏ?"

ਉਹ ਸਪਸ਼ਟੀਕਰਣ ਦੇਣ ਲੱਗੀ।

ਮੈਂ ਸੋਚ ਰਿਹਾ ਸਾਂ, "ਬਾਬਾ! ਤੇਰੇ ਘਰ ਵਿਚ 'ਸੇਵਾ' ਕਰਨ ਵਾਲਿਆਂ ਦੇ ਟੱਬਰ ਭੁੱਖੇ ਕਿਉਂ ਸੌਂਦੇ ਨੇ! ਕਦੋਂ ਆਵੇਗਾ ਉਹ ਦਿਨ ਜਦੋਂ ਤੇਰੇ ਘਰ ਵਿਚ ਸੇਵਾ ਕਰਨ ਵਾਲਿਆਂ ਦੇ ਜਿਸਮ ਤੇ ਰੂਹ ਏਨੀ ਰੱਜ ਜਾਊ ਕਿ ਬੇਫ਼ਿਕਰੀ ਨਾਲ ਤੇਰੇ ਲੰਗਰਾਂ ਵਿਚ ਸੇਵਾ ਕਰਨ ਦੇ ਸਮਰੱਥ ਹੋ ਸਕਣਗੇ!"

ਲੰਗਰ ਛਕਣ ਤੋਂ ਬਾਅਦ ਬਾਹਰ ਨਿਕਲ ਕੇ ਵਾਸ਼ਰੂਮਾਂ ਦਾ ਰੁਖ਼ ਕੀਤਾ। ਮੈਂ ਫ਼ਾਰਗ ਹੋ ਕੇ ਬਾਹਰ ਆਇਆ ਤੇ ਰਜਵੰਤ ਆਪਣਾ ਪਰਸ ਮੈਨੂੰ ਫੜਾ ਕੇ ਵਾਸ਼ਰੂਮ ਚਲੀ ਗਈ। ਬਾਹਰ ਲੱਗੇ ਬੈਂਚਾਂ 'ਚੋਂ ਇੱਕ ਬੈਂਚ 'ਤੇ ਇੱਕ ਅਧਖੜ ਸਰਦਾਰ ਬੈਠਾ ਸੀ। ਉਹਦੇ ਸਾਹਮਣੇ ਉਹਦਾ ਹੀ ਹਾਣੀ, ਪਰ ਵੇਖਣ ਤੋਂ ਸਾਂਭੀ-ਸਿਕਰੀ ਸੋਹਣੀ ਸ਼ਖ਼ਸੀਅਤ ਦਾ ਮਾਲਕ ਇੱਕ ਲੰਮਾ-ਲੰਝਾ ਮੁਸਲਮਾਨ ਖਲੋਤਾ ਉਸ ਨਾਲ ਗੁਫ਼ਤਗੂ ਕਰਨ ਵਿਚ ਰੁੱਝਾ ਹੋਇਆ ਸੀ। ਦੁੱਧ ਚਿੱਟੀ ਸਲਵਾਰ ਕਮੀਜ਼ ਤੇ ਗੋਰਾ ਚਿੱਟਾ ਰੰਗ। ਉਸ ਮੁਸਲਮਾਨ ਨਾਲ ਉਹਦੇ ਕੁੱਝ ਹੋਰ ਸਾਥੀ ਵੀ ਖਲੋਤੇ ਸਨ। ਕੁੱਝ ਉਹਦੀ ਉਮਰ ਦੇ, ਕੁੱਝ ਨੌਜਵਾਨ, ਕੁੱਝ ਸੱਤ-ਅੱਠ ਸਾਲ ਦੇ ਬੱਚੇ। ਕਿਸੇ ਚੰਗੇ ਤੇ ਵੱਡੇ ਅਮੀਰ ਖ਼ਾਨਦਾਨ ਦੇ ਲੋਕ ਲੱਗਦੇ ਸਨ।

ਮੈਂ ਚੁੱਪ ਕਰ ਕੇ ਨਾਲ ਦੇ ਬੈਂਚ 'ਤੇ ਬਹਿ ਕੇ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗਾ। ਮੁਸਲਮਾਨ ਬੈਂਚ 'ਤੇ ਬੈਠੇ ਸਰਦਾਰ ਨੂੰ ਕਹਿ ਰਿਹਾ ਸੀ,



"ਸਰਦਾਰ ਜੀ, ਆਹ ਬਹੁਤ ਚੰਗਾ ਹੋਇਆ ਜੇ ਜੋ ਦੋਵਾਂ ਸਰਕਾਰਾਂ ਨੇ ਅਕਲ ਕਰ ਕੇ ਲਾਂਘਾ ਖੋਲ੍ਹ ਛੱਡਿਆ ਏ ਤੇ ਵਿਛੜੇ ਭਰਾਵਾਂ ਨੂੰ ਮਿਲਣ ਦਾ ਸਬੱਬ ਬਣਾ ਦਿੱਤਾ ਏ। ਆਪਾਂ ਕੋਈ ਅਲੱਗ ਥੋੜੇ ਸਾਂ। ਇੱਕੋ ਰਹਿਤਲ, ਇੱਕੋ ਜ਼ਬਾਨ, ਇੱਕੋ-ਜਿਹੇ ਸੁਭਾਅ। 'ਕੱਠੇ ਰਹਿੰਦੇ ਤਾਂ ਕਿੰਨੀਆਂ ਬਰਕਤਾਂ ਹੋਣੀਆਂ ਸਨ। ਬਾਬਾ ਗੁਰੂ ਨਾਨਕ ਤਾਂ ਆਖਦਾ ਸੀ ਕਿ ਸਾਰੇ ਇੱਕੋ ਰੱਬ ਦੇ ਬੰਦੇ ਨੇ। ਵੰਡੀਆਂ ਤਾਂ ਅਸੀਂ ਪਾ ਛੱਡੀਆਂ ਨੇ ਨਾ ਭਰਾਵਾਂ ਵਿਚ। ਕਦੀ ਭਰਾ ਲੜ ਵੀ ਪੈਂਦੇ ਨੇ, ਪਰ ਹੁੰਦੇ ਤਾਂ ਭਰਾ ਈ ਨੇ ਨਾ। ਭੱਜੀਆਂ ਬਾਹੀਂ ਗਲ਼ ਨੂੰ ਈ ਆਉਂਦੀਆਂ ਨੇ। ..."

ਸਰਦਾਰ ਉਹਦੇ ਬੋਲਾਂ ਦੀ ਹਾਮੀ ਵਿਚ ਸਿਰ ਹਿਲਾ ਰਿਹਾ ਸੀ, "ਸੱਚੇ ਪਾਤਸ਼ਾਹ ਨੇ ਮਿਹਰਾਂ ਕੀਤੀਆਂ ਨੇ ਜੀ। ਭਰਾਵਾਂ ਨੂੰ ਮਿਲਾ ਦਿੱਤਾ ਹੈ।"

ਉਸ ਪਰਿਵਾਰ ਦੀਆਂ ਪੰਜ-ਚਾਰ ਔਰਤਾਂ ਤੇ ਦੋ ਤਿੰਨ ਮੁਟਿਆਰ ਕੁੜੀਆਂ ਉਨ੍ਹਾਂ ਬੰਦਿਆਂ ਕੋਲ ਆ ਖਲੋਤੀਆਂ। ਉਹ ਵਾਸ਼ਰੂਮ ਹੋ ਕੇ ਮੁੜੀਆਂ ਸਨ। ਉਨ੍ਹਾਂ ਦੀ ਗ਼ੈਰ-ਹਾਜ਼ਰੀ ਕਾਰਨ ਮਿਲੀ ਸਮੇਂ ਦੀ ਵਿਰਲ ਨੇ ਮੁਸਲਮਾਨ ਨੂੰ ਸਰਦਾਰ ਨਾਲ ਆਪਣੇ ਜਜ਼ਬਾਤ ਸਾਂਝੇ ਕਰਨ ਦਾ ਮੌਕਾ ਦੇ ਦਿੱਤਾ ਸੀ।

ਔਰਤਾਂ ਨੂੰ ਆਇਆ ਵੇਖ ਆਗੂ ਮੁਸਲਮਾਨ ਨੇ ਸਰਦਾਰ ਨੂੰ, "ਖ਼ੁਦਾ ਹਾਫ਼ਿਜ਼" ਕਿਹਾ ਤੇ ਉਹ ਸਾਰਾ ਪਰਿਵਾਰ ਅੱਗੇ ਨੂੰ ਤੁਰ ਪਏ। ਏਨੇ ਚਿਰ ਵਿਚ ਰਜਵੰਤ ਵੀ ਵਾਪਸ ਆ ਗਈ। ਉਹਨੇ ਆਪਣਾ ਪਰਸ ਸੰਭਾਲਿਆ ਤੇ ਅਸੀਂ ਵੀ ਦਸ-ਪੰਦਰਾਂ ਕਦਮਾਂ ਦੀ ਵਿੱਥ 'ਤੇ ਉਸ ਪਰਿਵਾਰ ਦੇ ਮਗਰ ਤੁਰ ਪਏ। ਬਰਾਂਡੇ ਦਾ ਮੋੜ ਮੁੜ ਕੇ ਉਹ ਪਰਿਵਾਰ ਖਲੋ ਗਿਆ ਤੇ ਸਾਰੇ ਜੀਆਂ ਦੀ ਇੱਕ ਸਾਂਝੀ ਤਸਵੀਰ ਬਣਾਉਣ ਲੱਗਾ। ਤਸਵੀਰ ਖਿੱਚੀ ਗਈ ਤਾਂ ਅਸੀਂ ਉਨ੍ਹਾਂ ਦੇ ਕੋਲ ਪਹੁੰਚ ਗਏ। ਮੇਰਾ ਉਸ ਬੰਦੇ ਨਾਲ ਕੁੱਝ ਗੱਲਾਂ ਕਰਨ ਨੂੰ ਦਿਲ ਕਰ ਆਇਆ। ਉਹਨੂੰ 'ਸਲਾਮ' ਆਖੀ ਤੇ ਕਿਹਾ, "ਭਾਈ ਜਾਨ! ਮੈਂ ਪਿੱਛੇ ਬੈਂਚ 'ਤੇ ਬੈਠੇ ਸਰਦਾਰ ਨਾਲ ਕੀਤੀਆਂ ਤੁਹਾਡੀਆਂ ਗੱਲਾਂ ਸੁਣੀਆਂ ਤਾਂ ਮੈਨੂੰ ਲੱਗਾ ਜਿਵੇਂ ਮੈਂ ਹੀ ਬੋਲ ਰਿਹਾ ਹੋਵਾਂ। ਤੁਸੀਂ ਤਾਂ ਮੇਰੇ ਦਿਲ ਦੀ ਗੱਲ ਹੀ ਕਰ ਰਹੇ ਸੋ। ਤੁਸੀਂ ਬਿਲਕੁਲ ਠੀਕ ਫੁਰਮਾ ਰਹੇ ਸਾਉ ਕਿ 'ਭੱਜੀਆਂ ਬਾਹੀਂ ਗਲ਼ ਨੂੰ ਹੀ ਆਉਂਦੀਆਂ ਨੇ!" -ਮੈਂ ਵੀ ਇਹੋ ਕਹਿੰਦਾ ਆ ਰਿਹਾਂ ਕਿ ਅਸੀਂ ਇੱਕ ਦੂਜੇ ਦੀ ਬਾਹਵਾਂ ਭੰਨਣ ਦਾ 'ਸਵਾਦ' ਤਾਂ ਬੜੀ ਵਾਰ 'ਚੱਖ' ਲਿਆ ਹੈ, ਹੁਣ ਬਾਹਵਾਂ ਇੱਕ ਦੂਜੇ ਦੇ ਗਲ਼ ਵਿਚ ਪਾ ਕੇ ਵੀ ਵੇਖੀਏ ਕਿ ਇਸ ਜਜ਼ਬੇ ਦਾ ਕਿਆ ਇਲਾਹੀ ਸਵਾਦ ਹੈ! ਬਾਰੂਦ ਦੀ ਬੋਅ ਦੀ ਥਾਂ ਮੁਹੱਬਤ ਦੀ ਖ਼ੁਸ਼ਬੋ ਨਾਲ ਮਾਹੌਲ ਨੂੰ ਮੁਅੱਤਰ ਕਰ ਦੇਈਏ। ਰੂਹਾਂ ਵਿਚ ਅੱਲ੍ਹਾ ਪਾਕ-ਪਰਵਰਦਗਾਰ ਆਪ ਖ਼ੁਸ਼ਬੂਆਂ ਭਰ ਦਵੇਗਾ!"

ਉਨ੍ਹਾਂ ਨੂੰ ਆਪਣੀਆਂ ਗੱਲਾਂ ਬੜੇ ਧਿਆਨ ਨਾਲ ਸੁਣਦਿਆਂ ਵੇਖ ਕੇ ਮੈਂ ਮਿੰਟ ਕੁ ਹੋਰ ਆਪਣੀ 'ਭਾਸ਼ਾਈ ਕੌਸ਼ਲਤਾ' ਦਾ ਮੁਜ਼ਾਹਰਾ ਕੀਤਾ। ਮੇਰੀਆਂ ਗੱਲਾਂ ਦਾ ਉਨ੍ਹਾਂ 'ਤੇ ਚੰਗਾ ਅਸਰ ਪਿਆ ਤੇ ਮੁਸਲਮਾਨ ਨੇ ਮੇਰੇ ਵੱਲ ਹੱਥ ਅੱਗੇ ਕਰ ਕੇ ਮੇਰਾ ਹੱਥ ਘੁੱਟ ਲਿਆ, "ਸਰਦਾਰ ਜੀ, ਬੜੀਆਂ ਸੋਹਣੀਆਂ ਗੱਲਾਂ ਕਰਦੇ ਜੇ। ਇੰਜ ਲੱਗਦਾ ਏ ਜਿਵੇਂ ਕੋਈ ਸੁਲਝਿਆ ਹੋਇਆ ਵੱਡਾ ਅਦੀਬ ਬੋਲ ਰਿਹਾ ਹੋਵੇ!"

ਆਪਣੀ ਲੇਖਕੀ ਪਛਾਣ ਕਰਾਉਣ ਦਾ ਮੌਕਾ ਤਾਂ ਉਹਨੇ ਮੈਨੂੰ ਆਪ ਹੀ ਦੇ ਦਿੱਤਾ ਸੀ। ਜਦ ਮੈਂ ਆਪਣੇ 'ਅਦੀਬ' ਹੋਣ ਬਾਰੇ ਦੱਸਿਆ ਤਾਂ ਸਾਰੇ ਬਹੁਤ ਖ਼ੁਸ਼ ਹੋਏ ਤੇ ਮੁਸਲਮਾਨ ਇੱਕ ਨੌਜਵਾਨ ਨੂੰ ਕਹਿਣ ਲੱਗਾ, "ਉਏ ਰਸ਼ੀਦ! ਸਰਦਾਰ ਹੁਰਾਂ ਨਾਲ ਇੱਕ ਯਾਦਗਾਰੀ ਜਿਹੀ ਤਸਵੀਰ ਬਣਾ। ਕਿਆ ਸੋਹਣਾ ਮੇਲ ਕਰਾਇਆ ਸੋਹਣੇ ਰੱਬ ਨੇ।"

ਨੌਜਵਾਨ ਤਸਵੀਰ ਬਣਾਉਣ ਲਈ ਸਾਹਮਣੇ ਹੋਇਆ। ਅਸੀਂ ਇੱਕ ਕਤਾਰ ਵਿਚ ਖਲੋਣ ਲੱਗੇ ਤਾਂ ਉਨ੍ਹਾਂ ਨਾਲ ਦੀਆਂ ਔਰਤਾਂ ਸਾਥੋਂ ਥੋੜੀ ਵਿੱਥ 'ਤੇ ਖਲੋ ਗਈਆਂ। ਜ਼ਾਹਿਰ ਹੈ, ਉਹ ਤਸਵੀਰ ਦੇ ਫਰੇਮ ਵਿਚੋਂ ਆਪ ਹੀ ਬਾਹਰ ਹੋ ਗਈਆਂ ਸਨ ਜਾਂ ਕਿਸੇ ਮਰਦ ਨੇ ਇਸ਼ਾਰਾ ਕਰ ਦਿੱਤਾ ਹੋਵੇ। ਉਨ੍ਹਾਂ ਵਿਚ 'ਪਰਾਏ ਮਰਦ' ਨਾਲ ਤਸਵੀਰ ਖਿਚਵਾਉਣ ਦੀ ਰਵਾਇਤ ਨਹੀਂ।

ਨੌਜਵਾਨ ਨੇ ਇੱਕ ਤਸਵੀਰ ਬਣਾਈ ਤੇ ਦੂਜੀ ਬਣਾਉਣ ਲਈ ਸਾਨੂੰ 'ਸਾਵਧਾਨ' ਹੋਣ ਲਈ ਕਹਿਣ ਲੱਗਾ ਤਾਂ ਰਜਵੰਤ ਦੂਰ ਹਟ ਕੇ ਖਲੋਤੀਆਂ ਔਰਤਾਂ ਨੂੰ ਕਹਿਣ ਲੱਗੀ, "ਭੈਣ ਜੀ! ਤੁਸੀਂ ਵੀ ਆਓ ਨਾ ਸਾਡੇ ਨਾਲ!"

ਔਰਤਾਂ ਦੇ ਚਿਹਰੇ 'ਤੇ ਹਿਚਕਚਾਹਟ ਸਾਫ਼ ਦਿਸ ਰਹੀ ਸੀ। ਉਹ ਆਪਣੇ ਮਰਦ ਸਾਥੀਆਂ ਵੱਲ ਇੰਞ ਵੇਖ ਰਹੀਆਂ ਸਨ ਜਿਵੇਂ ਪੁੱਛ ਰਹੀਆਂ ਹੋਣ, "ਕੀ ਕਹੀਏ ਹੁਣ!"

ਉਨ੍ਹਾਂ ਦੀ ਝਿਜਕ ਵੇਖ ਕੇ ਰਜਵੰਤ ਮੁਖੀ ਮੁਸਲਮਾਨ ਨੂੰ ਕਹਿਣ ਲੱਗੀ, "ਭਾ ਜੀ! ਨਾਲੇ ਕਹਿੰਦੇ ਓ ਕਿ ਆਪਾਂ ਭਰਾ ਆਂ। ਜੇ ਮੈਂ ਤੁਹਾਡੇ ਨਾਲ, ਆਪਣੇ ਭਰਾਵਾਂ ਨਾਲ ਫੋਟੋ ਖਿਚਵਾ ਸਕਦੀ ਆਂ ਤਾਂ ਇਹ ਸਾਡੀਆਂ ਭੈਣਾਂ 'ਇਸ' ਭਰਾ ਨਾਲ ਸਾਂਝੀ ਫੋਟੋ ਕਿਉਂ ਨਹੀਂ ਕਰਵਾ ਸਕਦੀਆਂ! ਜੇ ਮੈਂ ਤੁਹਾਡੇ ਨਾਲ ਖਲੋਤੀ ਆਂ ਤੇ ਮੈਨੂੰ ਕੁੱਝ ਨਹੀਂ ਹੋਇਆ ਤਾਂ ਇਨ੍ਹਾਂ ਨੂੰ ਵੀ ਕੁੱਝ ਨਹੀਂ ਹੋਣ ਲੱਗਾ!"

ਰਜਵੰਤ ਨੇ ਬਹੁਤੀ ਹੀ ਕੋਰੀ-ਕਰਾਰੀ ਗੱਲ ਕਰ ਦਿੱਤੀ ਸੀ।

"ਆਓ ਭੈਣ ਜੀ ਤੁਸੀਂ। ਕੁੱਝ ਨਹੀਂ ਕਹਿਣ ਲੱਗੇ ਭਾ ਜੀ ਤੁਹਾਨੂੰ। ਮੇਰਾ ਘਰਵਾਲਾ ਵੀ ਤੁਹਾਡਾ ਆਪਣਾ ਹੀ ਭਰਾ ਹੈ। ਆਓ! ਆਓ!!"

ਰਜਵੰਤ ਦੀ ਗੱਲ ਸੁਣ ਕੇ ਔਰਤਾਂ ਮੁਸਕਰਾ ਰਹੀਆਂ ਸਨ। ਮਰਦਾਂ ਵਿਚ ਵੀ ਨਿੱਕਾ ਜਿਹਾ ਹਾਸਾ ਛਣਕਿਆ।

"ਆ ਜਾਓ! ਕੋਈ ਗੱਲ ਨਹੀਂ। ਆਪਣੀ ਭੈਣ ਦੀ ਗੱਲ ਮੰਨ ਲੈਂਦੇ ਆਂ!" ਆਗੂ ਮੁਸਲਮਾਨ ਨੇ ਕਿਹਾ ਤਾਂ ਔਰਤਾਂ ਮੁਸਕਰਾਉਂਦੀਆਂ ਹੋਈਆਂ ਤੁਰਤ 'ਫਰੇਮ' ਵਿਚ ਆ ਕੇ ਸਾਡੇ ਨਾਲ ਖਲੋਣ ਲੱਗੀਆਂ ਪਰ ਤਿੰਨ ਕੁ ਮੁਟਿਆਰਾਂ ਉਨ੍ਹਾਂ ਤੋਂ ਵੀ ਪਹਿਲਾਂ ਭੱਜ ਕੇ ਅੱਗੇ ਆ ਖਲੋਤੀਆਂ, ਜਿਵੇਂ ਪਹਿਲਾਂ ਹੀ ਆਉਣ ਲਈ ਡਾਢੀਆਂ ਉਤਾਵਲੀਆਂ ਹੋਣ। ਉਨ੍ਹਾਂ ਦਾ ਭੱਜ ਕੇ ਤੇਜ਼ੀ ਨਾਲ ਅੱਗੇ ਆਉਣਾ ਇੰਞ ਲੱਗਾ ਜਿਵੇਂ ਡੱਕੇ ਹੋਏ ਪਾਣੀ ਦਾ ਬੰਨ੍ਹ ਖੋਲ੍ਹ ਦਿੱਤਾ ਜਾਵੇ। ਪਾਣੀ ਨਾਲ ਪਾਣੀ ਆ ਮਿਲਿਆ ਸੀ।

ਹੱਦਾਂ-ਸਰਹੱਦਾਂ ਵੀ ਤਾਂ ਸਾਡੇ ਇੱਕ ਦੂਜੇ ਲਈ ਮੁਹੱਬਤ ਨਾਲ ਨੱਕੋ-ਨੱਕ ਭਰੇ ਮਨਾਂ ਅੱਗੇ ਲੱਗੇ ਵੱਡੇ ਬੰਨ੍ਹ ਹੀ ਤਾਂ ਹਨ। ਸਰਕਾਰਾਂ ਥੋੜੀ ਖੁੱਲ੍ਹ ਦੇ ਕੇ ਤਾਂ ਵੇਖਣ ਕਿਵੇਂ ਵਿਛੜੇ ਵੀਰ-ਭੈਣਾਂ ਦੀ ਵਹਿੰਦੀ ਹੋਈ ਮੁਹੱਬਤ ਇੱਕ ਦੂਜੇ ਨਾਲ ਇੰਞ ਆਣ ਮਿਲਦੀ ਹੈ ਜਿਵੇਂ ਦੋ ਦਰਿਆਵਾਂ ਦਾ ਪਾਣੀ ਸੰਗਮ ਦੇ ਮੁਹਾਣ 'ਤੇ ਇੱਕ-ਦੂਜੇ ਦੇ ਨਾਲ ਆਣ ਮਿਲਦਾ ਹੈ।

ਫੋਟੋ ਖਿੱਚੀ ਗਈ ਤਾਂ ਰਜਵੰਤ ਨੇ ਤੋੜਾ ਝਾੜਿਆ, "ਹੁਣ ਬਣੀ ਨਾ ਅਸਲੀ ਭੈਣ-ਭਰਾਵਾਂ ਵਾਲੀ ਗੱਲ!"

ਰਜਵੰਤ ਦੀਆਂ ਖੁੱਲ੍ਹੀਆਂ ਤੇ ਖਰੀਆਂ ਗੱਲਾਂ ਸੁਣ ਕੇ ਸਾਰੇ ਜਣੇ ਬਹੁਤ ਖ਼ੁਸ਼ ਹੋਏ!

ਗੁਰਦੁਆਰੇ ਦੇ ਪਿਛਲੇ ਪਾਸੇ ਮਾਰਕੀਟ ਹੈ, ਜਿੱਥੇ ਜੁੱਤੀਆਂ, ਕੱਪੜੇ, ਬਣਾਉਟੀ ਗਹਿਣਿਆਂ, ਮਠਿਆਈ ਤੇ ਹੋਰ ਖਾਣ-ਪੀਣ ਦੇ ਸਾਮਾਨ ਦੀਆਂ ਦੁਕਾਨਾਂ ਸਨ। ਅਸੀਂ ਉਥੋਂ ਦਾ ਇੱਕ ਗੇੜਾ ਕੱਢਿਆ। ਸਾਡੇ ਖ਼ਰੀਦਣ ਵਾਲੀ ਉਥੇ ਕੋਈ ਸ਼ੈਅ ਨਹੀਂ ਸੀ।

ਚਾਰ ਵੱਜਣ ਵਾਲੇ ਸਨ। ਵਾਪਸੀ ਦੀ ਤਿਆਰੀ ਹੋਣ ਵਾਲੀ ਸੀ। ਅਸੀਂ ਪਹੁੰਚੇ ਤਾਂ ਬੱਸ ਤਿਆਰ ਖੜੀ ਸੀ। ਯਾਤਰਾ ਮੁਕੰਮਲ ਕਰ ਕੇ ਅਸੀਂ ਬਾਹਰ ਆ ਰਹੇ ਸਾਂ ਤਾਂ ਮੈਂ ਵੇਖਿਆ, ਸਵੇਰ ਵਾਲੇ 'ਹਮਦਰਦ' ਮੁਲਾਜ਼ਮਾਂ ਦੀ ਡਿਊਟੀ ਬਦਲ ਚੁੱਕੀ ਸੀ, ਪਰ ਜਦੋਂ ਮੈਂ, ਮੇਰੇ ਕੋਲੋਂ ਵਾਸ਼-ਰੂਮ ਵਿਚ ਪੈਸੇ ਫੜਨ ਵਾਲੇ ਮੁਲਾਜ਼ਮ ਨੂੰ ਵੇਖਿਆ ਤਾਂ ਪੁੱਛਿਆ, "ਸਵੇਰ ਵਾਲੀ ਪਾਕਿਸਤਾਨੀ ਕਰੰਸੀ ਦਾ ਕੀ ਬਣਿਆ?"

ਉਹਨੇ ਬੜੇ ਭਰੋਸੇ ਨਾਲ ਕਿਹਾ, "ਉਹ ਤਾਂ ਮੈਂ ਉਦੋਂ ਹੀ 'ਫਲੱਸ਼' ਕਰ ਦਿੱਤੇ ਸਨ।"

ਮੇਰਾ ਹਾਸਾ ਨਿਕਲ ਗਿਆ।

ਕਿਆ ਇਤਫ਼ਾਕ ਸੀ ਜਿਹੜੇ ਬਿੰਦੂ ਤੋਂ 'ਦੁਨੀਆ' ਵਿਚੋਂ ਨਿਕਲ ਕੇ ਗੁਰੂ ਸਾਹਿਬ ਦੀ 'ਦੁਨੀਆ' ਵਿਚ ਪ੍ਰਵੇਸ਼ ਕਰਨ ਗਏ ਸਾਂ, ਹੁਣ ਵਾਪਸ ਓਸੇ ਬਿੰਦੂ 'ਤੇ 'ਦੁਨੀਆ' ਵਿਚ ਆਣ ਪਹੁੰਚੇ ਸਾਂ!

***(ਸਮਾਪਤ)***

## ਜੂਨ ਚੌਰਾਸੀ ਦਾ ਕਾਲਾ ਹਫ਼ਤਾ

ਤ੍ਰਾਹ ਤ੍ਰਾਹ ਪੰਜਾਬ ਕਰੇ, ਹਰਿਮੰਦਰ ਨੇ ਦੱਬੇ ਆਣ।
ਅਚਾਨਕ ਕਰਫਿਊ ਲਾ, ਲੋਕਾਂ ਦਾ ਕਰ'ਤਾ ਘਾਣ।
ਪੁਰਬ ਪੰਚਮ ਪਾਤਸ਼ਾਹ, ਸ਼ਹੀਦੀ ਦਿਨ ਮਨਾਉਣ।
ਸੰਗਤ ਦੱਬੀ ਅਣਭੋਲ, ਦੇਹ ਤਾਨਾਸ਼ਾਹ ਫੁਰਮਾਣ।

ਜਿਨ੍ਹਾਂ ਨੇ ਫੌਜਾਂ ਚਾੜ੍ਹੀਆਂ, ਉਹ ਵੀ ਸਕੇ ਨਾ ਜਾਣ।
ਮਗਰਮੱਛ ਦੇ ਹੰਝੂ ਰੋਂਦੇ, ਲਾਏ ਲੋਥਾਂ ਢੇਰ ਮਸਾਣ।
ਨਾ ਕੀਤੀ ਦਇਆ ਕੋਈ, ਚਾਹੇ ਬੱਚੇ ਬੁੱਢੇ ਜਵਾਨ।
ਕਹਿਰ ਦੀ ਗਰਮੀ ਉੱਤੋਂ, ਬਾਰੂਦ ਨੇ ਪਾਏ ਘਮਸਾਣ।

ਬੰਨ੍ਹਿਆ ਸਾਰਾ ਪੰਜਾਬ, ਨਾ ਟੈਲੀਫ਼ੋਨ ਨਾ ਅਖਬਾਰ।
ਨਾ ਸਾਈਕਲ ਸਕੂਟਰ, ਮੋਟਰ ਬਾਈਕ ਨਾ ਕਾਰ।

ਬੱਸਾਂ ਗੱਡੀਆਂ ਬੰਦ ਸਨ, ਨਾ ਲੋਕੀਂ ਦਿਸਦੇ ਬਾਹਰ।
ਦੁਕਾਨਾਂ ਫੜ੍ਹੀਆਂ ਬੰਦ ਸਭ, ਕੁੱਲ ਬੰਦ ਹੋਏ ਬਾਜ਼ਾਰ।

ਸੜਕਾਂ ਹੋਈਆਂ ਸੁੰਨੀਆਂ, ਨਾ ਦਿਸੇ ਕੋਈ ਵਿਚਕਾਰ।
ਦਨਦਨਾਂਦੀ ਪੁਲਿਸ ਸੀ, ਜਾਂ ਫੌਜੀਆਂ ਦੀ ਮੋਟਰਕਾਰ।
ਬਕਤਰਬੰਦ ਸਨ ਗੱਡੀਆਂ, ਤੇ ਹਥਿਆਰਬੰਦ ਸਵਾਰ।
ਲੋਕੀਂ ਇੰਝ ਸਨ ਨੂੜਿਉ, ਜਿਉਂ ਖੁਰੀਆਂ ਲਾਏ ਲੁਹਾਰ।

ਪਹਿਲਾ ਹਫ਼ਤਾ ਜੂਨ ਦਾ, ਬਣਿਆ ਪੰਥ ਲਈ ਦੁਰਕਾਰ।
ਹੱਲਾ ਹੋ ਗਿਆ ਤਖ਼ਤ 'ਤੇ, ਉੱਤੋਂ ਹੁਕਮ ਦਿੱਤੇ ਸਰਕਾਰ।

ਖਾੜਕੂ ਤਾਂ ਗਿਣਤੀ ਦੇ ਸਨ, ਫਸੇ ਮੁਸਾਫਿਰ ਵਿਚਕਾਰ।
ਟੈਂਕ ਤੋਪਾਂ ਤੜ ਤੜ ਚੱਲੀਆਂ, ਲੱਗਦੇ ਲੋਥਾਂ ਦੇ ਅੰਬਾਰ।

ਢੇਰੀ ਹੋਇਆ ਅਕਾਲ ਤਖ਼ਤ, ਸਰੋਵਰ ਹੋ ਗਿਆ ਲਾਲ।
ਛੱਲਣੀ ਕੀਤਾ ਸ੍ਰੀ ਹਰਿਮੰਦਰ, ਅੰਦਰ ਫੱਟੜ ਸੀ ਬੇਹਾਲ।
ਅੰਕੜੇ ਸਰਕਾਰੀ ਚੁੱਪ ਹਨ, ਕਿੰਨੇ ਮਰੇ ਕਿੰਨੇ ਫੜੇ ਨਾਲ।
ਤੋਸ਼ਾਖਾਨਾ ਅਜਾਇਬ ਘਰ, ਸਭ ਲੁੱਟਿਆ ਗਿਆ ਮਾਲ।

ਸੰਗਤ ਸਣੇ ਖਾੜਕੂ ਨੂੜ ਲਏ, ਸੁੱਟ ਦਿੱਤੇ ਜੋਧਪੁਰ ਜੇਲ੍ਹ।
ਸੁਣੀ ਨਾ ਕੋਈ ਦਲੀਲ ਅਪੀਲ, ਅੰਨ੍ਹੇ ਕਨੂੰਨ ਦਾ ਖੇਲ੍ਹ।
ਸੜ ਰਹੇ ਹਨ ਪੈਂਤੀ ਸਾਲ ਤੋਂ, ਨਾ ਹੋਏ ਪ੍ਰਵਾਰ ਦਾ ਮੇਲ।
ਧੋਖੇਬਾਜ਼ ਨੇਤਾ ਨੇ ਪਾਸ ਹੋਏ, ਮਨੁੱਖਤਾ ਹੋ ਗਈ ਫੇਲ੍ਹ।

***– ਸੇਵਾ ਸਿੰਘ "ਨੂਰਪੁਰੀ"***

# ਪਾਰਲੀਮੈਂਟ ਚੋਣਾਂ ਅਤੇ ਪੰਜਾਬ ਦੇ ਮੁੱਦੇ



ਸੁੱਚਾ ਸਿੰਘ ਗਿੱਲ

ਦੇਸ਼ ਵਿਚ ਪਾਰਲੀਮੈਂਟ ਦੀਆਂ ਚੋਣਾਂ ਐਸੇ ਸਮੇਂ ਹੋ ਰਹੀਆਂ ਹਨ ਜਦੋਂ ਦੇਸ਼ ਦੇ ਧਰਮ ਨਿਰਪੱਖ ਅਤੇ ਜਮਹੂਰੀ ਗਣਤੰਤਰ ਵਾਲੇ ਸੰਵਿਧਾਨ ਨੂੰ ਬਦਲ ਕੇ ਤਾਨਾਸ਼ਾਹ ਹਿੰਦੂ ਰਾਸ਼ਟਰ ਬਣਾਉਣ ਦਾ ਖ਼ਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ। ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਦੇ ਅਧਿਕਾਰਾਂ ਅਤੇ ਹਿੱਤਾਂ ਨੂੰ ਸ਼ਰੇਆਮ ਦਬਾਇਆ ਜਾ ਰਿਹਾ ਹੈ। ਹਾਕਮ ਪਾਰਟੀ ਦੇ ਲੀਡਰ ਕਾਰਪੋਰੇਟ ਘਰਾਣਿਆਂ ਦਾ ਖੁੱਲ੍ਹੇਆਮ ਪੱਖ ਪੂਰ ਰਹੇ ਅਤੇ ਨਫ਼ਰਤੀ ਭਾਸ਼ਣ ਦੇ ਰਹੇ ਹਨ। ਮੁੱਖ ਅਖ਼ਬਾਰ ਅਤੇ ਟੀਵੀ ਚੈਨਲ ਇਸ ਬਾਰੇ ਚੁੱਪ ਵੱਟੀ ਬੈਠੇ ਹਨ। ਚੋਣ ਕਮਿਸ਼ਨ ਦਾ ਰਵੱਈਆ ਪੱਖਪਾਤ ਵਾਲਾ ਨਜ਼ਰ ਆਉਂਦਾ ਹੈ। ਸੁਰੱਖਿਆ ਏਜੰਸੀਆਂ ਦੀ ਦੁਰਵਰਤੋਂ ਹੋ ਰਹੀ ਹੈ ਅਤੇ ਅਦਾਲਤਾਂ ਦਾ ਨਜ਼ਰੀਆ ਉਦਾਸੀਨ ਬਣਦਾ ਜਾ ਰਿਹਾ ਹੈ। ਇਹ ਵਰਤਾਰਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸੂਝਵਾਨ ਅਤੇ ਸੰਵੇਦਨਸ਼ੀਲ ਵਿਅਕਤੀਆਂ ਦਾ ਫਰਜ਼ ਬਣਦਾ ਹੈ ਕਿ ਇਨ੍ਹਾਂ ਮਸਲਿਆਂ ਬਾਰੇ ਚਿੰਤਨ ਕਰਨ ਅਤੇ ਲੋਕਾਂ ਵਿਚ ਚੇਤਨਾ ਪੈਦਾ ਕਰਨ।

ਪੰਜਾਬ ਦੇ ਲੋਕਾਂ ਨੇ ਦੇਸ਼ ਦੀ ਆਜ਼ਾਦੀ ਵਿਚ ਬਹੁਤ ਮਹੱਤਵਪੂਰਨ ਰੋਲ ਨਿਭਾਇਆ ਅਤੇ ਦੇਸ਼ ਦੀ ਵੰਡ ਦੌਰਾਨ ਭਿਆਨਕ ਮਾਰ ਖਾਧੀ ਸੀ। ਇਸ ਤੋਂ ਬਾਅਦ ਸੂਬਾ ਵੰਡ ਦੀ ਮਾਰ ਤੋਂ ਸੰਭਲਿਆ ਅਤੇ ਹਰੀ ਕ੍ਰਾਂਤੀ ਕਰਕੇ ਇਸ ਨੇ ਦੇਸ਼ ਨੂੰ ਅਨਾਜ ਵਿਚ ਆਤਮ-ਨਿਰਭਰ ਬਣਾਇਆ ਸੀ। ਜਦੋਂ ਦੇਸ਼ ਵਿਚ 1975-77 ਦੌਰਾਨ ਐਮਰਜੈਂਸੀ ਲੱਗੀ ਤਾਂ ਇਸ ਦੇ ਖ਼ਿਲਾਫ਼ ਅਕਾਲੀ ਦਲ ਵਲੋਂ ਮੋਰਚਾ ਲਾਇਆ ਗਿਆ ਸੀ। ਕਿਸਾਨੀ ਸੰਕਟ ਦੇ ਹੱਲ ਵਾਸਤੇ 2020-21 ਵਿਚ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਕਿਸਾਨ ਅੰਦੋਲਨ ਦੀ ਅਗਵਾਈ ਕੀਤੀ ਅਤੇ ਦੇਸ਼ ਦੇ ਦੂਜੇ ਸੂਬਿਆਂ ਦੇ ਕਿਸਾਨਾਂ ਨਾਲ ਮਿਲ ਕੇ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਏ। ਅਜੋਕੇ ਸਮੇਂ ਵੀ ਪੰਜਾਬੀਆਂ ਦਾ ਫਰਜ਼ ਬਣਦਾ ਹੈ ਕਿ ਦੇਸ਼ ਨੂੰ ਮੁਸ਼ਕਲ ਸਮੇਂ ਆਪਣੀ ਸੂਝ ਅਨੁਸਾਰ ਬਣਦਾ ਰੋਲ ਨਿਭਾਉਣ। ਚੋਣਾਂ ਦੌਰਾਨ ਸੂਬੇ ਦੇ ਮਸਲਿਆਂ ਦੀ ਨਿਸ਼ਾਨਦੇਹੀ ਕਰਨਾ ਅਤੇ ਦੇਸ਼ ਦੇ ਭਵਿੱਖ ਦੀ ਉਸਾਰੀ ਵਿਚ ਉਸਾਰੂ ਰੋਲ ਅਦਾ ਕਰਨਾ ਮਹੱਤਵਪੂਰਨ ਕਾਰਵਾਈ ਹੋ ਸਕਦੀ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਚੋਣਾਂ ਵਿਚ ਖੜ੍ਹੇ ਉਮੀਦਵਾਰਾਂ ਨੂੰ ਕਿਸਾਨੀ ਮਸਲਿਆਂ ਬਾਰੇ ਪਿੰਡਾਂ ਵਿਚ ਸਵਾਲ ਕਰ ਰਹੀਆਂ ਹਨ। ਕੁਝ ਮੁਲਾਜ਼ਮ ਜਥੇਬੰਦੀਆਂ ਵੱਲੋਂ ਵੀ ਆਪਣੇ ਸੈਕਸ਼ਨ ਨਾਲ ਸਬੰਧਤ ਮੁੱਦਿਆਂ ਨੂੰ ਉਭਾਰਿਆ ਜਾ ਰਿਹਾ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਵੀ ਜਮਹੂਰੀ ਹੱਕਾਂ ਦਾ ਸੁਆਲਨਾਮਾ ਤਿਆਰ ਕਰਕੇ ਵੰਡਿਆ ਜਾ ਰਿਹਾ ਹੈ। ਇਨ੍ਹਾਂ ਕੋਸ਼ਿਸ਼ਾਂ ਨੂੰ ਹੋਰ ਬਲ ਦੇਣ ਲਈ ਇਥੇ ਪੰਜਾਬ ਦੇ ਸਮੂਹਕ ਮਸਲਿਆਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਇਸ ਕਰਕੇ ਵੀ ਜ਼ਰੂਰੀ ਹੈ ਕਿ ਚੋਣਾਂ ਵਿਚ ਖੜ੍ਹੇ ਉਮੀਦਵਾਰਾਂ ਨੂੰ ਇਨ੍ਹਾਂ ਮਸਲਿਆਂ ਦੀ ਜਾਣਕਾਰੀ ਹੋਵੇ ਅਤੇ ਉਹ ਇਨ੍ਹਾਂ ਮਸਲਿਆਂ ਬਾਰੇ ਆਪਣੀ ਰਾਇ ਬਣਾਉਣ ਜਾਂ ਜ਼ਾਹਰ ਕਰਨ, ਆਪਣੀ ਪ੍ਰਤੀਬੱਧਤਾ ਸਪੱਸ਼ਟ ਕਰਨ ਅਤੇ ਚੋਣਾਂ ਜਿੱਤਣ ਤੋਂ ਬਾਅਦ ਪਾਰਲੀਮੈਂਟ ਵਿਚ ਇਨ੍ਹਾਂ ਨੂੰ ਹੱਲ ਕਰਾਉਣ ਵਿਚ ਆਪਣਾ ਯੋਗਦਾਨ ਪਾਉਣ। ਇਸ ਲੇਖ ਵਿਚ ਬਹਿਸ ਨੂੰ ਅੱਗੇ ਤੋਰਨ ਵਾਸਤੇ ਕੁਝ ਮੁੱਦਿਆਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਕੁਝ ਮੁੱਦੇ ਪੰਜਾਬ ਦੇ ਪੁਨਰਗਠਨ ਨਾਲ ਪੈਦਾ ਹੋਏ ਹਨ, ਕੁਝ ਪੰਜਾਬ ਦੇ ਆਰਥਿਕ ਸਮਾਜਿਕ ਸੰਕਟ ਨੇ ਪੈਦਾ ਕੀਤੇ ਹਨ ਅਤੇ ਕੁਝ ਨੂੰ ਕੇਂਦਰ ਸਰਕਾਰ ਵਲੋਂ ਲਏ ਫੈਸਲਿਆਂ ਨੇ ਪੈਦਾ ਕੀਤਾ ਹੈ।

**ਪੁਨਰਗਠਨ ਨਾਲ ਸਬੰਧਤ ਮਸਲੇ**

1. ਪੰਜਾਬ ਦਾ ਪੁਨਰਗਠਨ ਨਵੰਬਰ 1966 ਵਿਚ ਕੀਤਾ ਗਿਆ ਸੀ। ਪਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਕੇਂਦਰ ਸ਼ਾਸਤ ਬਣਾ ਦਿੱਤਾ ਗਿਆ ਸੀ। ਇਸ ਨੂੰ ਪੰਜਾਬ ਵਿਚ ਸ਼ਾਮਲ ਕਰਨ ਦਾ ਮਸਲਾ ਪਿਛਲੇ 58 ਸਾਲਾਂ ਤੋਂ ਲਟਕ ਰਿਹਾ ਹੈ।

2. ਪੰਜਾਬ ਦਾ ਪੁਨਰਗਠਨ ਕਰਦੇ ਸਮੇਂ ਕੁਝ ਪੰਜਾਬੀ ਬੋਲਣ ਵਾਲੇ ਪਹਾੜੀ ਇਲਾਕੇ ਹਿਮਾਚਲ ਪ੍ਰਦੇਸ਼ ਵਿਚ ਮਿਲਾ ਦਿੱਤੇ ਗਏ ਅਤੇ ਕੁਝ ਮੈਦਾਨੀ ਇਲਾਕੇ ਹਰਿਆਣੇ ਵਿਚ ਸ਼ਾਮਲ ਕਰ ਦਿੱਤੇ ਗਏ ਸਨ। ਇਨ੍ਹਾਂ ਨੂੰ ਪੰਜਾਬ ਵਿਚ ਸ਼ਾਮਲ ਕਰਨਾ ਸਮੇਂ ਦੀ ਲੋੜ ਹੈ।

3. ਸੂਬੇ ਦਾ ਪੁਨਰਗਠਨ ਕਰਦੇ ਸਮੇਂ ਹਰਿਆਣਾ ਨਾਲ ਪੰਜਾਬ ਦੇ ਪਾਣੀਆਂ ਦੀ ਵੰਡ ਦਾ ਮਸਲਾ ਪੈਦਾ ਹੋ ਗਿਆ। ਪਾਣੀਆਂ ਦੇ ਹੈਡ ਵਰਕਸ ਵਾਸਤੇ ਕੇਂਦਰ ਦੇ ਕੰਟਰੋਲ ਹੇਠ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਬਣਾ ਦਿੱਤਾ ਗਿਆ ਸੀ। ਦਰਿਆਵਾਂ ਦੇ ਪਾਣੀ ਦੀ ਸਿਧਾਂਤ ਅਨੁਸਾਰ ਵੰਡ ਕਰਨਾ ਅਤੇ ਇਨ੍ਹਾਂ ਦੇ ਹੈਡ ਵਰਕਸ ਦਾ ਕੰਟਰੋਲ ਪੰਜਾਬ ਨੂੰ ਦਿਵਾਉਣਾ ਇਨਸਾਫ਼ ਦਾ ਮਸਲਾ ਹੈ।

**ਆਰਥਿਕ, ਸਮਾਜਿਕ ਸਿਆਸੀ ਸੰਕਟ ਦੇ ਮਸਲੇ**

ਪੰਜਾਬ 1980ਵਿਆਂ ਅਤੇ 1990ਵਿਆਂ ਵਿਚ ਗਹਿਰੇ ਸਿਆਸੀ ਸੰਕਟ ਵਿਚੋਂ ਗੁਜ਼ਰਿਆ ਜਿਸ ਦੇ ਮੱਦੇਨਜ਼ਰ ਆਰਥਿਕ, ਸਮਾਜਿਕ ਅਤੇ ਸਿਆਸੀ ਮਸਲਿਆਂ ਨੇ ਜਨਮ ਲਿਆ ਜਿਹੜੇ ਹੁਣ ਲਟਕ ਰਹੇ ਹਨ ਅਤੇ ਹੱਲ ਦੀ ਉਡੀਕ ਕਰ ਰਹੇ ਹਨ।

1. ਪੰਜਾਬ ਸਰਕਾਰ ਪੈਰਾਂ ਤੋਂ ਸਿਰ ਤੱਕ ਕਰਜ਼ੇ ਵਿਚ ਫਸੀ ਹੋਈ ਹੈ। ਇਹ ਕਰਜ਼ਾ 3.42 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਕਰਜ਼ੇ ਦੇ ਵਿਆਜ ਅਤੇ ਮੂਲ ਦੀਆਂ ਕਿਸ਼ਤਾਂ ਪੰਜਾਬ ਦੇ ਆਪਣੇ ਰੈਵਨਿਊ ਦਾ 1/3 ਹਿੱਸਾ ਖਾ ਜਾਂਦੀਆਂ ਹਨ। ਆਮ ਖਰਚੇ ਕਰਨ ਅਤੇ ਕਰਜ਼ਾ ਮੋੜਨ ਵਾਸਤੇ ਹੋਰ ਕਰਜ਼ਾ ਹਰ ਸਾਲ ਸਰਕਾਰ ਨੂੰ ਲੈਣਾ ਪੈ ਰਿਹਾ ਹੈ। ਇਹ ਕਰਜ਼ਾ ਹਰ ਸਾਲ ਵਧਦਾ ਜਾ ਰਿਹਾ ਹੈ। ਇਸ ਕਰਕੇ ਸਰਕਾਰ ਕੋਲ ਪੂੰਜੀ ਨਿਵੇਸ਼ ਕਰਨ ਨੂੰ ਵਿੱਤੀ ਸਾਧਨਾਂ ਦੀ ਘਾਟ ਹੈ। ਕਰਜ਼ੇ ਨੂੰ ਰਿਟਾਇਰ ਕਰਨ ਦਾ ਪ੍ਰੋਗਰਾਮ ਬਣਾਉਣ ਦੀ ਲੋੜ ਹੈ।

2. ਸੂਬਾ ਦੇਸ਼ ਵਿਚ 1991-92 ਤੱਕ ਸਾਰੇ ਵੱਡੇ ਸੂਬਿਆਂ ਤੋਂ ਪ੍ਰਤੀ ਵਿਅਕਤੀ ਆਮਦਨ ਵਿਚ ਪਹਿਲੇ ਸਥਾਨ 'ਤੇ ਸੀ। ਇਸ ਤੋਂ ਬਾਅਦ ਇਹ ਪਛੜਨਾ ਸ਼ੁਰੂ ਹੋ ਗਿਆ ਅਤੇ ਹੁਣ ਦਸਵੇਂ ਸਥਾਨ ਤੇ ਪਹੁੰਚ ਗਿਆ ਹੈ। ਇਸ ਦਾ ਮੁੱਖ ਕਾਰਨ ਸੂਬੇ ਵਿਚ ਪੂੰਜੀ ਨਿਵੇਸ਼ ਦੀ ਸਖ਼ਤ ਘਾਟ ਹੈ। ਇਸ ਘਾਟ ਨੂੰ ਦੂਰ ਕਰਨ ਬਗੈਰ ਸੂਬੇ ਦੇ ਹੋਰ ਪਛੜਨ ਦੇ ਆਸਾਰ ਨਜ਼ਰ ਆਉਂਦੇ ਹਨ।

3. ਖੇਤੀ ਸੈਕਟਰ ਗਹਿਰੇ ਸੰਕਟ ਦਾ ਸ਼ਿਕਾਰ ਹੋ ਗਿਆ ਹੈ। ਖੇਤ ਮਜ਼ਦੂਰਾਂ ਅਤੇ ਕਿਸਾਨਾਂ ਵੱਲੋਂ ਕਰਜ਼ੇ ਕਾਰਨ ਆਤਮ-ਹੱਤਿਆਵਾਂ ਕੀਤੀਆਂ ਜਾ ਰਹੀਆਂ ਹਨ। ਹਰ ਰੋਜ਼ ਅਖ਼ਬਾਰਾਂ ਵਿਚ ਅਜਿਹੇ ਕੇਸ ਰਿਪੋਰਟ ਹੋ ਰਹੇ ਹਨ। ਸਰਕਾਰਾਂ ਵਲੋਂ ਇਸ ਦੇ ਹੱਲ ਸਬੰਧੀ ਚੁੱਪ ਧਾਰੀ ਹੋਈ ਹੈ। ਸਰਕਾਰ ਮਾਹਿਰਾਂ ਦੀ ਸਲਾਹ ਵਲ ਕੋਈ ਤਵੱਜੋਂ ਨਹੀਂ ਦੇ ਰਹੀ। ਤਿੰਨ ਵਾਰ ਖੇਤੀ ਨੀਤੀ ਤਿਆਰ ਕਰਨ ਤੋਂ ਬਾਅਦ ਕਿਸੇ ਵੀ ਪੰਜਾਬ ਸਰਕਾਰ ਨੇ ਵੀ ਇਸ ਤੇ ਵਿਚਾਰ ਚਰਚਾ ਕਰਨ ਬਾਰੇ ਵੀ ਉਚਿਤ ਨਹੀਂ ਸੱਮਝਿਆ।

4. ਸੂਬੇ ਵਿਚੋਂ ਉਦਯੋਗਿਕ ਕੇਂਦਰ ਉਜੜ ਰਹੇ ਹਨ। ਅੰਮ੍ਰਿਤਸਰ ਅਤੇ ਬਟਾਲਾ 1980ਵਿਆਂ ਅਤੇ 1990ਵਿਆਂ ਵਿਚ ਉਦਯੋਗਿਕ ਕੇਂਦਰ ਦੇ ਤੌਰ ਤੇ ਖਤਮ ਹੋ ਗਏ ਸਨ। ਮੰਡੀ ਗੋਬਿੰਦਗੜ੍ਹ ਅਤੇ ਗੋਰਾਇਆ ਵਿਚੋਂ ਉਦਯੋਗ ਪਿਛਲੇ ਦੋ ਦਹਾਕਿਆਂ ਵਿਚ ਬੰਦ ਹੋ ਗਏ ਹਨ। ਬਾਕੀ ਥਾਵਾਂ ਤੋਂ ਉਦਯੋਗਿਕ ਇਕਾਈਆਂ ਦੂਜੇ ਸੂਬਿਆਂ ਨੂੰ ਜਾ ਰਹੀਆਂ ਹਨ। ਖੇਤੀ ਅਤੇ ਉਦਯੋਗਿਕ ਖੇਤਰ ਵਿਚ ਵਿਕਾਸ ਦਾ ਕੋਈ ਤਾਲਮੇਲ ਨਹੀਂ ਹੈ। ਇੰਟਰਨੈਟ ਕੰਪਿਊਟਰ ਟੈਕਨਾਲੋਜੀ ਦੇ ਪੈਰ ਸੂਬੇ ਵਿਚ ਜਮ ਨਹੀਂ ਸਕੇ ਅਤੇ ਇਸ ਦੇ ਫਾਇਦੇ ਤੋਂ ਪੰਜਾਬ ਵਿਰਵਾ ਰਹਿ ਗਿਆ ਹੈ। ਉਦਯੋਗੀਕਰਨ ਵੱਲ ਧਿਆਨ ਦੇਣ ਤੋਂ ਬਗੈਰ ਅਜੋਕੇ ਪੰਜਾਬ ਦੇ ਵਿਕਾਸ ਬਾਰੇ ਸੋਚਣਾ ਮੁਸ਼ਕਲ ਲਗਦਾ ਹੈ।

5. ਸੇਵਾਵਾਂ ਦੇ ਖੇਤਰ ਵਿਚ ਵੀ ਸੂਬੇ ਦੀ ਕਾਰਗੁਜ਼ਾਰੀ ਤਸੱਲੀਬਖ਼ਸ਼ ਨਹੀਂ ਰਹੀ। ਰੁਜ਼ਗਾਰ ਦੀ ਗੁਣਵਤਾ ਮਾੜੀ ਹੋ ਗਈ ਹੈ। ਠੇਕੇ ਤੇ ਭਰਤੀਆਂ ਅਤੇ ਕੱਚੀਆਂ ਨੌਕਰੀਆਂ ਨੇ ਰੁਜ਼ਗਾਰ ਦੀ ਗੁਣਵੱਤਾ ਨੂੰ ਹੇਠਾਂ ਡੇਗਿਆ ਹੈ। ਬੇਰੁਜ਼ਗਾਰੀ ਵੀ ਦੇਸ਼ ਦੇ ਦੂਜੇ ਹਿੱਸਿਆਂ ਦੇ ਮੁਕਾਬਲੇ ਜ਼ਿਆਦਾ ਵੱਧ ਗਈ ਹੈ। ਭਾਰਤ ਸਰਕਾਰ ਦੇ ਪੀਰੀਆਡਿਕ ਲੇਬਰ ਫੋਰਸ ਰਿਪੋਰਟ 2022 ਅਨੁਸਾਰ ਪੰਜਾਬ ਵਿਚ ਬੇਰੁਜ਼ਗਾਰੀ ਦੀ ਦਰ 7.2% ਹੈ ਜੋ ਕਿ ਕੁਲ ਭਾਰਤ ਦੀ ਬੇਰੁਜ਼ਗਾਰੀ ਦੀ ਦਰ 6.4% ਤੋਂ ਕਾਫ਼ੀ ਜ਼ਿਆਦਾ ਹੈ। ਇਵੇਂ ਹੀ ਨੌਜਵਾਨਾਂ ਦੀ ਪੰਜਾਬ ਵਿਚ ਬੇਰੁਜ਼ਗਾਰੀ ਦੀ ਦਰ 26.33% ਹੈ ਜਿਹੜੀ ਸਰਵ ਭਾਰਤ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 21.84% ਤੋਂ ਜ਼ਿਆਦਾ ਹੈ। ਇਸ ਨੇ ਪੰਜਾਬ ਵਿਚ ਹੇਠ ਲਿਖੀਆਂ ਸਮਸਿਆਵਾਂ ਪੈਦਾ ਕੀਤੀਆਂ ਹਨ:

(ੳ) ਰੁਜ਼ਗਾਰ ਦੀ ਤਲਾਸ਼ ਵਿਚ ਲੱਖਾਂ ਨੌਜਵਾਨ ਵਿਦੇਸ਼ਾਂ ਵੱਲ ਪਰਵਾਸ ਕਰ ਰਹੇ ਹਨ। ਜਿਸ ਨਾਲ ਪੰਜਾਬ ਦੇ ਬੌਧਿਕ ਸਰਮਾਏ ਦੇ ਨਾਲ ਕਈ ਹਜ਼ਾਰ ਕਰੋੜ ਦਾ ਸਰਮਾਇਆ ਫੀਸਾਂ, ਕਿਰਾਏ ਅਤੇ ਰਹਿਣ ਸਹਿਣ ਦੇ ਖਰਚੇ ਵਾਸਤੇ ਵਿਦੇਸ਼ਾਂ ਅਤੇ ਦੂਜੇ ਸੂਬਿਆਂ ਵਲ ਜਾ ਰਿਹਾ ਹੈ।



(ਅ) ਰੁਜ਼ਗਾਰ ਦੀ ਘਾਟ ਕਾਰਨ ਨੌਜਵਾਨਾਂ ਦਾ ਇੱਕ ਸੈਕਸ਼ਨ ਨਸ਼ਿਆਂ ਅਤੇ ਅਪਰਾਧ ਵਲ ਧੱਕਿਆ ਜਾ ਰਿਹਾ ਹੈ।

(ੲ) ਇਨ੍ਹਾਂ ਮਸਲਿਆਂ ਕਾਰਨ ਪੰਜਾਬ ਵਿਚ ਗੈਂਗਸਟਰਾਂ ਨੇ ਪੰਜਾਬ ਦੇ ਅਮਨ ਕਾਨੂੰਨ ਨੂੰ ਪ੍ਰਭਾਵਿਤ ਕੀਤਾ ਹੈ। ਬੇਵਿਸ਼ਵਾਸੀ ਪੈਦਾ ਹੋਣ ਨਾਲ ਪੰਜਾਬ ਵਿਚ ਪੂੰਜੀ ਨਿਰਮਾਣ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

6. ਪੰਜਾਬ ਨੂੰ ਇੱਕ ਯੋਜਨਾ ਤਹਿਤ ਦੇਸ਼ ਦੀ ਖਾਧ ਸੁਰੱਖਿਆ ਨੂੰ ਕਾਇਮ ਰਖਣ ਵਾਸਤੇ ਕਣਕ ਝੋਨੇ ਦੀ ਚੱਕਰ ਵਿਚ ਕੇਂਦਰ ਸਰਕਾਰ ਵਲੋਂ ਫਸਾਇਆ ਗਿਆ ਹੈ। ਇਸ ਵਿਚੋਂ ਪੰਜਾਬ ਆਪਣੇ ਆਪ ਬਾਹਰ ਨਹੀਂ ਨਿਕਲ ਸਕਦਾ। ਇਸੇ ਕਰਕੇ ਕਿਸਾਨਾਂ ਦੀਆਂ 23 ਫਸਲਾਂ ਦੇ ਸਮਰਥਨ ਮੁੱਲ ਨੂੰ ਕਾਨੂੰਨੀ ਸਥਾਨ ਦੇਣ ਦੇ ਨਾਲ ਨਾਲ ਪੰਜਾਬ ਨੂੰ 10 ਸਾਲ ਵਾਸਤੇ ਸਪੈਸ਼ਲ ਆਰਥਿਕ ਪੈਕੇਜ ਦਿੱਤਾ ਜਾਵੇ।

7. ਖੇਤੀ ਦੇ ਇਸ ਵਿਕਾਸ ਮਾਡਲ ਨੇ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਨੂੰ ਖਤਮ ਕਰਨ ਦੇ ਕੰਢੇ ਪੁਚਾ ਦਿੱਤਾ ਹੈ। ਧਰਤੀ ਹੇਠਲਾ ਪਾਣੀ ਅਤੇ ਦਰਿਆਵਾਂ ਦਾ ਪਾਣੀ ਪਲੀਤ ਹੋ ਗਿਆ ਹੈ। ਧਰਤੀ ਜ਼ਹਿਰੀਲੇ ਰਸਾਇਣਾਂ ਨਾਲ ਖਰਾਬ ਹੋ ਗਈ ਹੈ ਅਤੇ ਹਵਾ ਪ੍ਰਦੂਸ਼ਿਤ ਹੋ ਗਈ ਹੈ। ਇਹ ਮੁੱਦਾ ਪੰਜਾਬ ਦੇ ਲੋਕਾਂ ਦੀ ਸਿਹਤ, ਹੋਂਦ, ਅਤੇ ਭਵਿੱਖ ਨਾਲ ਜੁੜਿਆ ਹੋਇਆ ਹੈ। ਇਹ ਫੌਰੀ ਹੱਲ ਦੀ ਮੰਗ ਕਰਦਾ ਹੈ।

8. ਪੰਜਾਬ ਪਾਣੀ ਦੀ ਘਾਟ ਅਤੇ ਹੜ੍ਹ ਦੀ ਮਾਰ ਹੇਠ ਹਰ ਸਾਲ ਆ ਰਿਹਾ ਹੈ। ਵਾਤਾਵਰਨ ਦੀ ਤਬਦੀਲੀ ਇਸ ਨੂੰ ਜ਼ਿਆਦਾ ਗੰਭੀਰ ਬਣਾ ਰਹੀ ਹੈ। ਇਹ ਸਮਸਿਆ ਸਮਾਂ ਬੱਧ ਯੋਜਨਾ ਬਣਾਉਣ ਅਤੇ ਲਾਗੂ ਕਰਨ ਦੀ ਮੰਗ ਕਰਦੀ ਹੈ।

9. ਪੰਜਾਬ ਵਿਚ ਸਿਆਸੀ ਸੰਕਟ ਦੌਰਾਨ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ 1983 ਤੋਂ ਬਾਅਦ ਵਿਦਿਆਰਥੀ ਚੋਣਾਂ ਬੰਦ ਕਰ ਦਿਤੀਆਂ ਗਈਆਂ ਸਨ ਜਿਹੜੀਆਂ ਹੁਣ ਤੱਕ ਚਾਲੂ ਨਹੀਂ ਕੀਤੀਆਂ ਗਈਆਂ। ਇਨ੍ਹਾਂ ਚੋਣਾਂ ਨੂੰ ਮੁੜ ਚਾਲੂ ਕਰਾਉਣ ਬਾਰੇ ਕਾਰਵਾਈ ਕਰਨ ਦੀ ਲੋੜ ਹੈ।

10. ਪੰਜਾਬ ਵਿਚ ਵਿਧਾਨ ਸਭਾ, ਪਾਰਲੀਮੈਂਟ ਅਤੇ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਜਾਂਦੀਆਂ ਹਨ ਪਰ ਮਾਰਕੀਟ ਕਮੇਟੀਆਂ ਦੀਆਂ ਚੋਣਾਂ ਨਹੀਂ ਕਰਵਾਈਆਂ ਜਾ ਰਹੀਆਂ। ਹਾਕਮ ਪਾਰਟੀ ਇਨ੍ਹਾਂ ਕਮੇਟੀਆਂ ਦੇ ਮੈਂਬਰਾਂ ਅਤੇ ਚੈਅਰਮੈਨਾਂ ਨੂੰ ਨਾਮਜ਼ਦ ਕਰਕੇ ਆਪਣਾ ਕਬਜ਼ਾ ਕਰ ਲੈਂਦੀ ਹੈ। ਇਨ੍ਹਾਂ ਦੀਆਂ ਚੋਣਾਂ ਤੁਰੰਤ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।

11. ਭਾਰਤ ਦੇ ਸੰਵਿਧਾਨ ਦੀ 73ਵੀਂ ਅਤੇ 74ਵੀਂ ਸੋਧ ਅਨੁਸਾਰ ਪੰਚਾਇਤਾਂ ਅਤੇ ਸ਼ਹਿਰਾਂ ਦੀਆਂ ਮਿਊਂਸਪਲ ਕਮੇਟੀਆਂ ਅਤੇ ਨਿਗਮਾਂ ਦੀ ਨਿਗਰਾਨੀ ਹੇਠ 29 ਮਹਿਕਮੇ ਕਰਨ ਦੀ ਵਿਵਸਥਾ ਹੈ। ਪਰ ਪੰਜਾਬ ਵਿਚ ਸਾਰੇ ਸੂਬਿਆਂ ਤੋਂ ਘੱਟ 3-4 ਮਹਿਕਮੇ ਇਨ੍ਹਾਂ ਦੀ ਨਿਗਰਾਨੀ ਹੇਠ ਲਿਆਂਦੇ ਗਏ ਹਨ। ਇਸ ਨਾਲ ਪੰਚਾਇਤਾਂ ਅਤੇ ਸ਼ਹਿਰਾਂ ਦੀਆਂ ਕਮੇਟੀਆਂ/ਨਿਗਮਾਂ ਦੇ ਸ਼ਕਤੀਕਰਨ ਰੋਕਿਆ ਗਿਆ ਹੈ। ਜਮਹੂਰੀਅਤ ਦੇ ਪੱਖ ਤੋਂ ਇਨ੍ਹਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਪੰਚਾਇਤਾਂ ਦੇ ਜਨਰਲ ਇਜਲਾਸ ਨਹੀਂ ਕੀਤੇ ਜਾ ਰਹੇ। ਇਸ ਨਾਲ ਆਮ ਲੋਕਾਂ ਦੀ ਸ਼ਮੂਲੀਅਤ ਸੰਭਵ ਨਹੀਂ ਹੈ। ਸਟੇਟ ਫਾਈਨਾਂਸ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਇਨ੍ਹਾਂ ਬਾਡੀਜ਼ ਵਿਚ ਫੰਡ, ਕੰਮਕਾਜ ਅਤੇ ਕਰਮਚਾਰੀ (funds,functions and functionaries) ਟਰਾਂਸਫਰ ਕਰਨ ਦੀ ਲੋੜ ਹੈ। ਇਸ ਨਾਲ ਪੰਜਾਬ ਵਿਚ ਜ਼ਮੀਨੀ ਪੱਧਰ ਤੇ ਜਮਹੂਰੀਅਤ ਮਜ਼ਬੂਤ ਹੋ ਸਕਦੀ ਹੈ ਆਮ ਲੋਕਾਂ ਅਤੇ ਖਾਸ ਕਰਕੇ ਔਰਤਾਂ ਨੂੰ ਪ੍ਰਸ਼ਾਸਨ ਵਿਚ ਹਿੱਸੇਦਾਰੀ ਮਿਲ ਸਕਦੀ ਹੈ।

**ਕੇਂਦਰੀਕਰਨ ਨਾਲ ਪੈਦਾ ਹੋਏ ਮਸਲੇ**

ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਦੇਸ਼ ਵਿਚ ਸੱਤਾ ਦੇ ਕੇਂਦਰੀਕਰਨ ਕਰਨ ਦਾ ਰੁਝਾਨ ਵੱਧ ਗਿਆ ਹੈ। ਕੁਝ ਸੰਵਿਧਾਨ ਵਿਚ ਸੋਧਾਂ ਕਰਕੇ ਅਤੇ ਕੁਝ ਪਾਰਲੀਮੈਂਟ ਵਿਚ ਕਾਨੂੰਨ ਪਾਸ ਕਰਕੇ ਸੰਘੀ ਢਾਂਚੇ ਨੂੰ ਕਾਫ਼ੀ ਖੋਰਾ ਲਗਾ ਹੈ। ਸਰਕਾਰੀਆ ਕਮਿਸ਼ਨ ਅਤੇ ਇਸ ਤੋਂ ਬਾਅਦ ਹੋਰ ਕਈ ਕਮਿਸ਼ਨਾਂ ਵਲੋਂ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ। ਇਨ੍ਹਾਂ ਨੂੰ ਕੇਂਦਰ ਸਰਕਾਰ ਵਲੋਂ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਇਸ ਦੇ ਉਲਟ ਐਸੀ ਪ੍ਰਕਿਰਿਆ ਚਲਾਈ ਗਈ ਹੈ ਜਿਸ ਨਾਲ ਸੂਬਿਆਂ ਦੇ ਅਧਿਕਾਰਾਂ ਨੂੰ ਸੱਟ ਮਾਰੀ ਗਈ ਹੈ। ਇਸ ਦੀ ਤਾਜ਼ਾ ਮਿਸਾਲ ਜੰਮੂ ਕਸ਼ਮੀਰ ਦੇ ਸੂਬੇ ਨੂੰ ਤੋੜ ਕੇ ਦੋ ਕੇਂਦਰ ਸ਼ਾਸਤ ਇਲਾਕਿਆਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਕਰਕੇ ਕੇਂਦਰ ਸਰਕਾਰ 'ਤੇ ਦਬਾਅ ਪਾ ਕੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ। ਇਹ ਮਸਲੇ ਸਾਰਿਆਂ ਸੂਬਿਆਂ ਨੂੰ ਪ੍ਰਭਾਵਿਤ ਕਰਦੇ ਹਨ ਪਰ ਪੰਜਾਬ ਵਾਸਤੇ ਇਨ੍ਹਾਂ ਦੀ ਮਹੱਤਤਾ ਕੁਝ ਜ਼ਿਆਦਾ ਹੀ ਹੈ। ਇਸ ਸਬੰਧ ਵਿਚ ਹੇਠ ਲਿਖੇ ਮਸਲਿਆਂ ਨੂੰ ਵਿਚਾਰਨ ਦੀ ਲੋੜ ਹੈ:

1. ਸੂਬਿਆਂ ਨੂੰ ਅਧਿਕਾਰ ਦੇ ਕੇ ਮਜ਼ਬੂਤ ਕੀਤਾ ਜਾਵੇ ਅਤੇ ਘੱਟੋ ਘੱਟ ਸੰਵਿਧਾਨ ਦੀ 1950 ਵਾਲੀ ਸਥਿਤੀ ਬਹਾਲ ਕੀਤੀ ਜਾਵੇ। ਕਿਸੇ ਵੀ ਸੂਬੇ ਦੀ ਸੀਮਾਂ/ਏਰੀਆ ਨੂੰ ਲੋਕਾਂ ਦੀ ਚੁਣੀ ਹੋਈ ਅਸੈਂਬਲੀ ਦੀ ਮਨਜ਼ੂਰੀ ਤੋਂ ਬਗੈਰ ਬਦਲਿਆ ਨਾ ਜਾਵੇ।

2. ਗਵਰਨਰ ਦੇ ਅਹੁਦੇ ਦੀ ਦੁਰਵਰਤੋਂ ਅਤੇ ਬੇਲੋੜੇ ਦਖ਼ਲ ਨੂੰ ਬੰਦ ਕੀਤਾ ਜਾਵੇ।

3. ਕੇਂਦਰੀ ਏਜੰਸੀਆਂ ਦੇ ਅਧਿਕਾਰੀਆਂ ਦੀ ਦਖ਼ਲ ਅੰਦਾਜ਼ੀ ਦੇਸ਼ ਦੇ ਬਾਰਡਰ ਦੇ ਇਲਾਕਿਆਂ ਵਿਚ 50 ਕਿਲੋਮੀਟਰ ਦੀ ਬਜਾਏ 5 ਕਿਲੋਮੀਟਰ ਦੀ ਵਿਵਸਥਾ ਨੂੰ ਬਹਾਲ ਕੀਤਾ ਜਾਵੇ।

4. ਜੀ ਐਸ ਟੀ ਲਾਗੂ ਹੋਣ ਨਾਲ ਸੂਬਿਆਂ ਦੇ ਵਿੱਤੀ ਅਧਿਕਾਰਾਂ ਨੂੰ ਡੂੰਘੀ ਸੱਟ ਵੱਜੀ ਹੈ। ਇਸ ਨੂੰ ਮੁੜ ਵਿਚਾਰ ਕਰਨ ਬਾਅਦ ਸੂਬਿਆਂ ਦੇ ਅਧਿਕਾਰਾਂ ਨੂੰ ਬਹਾਲ ਕੀਤਾ ਜਾਵੇ। ਫੌਰੀ ਤੌਰ ਤੇ ਸੂਬਿਆਂ ਦੇ ਹਿੱਸੇ ਦੇ ਟੈਕਸਾਂ ਨੂੰ ਕੇਂਦਰ ਦੇ ਦਖ਼ਲ ਤੋਂ ਬਗੈਰ ਸਿਧਾ ਟਰਾਂਸਫਰ ਕੀਤਾ ਜਾਵੇ।

5. ਕੇਂਦਰ ਵੱਲੋਂ ਰਿਜ਼ਰਵ ਬੈਂਕ ਵਲੋਂ ਨੋਟ ਛਾਪਣ ਅਤੇ ਹੋਰ ਆਮਦਨ ਨੂੰ ਸੂਬਿਆਂ ਵਿਚ ਪ੍ਰਵਾਨਤ ਤਰੀਕੇ ਨਾਲ ਵੰਡਿਆ ਜਾਵੇ।

6. ਕੇਂਦਰ ਸਰਕਾਰ ਵਲੋਂ ਸਰਚਾਰਜ ਲਗਾ ਇਕਠੇ ਕੀਤੇ ਫੰਡਾਂ ਨੂੰ ਵੀ ਸੂਬਿਆਂ ਵਿਚ ਵੰਡਿਆ ਜਾਵੇ।

7. ਕੇਂਦਰੀ ਏਜੰਸੀਆਂ ਖਾਸ ਕਰਕੇ ਸੀ ਬੀ ਆਈ, ਆਮਦਨ ਕਰ ਦੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਸੂਬਾ ਸਰਕਾਰਾਂ ਦੀ ਪ੍ਰਵਾਨਗੀ ਬਗੈਰ ਸੂਬਿਆਂ ਦੇ ਵਸਨੀਕਾਂ ਨੂੰ ਹਿਰਾਸਤ ਵਿਚ ਲਏ ਜਾਣ ਤੇ ਰੋਕ ਲਗਾਈ ਜਾਵੇ।

8. ਬਦਨਾਮ ਯੂ ਏ ਪੀ ਐਕਟ, ਮਨੀ ਲਾਂਡਰਿੰਗ ਐਕਟ, ਕਿਰਤ ਕਾਨੂੰਨਾਂ ਦੀਆਂ ਸੋਧਾਂ ਅਤੇ ਇੰਡੀਅਨ ਪੀਨਲ ਕੋਡ ਵਿਚ ਤਬਦੀਲੀਆਂ ਨੂੰ ਵਾਪਸ ਲਿਆ ਜਾਵੇ ਤਾਂ ਕਿ ਨਾਗਰਿਕਾਂ ਦੇ ਜਮਹੂਰੀ ਹੱਕਾਂ ਨੂੰ ਬਚਾਇਆ ਜਾ ਸਕੇ।

9. ਗਵਾਂਢੀ ਦੇਸ਼ਾਂ ਨਾਲ ਸਬੰਧਾਂ ਨੂੰ ਨਿਰਧਾਰਤ ਕਰਦੇ ਸਮੇਂ ਸਰਹੱਦ ਨਾਲ ਲੱਗਦੇ ਸੂਬੇ/ਸੂਬਿਆਂ ਨੂੰ ਵਿਸ਼ਵਾਸ ਵਿਚ ਲਿਆ ਜਾਵੇ। ਪਾਕਿਸਤਾਨ ਨਾਲ ਸਬੰਧ ਖਰਾਬ ਹੋਣ ਨਾਲ ਪੰਜਾਬ ਵਰਗੇ ਸੂਬਿਆਂ ਦਾ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਨੁਕਸਾਨ ਕਾਫੀ ਹੋ ਜਾਂਦਾ ਹੈ। ਇਸ ਨੁਕਸਾਨ ਦੀ ਭਰਪਾਈ ਕੇਂਦਰ ਸਰਕਾਰ ਵਲੋਂ ਕੀਤੀ ਜਾਵੇ।

ਇਸ ਲਿਸਟ ਵਿਚ ਹੋਰ ਮੁੱਦੇ ਵੀ ਸ਼ਾਮਲ ਕੀਤੇ ਜਾ ਸਕਦੇ ਹਨ। ਇਹ ਮੁੱਦੇ ਸਥਾਨਕ, ਖੇਤਰੀ ਜਾਂ ਸਾਰੇ ਸੂਬੇ ਜਾਂ ਦੇਸ਼ ਨਾਲ ਵੀ ਸਬੰਧਤ ਹੋ ਸਕਦੇ ਹਨ। ਇਨ੍ਹਾਂ ਮੁੱਦਿਆਂ ਨੂੰ ਚੋਣਾਂ ਦੇ ਮੌਕੇ ਵਿਚਾਰਨ ਦੀ ਲੋੜ ਇਸ ਕਰਕੇ ਹੈ ਕਿ ਚੋਣਾਂ ਵਿਚ ਖੜ੍ਹੇ ਉਮੀਦਵਾਰਾਂ ਨੂੰ ਜਾਗਰੂਕ ਕੀਤਾ ਜਾਵੇ, ਇਨ੍ਹਾਂ ਦੇ ਹੱਲ ਵਾਸਤੇ ਉਨ੍ਹਾਂ ਦੇ ਵਿਚਾਰ ਜਾਣੇ ਜਾਣ ਅਤੇ ਉਨ੍ਹਾਂ ਤੋਂ ਇਨ੍ਹਾਂ ਮੁੱਦਿਆਂ ਦੇ ਪੱਖ ਵਿਚ ਕਾਰਵਾਈ ਕਰਨ ਦੀ ਪ੍ਰਤੀਬੱਧਤਾ ਲਈ ਜਾਵੇ। ਇਹ ਚਿੰਤਾ ਦਾ ਵਿਸ਼ਾ ਹੈ ਕਿ ਕਾਫੀ ਉਮੀਦਵਾਰਾਂ ਵਲੋਂ ਮੁੱਦਿਆਂ ਦੀ ਬਜਾਏ ਸਿਰਫ਼ ਵਿਰੋਧੀਆਂ ਬਾਰੇ ਗੱਲਬਾਤ ਕੀਤੀ ਜਾ ਰਹੀ ਹੈ। ਮੁੱਦਿਆਂ ਨੂੰ ਕੇਂਦਰ ਵਿਚ ਲਿਆਉਣ ਨਾਲ ਵਿਅਕਤੀਆਂ ਦੀ ਬਜਾਏ ਮੁੱਦਿਆਂ ਦੀ ਸਿਆਸਤ ਹੋਵੇਗੀ ਅਤੇ ਲੋਕਾਂ ਦੀ ਜਾਗਰੂਕਤਾ ਵਿਚ ਵਾਧਾ ਹੋਵੇਗਾ।

## ਗਜ਼ਲ

ਵੋਟਾਂ ਨੇ ਆਈਆਂ ਲੀਡਰ, ਡਮਰੂ ਵਜਾ ਰਹੇ ਨੇ
ਧੂਮਧਾਮ ਨਾਲ ਲੋਕਤੰਤਰ ਦਾ, ਜਨਾਜ਼ਾ ਸਜਾ ਰਹੇ ਨੇ।

ਦਲਬਦਲੂਆਂ ਦੇ ਟੋਲੇ, ਸ਼ਰੇਆਮ ਓਹ ਧੂਮ ਧੜੱਕੇ
ਜ਼ਮੀਰਾਂ ਦੇ ਗਲੇ ਘੁੱਟ ਕੇ, ਗੰਗਾ ਨਹਾ ਰਹੇ ਨੇ।

ਵਾਹ ਵਾਹ ਹੈ ਕੀ ਤਮਾਸ਼ਾ, ਆਪਣੇ ਹੀ ਮੂੰਹ ਤਮਾਚਾ
ਮਾਰ ਕੇ ਖੁਦ ਹੀ ਖੁਦ ਨੂੰ, ਹੱਸ ਹੱਸ ਕੇ ਵਿਖਾ ਰਹੇ ਨੇ

ਵਾਅਦਿਆਂ ਦੀਆਂ ਪੰਡਾਂ ਬੰਨ੍ਹ ਕੇ, ਸਿਰਾਂ 'ਤੇ ਚਕਾਈ ਜਾਂਦੇ
ਦੇਸ਼ ਦੀ ਉੱਨਤੀ ਦੀਆਂ ਵਾਰਾਂ, ਬੇਸ਼ਰਮੀ ਨਾ ਗਾ ਰਹੇ ਨੇ।


ਬੋਦਲਾਂ ਦੇ ਸੁੱਖਵਿੰਦਰਾ ਸੱਚ ਹੈ, ਜਨਤਾ ਵੀ ਅੰਨ੍ਹੀ ਬੋਲੀ
ਰਾਜਨੀਤਕ ਘਰਾਣਿਆਂ ਨੂੰ ਵੋਟਾਂ, ਵਾਰ ਵਾਰ ਜੋ ਪਾ ਰਹੇ ਨੇ।

-ਸੁੱਖਵਿੰਦਰ ਬੋਦਲਾਂਵਾਲਾ
ਫੋਨ: 360-281-2624

ਵਿਅੰਗ

# "ਵੋਟਾਂ ਵੇਲ਼ੇ ਦੋ ਉਂਗਲ਼ਾਂ ਜੀਆਂ ਕਾਹਤੋਂ ਖੜ੍ਹੀਆਂ ਕਰਦੇ ਐ..?"

'ਅੜਿੱਕੇ' ਦਾ ਨਾਂ ਤਾਂ ਘਰਦਿਆਂ ਨੇ ਬਖਤੌਰ ਸਿਉਂ ਰੱਖਿਆ ਸੀ, ਪਰ ਹਰ ਗੱਲ ਵਿਚ ਨਾਲ ਟੰਗ ਅੜਾਉਣ ਕਰਕੇ, ਲੋਕਾਂ ਨੇ ਉਸ ਦਾ ਨਾਂ ਹੀ 'ਅੜਿੱਕਾ' ਪਾ ਲਿਆ ਸੀ। ਪਿੰਡਾਂ ਵਿਚ ਹਾਲ ਹੀ ਇਹ ਹੈ ਕਿ ਜੇ ਕਿਸੇ ਦਾ ਨਾਂ 'ਕੁਲਦੀਪ' ਹੋਵੇ, ਉਸ ਨੂੰ 'ਮਾਣਕ' ਅਤੇ ਜੇ ਕਿਸੇ ਦਾ ਨਾਂ 'ਦੇਵ' ਹੋਵੇ ਤਾਂ ਉਸ ਨੂੰ 'ਥਰੀਕਿਆਂ ਵਾਲਾ' ਕਹਿਣ ਲੱਗ ਪੈਣਗੇ। ਤੀਮੀਂ ਤੋਂ ਛਿੱਤਰ ਖਾਣ ਵਾਲੇ ਦਾ ਨਾਂ 'ਸੂਰਮਾਂ', ਛੋਟੀ ਭਰਜਾਈ ਤੋਂ ਘੋਟਣੇ ਖਾਣ ਵਾਲੇ ਛੜੇ ਜੇਠ ਦਾ ਨਾਂ 'ਘੈਂਟ' ਅਤੇ ਮਾਸ਼ੂਕ ਤੋਂ ਚੱਪਲੀਆਂ ਖਾਣ ਵਾਲ਼ੇ ਦਾ ਨਾਂ 'ਚਾਪਲੀਨ' ਰੱਖ ਲੈਂਦੇ ਹਨ। ਪਿੰਡਾਂ ਵਿਚ ਨਾਂਵਾਂ ਦਾ ਇੱਕ ਆਪਣਾ ਹੀ 'ਇਤਿਹਾਸ' ਹੈ। ਜਿਵੇਂ ਮਾਲਵੇ ਵਿਚ ਕਹਾਵਤ ਹੈ, "ਬੂੜ੍ਹੀ ਮਰਗੀ ਨਖਾਸਣੇ ਨਾਲ, ਧੀ ਦਾ ਨਾਂ ਥੰਧੀ...!" ਕਈ ਬਾਈ ਸੋਚਣਗੇ ਬਈ



ਸ਼ਿਵਚਰਨ ਜੱਗੀ ਕੁੱਸਾ
E-mail: jaggikussa@yahoo. de

ਇਹ 'ਨਖਾਸਣਾ' ਕੀ ਬਲਾਅ ਹੋਈ...? 'ਨਖਾਸਣੇ' ਦਾ ਮਤਲਬ 'ਖੁਸ਼ਕੀ' ਹੁੰਦਾ ਹੈ ਬਾਈ ਜੀ! ਨਾਵਾਂ ਬਾਰੇ ਕਦੇ ਫੇਰ ਵਿਸਥਾਰ ਕਰਾਂਗੇ। ਲੰਮੀ 'ਘਾਣੀ' ਐਂ...!

ਅੜਿੱਕਾ ਅਨਪੜ੍ਹ ਸੀ। ਨਸ਼ੇ ਪੂਰੇ ਟਿਕਾਅ ਕੇ ਕਰਦਾ ਸੀ। ਨਸ਼ੇ ਕਰਨੇ ਅਤੇ ਸੱਥ ਵਿਚ ਆ ਬੈਠਣਾ। ਪੜ੍ਹੇ-ਲਿਖਿਆਂ ਤੋਂ ਅਖ਼ਬਾਰਾਂ ਦੀਆਂ ਖ਼ਬਰਾਂ ਸੁਣਨੀਆਂ। ਖ਼ਬਰਾਂ ਸੁਣਦੇ-ਸੁਣਦੇ ਵਿਚ ਸੀ. ਬੀ. ਆਈ. ਦਾ ਨਾਂ ਕਿਤੇ ਨਾ ਕਿਤੇ ਜ਼ਰੂਰ ਆ ਜਾਣਾ। ਬੱਸ..! ਫਿਰ ਕੀ ਸੀ...? ਸੀ. ਬੀ. ਆਈ. ਦਾ ਭੂਤ ਅੜਿੱਕੇ ਨੂੰ ਅਜਿਹਾ ਨਸੂੜ੍ਹੇ ਦੀ ਗਿੜ੍ਹਕ ਵਾਂਗ ਚਿੰਬੜਿਆ, ਕਿ ਲਹਿਣ ਦਾ ਨਾਂ ਨਹੀਂ ਸੀ ਲੈਂਦਾ।

ਜੇ ਕਿਸੇ ਦੀ ਮੱਝ ਨੂੰ ਕੱਟੇ ਨੇ ਚੁੰਘ ਜਾਣਾ। ਅਗਲੇ ਨੇ 'ਬੂ-ਪਾਹਰਿਆ' ਤਾਂ ਕਰਨੀ ਹੀ ਸੀ..! ਤਾਂ ਅੜਿੱਕਾ ਬੜੇ ਮਜਾਜ ਨਾਲ ਕਹਿੰਦਾ, "ਇਹ ਤਾਂ ਭਾਈ ਅਣਹੋਣੀ ਐਂ। ਸਾਰਾ ਕਸੂਰ ਕੱਟੇ ਦਾ ਵੀ ਨਹੀਂ, ਸਾਜਿਸ਼ ਵਿਚ ਮੱਝ ਵੀ ਪੂਰੀ ਸ਼ਾਮਲ ਐ। ਹੈਂ ਬਈ ਸਹੁਰੇ ਦੀਏ! ਤੂੰ ਸਾਰਾ ਦੁੱਧ ਚੁੰਘਾਇਆ ਤਾਂ ਚੁੰਘਾਇਆ ਕਿਉਂ? ਮਾਲਕਾਂ ਦਾ ਵੀ ਖਿਆਲ ਕਰ, ਜਿਹੜੇ ਤੈਨੂੰ ਸਾਂਭਦੇ ਐ। ਕੱਟਾ ਤੇ ਮੱਝ ਦੋਨੋਂ ਦੋਸ਼ੀ! ਇਹਦੀ ਇਨਕੁਆਰੀ ਸੀ. ਬੀ. ਆਈ. ਤੋਂ ਕਰਵਾਓ, ਧੋਖਾਧੜੀ ਵੱਡੀ ਚਾਹੇ ਛੋਟੀ, ਜੁਰਮ ਐਂ! ਮੱਝ ਵੀ ਮੰਤਰੀਆਂ ਨਾਲੋਂ ਘੱਟ ਨਹੀਂ, ਉਹ ਬੋਟਾਂ ਲੈ ਕੇ ਦਿੱਲੀ ਜਾ ਵਜਦੇ ਐ ਤੇ ਇਹ ਪੱਠਾ-ਦੱਥਾ ਛਕ ਕੇ ਦੁੱਧ ਕੱਟੇ ਨੂੰ ਚੁੰਘਾ ਛੱਡਦੀ ਐ।" ਉਹ ਨਸ਼ੇ ਵਿਚ ਅਵਲੀਆਂ-ਸਵਲੀਆਂ ਮਾਰਨ ਲੱਗ ਪੈਂਦਾ।

ਜੇ ਅੜਿੱਕੇ ਦੇ ਘਰਵਾਲੀ ਉਸ ਨੂੰ ਜ਼ਮੀਨ ਵੇਚਣ ਤੋਂ ਜਾਂ ਨਸ਼ੇ ਕਰਨ ਤੋਂ ਵਰਜਦੀ, ਉਹ 'ਅਲੀ-ਅਲੀ' ਕਰਕੇ ਮਗਰ ਪੈ ਜਾਂਦਾ, "ਗੱਲ ਸੁਣ ਲੈ ਟਿਕਾਅ ਕੇ..! ਜਮੀਨ ਮੇਰੀ, ਨਸ਼ੇ ਮੈਂ ਖਰੀਦਦੈਂ, ਕਰਦਾ ਮੈਂ ਆਂ, ਤੂੰ ਮੇਰੇ 'ਤੇ ਕੋਈ ਸੀ. ਬੀ. ਆਈ. ਨੀ ਲੱਗੀ ਵੀ! ਜੇ ਮੁੜ ਕੇ ਮੇਰੀ ਗੱਲ ਵਿਚ ਦਖਲ ਦਿੱਤਾ, ਫੇਰ ਦੇਖ ਲੈ, ਤੂੰ ਮੇਰੇ 'ਤੇ ਕਰਫੂ ਤਾਂ ਨੀ ਲਾਉਣਾ? ਤੂੰ ਦੱਸ ਮੇਰੇ ਤੇ ਕੀ ਕਮਿਸ਼ਨ ਬਿਠਾਉਣੈਂ?"

ਇੱਕ ਦਿਨ ਡੋਗਰ ਦੀ ਬੱਕਰੀ ਗੁਆਚ ਗਈ। ਉਨ੍ਹਾਂ ਨੇ ਗੁਰਦੁਆਰੇ ਦੇ ਸਪੀਕਰ ਵਿਚ ਬੁਲਾ ਦਿੱਤਾ, "ਨੱਗਰ ਨਿਵਾਸੀਓ! ਡੋਗਰ ਦੀ ਬੱਕਰੀ ਗੁਆਚ ਗਈ ਐ, ਕਿਸੇ ਨੇ ਦੇਖੀ ਹੋਵੇ ਕ੍ਰਿਪਾ ਕਰਕੇ ਸੂਚਨਾ ਦੇਵੇ!"

ਅੜਿੱਕੇ ਦੀ ਛਿੱਟ ਲੱਗੀ ਹੋਈ ਸੀ। ਸੂਚਨਾਂ ਸੁਣਦਿਆਂ ਹੀ ਬੋਲਿਆ, "ਨੱਗਰ ਨਿਵਾਸੀ ਸੀ. ਬੀ. ਆਈ. ਐ...? ਬੱਕਰੀ ਕਿਸੇ ਨੇ ਵੱਢ ਕੇ ਪਤੀਲੇ 'ਚ ਸਿੱਟਲੀ ਹੋਊ, ਕਰਤੀ ਹੋਊ ਘੜ੍ਹਿੱਚ, ਤੋਰਤੀ ਹੋਊ ਸੁਰਗਾਂ ਨੂੰ, ਹੋਰ ਬੱਕਰੀ ਨਾਲ ਕਿਹੜਾ ਕਿਸੇ ਨੇ ਫ਼ੇਰੇ ਲੈਣੇ ਸੀ...?"

-"ਯਾਰ ਨੀਂਹ ਪੱਥਰ ਰੱਖੇ ਨੂੰ ਸਾਲ ਹੋ ਗਿਆ, ਪਰ ਪਾਣੀ ਆਲੀ ਟੈਂਕੀ ਅਜੇ ਤੱਕ ਨਹੀਂ ਬਣੀ।" ਮਲਕੀਤ ਮਿਸਤਰੀ ਨੇ ਇੱਕ ਦਿਨ ਸੱਥ ਵਿਚ ਬੈਠ ਕੇ ਗੱਲ ਚਲਾਈ।

-"ਚਲੋ ਟੈਂਕੀ ਬਣੀ ਚਾਹੇ ਨਹੀਂ ਬਣੀਂ, ਜਿਹੜਾ ਨੀਂਹ ਆਲਾ ਪੱਥਰ ਜਿਆ ਲਾਇਐ ਉਹੀ ਵਧੀਐ, ਮਡੀਹਰ ਨੂੰ ਲੱਤਾਂ ਲਮਕਾ ਕੇ ਬੈਠਣ ਨੂੰ ਜਗਾਹ ਤਾਂ ਬਣ'ਗੀ, ਮੰਤਰੀ ਜਿੰਨਾਂ ਕੁ ਦਿੰਦੇ ਐ, ਉਨੇ ਕੁ ਤੇ ਈ ਸਬਰ ਕਰਨਾ ਸਿੱਖੋ! ਜਾਂਦੇ ਚੋਰ ਦੀ ਤੜਾਗੀ ਈ ਬਹੁਤ ਹੁੰਦੀ ਐ, ਹੋਰ ਮੰਤਰੀ 'ਤੇ ਸੀ. ਬੀ. ਆਈ. ਤਾਂ ਬਿਠਾਉਣੋ ਰਹੇ!"

ਅੱਜ ਕੱਲ੍ਹ ਸਾਰੇ ਪੰਜਾਬ ਵਿਚ ਚੋਣਾਂ ਦਾ 'ਬਿਗਲ' ਵੱਜਿਆ ਹੋਇਆ ਸੀ। ਹਰ ਪਿੰਡ, ਹਰ ਘਰ ਅਤੇ ਹਰ ਸੱਥ ਵਿਚ ਚੋਣਾਂ ਦੀਆਂ ਗੱਲਾਂ ਹੀ ਹੋ ਰਹੀਆਂ ਸਨ।

-"ਚੋਣਾਂ ਦਾ ਮਤਬਲ ਪਤਾ ਕੀ ਹੁੰਦੈ...?" ਅੜਿੱਕੇ ਨੇ ਸੱਥ ਵਿਚ ਬੈਠੇ ਬੰਦਿਆਂ ਨੂੰ ਪੁੱਛਿਆ।

-"ਚੋਣਾਂ ਦਾ ਮਤਲਬ ਹੁੰਦੈ; ਵੋਟਾਂ...ਇਲੈਕਸ਼ਨ...!" ਕਿਸੇ ਨੇ ਕਿਹਾ।

-"ਨ੍ਹਾਅ...! ਜਮਾਂ ਗਲਤ..!" ਅੜਿੱਕਾ ਮੁਨੱਕਰ ਸੀ।

-"ਹੋਰ ਕੀ ਹੁੰਦੈ...?" ਕਾਮਰੇਡ ਵਿਅੰਗਮਈ ਹੱਸਿਆ।

-"ਚੋਣਾਂ ਦਾ ਮਤਬਲ ਹੁੰਦੈ, ਮੰਤਰੀਆਂ ਵੱਲੋਂ ਇਸ਼ਾਰਾ।" ਨਸ਼ੇ ਦੀ ਆੜ ਵਿਚ ਉਹ ਅਗਲੇ ਦੇ ਮੂੰਹ 'ਚ ਉਂਗਲ ਦੇਣ ਤੱਕ ਜਾਂਦਾ ਸੀ।

-"ਉਹ ਕਾਹਦਾ...?"

-"ਚੋਣਾਂ ਦਾ ਮਤਬਲ ਹੁੰਦੈ ਬਈ, "ਚੋਣੈਂ"...? ਬਈ, ਭਾਈ ਹੁਣ ਜੇ ਵੋਟਾਂ ਤੋਂ ਪਹਿਲਾਂ ਚੋਣੈਂ ਤਾਂ ਬੇਸ਼ੱਕ ਚੋਅ ਲਓ, ਨਹੀਂ ਮੈਂ ਮੁੜ ਕੇ ਡਾਹ ਨਹੀਂ ਦੇਣੀ, ਫੇਰ ਨਾ ਬਾਲਟੀ ਚੱਕੀ ਮੇਰੇ ਮਗਰ ਭੱਜੇ ਫਿਰਿਓ!"

ਸਾਰੇ ਹੱਸ ਪਏ।

-"ਹੱਸਣ ਦੀ ਗੱਲ ਨਹੀਂ, ਦੇਖ ਲਓ, ਬੋਟਾਂ ਤੋਂ ਪਹਿਲਾਂ ਹਰ 'ਮੀਦਬਾਰ ਰੋਜ ਦੋ ਸੌ ਕੋਹ ਬਾਟ ਕਰ ਦਿੰਦੈ, ਪੰਜਾਂ ਸਾਲਾਂ ਦਾ ਸਫ਼ਰ ਪਹਿਲਾਂ ਈ ਪੂਰਾ ਕਰ ਲੈਂਦੇ ਐ, ਫੇਰ ਬੋਟਾਂ ਤੋਂ ਬਾਅਦ ਬਾਵੇ ਅੰਗ ਨੀਂ ਆਉਂਦੇ, ਦਿੱਲੀ ਈ ਗੇੜਾ ਰੱਖਦੇ ਐ, ਜਿਵੇਂ...ਮੇਰੇ ਮੂੰਹੋਂ ਕੁਛ ਹੋਰ ਨਿਕਲ ਚੱਲਿਆ ਸੀ-।"


-"ਕੱਢ..! ਕੱਢ ਮੂੰਹੋਂ..! ਗੱਲ ਦਿਲ 'ਚ ਨਹੀਂ ਰੱਖੀਦੀ ਹੁੰਦੀ..!" ਕਾਮਰੇਡ ਨੇ ਅੜਿੱਕੇ ਦੀ ਬੱਤੀ ਉਗੀਸੀ।

-"ਜਿਵੇਂ ਦਿੱਲੀ ਜਾ ਕੇ 'ਨਵੇਂ ਦੁੱਧ' ਹੋਣਾਂ ਹੁੰਦੈ-।" ਉਸ ਨੇ ਗੱਲ ਪੂਰੀ ਕਰ ਮਾਰੀ।

ਮਡੀਹਰ ਵਿਚ ਹਾਸੜ ਪੈ ਗਈ।

-"ਜਾਂ ਫੇਰ ਕੰਨ ਨੂੰ ਲਾ ਕੇ ਕੋਹੜ ਕਿਰਲ੍ਹਾ ਜਿਆ, ਦੰਦੀਆਂ ਜੀਆਂ ਕੱਢੀ ਜਾਣਗੇ।" ਅੜਿੱਕੇ ਨੂੰ ਮੰਤਰੀਆਂ ਦੇ ਮੋਬਾਇਲ ਫ਼ੋਨਾਂ 'ਤੇ ਬਹੁਤੀ ਚਿੜ੍ਹ ਸੀ।

-"ਧਰਮਿੰਦਰ ਕਹਿੰਦੇ ਫ਼ੇਰ ਵੋਟਾਂ 'ਚ ਖੜ੍ਹ



ਗਿਆ।" ਪਾੜ੍ਹੇ ਨੇ ਵੈਸੇ ਹੀ ਗੱਪ ਛੱਡਿਆ।

-"ਰਾਜਨੀਤੀ ਉਹਦੇ ਬੱਸ ਦਾ ਰੋਗ ਨਹੀਂ ਬਾਈ ਸਿਆਂ।" ਅੜਿੱਕੇ ਨੇ ਤੋੜ ਕੇ, ਦੋ ਟੁੱਕ ਫ਼ੈਸਲਾ ਦੇ ਦਿੱਤਾ।

-"ਕਿਉਂ ਉਹਦੇ ਛਪਾਕੀ ਲਿੱਕਲ਼ੀ ਐ?"

-"ਟੈਲੀਬੀਜਨ 'ਤੇ ਈ ਲੱਕ-ਲੁੱਕ ਹਿਲਾਈ ਜਾਂਦਾ, ਬਧੀਆ ਸੀ।"

-"ਕਾਹਤੋਂ...?"

-"ਹੇਲਾਂ ਬਾਹਮਣੀ ਨਾਲ ਇਸ਼ਕ ਮੁਸ਼ਕ ਕਰੀ ਜਾਂਦਾ, ਹੁਣ ਦੱਸੋ ਬਈ ਉਹ ਰਾਜ ਭਾਗ ਬੰਨੀਂ ਦੇਖੂ ਜਾਂ ਹੇਲਾਂ ਬਾਹਮਣੀ ਨੂੰ ਸੰਭਾਲੂ..?"

-"ਹੇਲਾਂ ਬਾਹਮਣੀ ਨਹੀਂ ਬਾਈ, ਹੇਮਾਂ ਮਾਲਿਨੀ ਕਹਿ..!"

-"ਕੁਛ ਹੋਇਆ...! ਕੀਤਾ ਤਾਂ ਕੁੱਤ ਪੌਅ ਈ ਐ..? ਆਹ ਆਪਣੇ ਪੰਜਾਬ ਦੇ ਵੱਡੇ ਮੰਤਰੀ ਦੀ ਗੱਲ ਈ ਲੈਲੋ...!" ਅੜਿੱਕਾ ਡੰਡ ਬੈਠਕਾਂ ਕੱਢਣ ਲੱਗ ਪਿਆ।

-"ਖੁੱਲ੍ਹ ਕੇ ਦੱਸ...।" ਕਾਮਰੇਡ ਉਸ ਨੂੰ ਗੇੜਾ ਪਾ ਕੇ ਸਟਾਰਟ ਹੀ ਰੱਖਦਾ ਸੀ। ਵੈਸੇ ਧੱਕਾ-ਸਟਾਰਟ ਅੜਿੱਕਾ ਵੀ ਨਹੀਂ ਸੀ। ਬੱਸ...! ਟੱਸ ਭੰਨਣ ਦੀ ਹੀ ਲੋੜ ਸੀ!

-"ਗੋਡੇ ਉਹਦੇ ਆਬਦੇ ਨਹੀਂ ਤੁਰਦੇ, ਜਣੇਪੇ ਵਾਲ਼ੀ ਤੀਮੀਂ ਵਾਂਗੂੰ ਦੋ ਬੰਦੇ ਫ਼ੜ ਕੇ ਤੋਰਦੇ ਐ, ਜੀਹਤੋਂ ਗੋਡਿਆਂ ਤੋਂ ਨਹੀਂ ਤੁਰਿਆ ਜਾਂਦਾ ਉਹ ਰਾਜ ਭਾਗ ਨੂੰ ਕਿਮੇਂ ਤੋਰਲੂ...? ਬਈ ਤੂੰ ਘਰੇ ਬੈਠ ਕੇ ਰਾਮ ਰਾਮ ਕਰ...! ਇੱਕ ਤਾਂ ਪਤੰਦਰ ਦੇ ਗੋਡੇ ਨੀ ਤੁਰਦੇ, ਦੂਜਾ ਗੋਡਿਆਂ ਤੱਕ ਸੁੱਥੂ ਦਾ ਨਾਲ਼ਾ ਲਮਕਾ-ਲੂ! ਪਤਾ ਨੀ ਜਾਣ ਕੇ ਕਰਦੈ?"

-"ਰਾਮ ਰਾਮ ਕਰੇ ਚਾਹੇ ਨਾ ਕਰੇ, ਦਿੱਲੀ ਵਾਲ਼ੇ ਰਾਮ ਮੰਦਰ-ਰਾਮ ਮੰਦਰ ਤਾਂ ਕਰੀ ਜਾਂਦੇ ਐ!" ਮਲਕੀਤ ਬਾਈ ਬੋਲਿਆ।

-"ਇੱਕ ਪੁਰਾਣਾ ਬਾਬਾ ਜਨਤਾ ਨੂੰ ਲਮਕਦਾ ਨਾਲ਼ਾ ਦਿਖਾ ਕੇ ਦੇਖ ਲੈ ਕਿੰਨੇ ਵਾਰੀ ਮੁੱਖ ਮੰਤਰੀ ਬਣ ਗਿਆ ਪਤੰਦਰ...!"

-"ਇਹ ਢੰਗ ਵੀ ਕਿਸੇ ਕਿਸੇ ਨੂੰ ਈ ਆਉਂਦੇ ਐ, ਜਣੇ ਖਣੇ ਦੇ ਵੱਸ ਦਾ ਰੋਗ ਨੀ ਇਹੇ...!"

ਅੱਧੇ ਕੁ ਹੱਸ ਪਏ ਅਤੇ ਅੱਧੇ ਕੁ ਚੁੱਪ ਰਹੇ।

-"ਇੱਕ ਗੱਲ ਦੀ ਮੈਨੂੰ ਸਮਝ ਨਹੀਂ ਆਈ।" ਚੁੱਪ ਅੜਿੱਕੇ ਨੇ ਹੀ ਤੋੜੀ।

-"ਕਾਹਦੀ...?"

-"ਬੋਟਾਂ ਵੇਲੇ ਹੱਥ ਜੇ ਜੋੜਨ ਦੀ ਤਾਂ ਸਮਝ ਆਉਂਦੀ ਐ ਬਈ ਮਿੰਨਤ ਤਰਲਾ ਕਰਦੇ ਐ, ਪਰ ਇਹੇ ਜਿਹੜੀਆਂ ਸਹੇ ਦੇ ਕੰਨਾਂ ਮਾਂਗੂੰ ਦੋ ਉਂਗਲਾਂ ਜੀਆਂ ਖੜ੍ਹੀਆਂ ਕਰਦੇ ਐ, ਉਹ ਕਾਹਤੋਂ ਕਰਦੇ ਐ ਬਈ...?"

-"ਦੋ ਉਂਗਲਾਂ ਖੜ੍ਹੀਆਂ ਕਰਨੀਆਂ, ਜਿੱਤ ਦੀ ਨਿਸ਼ਾਨੀ ਹੁੰਦੀ ਐ।" ਪਾੜ੍ਹੇ ਨੇ ਦੱਸਿਆ।

-"ਬੋਟਾਂ ਅਜੇ ਪੈਣੀਐਂ, ਫੈਸਲੇ ਹੋਣੇ ਐਂ, ਇਹ ਜਿੱਤ ਦੀਆਂ ਉਂਗਲਾਂ ਪਹਿਲਾਂ ਈ ਖੜ੍ਹੀਆਂ ਕਰੀ ਜਾਂਦੇ ਐ, ਬਿਨਾਂ ਪਾਣੀਓਂ ਮੌਜੇ ਲਾਹੁੰਣ ਆਲੀ ਗੱਲ ਹੈ ਕਿ ਨਹੀਂ ਹੈ? ਉਂਗਲਾਂ ਤਾਂ ਖੜ੍ਹੀਆਂ ਕਰੀ ਜਾਂਦੇ ਐ, ਤੇ ਜੇ ਹਾਰਗੇ ਫੇਰ?"

-"ਫੇਰ ਉਂਗਲਾਂ ਥੱਲੇ ਕਰ ਲੈਣਗੇ, ਕੋਈ ਜੋਰ ਲੱਗਦੈ?" ਕਾਮਰੇਡ ਨੇ ਅਗਲਾ ਹੱਲ ਦੱਸਿਆ।

-"ਬਸ਼ੱਰਮੀਂ ਦੀ ਵੀ ਕੋਈ ਹੱਦ ਹੁੰਦੀ ਐ, ਬਾਈ।"

-"ਪਾੜ੍ਹਿਆ ਨਮਾਂ 'ਖਬਾਰ ਨੀ ਆਇਆ ਅੱਜ?" ਅੜਿੱਕੇ ਨੇ ਪੁੱਛਿਆ।

-"ਆਇਐ ਬਾਈ-।"

-"ਪੜ੍ਹਗਾਂ ਕੋਈ ਖਬਰ...! ਤੱਤੀ ਜੀ ਪੜ੍ਹੀਂ, ਠੰਢ ਜੀ ਲੱਗੀ ਜਾਂਦੀ ਐ!"

-"ਸੁਣਾ ਬਈ ਇਹਨੂੰ ਕੋਈ ਖਬਰ, ਕਰ ਗਰਮ ਪਾੜ੍ਹਿਆ...।" ਕਾਮਰੇਡ ਨੇ ਆਖਿਆ।

ਪਾੜ੍ਹੇ ਨੇ ਕੱਪੜੇ ਦੇ ਥਾਨ ਵਾਂਗ ਅਖ਼ਬਾਰ ਖੋਲ੍ਹ ਲਿਆ।

-"ਖਬਰ ਐ, ਅਮਰੀਕਾ ਦਾ ਰਾਸ਼ਟਰਪਤੀ ਸਾਈਕਲ ਤੋਂ ਡਿੱਗ ਪਿਆ, ਰਗੜਾਂ ਲੱਗੀਆਂ।" ਪਾੜ੍ਹੇ ਨੇ ਪੜ੍ਹ ਕੇ ਦੱਸਿਆ।

-"ਲੈ ਇਹ ਵੀ ਕੋਈ ਖਬਰ ਐ...? ਲੱਗੀਆਂ ਰਗੜਾਂ...! ਮੈਂ ਭੁੱਕੀ ਖਾ ਕੇ ਨੌਂਤੀ ਸੌ ਆਰੀ ਰੇਹੜ੍ਹੀ ਤੋਂ ਡਿੱਗਿਆ ਹੋਊਂਗਾ?" ਉਸ ਨੇ ਨੱਕ ਚਾੜ੍ਹਿਆ।

ਹਾਸੜ ਪੈ ਗਈ।

-"ਤੇਰੇ 'ਚ ਤੇ ਉਹਦੇ 'ਚ ਬਹੁਤ ਫਰਕ ਐ ਬਾਈ!"

-"ਕਿਉਂ ਉਹ ਕੋਈ ਉਤੋਂ ਡਿੱਗਿਐ...? ਅਸੀਂ ਟੁੱਕ ਨੀ ਖਾਂਦੇ? ਕੋਈ ਚੱਜ ਦੀ ਹੋਰ ਖਬਰ ਸੁਣਾ ਯਾਰ?"

-"ਸਾਧੂਆਂ ਨੂੰ ਵਿਟਾਮਿਨ ਵੰਡੇ, ਗੁੱਸੇ 'ਚ ਆਏ ਸਾਧ ਵਿਟਾਮਿਨ ਵੰਡਣ ਵਾਲਿਆਂ ਨਾਲ ਛਿੱਤਰੋ ਛਿੱਤਰੀ!"

-"ਛਿੱਤਰੋ ਛਿੱਤਰੀ ਹੋਣਾ ਈ ਸੀ...! ਉਨ੍ਹਾਂ ਨੂੰ ਵੰਡਣ ਦੀ ਕੀ ਲੋੜ ਸੀ? ਵੰਡਦੇ ਜੱਗਰ ਅਰਗਿਆਂ ਨੂੰ, ਜਿਹੜੇ ਆਏ ਸਾਲ ਜੁਆਕ ਪਾਥੀ ਮਾਂਗੂੰ ਪੱਥ ਧਰਦੇ ਐ-?"

ਹੱਸਦਾ ਕਾਮਰੇਡ ਲਾਮਾ-ਲੇਟ ਹੋ ਗਿਆ। ਮਡੀਹਰ ਵੱਖ ਹੱਸੀ ਜਾ ਰਹੀ ਸੀ।

-"ਮੈਨੂੰ ਹੋਰ ਸਮਝ ਨਹੀਂ ਲੱਗਦੀ, ਬਈ ਸਾਲ਼ੇ ਜੁਆਕ ਨੂੰ ਹਰ ਸਾਲ ਦੇਬਤੇ ਮਾਂਗੂੰ ਪ੍ਰਗਟ ਕਿਵੇਂ ਕਰ ਲੈਂਦੇ ਐ? ਖੁੱਡੇ 'ਚੋਂ ਕਬੂਤਰ ਕੱਢਣ ਮਾਂਗੂੰ ਪਤੰਦਰ ਜੁਆਕ ਕੱਢ ਦਿਖਾਉਂਦੇ ਐ!"

ਅੜਿੱਕੇ ਦੇ ਕਹਿਣ 'ਤੇ ਕਾਮਰੇਡ ਨੂੰ ਹੱਥੂ ਆਉਂਦਾ ਮਸਾਂ ਬਚਿਆ।

-"ਪ੍ਰਧਾਨ ਮੰਤਰੀ ਵੱਲੋਂ ਵਿਦੇਸ਼ੀ ਯਾਤਰਾ ਸੁਰੂ।" ਪਾੜ੍ਹੇ ਨੇ ਅਗਲੀ ਖਬਰ ਪੜ੍ਹੀ।

-"ਇਹ ਕੁੱਕੜ-ਛਿੱਦੀ ਜਿਆ ਕਿਸੇ ਨਾ ਕਿਸੇ ਪਾਸੇ ਨੂੰ ਜੱਕਾ ਜੋੜੀ ਈ ਰੱਖਦੈ!"

-"ਕਿਹੜਾ ਕੋਈ ਫਿਕਰ ਫਾਕਾ? ਵਿਹਲੀ ਰੰਨ ਪ੍ਰਾਹੁਣਿਆਂ ਜੋਗੀ! ਪਤਾ ਲੱਗੇ ਜੇ ਕਰਕੇ ਖਾਣਾ ਪਵੇ, ਫੇਰ ਦੇਖੀਏ ਜੱਕੇ ਕਿਮੇਂ ਜੁੜਦੇ ਐ?"

-"ਤਾਇਆ...! ਤੈਨੂੰ ਘਰੇ ਤਾਈ ਸੱਦਦੀ ਐ!" ਕਿਸੇ ਜੁਆਕ ਨੇ ਆ ਕੇ ਅੜਿੱਕੇ ਨੂੰ ਕਿਹਾ।

-"ਤਾਇਆ ਆਖਣ ਤੋਂ ਪਹਿਲਾਂ ਮੇਰੇ ਗੋਲੀ ਮਾਰ ਦਿੰਦਾ! ਤੂੰ ਸਾਲਿਆ ਚੱਪਣਾਂ ਜਿਆ! ਮੈਨੂੰ ਤਾਇਆ ਆਖਿਆ ਤਾਂ ਆਖਿਆ ਕਿਵੇਂ? ਮੈਂ ਤੇਰੇ ਪਿਉ ਨਾਲੋਂ ਪੂਰਾ ਸਾਲ ਛੋਟੈਂ, ਪਤੈ..? ਕੁੜੀ ਯਾਵੂ ਦਾ ਨਾਸਲ ਜਿਆ...! ਨਾਸਾਂ 'ਚ ਦੇ ਲਊ ਸਾਲਾ ਉਂਗਲ, ਜਿਵੇਂ ਕੋਈ ਖਜਾਨਾ ਪੱਟਣਾ ਹੁੰਦੈ..।"

-"ਜਾਹ ਸੁਣਿਆਂ ਗੱਲ, ਕੋਈ ਕੰਮ ਹੋਊ, ਜੁਆਕ ਦੇ ਗਲ ਈ ਪੈ ਗਿਆ।" ਕਾਮਰੇਡ ਬੋਲਿਆ।

-"ਨਹੀਂ ਕੌਮਨਸ਼ਟਾ..! ਇਹ ਤੇ ਇਹਦੀ ਮਾਂ ਮੈਨੂੰ ਜਾਣ ਕੇ ਤਪਾਉਂਦੇ ਐ! ਉਹ ਕਮੰਡਲੀ ਜੀ ਮੈਨੂੰ 'ਭਾਈ ਜੀ' ਆਖੂ, ਤੇ ਰਹਿੰਦੀ ਖੂੰਹਦੀ ਕਸਰ ਇਹ ਤਾਇਆ ਆਖ ਕੇ ਪੂਰੀ ਕਰ ਦਿੰਦੈ, ਸਾਲਾ ਚਾਪੜ ਜਿਆ!"

-"ਚੱਲ ਕੁਛ ਨਹੀ ਹੁੰਦਾ, ਜੁਆਕ ਨੂੰ ਮਾਫ਼ੀ ਬਖਸ਼।"

-"ਉਹ ਸਾਲੀ ਮੈਥੋਂ ਘੁੰਡ ਕੱਢ ਲਊ ਜਿਵੇਂ ਕੱਲ੍ਹ ਦੀ ਜੁਆਕੜੀ ਹੁੰਦੀ ਐ, ਇਹਦਾ ਪਿਉ ਓਦੂੰ ਚੰਦ ਐ, ਉਹ ਮੈਨੂੰ ਵੱਡਾ ਭਾਈ ਈ ਦੱਸੂ..! ਲੈ, ਕਰਲੋ ਗੱਲ...! ਇਹਨਾਂ ਦਾ ਤਾਂ ਸਾਰਾ ਆਵਾ ਈ ਊਤਿਆ ਵਿਐ, ਇੱਕ ਅੱਧਾ ਹੋਵੇ ਤਾਂ ਬੰਦਾ ਚੁੱਪ ਵੱਟ ਲੈਂਦੈ, ਜਿਹੋ ਜੀ ਨੰਦੋ ਬਾਹਮਣੀ ਉਹੋ ਜਿਆ ਘੁੱਦੂ ਜੇਠ, ਜੀਓ ਜੀ ਚੜ੍ਹਦਾ ਚੰਦ ਐ।"

-"ਜਾਹ ਜਾਇਆ ਹੁਣ, ਕਾਹਤੋਂ ਕਚੀਰ੍ਹਾ ਕਰਦੈਂ, ਬੰਤ ਕੁਰ ਉਡੀਕਦੀ ਹੋਊ?" ਕਾਮਰੇਡ ਨੇ ਅੜਿੱਕੇ ਨੂੰ ਠੰਢਾ ਕੀਤਾ।

-"ਬੰਤ ਕੁਰ ਸੀ. ਬੀ. ਆਈ. ਐ? ਉਹਦੇ ਵੀ ਲੈਨੈ ਝੱਗੇ ਦਾ ਮੇਚ ਜਾ ਕੇ, ਸੁਨੇਹਾਂ ਦੇ ਕੇ ਭੇਜੂ ਸਾਲੀ ਐਸ ਟੂਟਲ਼ ਨੂੰ, ਬਈ ਹੋਰ ਸਾਰਾ ਪਿੰਡ ਮਰ ਗਿਆ...?"

ਅੜਿੱਕਾ ਦੀਵੇ ਵਾਂਗ ਮੱਚਦਾ ਬੁੱਝਦਾ ਘਰ ਨੂੰ ਤੁਰ ਪਿਆ।

-"ਲੈ ਘਰੇ ਜਾ ਕੇ ਇਹਨੇ ਜਮਾਂ ਈ ਸੀਲ ਕੁੱਕੜ ਬਣ ਜਾਣੈਂ।" ਕਿਸੇ ਨੇ ਆਖਿਆ।

-"ਚੱਲ ਰਹਿਣ ਦੇ...! ਹੁਣ ਤੂੰ ਘਾਣੀ ਛੇੜਲੀ...!" ਕਾਮਰੇਡ ਨੇ ਉਸ ਨੂੰ ਬੋਲਣੋਂ ਰੋਕ ਦਿੱਤਾ।

ਅੜਿੱਕੇ ਬਿਨਾ ਸੱਥ 'ਭਾਂ-ਭਾਂ' ਕਰਨ ਲੱਗ ਪਈ ਸੀ! ਬੰਦਿਆਂ ਨਾਲ ਹੀ ਤਾਂ ਰੌਣਕ ਹੁੰਦੀ ਐ ਬਾਈ ਜੀ....!!

# ਮੌਜਾਂ ਕਰਦੇ ਆ ਰਾਜਨੀਤਕ ਪਲਟੀਮਾਰ

ਇਨ੍ਹਾਂ ਚੋਣਾਂ ਵਿਚ ਦਲਬਦਲੂਆਂ ਦੀਆਂ ਫੁੱਲ ਮੌਜਾਂ ਲੱਗੀਆਂ ਹੋਈਆਂ ਹਨ। ਐਨਾ ਰੋਲ ਘਚੋਲਾ ਪਿਆ ਹੋਇਆ ਹੈ ਕਿ ਲੋਕਾਂ ਨੂੰ ਸਮਝ ਨਹੀਂ ਆ ਰਹੀ ਕਿ ਕਿਹੜਾ ਉਮੀਦਵਾਰ ਕਿਸ ਪਾਰਟੀ ਵੱਲੋਂ ਚੋਣ ਲੜ ਰਿਹਾ ਹੈ। ਜਿਹੜਾ ਕਾਂਗਰਸੀ ਸੀ ਉਹ ਬੀਜੇਪੀ ਵਿਚ ਜਾ ਵੜਿਆ ਹੈ ਤੇ ਜਿਹੜਾ 'ਆਪ' ਦਾ ਸੀ ਉਹ ਅਕਾਲੀ ਹੋ ਗਿਆ। ਉੱਪਰੋਂ ਸਿਤਮ ਇਹ ਹੈ ਕਿ ਹਰੇਕ ਪਾਰਟੀ ਨੇ ਖੁੱਲ੍ਹ ਕੇ ਦਲ

ਬਲਰਾਜ ਸਿੰਘ ਸਿੱਧੂ ਏ.ਆਈ.ਜੀ.
ਫੋਨ: 95011-00062

ਬਦਲੂਆਂ ਨੂੰ ਟਿਕਟਾਂ ਦਿੱਤੀਆਂ ਹਨ। ਪਰ ਸਮਝ ਨਹੀਂ ਆਉਂਦੀ ਕਿ ਜਿਸ ਲੀਡਰ ਨੂੰ ਨਾਲਾਇਕ, ਭ੍ਰਿਸ਼ਟ, ਚਰਿੱਤਰਹੀਣ, ਫਿਰਕਾਪ੍ਰਸਤ ਤੇ ਜਿੱਤਣ ਦੇ ਨਾਕਾਬਿਲ ਸਮਝ ਕੇ ਉਸ ਦੀ ਮਾਂ ਪਾਰਟੀ ਨੇ ਟਿਕਟ ਨਹੀਂ ਦਿੱਤੀ, ਦੂਸਰੀ ਪਾਰਟੀ ਉਸ ਨੂੰ ਕਿਵੇਂ ਜਿੱਤ ਦੀ ਗਰੰਟੀ ਸਮਝ ਕੇ ਟਿਕਟ ਦੇ ਰਹੀ ਹੈ। ਟਕਸਾਲੀ ਵਰਕਰ ਵਿਚਾਰੇ ਜੁੱਤੀਆਂ ਘਸਾਉਂਦੇ ਰਹਿ ਜਾਂਦੇ ਹਨ ਤੇ ਚਾਰ ਦਿਨ ਪਹਿਲਾਂ ਪਾਰਟੀ ਵਿਚ ਸ਼ਾਮਲ ਹੋਇਆ ਕੋਈ ਦਲ ਬਦਲੂ ਟਿਕਟ ਝਪਟ ਕੇ ਲੈ ਜਾਂਦਾ ਹੈ। ਕਿਸੇ ਵੀ ਪਾਰਟੀ ਦਾ ਇੱਕ ਪੱਕਾ ਕੇਡਰ ਹੁੰਦਾ ਹੈ ਜੋ ਪਾਰਟੀ ਹਾਈ ਕਮਾਂਡ ਦਾ ਹਰ ਆਦੇਸ਼ ਇਲਾਹੀ ਹੁਕਮ ਸਮਝ ਕੇ ਪ੍ਰਵਾਨ ਕਰ ਲੈਂਦਾ ਹੈ। ਜੇ ਕਿਤੇ ਉਹ ਰੁੱਸ ਵੀ ਜਾਣ ਤਾਂ ਫੌਰਨ ਕੋਈ ਵੱਡਾ ਲੀਡਰ ਉਸ ਦੇ ਘਰ ਪਹੁੰਚ ਜਾਂਦਾ ਹੈ, "ਢੀਂਡਸਾ ਸਾਹਿਬ, ਇਹ ਵੇਲਾ ਰੁੱਸਣ ਮਨਾਉਣ ਦਾ ਨਹੀਂ ਹੈ। ਤੁਸੀਂ ਪੁਰਾਣੇ ਲੀਡਰ ਓ ਪਾਰਟੀ ਦੇ, ਤੁਹਾਨੂੰ ਤਾਂ ਪਤਾ ਈ ਆ ਕਿ ਇਨ੍ਹਾਂ ਨਵੇਂ ਬੰਦਿਆਂ ਨੂੰ ਟਿਕਾਈ ਰੱਖਣ ਲਈ ਟਿਕਟਾਂ ਟੁਕਟਾਂ ਦਾ ਲਾਲਚ ਦੇਣਾ ਈ ਪੈਂਦਾ ਆ। ਤੁਸੀਂ ਫਿਕਰ ਨਾ ਕਰੋ, ਸਰਕਾਰ ਬਣਦੇ ਸਾਰ ਬਿਜਲੀ ਬੋਰਡ ਦੀ ਚੇਅਰਮੈਨੀ ਤੁਹਾਡੇ ਪੈਰਾਂ 'ਚ ਪਈ ਹੋਵੇਗੀ।"

ਫਿਰੋਜ਼ਕੋਟ ਸ਼ਹਿਰ ਵਿੱਚ ਇੱਕ ਪਾਰਟੀ ਦੇ ਉਮੀਦਵਾਰ ਸੋਮ ਨਾਥ ਵੱਲੋਂ ਰੋਡ ਸ਼ੋਅ ਕੀਤਾ ਜਾ ਰਿਹਾ ਸੀ। ਉਸ ਦੇ ਮਾਇਆ ਲੱਗੇ ਦੁੱਧ ਚਿੱਟੇ ਕੁੜਤੇ ਪਜਾਮੇ, ਸੋਨੇ ਦੇ ਮੋਟੇ ਕੜੇ ਤੇ ਲਿਸ਼ਕਾਂ ਮਾਰਦੀ ਰੋਲੈਕਸ ਘੜੀ ਵੇਖ ਕੇ ਸੋਹਣ ਢਾਬੇਵਾਲੇ ਨੇ ਹੌਕਾ ਭਰਿਆ, "ਵੇਖ ਲਾ ਸੂਬੇਦਾਰਾ, 15 - 16 ਸਾਲ ਪਹਿਲਾਂ ਇਹ ਵੀ ਸਾਡੇ ਨਾਲ ਪਾਰਟੀ ਦੇ ਪੋਸਟਰ ਲਗਾਉਂਦਾ ਹੁੰਦਾ ਸੀ। ਅੱਜ ਬੰਦੇ ਨੂੰ ਬੰਦਾ ਨਹੀਂ ਸਮਝਦਾ।" ਬਾਜਾ ਸੂਬੇਦਾਰ ਉਸ ਨੂੰ ਖਿਝ ਕੇ ਪਿਆ, "ਜੇ ਉਸ ਵੇਲੇ ਤੂੰ ਸਾਡੀ ਗੱਲ ਮੰਨ ਲੈਂਦਾ ਤਾਂ ਅੱਜ ਇਸ ਦੀ ਜਗ੍ਹਾ ਖੜ੍ਹਾ ਹੁੰਦਾ।" "ਹੈਂ, ਉਹ ਕਿਵੇਂ?" ਸੋਹਣ ਨੇ ਹੈਰਾਨ ਹੋ ਕੇ ਪੁੱਛਿਆ। ਸੂਬੇਦਾਰ ਬੋਲਿਆ, "ਭੁੱਲ ਗਿਆਂ? ਚੇਤਾ ਕਰ ਜਦੋਂ ਅੱਜ ਤੋਂ 15 ਸਾਲ ਪਹਿਲਾਂ ਆਪਣੇ ਹਲਕੇ ਦੇ ਐਮ.ਐਲ.ਏ. ਲੱਖੀ ਚੈਲਦਾਰ (ਕਾਲਪਨਿਕ ਨਾਮ) ਦੇ ਮਰਨ ਕਾਰਨ ਹੋਈ ਜ਼ਿਮਨੀ ਚੋਣ ਮੌਕੇ ਤੈਨੂੰ ਭਾਰਤ ਦਲ (ਕਾਲਪਨਿਕ ਨਾਮ) ਵਾਲਿਆਂ ਨੇ ਟਿਕਟ ਦੀ ਪੇਸ਼ਕਸ਼ ਕੀਤੀ ਸੀ।




ਰਿਜ਼ਰਵ ਸੀਟ ਹੋਣ ਕਾਰਨ ਉਨ੍ਹਾਂ ਕੋਲ ਇਥੇ ਕੋਈ ਤਕੜਾ ਉਮੀਦਵਾਰ ਨਹੀਂ ਸੀ। ਸਾਰੇ ਦੋਸਤਾਂ ਮਿੱਤਰਾਂ ਨੇ ਤੈਨੂੰ ਸਮਝਾਉਣ ਦੀ ਸਿਰ ਤੋੜ ਕੋਸ਼ਿਸ਼ ਕੀਤੀ ਪਰ ਤੂੰ ਅੜੀਅਲ ਖੋਤੇ ਵਾਂਗ ਇੱਕ ਹੀ ਰੱਟ ਲਗਾਈ ਰੱਖੀ ਕਿ ਮੈਂ ਤਾਂ ਆਪਣੇ ਬਾਪ ਦਾਦੇ ਵਾਲੀ ਪਾਰਟੀ ਦਾ ਵਫਾਦਾਰ ਰਹਿਣਾ ਆ। ਤੇਰੀ ਅੜੀ ਕਾਰਨ ਸੋਮ ਨਾਥ ਦਾ ਦਾਅ ਲੱਗ ਗਿਆ ਤੇ ਉਹ ਐਮ.ਐਲ.ਏ. ਬਣ ਗਿਆ। ਇਸ ਤੋਂ ਬਾਅਦ ਆਪਣੇ ਫਾਇਦੇ ਮੁਤਾਬਕ 2-3 ਪਾਰਟੀਆਂ ਬਦਲ ਚੁੱਕਾ ਹੈ ਤੇ ਢਾਈ ਕੁ ਸਾਲ ਮੰਤਰੀਪੁਣੇ ਦਾ ਆਨੰਦ ਵੀ ਮਾਣ ਲਿਆ ਹੈ। ਇਸ ਵਾਰੀ ਉਹ ਤੇਰੀ ਬਾਪ ਦਾਦੇ ਵਾਲੀ ਪਾਰਟੀ ਦੀ ਟਿਕਟ 'ਤੇ ਚੋਣ ਲੜ ਰਿਹਾ ਹੈ। ਉਹ ਗੱਲ ਵੱਖਰੀ ਹੈ ਕਿ ਜਿਸ ਪਾਰਟੀ ਦਾ ਤੂੰ ਸਵੈ ਘੋਸ਼ਿਤ ਵਫਾਦਾਰ ਸਿਪਾਹੀ ਹੈਂ, ਉਸ ਨੇ ਤੈਨੂੰ ਕਦੇ ਐਮ.ਸੀ. ਦੀ ਟਿਕਟ ਵੀ ਨਈਂ ਦਿੱਤੀ। ਹੁਣ ਮਾਂਜੀ ਜਾ ਭਾਂਡੇ ਬੈਠਾ ਢਾਬੇ 'ਤੇ, ਉਧਰ ਸੋਮਨਾਥ ਚਾਰ ਪੈਟਰੋਲ ਪੰਪ, ਦੋ ਮੈਰਿਜ ਪੈਲਸ ਤੇ ਰਣਜੀਤ ਐਵੀਨਿਊ ਵਿਚ 1000 ਗਜ਼ ਦੀ ਕੋਠੀ ਦਾ ਮਾਲਕ ਬਣਿਆ ਬੈਠਾ ਆ।

# ਪੰਜਾਬੀ ਕਾਵਿ ਜਗਤ ਦਾ ਹਸਤਾਖਰ ਸੀ - ਆਜ਼ਾਦ ਜਲੰਧਰੀ

ਐਸ ਅਸ਼ੋਕ ਭੌਰਾ



ਜਦੋਂ ਦਰਦ, ਗ਼ਮ, ਖ਼ੁਸ਼ੀਆਂ, ਹਾਸੇ ਸ਼ਬਦਾਂ 'ਚ ਬੰਨ੍ਹ ਕੇ ਕਾਗਜ਼ 'ਤੇ ਝਰੀਟੇ ਜਾਣ ਤਾਂ ਸ਼ਾਇਰੀ ਜਨਮ ਲੈਂਦੀ ਹੈ ਤੇ ਜਦੋਂ ਆਵਾਮ ਦੀ ਗੱਲ ਹੋਵੇ, ਲੋਕਾਂ ਦੇ ਦਰਦ ਦੀ ਕਹਾਣੀ ਹੋਵੇ ਤਾਂ ਇਹ ਲੋਕ ਸ਼ਾਇਰੀ ਬਣ ਜਾਂਦੀ ਹੈ। ਜਿਵੇਂ ਧਰਮ 'ਚ ਜੈਕਾਰੇ ਹੁੰਦੇ ਨੇ, ਰਾਜਨੀਤੀ 'ਚ ਨਾਅਰੇ ਹੁੰਦੇ ਨੇ ਤੇ ਮੁਹੱਬਤ 'ਚ ਲਾਰੇ ਹੁੰਦੇ ਨੇ ਤੇ ਲਾਰਿਆਂ ਦੀ ਸਿੱਕ, ਤੜਫਣ ਤੇ ਉਡੀਕ ਗ਼ਜ਼ਲ ਬਣ ਜਾਂਦੀ ਹੈ।

91 ਵਰ੍ਹਿਆਂ ਦਾ ਕਿਹਰ ਚੰਦ ਸੁਮਨ ਜੋ ਹੁਣ ਸਿਰਫ 'ਆਜ਼ਾਦ ਜਲੰਧਰੀ' ਦੇ ਨਾਂਅ ਨਾਲ ਜਾਣਿਆਂ ਜਾਂਦਾ ਸੀ, ਅਮਰੀਕਾ 'ਚ ਹੀ ਨਹੀਂ ਸਗੋਂ ਪੰਜਾਬੀ ਕਾਵਿ ਸਾਹਿਤ ਤੇ ਸੰਗੀਤ ਦੀ ਆਬੋ ਹਵਾ 'ਚ ਮਿਰਜ਼ਾ ਗ਼ਾਲਿਬ ਵਾਂਗ ਘੁਲਿਆ ਹੋਇਆ ਹੈ। ਉਹਦੀ ਬਾਲੀਵੁੱਡ 'ਚ ਤੂਤੀ ਬੋਲਦੀ ਸੀ, ਪੰਜਾਬੀ ਕਾਵਿ ਜਗਤ ਦਾ ਉਹ ਹਸਤਾਖਰ ਹੈ, ਜਿਸ 'ਤੇ ਹਰ ਉਹ ਪੰਜਾਬੀ ਮਾਣ ਕਰਦਾ ਹੈ ਜਿਸ ਦੇ ਅੰਦਰ ਪੰਜਾਬੀਅਤ ਦਾ ਤੇ ਪੰਜਾਬੀ ਜ਼ੁਬਾਨ ਦਾ ਦਿਲ ਧੜਕਦਾ ਹੈ। ਉਹ ਆਪਣੇ ਸ਼ਬਦਾਂ ਵਿਚ ਆਖਦਾ ਹੈ ਕਿ ਬੜੇ ਲੋਕ ਨੇ ਜੋ ਅਮੀਰ ਤੇ ਵੱਡੇ ਹੋਣ ਲਈ ਪੈਸਾ ਕਮਾਉਣ ਤੱਕ ਕਾਰੋਬਾਰ ਕਰਦੇ ਹਨ ਪਰ ਮੈਂ ਵੀ ਸਫਲ ਕਾਰੋਬਾਰ ਕੀਤਾ ਹੈ, ਅਮਰੀਕਾ ਰਹਿ ਕੇ ਕੀਤਾ ਹੈ ਪਰ ਕੀਤਾ ਸਿਰਫ ਸ਼ਾਇਰੀ ਤੇ ਪੰਜਾਬੀ ਬੋਲੀ ਦਾ ਹੈ।

ਉਹਨੂੰ ਜਾਨਣ ਵਾਲੇ ਜਾਣਦੇ ਹਨ ਕਿ ਉਹ ਜਿੰਨਾ ਕਮਾਲ ਦਾ ਪੁਖਤਾ ਸ਼ਾਇਰ ਹੈ, ਉਸ ਤੋਂ ਕਈ ਗੁਣਾ ਵੱਡੀ ਇਨਸਾਨੀਅਤ ਦੀ ਬਹੁਰੰਗੀ ਤਸਵੀਰ ਸੀ। ਉਹ ਬੋਲਦਾ ਸੀ ਤਾਂ ਮਿਸ਼ਰੀ ਵੀ ਫਿੱਕੀ ਲੱਗਣ ਲੱਗ ਪੈਂਦੀ। ਉਹਦੇ ਸ਼ਬਦਾਂ ਦੀ ਮਿਠਾਸ ਪਹਿਲਾ ਗੁਣ ਹੈ ਤੇ ਚੰਗੇ ਭਲੇ ਇਨਸਾਨ ਦੇ ਧੁਰ ਅੰਦਰ ਆਜ਼ਾਦ ਜਲੰਧਰੀ ਦੇ ਨਾਂਅ ਨਾਲ ਉਤਰ ਜਾਂਦਾ। ਉਹ ਛੁਪ ਕੇ ਰਹਿਣ ਦੀ ਚਾਹਤ ਦਾ ਧਾਰਨੀ ਰਿਹਾ ਪਰ ਉਹਦੀ ਕਵਿਤਾ ਨੂੰ ਪਿਆਰ ਕਰਨ ਵਾਲੇ ਉਸ ਨੂੰ ਗਲ ਨਾਲ ਨਹੀਂ ਦਿਲ ਨਾਲ ਲਾਈ ਫਿਰਦੇ ਹਨ।

ਪੈਰਾਡਾਈਜ਼ ਆਰਟਸ ਕਲੱਬ ਦਿੱਲੀ ਦੀ ਜਦੋਂ ਉਸ ਨੇ ਸੱਠਵਿਆਂ ਦੇ ਦੌਰ 'ਚ ਸਥਾਪਨਾ ਕੀਤੀ ਤਾਂ ਪ੍ਰਸਿੱਧ ਗਾਇਕ ਭੁਪਿੰਦਰ ਸਿੰਘ ਉਸ ਕਲੱਬ ਲਈ ਗਿਟਾਰ ਵਜਾਉਂਦਾ ਹੁੰਦਾ ਸੀ, ਪ੍ਰਿਥਵੀ ਰਾਜ ਕਪੂਰ, ਅੰਮ੍ਰਿਤਾ ਪ੍ਰੀਤਮ, ਸੋਹਣ ਸਿੰਘ ਮੀਸ਼ਾ ਕਦੇ ਕਦੇ ਹਾਜ਼ਰ ਹੋ ਜਾਂਦੇ ਸਨ।

ਜਦੋਂ ਭੁਪਿੰਦਰ ਨੇ ਆਜ਼ਾਦ ਜਲੰਧਰੀ ਦਾ ਕਲਾਮ ਐਚ.ਐਮ.ਵੀ. ਵਿਚ ਗਾਇਆ

'ਜਬ ਛਲਕਤੇ ਹੈਂ ਤੇਰੀ ਆਖੋਂ ਸੇ ਜਾਮ ਫਿਰ ਸੰਭਲਤੇ ਹੀ ਨਹੀਂ ਰਿੰਦੋਂ ਕੇ ਜਾਮ'

ਤਾਂ ਆਵਾਜ਼ ਅਤੇ ਸ਼ਾਇਰੀ ਦਾ ਇਹ ਸਿਖਰ ਹੋ ਗਿਆ। ਇਹ ਉਹੀ ਗੀਤ ਹੈ ਜਿਸ ਨੂੰ ਏਅਰ ਇੰਡੀਆ ਆਪਣੀਆਂ ਕਈ ਉਡਾਨਾਂ ਵਿਚ ਮੈਗਜ਼ੀਨ ਰਾਹੀਂ ਵੇਰਵਾ ਦੇ ਕੇ ਮੁਸਾਫਿਰਾਂ ਨੂੰ ਸੁਣਨ ਲਈ ਪ੍ਰੇਰਿਤ ਕਰਦਾ ਸੀ। ਭੁਪਿੰਦਰ ਨੇ ਹੀ ਉਸ ਦੇ ਸ਼ਬਦਾਂ ਨੂੰ ਜ਼ੁਬਾਨ ਦੇ ਕੇ 'ਅਲਵਿਦਾ ਹੈ ਮੇਰੇ ਹਮਨਵਾਓ...' ਨਾਲ ਦੱਸ ਦਿੱਤਾ ਸੀ ਕਿ ਕਿਸੇ ਵਕਤ ਆਜ਼ਾਦ ਜਲੰਧਰੀ ਵਰਗਾ ਕੋਈ ਸ਼ਾਇਰ ਦੂਸਰਾ ਨਹੀਂ ਸੀ।

ਸੁਰੇਸ਼ ਵਾਡੇਕਰ ਤੇ ਸਾਧਨਾ ਸਰਗਮ ਨੇ ਜਦੋਂ ਗਾਇਆ 'ਤੁਮਸਾ ਨਹੀਂ ਕੋਈ ਜ਼ਮਾਨੇ ਮੇਂ ਸਾਰੀ ਦੁਨੀਆ ਕੋ ਅਜ਼ਮਾਇਆ ਹੈ...',

ਅਲਕਾ ਯਾਗਨਿਕ ਨੇ 'ਆਇਆ ਸਪਨੋ ਮੇਂ ਕੋਈ ਸ਼ਹਿਜ਼ਾਦਾ...' ਗਾਇਆ ਤਾਂ ਲੱਗਾ ਸੀ ਕਿ ਪੰਜਾਬ ਕੋਲ ਵੀ ਇਕ ਅਨੰਦ ਬਖਸ਼ੀ ਜਾਂ ਬਸ਼ੀਰ ਬਦਰ ਵਾਂਗ ਇਕ ਆਜ਼ਾਦ ਜਲੰਧਰੀ ਹੈ। ਉਹ ਜ਼ਿੰਦਗੀ ਵਿਚ ਮਸਤ ਰਿਹਾ, ਉਸ ਦੀ ਚਾਲ ਮਸਤਾਨੀ ਸੀ, ਸਬਰ ਤੇ ਸੰਤੋਖ ਸੀ, ਇਸ ਕਰਕੇ ਉਹ ਮੜਕ ਨਾਲ ਹੀ ਤੁਰਿਆ ਰਿਹਾ, ਵਰਨਾ ਕਲਾਵੇ 'ਚ ਬਹੁਤ ਕੁਝ ਘੁੱਟ ਸਕਦਾ ਸੀ। ਇਹ ਕਹਿਣ ਵਿਚ ਕੋਈ ਹਰਜ਼ ਨਹੀਂ ਕਿ ਕਿਸੇ ਵੇਲੇ ਬਾਲੀਵੁੱਡ ਦੇ ਗੀਤਾਂ ਦਾ ਇੰਤਕਾਲ ਆਜ਼ਾਦ ਜਲੰਧਰੀ ਦੇ ਨਾਮ ਹੋ ਸਕਦਾ ਸੀ ਪਰ ਫ਼ਿਲਮਾਂ ਦੀ ਚਕਾਚੌਂਧ ਵਾਲੀ ਦੁਨੀਆਂ ਤੋਂ ਕੋਰਾ ਤੇ ਸਾਦਗੀ ਤੇ ਨਿਮਰਤਾ ਵਾਲਾ ਹੋਣ ਕਰਕੇ ਉਹ ਪੈਸੇ ਨਾਲ ਮੋਹ ਪਾ ਹੀ ਨਹੀਂ ਸਕਿਆ। ਉਹ ਅੱਜ ਵੀ ਗੱਲ ਇਹ ਕਹਿ ਕੇ ਸ਼ੁਰੂ ਕਰਦਾ ਹੈ ਕਿ ਸ਼ੌਕ ਪਾਲਿਆ ਹੈ, ਜ਼ਿੰਦਗੀ ਮਾਣੀ ਹੈ, ਆਪਣੀ ਚਾਲ ਚੱਲੀ ਹੈ, ਕੁਝ ਬਣਿਆ ਹੈ ਜਾਂ ਨਹੀਂ, ਮੈਨੂੰ ਕੋਈ ਝੋਰਾ ਨਹੀਂ, ਹਾਲਾਂਕਿ ਇਕ ਪੰਜਾਬੀ ਸ਼ਾਇਰ ਦੇ ਹਿੱਸੇ ਇਹ ਆਇਆ ਹੋਵੇ ਕਿ ਉਸ ਨੇ 'ਵਾਪਸੀ ਸਾਜਨ ਕੀ', 'ਜ਼ਰਾ ਸੀ ਭੂਲ' (ਹਿੰਦੀ) ਤੇ 'ਚਿੱਟਾ ਲਹੂ' (ਪੰਜਾਬੀ) ਵਰਗੀਆਂ ਫ਼ਿਲਮਾਂ ਲਈ ਗੀਤ ਲਿਖੇ ਹੋਣ, ਗੀਤ ਹਿੱਟ ਹੋਏ ਹੋਣ ਪਰ ਪੈਰ ਨਾ ਛੱਡੇ ਹੋਣ, ਉਹ ਹਮੇਸ਼ਾਂ ਆਪਣੇ ਪੈਰਾਂ 'ਤੇ ਰਿਹਾ ਤੇ ਕਦੇ ਵੀ ਲਾਲਚ ਵਿਚ ਵਿਕਾਊ ਸਮਝੌਤੇ ਨਹੀਂ ਕੀਤੇ।

ਆਜ਼ਾਦ ਜਲੰਧਰੀ ਦੀ ਸੱਠਵਿਆਂ 'ਚ ਪਹਿਲੀ ਪੁਸਤਕ ਹਿੰਦੀ 'ਚ ਪ੍ਰਕਾਸ਼ਿਤ ਹੋਈ ਸੀ 'ਦੇਵ ਉਪਾਸਨਾ'। ਅਧਿਆਤਮਵਾਦ ਤੇ ਧਰਮ ਫ਼ਿਲਾਸਫ਼ੀ ਦੀ ਤਰਜ਼ਮਾਨੀ ਕਰਨ ਵਾਲੀ ਇਹ ਸ਼ਾਇਰਾਨਾ ਪੁਸਤਕ ਗ਼ੈਰ ਪੰਜਾਬੀ ਲੋਕਾਂ 'ਚ ਵੀ ਪ੍ਰਵਾਨ ਚੜ੍ਹੀ।

...ਝਲਕ ਦਿਖਾ ਦੇ ਯਹ ਮਾਂ ਤੇਰੀ ਮਿਹਰਬਾਨੀ ਹੈ,
ਤੇਰੇ ਪਿਆਰ ਕੀ ਦੁਨੀਆ ਹੂਈ ਦੀਵਾਨੀ ਹੈ।

ਇਸ ਨਾਲ ਇਹ ਧਾਰਨਾ ਬਣੀ ਸੀ ਕਿ ਪੰਜਾਬੀ ਸ਼ਾਇਰ ਆਜ਼ਾਦ ਜਲੰਧਰੀ ਹਿੰਦੀ ਕਾਵਿ-ਜਗਤ ਵਿਚ ਬਹੁਤ ਅੱਗੇ ਨਿਕਲ ਗਿਆ ਹੈ। ਉਹਦੀ ਸ਼ਰਧਾ ਤੇ ਚਾਹਤ 'ਚੋਂ ਹੀ ਲੋਕਾਂ ਦੀ ਭਲਾਈ, ਲੋੜਵੰਦਾਂ ਦੀ ਮਦਦ ਲਈ ਗਾਜ਼ੀਆਬਾਦ-ਮੇਰਠ ਰੋਡ 'ਤੇ ਸ੍ਰੀ ਮੰਨਣ ਧਾਮ ਬਣਿਆ ਜਿਸ ਨੂੰ ਪਰਉਪਕਾਰੀ ਕੇਂਦਰ ਬਣਾਉਣ ਵਿਚ ਆਜ਼ਾਦ ਦਾ ਬਹੁਤ ਵੱਡਾ ਯੋਗਦਾਨ ਸੀ।

ਹੁਣ ਤੱਕ ਦਸ ਪੁਸਤਕਾਂ ਆਜ਼ਾਦ ਜਲੰਧਰੀ ਨੇ ਸਾਹਿਤ ਜਗਤ ਦੀ ਝੋਲੀ ਪਾਈਆਂ ਹਨ, ਇਨ੍ਹਾਂ 'ਚੋਂ ਅੱਠ ਪੰਜਾਬੀ, ਇਕ ਉਰਦੂ ਅਤੇ ਇਕ ਹਿੰਦੀ ਰੰਗ ਵਿਚ ਹੈ। ਇਨ੍ਹਾਂ 'ਚ ਮਨੁੱਖੀ ਕਿਰਦਾਰ, ਜੀਵਨ ਉਪਦੇਸ਼, ਜੀਵਨ ਮਿਸ਼ਨ, ਅਧਿਆਤਮ ਫ਼ਿਲਾਸਫ਼ੀ ਤੇ ਮਾਨਵ ਕਲਿਆਣ ਦੀ ਪ੍ਰੇਰਨਾ ਦਾ ਨਿਵੇਕਲਾ ਰੂਪ। ਜਿਵੇਂ ਕਹਿੰਦੇ ਨੇ ਅਠੌਤਰੀ ਮਾਲਾ ਦੇ 108 ਮਣਕੇ ਹੁੰਦੇ ਹਨ, ਉਵੇਂ ਉਸ ਦੀ ਪਹਿਲੀ ਪੰਜਾਬੀ ਪੁਸਤਕ 'ਰੁਬਾਈ ਮਾਲਾ' 'ਚ 108 ਰੁਬਾਈਆਂ ਹਨ। ਇਹ ਕਾਵਿ ਮਣਕੇ ਪਾਠਕਾਂ ਨੇ ਪੜ੍ਹੇ ਹੀ ਨਹੀਂ ਸਗੋਂ ਪੂਜਾ ਵਾਂਗ ਧਿਆਏ ਹਨ। ਦੋ ਰੰਗ ਦੇਖੋ;

ਕੌਣ ਕਰੇ ਤੇਰੀ ਮਹਿਮਾ ਵਰਣਨ ਤੇਰੀਆਂ ਤੂਹੀਓਂ ਜਾਣੇ,
ਤੇਰਾ ਅੰਤ ਕਿਸੇ ਨਾ ਪਾਇਆ, ਹਾਰੇ ਚਤਰ ਸਿਆਣੇ,
ਮਿਹਰ ਤੇਰੀ ਜਦ ਹੋਵੇ ਦਾਤਾ, ਜੰਮਣ ਭੁੱਜੇ ਦਾਣੇ।

---

ਤੁੰਮਾ ਤੇ ਖਰਬੂਜ਼ਾ ਰੱਬ ਨੇ ਸੂਰਤ ਇਕ ਬਣਾਈ,
ਪਰ ਦੋਹਾਂ ਦੀ ਸੀਰਤ ਨੇ ਦੁਨੀਆਂ ਚੱਕਰਾਂ 'ਚ ਪਾਈ,
ਸੀਰਤ ਵੀ ਜੇ ਅੱਜ ਮਾਨਵ ਦੀ ਹੋ ਜਾਏ ਸੂਰਤ ਵਰਗੀ,
ਥਾਂ ਥਾਂ ਅੱਜ ਇਸ ਮਾਨਵਤਾ ਦੀ ਹੋਵੇ ਨਾ ਰੁਸਵਾਈ।

ਹਾਂ ਕਈ ਵਾਰ ਆਜ਼ਾਦ ਜਲੰਧਰੀ ਨੇ ਵਕਤ ਦੇ ਨਾਲ ਤੁਰਨ ਦਾ ਯਤਨ ਵੀ ਕੀਤਾ, ਅਭਿਜੀਤ ਨੇ ਜੋ ਉਸ ਦਾ ਲਿਖਿਆ ਗਾਇਆ ਉਹਦੇ 'ਚੋਂ ਆਧੁਨਿਕ ਪਿਆਰ ਦੀ ਤਸਵੀਰ, ਡਿਸਕੋ ਤੇ ਕਿਤੇ ਸੰਗੀਤਕ ਹੱਲਾ ਗੁੱਲਾ ਵੀ ਝਲਕਦਾ ਹੈ।

ਆਜ਼ਾਦ ਜਲੰਧਰੀ ਜੀ ਨੇ ਜਲੰਧਰ ਜ਼ਿਲ੍ਹੇ ਦੇ ਸ਼ਹਿਰ ਗੁਰਾਇਆ ਲਾਗੇ ਪੈਂਦੇ ਪਿੰਡ ਬੜਾ ਪਿੰਡ ਦੇ ਸ. ਬਿਸ਼ਨ ਸਿੰਘ ਤੇ ਮਾਤਾ ਠਾਕੁਰ ਕੌਰ ਦੀ ਕੁੱਖੋਂ 12 ਜਨਵਰੀ 1933 ਨੂੰ ਜਨਮ ਲਿਆ। ਪਰਿਵਾਰ ਦਿਹਾੜੀਦਾਰ ਸੀ, ਪਰ ਕਹਿੰਦੇ ਨੇ ਧੁਰੋਂ ਲਿਖੇ ਲੇਖਾਂ ਨੇ ਚਮਕਾਰੇ ਮਾਰਨੇ ਹੀ ਹੁੰਦੇ ਨੇ।

ਬਾਪ ਨੇ ਆਪਣੇ ਪੁੱਤਰ ਦਾ ਨਾਮ ਤਾਂ ਕਿਹਰ ਚੰਦ ਸੁਮਨ ਰੱਖਿਆ ਸੀ ਪਰ ਸੱਚੀਂ ਉਹ ਆਪਣੇ ਰੋਟੀ ਦੇ ਓਹੜ-ਪੋਹੜ ਤੋਂ ਵੀ ਅੱਗੇ ਨਿਕਲ ਕੇ ਦੁਨੀਆਂ 'ਚ ਵਸਦੇ ਉਨ੍ਹਾਂ ਪੰਜਾਬੀਆਂ ਦੀ ਮੁਹੱਬਤ ਭਰੀ ਬੁੱਕਲ 'ਚ ਜਾ ਵੜਿਆ, ਜਿਹੜੇ ਉਸ ਨੂੰ ਸਿਰਫ ਆਜ਼ਾਦ ਜਲੰਧਰੀ ਦੇ ਨਾਮ ਨਾਲ ਹੀ ਜਾਣਦੇ ਹਨ।

ਦੇਸ਼ ਦੀ ਵੰਡ ਦੇ ਚੰਦਰੇ ਹਾਲਾਤ ਕਾਰਨ ਭਾਵੇਂ ਪੜ੍ਹਾਈ ਦਾ ਮਾਹੌਲ ਸਾਜ਼ਗਾਰ ਨਹੀਂ ਸੀ, ਪਰ ਫਿਰ ਵੀ 1948 'ਚ ਰਾਮਗੜ੍ਹੀਆ ਸਕੂਲ ਫਗਵਾੜਾ ਤੋਂ ਆਜ਼ਾਦ ਨੇ ਅੱਠਵੀਂ ਪਾਸ ਕੀਤੀ ਅਤੇ 1950 'ਚ ਭਾਰਤ ਦੇ ਗ੍ਰਹਿ ਵਿਭਾਗ 'ਚ ਦਿੱਲੀ ਆ ਕੇ ਨੌਕਰੀ ਕਰ ਲਈ। ਇੱਥੇ ਆ ਕੇ ਪੈਰਾਡਾਈਜ਼ ਆਰਟਸ ਕਲੱਬ ਬਣਾਇਆ। ਸਾਹਿਤਕ ਤੇ ਸੰਗੀਤਕ ਮਹਿਫਲਾਂ ਦਾ ਮਾਹੌਲ ਸਿਰਜਿਆ ਤੇ ਇਸ ਰੰਗਲੇ ਮਾਹੌਲ ਨੂੰ ਛੱਡ ਕੇ ਉਹ 1978 'ਚ ਕੈਲੀਫੋਰਨੀਆ ਦੇ ਸਿਲੀਕਾਨ ਵੈਲੀ 'ਚ ਪੈਂਦੇ ਸੈਨਹੋਜ਼ੇ ਸ਼ਹਿਰ 'ਚ ਗੁਰਮੀਤ ਕੌਰ (ਸਵ.) ਨਾਲ ਵਿਆਹ ਕਰਵਾ ਕੇ ਵਸ ਗਿਆ, ਜਿਸ ਦੀ ਕੁੱਖੋਂ ਦੋ ਪੁੱਤਰਾਂ ਤੇ ਇਕ ਧੀ ਨੇ ਜਨਮ ਲਿਆ ਅਤੇ ਇਕ ਪੁੱਤਰ ਦਰਦ ਦੇ ਕੇ ਮੌਤ ਦੇ ਰਾਹ ਤੁਰ ਗਿਆ। ਆਜ਼ਾਦ ਸੰਭਲਿਆ ਤੇ ਉਸ ਨੇ ਅਮਰੀਕਾ ਆ ਕੇ ਵੀ ਆਪਣੇ ਅੰਦਰਲੇ ਸ਼ਾਇਰ ਨੂੰ ਮਰਨ ਨਹੀਂ ਦਿੱਤਾ। ਗੁਰੂਘਰ 'ਚ ਕੀਰਤਨ ਕੀਤਾ, ਮੁਸ਼ਾਇਰੇ ਕਰਵਾਏ।

**ਆਜ਼ਾਦ ਜਲੰਧਦੀ ਜੀ ਦਾ ਅੰਤਿਮ ਸੰਸਕਾਰ ਚੈਪਲ ਆਫ ਚਾਇਮਜ 32992 ਮਿਸ਼ਨ ਬੁਲੇਵਾਰਡ ਹੇਵਰਡ (ਕੈਲੀਫੋਰਨੀਆਂ) ਵਿਖੇ 9 ਜੂਨ ਦਿਨ ਐਤਵਾਰ ਨੂੰ ਦੁਪਹਿਰ 12 ਤੋਂ 2.30 ਵਜੇ ਦਰਮਿਆਨ ਹੋਵੇਗਾ।**

ਇਹ ਕਹਿਣਾ ਪਵੇਗਾ ਕਿ ਆਜ਼ਾਦ ਜਲੰਧਰੀ ਅਮਰੀਕਾ ਵਸਦੇ ਸਾਹਿਤਕਾਰਾਂ, ਕਵੀਆਂ, ਗਾਇਕਾਂ ਤੇ ਗੀਤਕਾਰਾਂ ਲਈ ਇਕ ਪੂਜਣਯੋਗ ਨਾਮ ਸੀ ਤੇ ਰਹੇਗਾ ਵੀ। ਇੱਥੇ ਐਚ.ਐਸ. ਭਜਨ, ਤਰਲੋਕ ਸਿੰਘ, ਅਨੂਪ ਚੀਮਾ, ਸਤਪਾਲ ਦਿਓਲ ਤੇ ਸੁਖਦੇਵ ਸਾਹਿਲ ਨੇ ਉਸ ਦੀਆਂ ਕਾਵਿ ਰਚਨਾਵਾਂ ਨੂੰ ਆਵਾਜ਼ ਦਿੱਤੀ। ਇੰਗਲੈਂਡ ਦੇ ਮਸਤਾਨ ਹੀਰਾ ਨੇ ਡਾ. ਭੀਮ ਰਾਓ ਅੰਬੇਡਕਰ ਜੀ ਬਾਰੇ ਲਿਖੇ ਉਸ ਦੇ ਗੀਤਾਂ ਦੀ ਪੂਰੀ ਐਲਬਮ ਤਿਆਰ ਕੀਤੀ। ਜ਼ਿਕਰਯੋਗ ਹੈ ਕਿ ਉਹ ਡਾ. ਬੀ.ਆਰ. ਅੰਬੇਡਕਰ ਐਜੂਕੇਸ਼ਨਲ ਤੇ ਏਡ ਸੁਸਾਇਟੀ ਅਮਰੀਕਾ ਦਾ ਬਾਨੀ ਵੀ ਹੈ।

ਗਿਆਨੀ ਜੰਗ ਸਿੰਘ ਤੇ ਆਜ਼ਾਦ ਜਲੰਧਰੀ ਦਾ ਸਾਂਝਾ 'ਅਭਿਨੰਦਨ ਗ੍ਰੰਥ' ਪੜ੍ਹੋਗੇ ਤਾਂ ਆਜ਼ਾਦ ਜਲੰਧਰੀ ਦੇ ਪੂਰੇ ਦਰਸ਼ਨ ਦੀਦਾਰੇ ਹੋ ਜਾਣਗੇ। ਭਾਰਤ ਰਹਿੰਦਿਆਂ ਉਸ ਨੇ ਤ੍ਰੈਭਾਸ਼ਾਈ ਮੁਸ਼ਾਇਰਿਆਂ 'ਚ ਅਨੇਕਾਂ ਵਾਰ ਹਿੱਸਾ ਲਿਆ ਅਤੇ ਵੱਡੇ ਵੱਡੇ ਮਾਣ ਸਨਮਾਨ ਹਾਸਲ ਕੀਤੇ।


1997 ਦੇ ਨਵੇਂ ਸਾਲ ਅਤੇ ਕ੍ਰਿਸਮਿਸ ਮੌਕੇ ਅੰਗਰੇਜ਼ੀ 'ਚ ਲਿਖੀ ਅਮਰੀਕਾ ਬਾਰੇ ਕਵਿਤਾ ਜਦੋਂ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਤੱਕ ਪੁੱਜੀ ਤਾਂ ਉਸ ਨੂੰ ਵ੍ਹਾਈਟ ਹਾਊਸ ਤੋਂ ਮਿਲਿਆ ਪ੍ਰਸ਼ੰਸਾ ਪੱਤਰ ਸ਼ਾਇਦ ਉਸ ਦੀ ਜ਼ਿੰਦਗੀ ਦੀ ਇਕ ਜਾਇਦਾਦ ਬਣ ਗਈ। ਬੌਲੀਵੁੱਡ ਅਦਾਕਾਰਾ ਨਰਗਿਸ ਸੁਨੀਲ ਦੱਤ ਵਲੋਂ ਉਸ ਨੂੰ ਲਿਖੇ ਪੱਤਰਾਂ ਨੂੰ ਵੀ ਉਹ ਆਪਣੀ ਜ਼ਿੰਦਗੀ ਦਾ ਸਰਮਾਇਆ ਸਮਝਦਾ ਹੈ।


ਉਹ ਉਸਤਾਦ ਲਾਲ ਚੰਦ ਚਨਿਊਟੀ ਦਾ ਸ਼ਾਗਿਰਦ ਹੈ ਜਿਸ ਦੇ ਅਸ਼ੀਰਵਾਦ ਨਾਲ ਉਸ ਨੇ ਸਾਹਿਤ ਵਿਚ ਜੋ ਚਾਹਿਆ ਉਹ ਪਾਇਆ।


ਉਹ ਮਾਣ ਕਰਦਾ ਹੈ ਕਿ ਉਸ ਦੇ ਪੁੱਤਰ ਰਾਜ ਕੁਮਾਰ ਆਜ਼ਾਦ ਨੇ ਉਸ ਦੀ ਰੱਜ ਕੇ ਸੇਵਾ ਕੀਤੀ ਅਤੇ ਬੁਢਾਪਾ ਵੀ ਸਵਰਗ ਵਰਗਾ ਬਣਾ ਦਿੱਤਾ।


ਉਹ ਆਖਦਾ ਹੈ ਕਿ ਜੇ ਦੋਸਤ ਹੋਣ ਤਾਂ ਅਮਰੀਕ ਚੰਦ ਲਾਖਾ ਤੇ ਰਾਮ ਮੂਰਤੀ ਸਰੋਏ ਵਰਗੇ ਜਿਨ੍ਹਾਂ ਨੂੰ ਮੇਰੀ ਸ਼ਾਇਰੀ ਹੀ ਯਾਦ ਨਹੀਂ ਸਗੋਂ ਉਨ੍ਹਾਂ ਮੇਰੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਤੇ ਮੇਰੇ ਕਾਰਜਾਂ ਨੂੰ ਸੰਭਾਲਣ ਦਾ ਵੀ ਯਤਨ ਕੀਤਾ ਹੈ, ਉਹ ਮੇਰੇ ਸਾਹਾਂ ਦੇ ਸੰਗੀ ਹਨ।






*ਕਿਹਰ ਚੰਦ ਸੁਮਨ ਉਰਫ਼ 'ਆਜ਼ਾਦ ਜਲੰਧਰੀ' ਅਤੇ ਉਸ ਦੀਆਂ ਕਿਤਾਬਾਂ 'ਅਭਿਨੰਦਨ ਗ੍ਰੰਥ', 'ਸੱਚੀ ਪ੍ਰੀਤ', 'ਪ੍ਰੇਰਨਾ' ਅਤੇ 'ਮਾਰੂਥਲ ਦਾ ਰੁੱਖ' ਦੇ ਸਰਵਰਕ।*

---

## ਹਿੰਦੀ ਮਿਨੀ ਕਹਾਣੀ

# ਜੀਵਨ-ਸਾਥੀ

* ਮੂਲ : ਦਿਨੇਸ਼ ਦਿਨਕਰ
* ਅਨੁ : ਪ੍ਰੋ. ਨਵ ਸੰਗੀਤ ਸਿੰਘ

ਮਾਂ ਬੇਟੇ ਵਿਚ ਚੱਲ ਰਹੀ ਤਿੱਖੀ ਬਹਿਸ ਅਚਾਨਕ ਸ਼ਾਂਤ ਹੋ ਗਈ, ਜਦੋਂ ਦਰਵਾਜ਼ੇ 'ਤੇ ਰਿਆਂਸ਼ ਦੇ ਪਿਤਾ ਜੀ ਆ ਗਏ। ਅਸਹਿਮਤੀ ਪ੍ਰਗਟਾਉਂਦੇ ਰਿਆਂਸ਼ ਦੇ ਪਿਤਾ ਨੇ ਕਿਹਾ, "ਬੇਟਾ, ਇਹ ਕੀ ਤਰੀਕਾ ਹੈ ਆਪਣੀ ਮੰਮੀ ਨਾਲ ਗੱਲ ਕਰਨ ਦਾ? ਤੇ ਤੁਸੀਂ ਦੋਵੇਂ ਇੰਨੀ ਉੱਚੀ ਉੱਚੀ ਕਿਉਂ ਬੋਲ ਰਹੇ ਹੋ?" ਰਿਆਂਸ਼ ਦੇ ਪਾਪਾ ਅੱਗੇ ਹੋਰ ਵੀ ਗੱਲ ਕਰਦੇ ਕਿ ਉਸ ਤੋਂ ਪਹਿਲਾਂ ਹੀ ਰਿਆਂਸ਼ ਦੀ ਮੰਮੀ ਨੇ ਉੱਚੀ ਉੱਚੀ ਰੋਂਦਿਆਂ ਕਹਿਣਾ ਸ਼ੁਰੂ ਕਰ ਦਿੱਤਾ, "ਸਾਡੀ ਤਾਂ ਕਿਸਮਤ ਹੀ ਖਰਾਬ ਹੈ। ਪਹਿਲਾਂ ਵੱਡੇ ਮੁੰਡੇ ਨੇ ਅੰਤਰਜਾਤੀ ਵਿਆਹ ਕਰ ਲਿਆ ਤੇ ਹੁਣ ਇਹ ਛੋਟਾ ਵੀ ਆਪਣੀ ਮਰਜ਼ੀ ਨਾਲ ਵਿਆਹ ਕਰਨ ਦੀ ਜ਼ਿਦ ਕਰ ਰਿਹਾ ਹੈ।" ਰਿਆਂਸ਼ ਦੇ ਪਾਪਾ ਨੇ ਇਸ਼ਾਰੇ ਨਾਲ ਰਿਆਂਸ਼ ਨੂੰ ਆਪਣਾ ਪੱਖ ਰੱਖਣ ਨੂੰ ਕਿਹਾ ਤਾ ਉਹਨੇ ਆਪਣੇ ਮੋਬਾਈਲ 'ਚੋਂ ਆਪਣੀ ਦੋਸਤ ਕਾਵੇਰੀ ਦੀ ਫੋਟੋ ਵਿਖਾਉਂਦੇ ਦੱਸਿਆ ਕਿ ਇਹ ਲੜਕੀ ਉਨ੍ਹਾਂ ਦੀ ਹੀ ਜ਼ਾਤ 'ਚੋਂ ਹੈ ਅਤੇ ਇਹ ਉਹਦੇ ਆਫ਼ਿਸ ਦੀ ਬਿਲਡਿੰਗ ਦੇ ਹੇਠਲੀ ਫ਼ਲੋਰ 'ਤੇ ਬਣੇ ਬੈਂਕ ਵਿਚ ਮੈਨੇਜਰ ਹੈ। ਕਾਵੇਰੀ ਦੇ ਪਰਿਵਾਰ ਵਾਲਿਆਂ ਨੂੰ ਵੀ ਉਨ੍ਹਾਂ ਦੋਹਾਂ ਦੇ ਰਿਸ਼ਤੇ 'ਤੇ ਕੋਈ ਇਤਰਾਜ਼ ਨਹੀਂ ਹੈ। ਪਰ ਮੰਮੀ ਮੈਨੂੰ ਇਸ ਰਿਸ਼ਤੇ ਲਈ ਮਨ੍ਹਾਂ ਕਰ ਰਹੀ ਹੈ। ਰਿਆਂਸ਼ ਦੀ ਮੰਮੀ ਚੀਕ ਕੇ ਕਹਿਣ ਲੱਗੀ, "ਇਹ ਕਿਉਂ ਨਹੀਂ ਦੱਸਦਾ ਕਿ ਉਹ ਇੱਕ ਪੈਰ ਤੋਂ ਅਪਾਹਿਜ ਹੈ।" ਰਿਆਂਸ਼ ਦੇ ਪਾਪਾ ਨੇ ਅਪਾਹਿਜ ਵਾਲੀ ਗੱਲ ਸੁਣ ਕੇ ਰਿਆਂਸ਼ ਦੇ ਰਿਸ਼ਤੇ 'ਤੇ ਅਸਹਿਮਤੀ ਪ੍ਰਗਟਾਉਂਦੇ ਹੋਏ ਉਹਨੂੰ ਸਮਝਾਇਆ, "ਬੇਟਾ, ਜ਼ਿੰਦਗੀ ਬੜੀ ਲੰਮੀ ਹੈ ਅਤੇ ਇੱਕ ਅਪਾਹਿਜ ਪਾਰਟਨਰ ਨਾਲ ਇੰਨਾ ਲੰਮਾ ਜੀਵਨ ਜੀਣ ਵਿਚ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।"



ਕੁਝ ਸਕਿੰਟ ਕਾਵੇਰੀ ਦੀ ਫੋਟੋ ਵੇਖਣ ਪਿੱਛੋਂ ਰਿਆਂਸ਼ ਰੋ ਕੇ ਕਹਿਣ ਲੱਗਾ, "ਪਾਪਾ, ਵੱਡੇ ਭਰਾ ਨੇ ਆਪਣੀ ਦੋਸਤ ਨਾਲ ਸ਼ਾਦੀ ਕਰਨ ਦੀ ਗੱਲ ਕਹੀ ਤਾਂ ਤੁਸੀਂ ਦੂਜੀ ਜ਼ਾਤ ਦੀ ਲੜਕੀ ਕਹਿ ਕੇ ਸ਼ਾਦੀ 'ਚ ਜਾਣ ਤੋਂ ਹੀ ਇਨਕਾਰ ਕਰ ਦਿੱਤਾ ਸੀ। ਹੁਣ ਮੈਂ ਆਪਣੀ ਜ਼ਾਤ ਦੀ ਲੜਕੀ ਨਾਲ ਸ਼ਾਦੀ ਦੀ ਗੱਲ ਕਰ ਰਿਹਾ ਹਾਂ ਤਾਂ ਤੁਸੀਂ ਦੋਵੇਂ ਕਾਵੇਰੀ ਦੇ ਅਪਾਹਿਜ ਹੋਣ ਦਾ ਮੁੱਦਾ ਬਣਾ ਰਹੇ ਹੋ। ਤੁਸੀਂ ਇਹ ਕਹਿ ਰਹੇ ਹੋ ਕਿ ਮੈਨੂੰ ਅਪਾਹਿਜ ਲੜਕੀ ਨੂੰ ਆਪਣਾ ਜੀਵਨ ਸਾਥੀ ਨਹੀਂ ਬਣਾਉਣਾ ਚਾਹੀਦਾ। ਪਰ ਮੰਮੀ ਪਾਪਾ, ਤੁਸੀਂ ਦੋਵੇਂ ਮੈਨੂੰ ਇੱਕ ਪ੍ਰਸ਼ਨ ਦਾ ਜਵਾਬ ਦਿਓ ਕਿ ਜੇ ਰੱਬ ਨਾ ਕਰੇ ਤੁਹਾਡੇ ਦੋਹਾਂ 'ਚੋਂ ਕਿਸੇ ਨਾਲ ਕੋਈ ਹਾਦਸਾ ਹੋ ਜਾਵੇ ਤੇ ਅਪਾਹਿਜ ਹੋ ਜਾਵੇ ਤਾਂ ਤੁਸੀਂ ਦੋਵੇਂ ਆਪਣੇ ਬਚੇ ਹੋਏ ਜੀਵਨ ਲਈ ਆਪਣੇ ਅਪਾਹਿਜ ਪਾਰਟਨਰ ਦਾ ਸਹਿਯੋਗ ਅਤੇ ਖਿਆਲ ਰੱਖੋਗੇ ਜਾਂ ਫਿਰ ਪਾਰਟਨਰ ਹੀ ਬਦਲ ਲਵੋਗੇ।" ਇੰਨਾ ਕਹਿ ਕੇ ਰਿਆਂਸ਼ ਗੁੱਸੇ ਨਾਲ ਆਪਣੇ ਕਮਰੇ ਵਿਚ ਚਲਾ ਗਿਆ। ਹੁਣ ਕਮਰੇ ਵਿਚ ਪਿੱਛੇ ਰਹਿ ਗਏ ਮੰਮੀ ਪਾਪਾ ਖਾਮੋਸ਼ ਸਨ ਤੇ ਕੰਧ ਉੱਤੇ ਸਿਰਫ ਘੜੀ ਦੀ ਟਿਕ ਟਿਕ ਸੁਣਾਈ ਦੇ ਰਹੀ ਸੀ।

## ਫਲਸਤੀਨ ਦੇ ਹੱਕ ਵਿਚ ਹਾਅ ਦਾ ਨਾਅਰਾ

# ਕਾਨ ਫਿਲਮ ਮੇਲੇ ਵਿਚ ਕਾਨੀ ਦਾ ਪਰਸ






ਫਰਾਂਸ ਦੇ ਸੰਸਾਰ ਪ੍ਰਸਿੱਧ ਕਾਨ ਫਿਲਮ ਮੇਲੇ ਵਿਚ ਆਪਣੀ ਟੀਮ ਨਾਲ ਅਦਾਕਾਰਾ ਕਾਨੀ ਕੁਸਰੁਤੀ ਆਪਣੇ ਵਿਸ਼ੇਸ਼ ਪਰਸ ਸਮੇਤ ਜੋ ਗਾਜ਼ਾ ਦੇ ਨਕਸ਼ੇ ਨਾਲ ਮਿਲਦਾ-ਜੁਲਦਾ ਹੈ।

***ਇਜ਼ਰਾਈਲ ਫਲਸਤੀਨੀਆਂ ਨੂੰ ਦਰੜ ਰਿਹਾ ਹੈ। ਸਾਰਾ ਸੰਸਾਰ ਇਸ ਤਬਾਹੀ ਨੂੰ ਬੇਵਸੀ ਨਾਲ ਦੇਖ ਰਿਹਾ ਹੈ। ਉਂਞ ਵੱਖ-ਵੱਖ ਖੇਤਰਾਂ ਦੇ ਲੋਕ ਫਲਸਤੀਨੀਆਂ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰ ਰਹੇ ਹਨ। ਇਸ ਤੋਂ ਪਹਿਲਾਂ ਆਸਕਰ ਇਨਾਮ ਹਾਸਲ ਕਰਨ ਮੌਕੇ ਫਿਲਮ 'ਦਿ ਜ਼ੋਨ ਆਫ ਇੰਟਰਸਟ' ਦੇ ਨਿਰਦੇਸ਼ਕ ਜੋਨਾਥਨ ਗਲੇਜ਼ਰ ਨੇ ਫਲਸਤੀਨੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਸੀ। ਹੁਣ ਫਰਾਂਸ ਦੇ ਪ੍ਰਸਿੱਧ ਕਾਨ ਫਿਲਮ ਮੇਲੇ ਵਿਚ ਫਿਲਮ 'ਆਲ ਵੀ ਇਮੈਜਿਨ ਐਜ਼ ਲਾਈਟ' ਦੀ ਅਦਾਕਾਰਾ ਕਾਨੀ ਕੁਸਰੁਤੀ ਨੇ ਹੱਥ ਵਿਚ ਗਾਜ਼ਾ ਦੇ ਨਕਸ਼ੇ ਵਰਗਾ ਪਰਸ ਫੜ ਕੇ 'ਹਾਅ ਦਾ ਨਾਅਰਾ' ਮਾਰਿਆ ਹੈ।***

ਫਿਲਮ ਅਦਾਕਾਰਾ ਕਾਨੀ ਕੁਸਰੁਤੀ ਨੇ ਕਾਨ ਫਿਲਮ ਮੇਲੇ ਵਿਚ ਉਹ ਕੁਝ ਕਰ ਦਿਖਾਇਆ ਜਿਸ ਦੀ ਹਿੰਮਤ ਗਿਣੇ-ਚੁਣੇ ਲੋਕ ਹੀ ਕਰਦੇ ਹਨ। ਉਸ ਨੇ ਦਰੜੇ ਜਾ ਰਹੇ ਫਲਸਤੀਨੀਆਂ ਦੇ ਹੱਕ ਵਿਚ 'ਹਾਅ ਦਾ ਨਾਅਰਾ' ਬੁਲੰਦ ਕੀਤਾ ਅਤੇ ਉਸ ਦੀ ਇਸ ਹਿੰਮਤ ਦੀ ਚਰਚਾ ਸੰਸਾਰ ਭਰ ਵਿਚ ਹੋ ਰਹੀ ਹੈ ਤੇ ਉਸ ਨੂੰ ਦਾਦ ਮਿਲ ਰਹੀ ਹੈ।

ਹੋਇਆ ਇਉਂ ਕਿ ਚਰਚਿਤ ਫਿਲਮਸਾਜ਼

**ਕੁਦਰਤ ਕੌਰ**

ਪਾਇਲ ਕਪਾਡੀਆ ਦੀ ਫਿਲਮ 'ਆਲ ਵੀ ਇਮੈਜਿਨ ਐਜ਼ ਲਾਈਟ' ਕਾਨ ਫਿਲਮ ਮੇਲੇ ਦੇ ਸਭ ਤੋਂ ਵੱਕਾਰੀ ਪਾਮ ਓਂਡਰ ਇਨਾਮ ਲਈ ਸਵੀਕਾਰ ਕੀਤੀ ਗਈ ਹੈ (ਬਾਅਦ ਵਿਚ ਇਸ ਫਿਲਮ ਨੇ ਇਹ ਇਨਾਮ ਜਿੱਤ ਵੀ ਲਿਆ)। ਇਹੀ ਉਹ ਮੌਕਾ ਸੀ ਜਦੋਂ ਕਾਨੀ ਕੁਸਰੁਤੀ ਅਤੇ ਉਸ ਦੇ ਸਾਥੀਆਂ ਨੂੰ ਸੁੱਝਿਆ ਕਿ ਗਾਜ਼ਾ ਵਿਚ ਫਲਸਤੀਨੀਆਂ ਦੀ ਤਬਾਹੀ ਦਾ ਵਿਰੋਧ ਦਰਜ ਕਰਨ ਲਈ ਕੁਝ ਕੀਤਾ ਜਾਵੇ। ਇਹ ਮਨੁੱਖੀ ਹੱਕਾਂ ਲਈ ਹੂਕ ਦੀ ਆਵਾਜ਼ ਸੀ। ਕਾਫੀ ਵਿਚਾਰ-ਵਟਾਂਦਰੇ ਤੋਂ ਬਾਅਦ ਫੈਸਲਾ ਹੋਇਆ ਕਿ ਗਾਜ਼ਾ ਜਿੱਥੇ ਇਹ ਤਬਾਹੀ ਮਚਾਈ ਜਾ ਰਹੀ ਹੈ, ਦੇ ਨਕਸ਼ੇ ਵਰਗਾ ਪਰਸ ਤਿਆਰ ਕਰਵਾਇਆ ਜਾਵੇ। ਇਸ ਤੋਂ ਬਾਅਦ ਇਸ ਪਰਸ ਨੂੰ ਤਰਬੂਜ਼ ਵਰਗੀ ਦਿੱਖ ਦਿੱਤੀ ਗਈ। ਕਾਰਨ ਇਹ ਸੀ ਕਿ ਫਲਸਤੀਨ ਦੇ ਝੰਡੇ ਵਿਚਲੇ ਰੰਗ ਤਰਬੂਜ਼ ਦੇ ਛਿਲਕੇ, ਗੁੱਦੇ ਅਤੇ ਬੀਜਾਂ ਨਾਲ ਮੇਲ ਖਾਂਦੇ ਸਨ। ਬੱਸ, ਇਉਂ ਕਾਨ ਫਿਲਮ ਮੇਲੇ ਦੇ ਰੈੱਡ ਕਾਰਪੈਟ 'ਤੇ ਜਦੋਂ ਫਿਲਮ 'ਆਲ ਵੀ ਇਮੈਜਿਨ ਐਜ਼ ਲਾਈਟ' ਦੀ ਪੂਰੀ ਟੀਮ ਪੁੱਜੀ ਤਾਂ ਕਾਨੀ ਕੁਸਰੁਤੀ ਦੇ ਹੱਥ ਵਿਚ ਇਹ ਪਰਸ ਫੜਿਆ ਹੋਇਆ ਸੀ। ਉਥੇ ਮੌਜੂਦ ਕੌਮਾਂਤਰੀ ਪ੍ਰੈੱਸ ਨੇ ਇਸ ਵਿਸ਼ੇਸ਼ ਪਰਸ ਬਾਰੇ ਚਰਚਾ ਛੇੜ ਦਿੱਤੀ ਅਤੇ ਇਹ ਚਰਚਾ ਇੰਟਰਨੈੱਟ ਜ਼ਰੀਏ ਮਿੰਟਾਂ-ਸਕਿੰਟਾਂ ਵਿਚ ਸੰਸਾਰ ਦੇ ਕੋਨੇ-ਕੋਨੇ ਵਿਚ ਫੈਲ ਗਈ। ਇਸ ਦੇ ਨਾਲ ਹੀ ਇੰਟਰਨੈੱਟ ਉਤੇ ਕਾਨੀ ਕੁਸਰੁਤੀ ਦੀ 'ਸਰਚ' ਹੋਣ ਲੱਗ ਪਈ।

ਕਾਨੀ ਕੁਸਰੁਤੀ ਦਾ ਜਨਮ 12 ਸਤੰਬਰ 1985 ਦਾ ਹੈ। ਆਉਂਦੇ ਸਤੰਬਰ ਵਿਚ ਉਹਨੇ 39 ਸਾਲ ਦੀ ਹੋਣਾ ਹੈ ਪਰ ਕਾਨ ਫਿਲਮ ਮੇਲੇ ਵਿਚ ਉਹ ਬੜਾ ਯਾਦਗਾਰੀ ਕੰਮ ਕਰ ਗਈ। ਹੁਣ ਜਦੋਂ ਵੀ ਮਨੁੱਖਤਾ ਖਿਲਾਫ ਜ਼ੁਲਮਾਂ ਬਾਰੇ ਗੱਲ ਚੱਲਣੀ ਹੈ ਤਾਂ ਮਨੁੱਖਤਾ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਵਾਲਿਆਂ ਵਿਚ ਕਾਨੀ ਕੁਸਰੁਤੀ ਦਾ ਨਾਂ ਆਵੇਗਾ। ਕਾਨੀ ਮਲਿਆਲਮ (ਕੇਰਲ) ਫਿਲਮਾਂ ਦੀ ਚਰਚਿਤ ਅਦਾਕਾਰਾ ਹੈ ਅਤੇ ਸਾਲ 2003 ਤੋਂ ਫਿਲਮਾਂ ਵਿਚ ਸਰਗਰਮ ਹੈ। ਉਸ ਦੀ ਪਹਿਲੀ ਫਿਲਮ 'ਅਨਿਆਰ' 2003 ਵਿਚ ਆਈ ਸੀ। ਇਸੇ ਸਾਲ ਉਸ ਦੀ ਇਕ ਹੋਰ ਫਿਲਮ 'ਮਾਨੁਸ਼ਿਆਪੂਰਤੀ' ਰਿਲੀਜ਼ ਹੋਈ। ਇਸੇ ਤਰ੍ਹਾਂ ਸਾਲ 2007 ਵਿਚ ਉਸ ਦੀ ਲਘੂ ਫਿਲਮ 'ਏ ਫਲਾਵਰਿੰਗ ਟ੍ਰੀ' ਆਈ। ਇਨ੍ਹਾਂ ਤਿੰਨਾਂ ਫਿਲਮਾਂ ਨਾਲ ਉਸ ਦੀ ਅਦਾਕਾਰੀ ਦੀ ਚਰਚਾ ਤਾਂ ਬਹੁਤ ਹੋਈ ਪਰ ਉਸ ਦੀ ਵਧੇਰੇ ਚਰਚਾ 2009 ਵਿਚ ਰਿਲੀਜ਼ ਹੋਈ ਫਿਲਮ 'ਕੇਰਲ ਕੈਫੇ' ਨਾਲ ਹੋਈ। ਅਸਲ ਵਿਚ ਇਹ ਫਿਲਮ ਹਿੱਟ ਹੋ ਗਈ ਸੀ ਅਤੇ ਨਾਲ ਹੀ ਕਾਨੀ ਕੁਸਰੁਤੀ ਲਈ ਰਾਹ ਮੋਕਲੇ ਹੋ ਗਏ। ਇਹ ਫਿਲਮ ਰਣਜੀਤ ਨੇ ਪ੍ਰੋਡਿਊਸ ਕੀਤੀ ਸੀ। ਇਸ ਫਿਲਮ ਦੇ ਦਸ ਹਿੱਸੇ ਹਨ ਅਤੇ ਦਸ

***ਕਾਨੀ ਕੁਸਰੁਤੀ ਦਾ ਜਨਮ 12 ਸਤੰਬਰ 1985 ਦਾ ਹੈ। ਆਉਂਦੇ ਸਤੰਬਰ ਵਿਚ ਉਹਨੇ 39 ਸਾਲ ਦੀ ਹੋਣਾ ਹੈ ਪਰ ਕਾਨ ਫਿਲਮ ਮੇਲੇ ਵਿਚ ਉਹ ਬੜਾ ਯਾਦਗਾਰੀ ਕੰਮ ਕਰ ਗਈ। ਹੁਣ ਜਦੋਂ ਵੀ ਮਨੁੱਖਤਾ ਖਿਲਾਫ ਜ਼ੁਲਮਾਂ ਬਾਰੇ ਗੱਲ ਚੱਲਣੀ ਹੈ ਤਾਂ ਮਨੁੱਖਤਾ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਵਾਲਿਆਂ ਵਿਚ ਕਾਨੀ ਕੁਸਰੁਤੀ ਦਾ ਨਾਂ ਆਵੇਗਾ। ਕਾਨੀ ਮਲਿਆਲਮ (ਕੇਰਲ) ਫਿਲਮਾਂ ਦੀ ਚਰਚਿਤ ਅਦਾਕਾਰਾ ਹੈ ਅਤੇ ਸਾਲ 2003 ਤੋਂ ਫਿਲਮਾਂ ਵਿਚ ਸਰਗਰਮ ਹੈ।***

ਹੀ ਡਾਇਰੈਕਟਰ ਸਨ। ਮਲਿਆਲਮ ਦੀ ਫਿਲਮੀ ਦੁਨੀਆ ਵਿਚ ਇਹ ਪਹਿਲਾ ਤਜਰਬਾ ਸੀ ਕਿ ਦਸ ਡਾਇਰੈਕਟਰਾਂ ਦੀ ਟੀਮ ਫਿਲਮ ਤਿਆਰ ਕਰ ਰਹੀ ਸੀ। ਇਹ ਤਜਰਬਾ ਕਾਮਯਾਬ ਰਿਹਾ। ਇਸ ਦੇ ਨਾਲ ਹੀ ਕਾਨੀ ਕੁਸਰੁਤੀ ਦੀ ਗੁੱਡੀ ਵੀ ਚੜ੍ਹ ਗਈ।

ਕਾਨੀ ਕੁਸਰੁਤੀ ਨੇ ਮੁੱਖ ਰੂਪ ਵਿਚ ਮਲਿਆਲਮ ਫਿਲਮਾਂ ਵਿਚ ਹੀ ਕੰਮ ਕੀਤਾ ਹੈ। ਉਸ ਨੇ ਕੁਝ ਕੁ ਤਾਮਿਲ ਫਿਲਮਾਂ ਵਿਚ ਵੀ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ। ਸਾਲ 2021 ਤੋਂ ਉਹ ਵੱਖ-ਵੱਖ ਵੈੱਬ ਸੀਰੀਜ਼ ਵਿਚ ਵੀ ਦਿਖਾਈ ਦਿੱਤੀ ਹੈ ਜਿਨ੍ਹਾਂ ਵਿਚ 'ਓਕੇ ਕੰਪਿਊਟਰ' ਤੇ 'ਮਹਾਰਾਨੀ' (2021) ਅਤੇ 'ਕਿਲਰ ਸੂਪ', 'ਪੋਚਰ', 'ਤਲਾਈਮਾਈ ਸਿਆਲਗਮ' (2024) ਆਦਿ ਸ਼ਮਿਲ ਹਨ। 'ਕਿਲਰ ਸੂਪ' ਸੀਰੀਜ਼ ਹਿੰਦੀ ਵਿਚ ਹੈ ਅਤੇ ਨੈੱਟਫਲਿਕਸ ਨੇ ਬਣਾਈ ਹੈ। 2020 ਵਿਚ ਉਸ ਨੂੰ ਫਿਲਮ 'ਬਿਰਿਆਨੀ' ਲਈ ਕੇਰਲ ਦਾ ਸਰਵੋਤਮ ਅਦਾਕਾਰਾ ਦਾ ਇਨਾਮ ਮਿਲਿਆ। ਇਸੇ ਫਿਲਮ ਲਈ ਉਸ ਨੂੰ ਮਾਸਕੋ ਦੇ ਕੌਮਾਂਤਰੀ ਫਿਲਮ ਮੇਲੇ ਵਿਚ ਸਰਵੋਤਮ ਅਦਾਕਾਰਾ ਦੇ ਇਨਾਮ ਨਾਲ ਨਵਾਜਿਆ ਗਿਆ। ਮੈਡਰਿਡ (ਸਪੇਨ) ਦੇ ਇਮੈਜਿਨ ਫਿਲਮ ਮੇਲੇ ਵਿਚ ਉਸ ਨੂੰ ਸਰਵੋਤਮ ਅਦਾਕਾਰਾ ਦਾ ਦੂਜਾ ਇਨਾਮ ਦਿੱਤਾ ਗਿਆ। ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਕਾਨੀ ਕੁਸਰੁਤੀ ਅਤੇ ਸ਼ੈਲਜਾ ਜਾਲਾ ਦੀਆਂ ਹਨ। ਸਾਜਿਨ ਬਾਬੂ ਦੀ ਨਿਰਦੇਸ਼ਤ ਕੀਤੀ ਇਸ ਫਿਲਮ ਨੇ ਕਈ ਕੌਮਾਂਤਰੀ ਫਿਲਮ ਮੇਲਿਆਂ ਵਿਚੋਂ ਇਨਾਮ ਹਾਸਲ ਕੀਤੇ। ਇਸ ਫਿਲਮ ਵਿਚ ਔਰਤ ਦੀਆਂ ਭਾਵਨਾਵਾਂ ਨੂੰ ਜਿਸ ਢੰਗ ਨਾਲ ਉਜਾਗਰ ਕੀਤਾ ਗਿਆ, ਉਹ ਬਹੁਤ ਅਹਿਮ ਹੈ। ਇਹ ਅਸਲ ਵਿਚ ਔਰਤ ਦੀਆਂ ਦਬਾਈਆਂ ਗਈਆਂ ਭਾਵਨਾਵਾਂ ਦੀ ਕਹਾਣੀ ਹੈ।

ਕਾਨੀ ਦਾ ਜਨਮ ਕੇਰਲ ਦੀ ਰਾਜਧਾਨੀ ਤਿਰੂਵਨੰਤਪੁਰਮ ਨੇੜਲੇ ਛੋਟੇ ਜਿਹੇ ਪਿੰਡ ਚੇਰੂਵੱਕਾਲ ਵਿਚ ਹੋਇਆ। ਜਾਤਪਾਤ ਦੇ ਵਿਰੋਧ ਵਿਚ ਉਸ ਦੇ ਮਾਪਿਆਂ ਨੇ ਆਪੋ-ਆਪਣੇ ਨਾਂ ਦਾ ਪਿਛਲਾ ਹਿੱਸਾ ਲਾਹ ਦਿੱਤਾ ਸੀ ਪਰ ਜਦੋਂ ਕਾਨੀ 15 ਵਰ੍ਹਿਆਂ ਦੀ ਹੋਈ ਤਾਂ ਉਸ ਨੇ ਆਪਣਾ ਤਖੱਲਸ 'ਕੁਸਰੁਤੀ' ਰੱਖ ਲਿਆ। ਮਲਿਆਲਮ ਵਿਚ ਇਸ ਦਾ ਅਰਥ 'ਇੱਲਤੀ' ਹੈ।

'ਆਲ ਵੀ ਇਮੈਜਿਨ ਐਜ਼ ਲਾਈਟ' ਪ੍ਰਭਾ ਨਾਂ ਦੀ ਨਰਸ ਦੀ ਕਹਾਣੀ ਹੈ। ਚਿਰਾਂ ਤੋਂ ਬੇਮੁਖ ਹੋਇਆ ਉਸ ਦਾ ਪਤੀ ਇਕ ਦਿਨ ਉਸ ਨੂੰ ਤੋਹਫਾ ਭੇਜਦਾ ਹੈ ਅਤੇ ਇਸ ਤੋਂ ਬਾਅਦ ਉਸ ਦੀ ਜ਼ਿੰਦਗੀ ਵਿਚ ਸਭ ਕੁਝ ਉਲਟ-ਪੁਲਟ ਹੋ ਜਾਂਦਾ ਹੈ। ਪਾਇਲ ਨੇ ਇਹ ਕਹਾਣੀ ਬਹੁਤ ਸੰਵੇਦਨਾ ਨਾਲ ਬਿਆਨ ਕੀਤੀ ਹੈ।

ਪਾਇਲ ਕਪਾਡੀਆ 2021 ਵਾਲੇ ਕਾਨ ਫਿਲਮ ਮੇਲੇ ਵਿਚ ਗੋਲਡਨ ਆਈ ਇਨਾਮ ਜਿੱਤ ਚੁੱਕੀ ਹੈ। ਉਸ ਨੂੰ ਇਹ ਇਨਾਮ ਉਸ ਦੀ ਫਿਲਮ 'ਐਨ ਨਾਈਟ ਆਫ ਨੋਇੰਗ ਨਥਿੰਗ' ਲਈ ਦਿੱਤਾ ਗਿਆ ਸੀ। 2017 ਵਿਚ ਉਸ ਦੀ ਫਿਲਮ 'ਆਫਟਰਨੂਨ ਕਲਾਊਡਸ' ਇਕਲੌਤੀ ਭਾਰਤੀ ਫਿਲਮ ਸੀ ਜੋ ਕਾਨ ਫਿਲਮ ਮੇਲੇ ਲਈ ਵਿਚਾਰੀ ਗਈ ਸੀ। ਪਾਇਲ ਨੇ ਆਪਣੀ ਪਹਿਲੀ ਦਸਤਾਵੇਜ਼ੀ 'ਵਾਟਰਮੈਲਨ, ਫਿਸ਼ ਐਂਡ ਹਾਫ ਘੋਸਟ' ਸਾਲ 2014 ਵਿਚ ਬਣਾਈ ਸੀ। ਇਸ ਤੋਂ ਬਾਅਦ ਉਸ ਨੇ 2015 ਵਿਚ 'ਆਫਟਰਨੂਨ ਕਲਾਊਡਸ', 2017 ਵਿਚ 'ਦਿ ਲਾਸਟ ਮੈਂਗੋ ਬੀਫੋਰ ਦਿ ਮੌਨਸੂਨ', 2018 ਵਿਚ 'ਐਂਡ ਵ੍ਹਟ ਇਜ਼ ਦਿ ਸਮਰ ਸੇਇੰਗ' ਅਤੇ 2021 ਵਿਚ 'ਐਨ ਨਾਈਟ ਆਫ ਕੋਇੰਗ ਨਥਿੰਗ' ਫਿਲਮਾਂ ਬਣਾਈਆਂ। ਹੁਣ ਉਹ ਇਕ ਹੋਰ ਪ੍ਰੋਜੈਕਟ ਉਤੇ ਬੜੇ ਜ਼ੋਰ-ਸ਼ੋਰ ਨਾਲ ਕੰਮ ਕਰ ਰਹੀ ਹੈ।




ਅਦਾਕਾਰਾ ਕਾਨੀ ਕੁਸਰੁਤੀ ਦੀ ਫਿਲਮ 'ਗਰਲਜ਼ ਵਿਲ ਬੀ ਗਰਲਜ਼' ਅਤੇ (ਸੱਜੇ) 'ਆਲ ਵੀ ਇਮੈਜਿਨ ਐਜ਼ ਲਾਈਟ' ਦੇ ਦ੍ਰਿਸ਼।

# Reliable

*Trucks & Trailer Repair Shop*

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
* Truck & Trailer Bushings
* Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**